
PANJAB TIMES £2

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

12th - 19th March 2026 • Issue No. 3121 | Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IAB
FOR FREE INITIAL ADVICE
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!

S.S.Rai
Immigration Advice Bureau
Tel: 020 8571 6680
www.iabl.co.uk

## ਪੰਜਾਬ ਯੂਨੀਵਰਸਿਟੀ ਵਿੱਚ ਆਰ ਐੱਸ ਐੱਸ-ਭਾਜਪਾ ਸੈਮੀਨਾਰ ਦਾ ਵਿਦਿਆਰਥੀਆਂ ਵਲੋਂ ਸਖਤ ਵਿਰੋਧ

### ਆਰ. ਐਸ. ਐਸ. ਦਾ ਵਿਰੋਧ ਕਰਨ ਵਾਲੇ ਵਿਦਿਆਰਥੀਆਂ 'ਤੇ ਬੇਰਹਿਮੀ ਨਾਲ ਲਾਠੀ ਚਾਰਜ, ਪੱਗਾਂ ਲੱਥੀਆਂ, ਹਿਰਾਸਤ ਵਿੱਚ ਲਿਆ, ਪੁਲਿਸ ਵੱਲੋਂ ਧੱਕੇਸ਼ਾਹੀ

### ਦੂਜੇ ਪਾਸੇ ਬਾਬਾ ਧੁੰਮਾ ਵਰਗੇ ਪੰਥ ਦੇ 'ਵੱਡੇ ਆਗੂ' ਆਰ.ਐਸ.ਐਸ. ਦੇ ਸਮਾਗਮਾਂ ਵਿੱਚ ਜਾ ਕੇ ਉਹਨਾਂ ਨਾਲ ਮੁਲਾਕਾਤਾਂ ਕਰ ਰਹੇ ਨੇ !



## ਇਰਾਨ-ਅਮਰੀਕਾ ਟਕਰਾਅ ਹੋਰ ਤਿੱਖਾ ਹੋਇਆ

## ਕੋਈ ਧਿਰ ਪਿੱਛੇ ਹਟਣ ਨੂੰ ਤਿਆਰ ਨਹੀਂ


### ਮੱਧ ਪੂਰਬ ਵਿੱਚ ਵਧਿਆ ਜੰਗੀ ਤਣਾਅ, ਲੋਕ ਖ਼ਤਰੇ 'ਚ



## ਕਬੱਡੀ ਖਿਡਾਰੀ ਤੇ ਪ੍ਰਮੋਟਰ ਪਿਆਰਾ ਸਿੰਘ ਰੰਧਾਵਾ ਵੱਲੋਂ ਸੰਸਾਰ ਨੂੰ ਅਲਵਿਦਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸਾਬਕਾ ਕਬੱਡੀ ਖਿਡਾਰੀ ਅਤੇ ਕਬੱਡੀ ਪ੍ਰਮੋਟਰ ਪਿਆਰਾ ਸਿੰਘ ਰੰਧਾਵਾ ਬੀਤੇ ਸੋਮਵਾਰ ਦੇਰ ਰਾਤੀਂ ਅਕਾਲ ਚਲਾਣਾ ਕਰ ਗਏ। ਉਹ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਪਿਆਰਾ ਸਿੰਘ ਰੰਧਾਵਾ ਭਾਵੇਂ ਲੈਸਟਰ ਕਬੱਡੀ ਕਲੱਬ ਦੇ ਕਰਤਾ ਧਰਤਾ ਸਨ, ਪਰ ਉਹਨਾਂ ਨੇ ਭਰ ਜਵਾਨੀ ਵਿੱਚ ਕੈਨੇਡਾ, ਇੰਡੀਆ ਅਤੇ ਹੋਰ ਦੇਸ਼ਾਂ ਦੇ ਕਬੱਡੀ ਕੱਪਾਂ 'ਤੇ ਇੰਗਲੈਂਡ ਦੀ ਨੁਮਾਇੰਦਗੀ ਕੀਤੀ। ਜ਼ਿਲ੍ਹਾ ਜਲੰਧਰ ਦੇ ਸੈਦੋਵਾਲ ਦੇ ਜੰਮਪਲ ਸ: ਰੰਧਾਵਾ ਲੰਮੇ ਸਮੇਂ ਤੋਂ ਯੂ ਕੇ ਵਿੱਚ ਰਹਿ ਰਹੇ ਸਨ।

– ਪੂਰੀ ਖ਼ਬਰ ਅੰਦਰ :



## ਸੁਖਬੀਰ ਸਿੰਘ ਬਾਦਲ ਦੀਆਂ 'ਪੰਜਾਬ ਬਚਾਓ' ਰੈਲੀਆਂ ਨੇ ਵਿਰੋਧੀਆਂ ਦੀ ਨੀਂਦ ਉਡਾਈ



ਪੂਰੀ ਖ਼ਬਰ ਅੰਦਰ ਦੇਖੋ

## ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਅੰਬ ਸਾਹਿਬ ਜ਼ਮੀਨ ਘੁਟਾਲੇ ਮਾਮਲੇ ਵਿੱਚ ਸਕੱਤਰ ਪ੍ਰਤਾਪ ਸਿੰਘ ਨੂੰ ਕੀਤਾ ਮੁਅੱਤਲ

ਅੰਮ੍ਰਿਤਸਰ – ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਨਾਲ ਜੁੜੇ ਕਥਿਤ ਘੁਟਾਲੇ ਦੇ ਮਾਮਲੇ ਵਿੱਚ ਇੱਕ ਸਖ਼ਤ ਕਦਮ ਚੁੱਕਦਿਆਂ ਆਪਣੇ ਸਕੱਤਰ ਪ੍ਰਤਾਪ ਸਿੰਘ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਇਸ ਫੈਸਲੇ ਦੀ ਜਾਣਕਾਰੀ ਦਿੰਦਿਆਂ ਐਸ·ਜੀ·ਪੀ·ਸੀ· ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਪੂਰੀ ਤਰ੍ਹਾਂ ਨਾਲ ਜਾਂਚ 'ਤੇ ਆਧਾਰਿਤ ਹੈ।




## ਗੀਤਕਾਰ, ਸ਼ਾਇਰ, ਪ੍ਰਸਿੱਧ ਕਵੀ ਤਰਲੋਚਨ ਸਿੰਘ ਚੰਨ ਜੰਡਿਆਲਵੀ ਦਾ ਪੰਜਾਬ ਟਾਈਮਜ਼ ਡਰਬੀ ਵਿਖੇ ਗੋਲਡ ਮੈਡਲ ਨਾਲ ਮਾਣ ਸਨਮਾਨ



ਤਰਲੋਚਨ ਸਿੰਘ ਚੰਨ ਜੰਡਿਆਲਵੀ ਆਪਣੀਆਂ ਨਵੀਆਂ ਕਿਤਾਬਾਂ ਪੰਜਾਬ ਟਾਈਮਜ਼ ਨੂੰ ਭੇਟ ਕਰਨ ਸਮੇਂ- ਇਸ ਮੌਕੇ ਗੋਲਡ ਮੈਡਲ ਨਾਲ ਉਹਨਾਂ ਦਾ ਸਨਮਾਨ ਕਰਦੇ ਹੋਏ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਹਰਜਿੰਦਰ ਸਿੰਘ ਮੰਡੇਰ, ਐਨ ਖੱਬੇ ਹੈ ਚੰਨ ਹੋਣਾ ਦਾ ਲੜਕਾ ਸੁਖਵਿੰਦਰ ਸਿੰਘ ਸੁੱਖੀ

# ਸਿਹਤ ਤੇ ਸੁੰਦਰਤਾ



## ਦਾਲਚੀਨੀ



ਇਹ ਇੰਸੂਲਿਨ ਜਿਹੀ ਹੀ ਕਿਰਿਆ ਕਰਕੇ ਬਲੱਡ ਸ਼ੂਗਰ ਦੇ ਪੱਧਰ 'ਤੇ ਪ੍ਰਭਾਵ ਪਾਉਂਦੀ ਹੈ। ਇਸ ਦੇ ਛਿਲਕੇ 'ਚ ਸਿਨਾਮਨਲਡੀਹਾਈ ਨਾਂ ਦਾ ਇੰਸੈਸ਼ੀਅਲ ਆਇਲ ਮੌਜੂਦ ਹੁੰਦਾ ਹੈ ਜੋ ਬਹੁਤ ਲਾਭਦਾਇਕ ਹੁੰਦਾ ਹੈ। ਦਾਲਚੀਨੀ 'ਚ ਮੌਜੂਦ ਕੁਦਰਤੀ ਤੱਤ ਬਲੱਡ ਸ਼ੂਗਰ ਨੂੰ ਕੰਟਰੋਲ ਕਰਦੇ ਹਨ। ਮਾਹਿਰ ਮੰਨਦੇ ਹਨ ਕਿ ਇਹ ਇੰਸੂਲਿਨ ਸੈਂਸਟੀਵਿਟੀ ਨੂੰ ਵਧਾਉਣ ਅਤੇ ਸ਼ੂਗਰ ਲੈਵਲ ਨੂੰ ਤੇਜ਼ੀ ਨਾਲ ਵਧਣ ਨੂੰ ਕੰਟਰੋਲ ਕਰਨ ਲਈ ਪ੍ਰਸਿੱਧ ਹੈ। ਇਕ ਚਮਚ ਦਾਲਚੀਨੀ ਨੂੰ ਸਵੇਰ ਦੀ ਕਾਫੀ ਜਾਂ ਟੋਸਟ 'ਚ ਮਿਲਾਓ। ਦਾਲਚੀਨੀ ਵਾਲੀ ਚਾਹ ਵੀ ਬਹੁਤ ਚੰਗੀ ਹੁੰਦੀ ਹੈ। ਕਈ ਤਰ੍ਹਾਂ ਦੀਆਂ ਸਬਜ਼ੀਆਂ ਅਤੇ ਦਾਲਾਂ 'ਚ ਦਾਲਚੀਨੀ ਦਾ ਪਾਊਡਰ ਵੀ ਮਿਲਾਇਆ ਜਾ ਸਕਦਾ ਹੈ।

## ਮੇਥੀ ਦਾਣਾ

ਥੋੜ੍ਹੇ ਕੌੜੇ ਸਵਾਦ ਵਾਲਾ ਮੇਥੀ ਦਾਣਾ ਭਾਰਤੀ ਪਕਵਾਨਾਂ ਦੀ ਇਕ ਮੁੱਖ ਸਮੱਗਰੀ ਰਿਹਾ ਹੈ। ਸਰੀਰ 'ਚ ਗੁਲੂਕੋਜ਼ ਦੇ ਪੱਧਰ ਨੂੰ ਘੱਟ ਕਰਕੇ ਮੇਥੀ ਦਾਣਾ ਟਾਈਪ-2 ਸ਼ੂਗਰ ਜਿਹੇ ਮੈਟਾਬੋਲਿਕ ਲੱਛਣਾਂ 'ਚ ਸੁਧਾਰ ਲਿਆ ਸਕਦਾ ਹੈ। ਮਾਹਿਰ ਮੰਨਦੇ ਹਨ ਕਿ ਇਸ 'ਚ ਘੁਲਣਸ਼ੀਲ ਫਾਈਬਰ ਉੱਚ ਮਾਤਰਾ 'ਚ ਹੁੰਦਾ ਹੈ। ਇਹ ਪਾਚਨ ਕਿਰਿਆ ਨੂੰ ਮੱਧਮ ਕਰਕੇ ਅਤੇ ਕਾਰਬੋਹਾਈਡ੍ਰੇਟਸ ਨੂੰ ਪਚਾ ਕੇ ਬਲੱਡ ਸ਼ੂਗਰ ਨੂੰ ਘੱਟ ਕਰਨ 'ਚ ਸਹਾਇਤਾ ਕਰਦਾ ਹੈ। ਮੇਥੀ ਦਾਣੇ ਦੀ ਵਰਤੋਂ ਤੁਸੀਂ ਚਾਹ, ਚੌਲਾਂ, ਰੋਟੀਆਂ ਜਾਂ ਸਲਾਦ 'ਚ ਕਰ ਸਕਦੇ ਹੋ। ਕਿਸੇ ਵੀ ਸਮੇਂ ਦੇ ਖਾਣੇ 'ਚ 15 ਮਿੰਟ ਪਹਿਲਾਂ



ਪਾਣੀ ਜਾਂ ਲੱਸੀ ਨਾਲ ਇਕ ਚਮਚ ਮੇਥੀ ਦਾਣੇ ਦੀ ਵਰਤੋਂ ਕੀਤੀ ਜਾ ਸਕਦੀ ਹੈ।

## ਹਲਦੀ



ਇਹ ਬਹੁਤ ਲੋਕਪ੍ਰਿਯ ਮਸਾਲਾ ਹਲਦੀ ਵਧੀਆ ਗੁਣਾਂ ਨਾਲ ਭਰਪੂਰ ਹੈ। ਇਸ 'ਚ ਸਰਕਿਊਮੈਨ ਨਾਂ ਦਾ ਇਕ ਤੱਤ ਹੁੰਦਾ ਹੈ ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਘੱਟ ਰੱਖਦਾ ਹੈ। ਹਲਦੀ ਨੂੰ ਵੱਖ-ਵੱਖ ਢੰਗਾਂ ਨਾਲ ਇਸਤੇਮਾਲ ਕੀਤਾ ਜਾ ਸਕਦਾ ਹੈ। ਜਿਸ 'ਚ ਦਾਲਾਂ, ਸਬਜ਼ੀਆਂ ਆਦਿ ਸ਼ਾਮਲ ਹਨ।

# ਛੋਟੇ -ਛੋਟੇ ਪੁਦੀਨੇ ਦੇ ਵੱਡੇ-ਵੱਡੇ ਗੁਣ

ਪੁਦੀਨਾ ਪੇਟ ਦੀਆਂ ਕਈ ਬਿਮਾਰੀਆਂ ਨੂੰ ਠੀਕ ਕਰਨ 'ਚ ਮਦਦ ਕਰਦਾ ਹੈ। ਪੇਟ ਦੀਆਂ ਸਮੱਸਿਆਵਾਂ ਤੋਂ ਬਚਾਅ ਲਈ ਪੁਦੀਨੇ ਦੀ ਕਿਸੇ ਨਾ ਕਿਸੇ ਰੂਪ 'ਚ ਵਰਤੋਂ ਕਰਨੀ ਜ਼ਰੂਰੀ ਹੈ। ਪੁਦੀਨੇ ਦੀਆਂ ਪੱਤੀਆਂ ਦਾ ਤਾਜ਼ਾ ਰਸ ਨਿੰਬੂ ਅਤੇ ਸ਼ਹਿਦ ਦੇ ਨਾਲ ਬਰਾਬਰ ਮਾਤਰਾ 'ਚ ਲੈਣ ਨਾਲ ਪੇਟ ਦੀ ਹਰ ਬਿਮਾਰੀ ਤੋਂ ਰਾਹਤ ਮਿਲਦੀ ਹੈ।

ਸਾਹ ਦੇ ਰੋਗਾਂ ਲਈ ਹੈ ਫਾਇਦੇਮੰਦ- ਫੇਫੜਿਆਂ 'ਚ ਜਮ੍ਹਾਂ ਹੋਏ ਬਲਗਮ ਨੂੰ ਠੀਕ ਕਰਨ ਦਾ ਗੁਣ ਪੁਦੀਨੇ 'ਚ ਪਾਇਆ ਜਾਂਦਾ ਹੈ। ਇਹ ਕਫ ਵਾਲੀ ਖਾਂਸੀ ਅਤੇ ਅਸਥਮੇ ਨੂੰ ਦੂਰ ਕਰਦਾ ਹੈ। ਪੁਦੀਨੇ ਨੂੰ ਸੁੱਕਾ ਕੇ ਇਸ ਨੂੰ ਕੱਪੜੇ 'ਚ ਛਾਣ ਕੇ ਚੂਰਨ ਪਾਊਡਰ ਬਣਾ ਲਵੋ। ਇਸ ਚੂਰਨ ਦੇ ਇਕ ਚਮਚ ਨੂੰ ਦਿਨ 'ਚ ਇਕ ਜਾਂ ਦੋ ਵਾਰ ਲਵੋ।



ਮਹਾਵਾਰੀ-ਜੇਕਰ ਤੁਹਾਨੂੰ ਮਹਾਵਾਰੀ ਸਮੇਂ 'ਤੇ ਨਹੀਂ ਆਉਂਦੀ ਹੈ ਤਾਂ ਤੁਸੀਂ ਪੁਦੀਨੇ ਦੀ ਵਰਤੋਂ ਕਰੋ। ਇਸ ਦੇ ਲਈ ਪੁਦੀਨੇ ਦੀਆਂ ਸੁੱਕੀਆਂ ਪੱਤੀਆਂ ਦੇ ਪਾਊਡਰ ਨੂੰ ਸ਼ਹਿਦ ਦੇ ਨਾਲ ਬਰਾਬਰ ਮਾਤਰਾ 'ਚ ਮਿਲਾ ਕੇ ਦਿਨ 'ਚ ਦੋ ਵਾਰ ਨਿਯਮਿਤ ਰੂਪ 'ਚ ਵਰਤੋਂ ਕਰੋ।

ਡੀ ਹਾਈਡਰੇਸ਼ਨ-ਡੀ ਹਾਈਡਰੇਸ਼ਨ ਤੋਂ ਬਚਾਅ ਲਈ ਪੁਦੀਨਾ ਬਹੁਤ ਜ਼ਰੂਰੀ ਹੈ। ਡੀ ਹਾਈਡਰੇਸ਼ਨ 'ਚ ਪੁਦੀਨਾ, ਪਿਆਜ਼ ਅਤੇ ਨਿੰਬੂ ਦੇ ਰਸ ਬਰਾਬਰ ਮਾਤਰਾ 'ਚ ਮਿਲਾ ਕੇ ਪੀਣ ਨਾਲ ਲਾਭ ਮਿਲਦਾ ਹੈ।

ਗਰਮੀ 'ਚ ਲੂ ਲੱਗਣ 'ਤੇ-ਗਰਮੀਆਂ 'ਚ ਲੂ ਤੋਂ ਆਪਣਾ ਬਚਾਅ ਕਰਨ ਲਈ ਪੁਦੀਨੇ ਅਤੇ ਪਿਆਜ਼ ਦੀ ਚੱਟਨੀ ਬਣਾ ਕੇ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਇਸ ਦੀ ਵਰਤੋਂ ਨਿਯਮਿਤ ਰੂਪ ਨਾਲ ਕੀਤੀ ਜਾਵੇਗੀ ਤਾਂ ਲੂ ਲੱਗਣ ਦੀ ਸੰਭਾਵਨਾ ਘੱਟ ਜਾਂਦੀ ਹੈ।


ਹਿਚਕੀ ਦੂਰ ਭਜਾਏ-ਹਿਚਕੀ 'ਚ ਪੁਦੀਨੇ ਦਾ ਰਸ ਪੀਣ ਨਾਲ ਲਾਭ ਮਿਲਦਾ ਹੈ। ਜੇਕਰ ਤੁਹਾਡੀ ਹਿਚਕੀ ਨਾ ਬੰਦ ਹੋਵੇ ਤਾਂ ਪੁਦੀਨੇ ਦੇ ਪੱਤੇ 'ਚ ਨਿੰਬੂ ਦਾ ਰਸ ਮਿਕਸ ਕਰਕੇ ਪੀ ਲਵੋ। ਨਾਲ ਹੀ ਪੁਦੀਨੇ ਦੇ ਪੱਤਿਆਂ 'ਚ ਸ਼ਕਰ ਮਿਲਾ ਕੇ ਹਰ ਦੋ ਘੰਟੇ ਬਾਅਦ ਪੀ ਲਵੋ।

ਜ਼ਖਮਾਂ ਨੂੰ ਭਰੇ ਜਲਦੀ-ਪੁਦੀਨੇ ਦਾ ਰਸ ਕਿਸੇ ਵੀ ਜ਼ਖਮ 'ਤੇ ਲਗਾਉਣ ਨਾਲ ਜ਼ਖਮ ਜਲਦੀ ਭਰ ਜਾਂਦਾ ਹੈ। ਜੇਕਰ ਕਿਸੇ ਜ਼ਖਮ 'ਚੋਂ ਬਦਬੂ ਆਉਂਦੀ ਹੈ ਤਾਂ ਇਸ ਦੇ ਪੱਤਿਆਂ ਦੇ ਲੇਪ ਲਗਾਉਣ ਨਾਲ ਬਦਬੂ ਨਹੀਂ ਆਉਂਦੀ ਹੈ।

# * ਚੁੰਝਾਂ–ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਰਾਜਨੀਤੀ ਹੁਣ ਪਹਿਲਾਂ ਵਰਗੀ ਨਹੀਂ ਰਹੀ, ਸੰਤਾਂ ਦੀ ਸੇਵਾ ਕਰਨਾ ਚਾਹੁੰਦੀ ਹਾਂ- ਨਵਜੋਤ ਕੌਰ ਸਿੱਧੂ

-ਜ਼ਰੂਰ ਕਰੋ ਜੀ, ਸੰਤ ਵੀ ਸੋਹਣੀ ਸੇਵਾ ਕਰਦੇ ਐ।

*ਪੰਜਾਬ ਕੇਸਰੀ ਗਰੁੱਪ ਨੇ ਤਿੰਨ ਸਾਲਾਂ 'ਚ 65 ਕਰੋੜ ਤੋਂ ਵੱਧ ਦਾ ਘਪਲਾ ਕੀਤਾ- ਟੈਕਸ ਵਿਭਾਗ

-ਬਗ਼ਲ ਮੇਂ ਛੁਰੀ, ਮੂੰਹ ਮੇਂ ਰਾਮ ਰਾਮ।



*ਮੋਦੀ ਨੇ ਕੀਤੀ ਸਪੀਕਰ ਓਮ ਬਿਰਲਾ ਦੀ ਤਾਰੀਫ਼- ਇਕ ਖ਼ਬਰ

-ਮੇਰੇ ਭੁੱਖ ਨਾ ਕਲੇਜਿਉਂ ਜਾਵੇ, ਮਿੱਤਰਾਂ ਦੇ ਮਿਲਣੇ ਦੀ।



*ਇਰਾਨ ਦੇ ਰਾਸ਼ਟਰਪਤੀ ਨੇ ਗੁਆਂਢੀ ਦੇਸ਼ਾਂ 'ਤੇ ਹਮਲਿਆਂ ਲਈ ਮੰਗੀ ਮੁਆਫ਼ੀ- ਇਕ ਖ਼ਬਰ

-ਜੇਠਾ ਮੈਨੂੰ ਮਾਫ਼ ਕਰੀਂ, ਭੁੱਲ ਗਈ ਮੈਂ ਘੁੰਡ ਕੱਢਣਾ।



*ਪੰਜਾਬ ਨੇ ਮਾਲੀਆ ਵਿਕਾਸ ਵਿਚ ਦੇਸ਼ ਦੇ ਪਹਿਲੇ ਤਿੰਨ ਸੂਬਿਆਂ 'ਚ ਨਾਮ ਦਰਜ ਕਰਵਾਇਆ- ਵਿਤ ਮੰਤਰੀ ਚੀਮਾ

-ਤੁਹਾਨੂੰ ਕੀ ਮਿਲਦਾ ਵਿਚੋਂ? ਬਾਬਾ ਜੀ ਦਾ ਠੁੱਲੂ।


*ਅਮਰੀਕਾ ਨੂੰ ਆਪਣੇ ਫੌਜੀ ਅੱਡੇ ਦੇਣ ਤੋਂ ਸਪੇਨ ਨੇ ਕੀਤੀ ਨਾਂਹ- ਇਕ ਖ਼ਬਰ

-ਤੇਰੇ ਲੱਡੂਆਂ ਤੋਂ ਨੀਂਦ ਪਿਆਰੀ, ਸੁੱਤੀ ਨਾ ਜਗਾਈਂ ਮਿੱਤਰਾ।



*ਲੰਬੇ ਸਮੇਂ ਤੱਕ ਮੁੱਖ ਮੰਤਰੀ ਰਹਿਣ ਦਾ ਮੇਰਾ ਕਾਰਜਕਾਲ ਖ਼ਤਮ ਹੋਇਆ- ਨਿਤੀਸ਼ ਕੁਮਾਰ

-ਚਾਰੇ ਕੰਨੀਆਂ ਮੇਰੀਆਂ ਵੇਖ ਖਾਲੀ, ਅਸੀਂ ਨਾਲ਼ ਨਹੀਂ ਕੁਝ ਲੈ ਚੱਲੇ।



*ਅਮਰੀਕਾ-ਭਾਰਤ ਵਪਾਰ ਸਮਝੌਤੇ ਨੂੰ ਲੈ ਕੇ ਕਰਨਾਲ ਵਿਚ ਭਾਰਤੀ ਕਿਸਾਨ ਯੂਨੀਅਨ ਦੀ ਗਰਜ- ਇਕ ਖ਼ਬਰ

-ਤੇਰੇ ਬੂਹੇ ਅੱਗੇ ਡਾਂਗ ਖੜਕਾਉਣੀ, ਦਾਰੂ ਪੀ ਕੇ ਮਿੱਤਰਾਂ ਨੇ।

*ਇਰਾਨ ਦੇ ਉੱਚ ਸੁਰੱਖਿਆ ਅਧਿਕਾਰੀ ਨੇ ਅਮਰੀਕਾ ਨਾਲ਼ ਗੱਲਬਾਤ ਤੋਂ ਕੀਤਾ ਇਨਕਾਰ- ਇਕ ਖ਼ਬਰ

-ਲੱਤ ਮਾਰੂੰਗੀ ਪੰਜੇਬਾਂ ਵਾਲ਼ੀ, ਪਰ੍ਹਾਂ ਹੋ ਜਾ ਚੱਟੂ ਵੱਟਿਆ।



*ਅਕਾਲੀ ਸਰਕਾਰ ਬਣਨ 'ਤੇ ਪਿੰਡਾਂ ਨੂੰ ਦਿਤੀਆਂ ਜਾਣਗੀਆਂ ਸ਼ਹਿਰਾਂ ਵਰਗੀਆਂ ਸਹੂਲਤਾਂ- ਸੁਖਬੀਰ ਬਾਦਲ

-ਜਿਹੜੇ ਮਿੱਠੀਆਂ ਜ਼ੁਬਾਨਾਂ ਵਾਲ਼ੇ, ਮਤਲਬ ਕੱਢ ਲੈਣਗੇ।



*ਸੌਦਾ ਸਾਧ ਨੂੰ ਬਰੀ ਕਰਨ ਦਾ ਫ਼ੈਸਲਾ ਹੈਰਾਨੀਜਨਕ- ਗਿਆਨੀ ਰਘਬੀਰ ਸਿੰਘ

-ਗਿਆਨੀ ਜੀ, ਇਹਦੇ 'ਚ ਹੈਰਾਨੀ ਵਾਲ਼ੀ ਕਿਹੜੀ ਗੱਲ ਐ?

*ਜੰਗ ਦਾ ਸੇਕ ਪਹੁੰਚਿਆ ਭਾਰਤੀ ਰਸੋਈ ਤੱਕ, ਗੈਸ ਸਿਲੰਡਰ ਹੋਇਆ ਮਹਿੰਗਾ- ਇਕ ਖ਼ਬਰ

-ਉੱਚਾ ਹੋ ਗਿਆ ਅੰਬਰ ਦਾ ਤਾਰਾ, ਜਲ ਵਿਚ ਰੋਈਆਂ ਮੱਛੀਆਂ।



*ਜ਼ਮੀਨੀ ਹਕੀਕਤ ਤੋਂ ਕੋਰਾ ਸੁਖਬੀਰ ਬਾਦਲ ਹਵਾਈ ਕਿਲ੍ਹੇ ਬਣਾ ਰਿਹਾ ਹੈ- ਭਗਵੰਤ ਮਾਨ

-ਤੇਰੇ ਨਾਲ ਨਾ ਤਲੰਗਿਆ ਜਾਣਾ, ਛੱਡ ਜਾਏਂ ਟੇਸ਼ਣ 'ਤੇ।

*ਗੁਰਦੁਆਰਾ ਅੰਬ ਸਾਹਿਬ ਜ਼ਮੀਨ ਘਪਲੇ ਬਾਰੇ ਪੜਤਾਲੀਆ ਕਮੇਟੀ ਦੀ ਮੀਟਿੰਗ ਹੋਈ- ਇਕ ਖ਼ਬਰ

-ਇਸ ਮੀਟਿੰਗ ਵਿਚ ਕੰਮ 'ਤੇ ਮਿੱਟੀ ਪਾਉਣ ਸਬੰਧੀ ਵਿਚਾਰਾਂ ਹੋਈਆਂ।



*ਪੰਜਾਬ ਦੀ ਵਿਤੀ ਸਥਿਤੀ 'ਤੇ ਵ੍ਹਾਈਟ ਪੇਪਰ ਜਾਰੀ ਕਰੇ ਪੰਜਾਬ ਸਰਕਾਰ- ਰਾਜਾ ਵੜਿੰਗ

-ਪਤਲੋ ਦੀ ਗਰਦਨ 'ਤੇ, ਸੱਪ ਫੂਕਰਾਂ ਮਾਰੇ।

* * * * * * *

# ਇਰਾਨ-ਅਮਰੀਕਾ ਟਕਰਾਅ ਹੋਇਆ ਤਿਖਾ

## ✪ ਟਰੰਪ ਦੀ ਸਖ਼ਤ ਚਿਤਾਵਨੀ ਤੇ ਇਰਾਨ ਦਾ ਪਲਟਵਾਰ ਅਮਰੀਕਾ ਨੂੰ ਸਬਕ ਸਿਖਾਵਾਂਗੇ



ਨਵੀਂ ਦਿੱਲੀ-ਅਮਰੀਕਾ ਅਤੇ ਇਰਾਨ ਵਿਚਾਲੇ ਜੰਗ ਦਾ ਮਾਹੌਲ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਇੱਕ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਨੂੰ ‘ਸਿਰਫ਼ ਇੱਕ ਛੋਟੀ ਜਿਹੀ ਮੁਹਿੰਮ’ ਕਰਾਰ ਦਿੱਤਾ ਹੈ, ਉੱਥੇ ਹੀ ਦੂਜੇ ਪਾਸੇ ਇਰਾਨ ਨੇ ਅਮਰੀਕਾ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਕਿਹਾ ਹੈ ਕਿ ਜੰਗ ਦੀ ਵਾਗਡੋਰ ਹੁਣ ਉਨ੍ਹਾਂ ਦੇ ਆਪਣੇ ਹੱਥ ਵਿੱਚ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਮਿਆਮੀ ਵਿੱਚ ਇੱਕ ਪ੍ਰੋਗਰਾਮ ਦੌਰਾਨ ਇਰਾਨ ਖ਼ਿਲਾਫ਼ ਚੱਲ ਰਹੀ ਜੰਗ ਨੂੰ ਇੱਕ ‘ਛੋਟੀ ਜਿਹੀ ਮੁਹਿੰਮ’ ਦੱਸਿਆ ਹੈ। ਉਨ੍ਹਾਂ ਦੇ ਦਾਅਵਿਆਂ ਦੇ ਮੁੱਖ ਅੰਸ਼ ਇਸ ਪ੍ਰਕਾਰ ਹਨ। ਟਰੰਪ ਨੇ ਦਾਅਵਾ ਕੀਤਾ ਕਿ ਜੇਕਰ ਅਮਰੀਕਾ ਇਰਾਨ ’ਤੇ ਹਮਲਾ ਨਾ ਕਰਦਾ, ਤਾਂ ਇੱਕ ਹਫ਼ਤੇ ਦੇ ਅੰਦਰ ਇਰਾਨ ਉਨ੍ਹਾਂ ’ਤੇ ਹਮਲਾ ਕਰਨ ਵਾਲਾ ਸੀ। ਉਨ੍ਹਾਂ ਮੁਤਾਬਕ ਇਰਾਨ ਕੋਲ ਉਮੀਦ ਤੋਂ ਕਿਤੇ ਵੱਧ ਮਿਜ਼ਾਈਲਾਂ ਸਨ।

ਟਰੰਪ ਨੇ ਸਾਬਕਾ ਸੁਪਰੀਮ ਲੀਡਰ ਖਾਮੇਨੇਈ ਨੂੰ ‘ਕਰੂਰ ਅਤੇ ਹਿੰਸਕ’ ਦੱਸਦਿਆਂ ਕਿਹਾ ਕਿ ਉਸਨੂੰ ਖ਼ਤਮ ਕਰਨਾ ਜ਼ਰੂਰੀ ਸੀ। ਜੰਗ ਕਾਰਨ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ (100 ਡਾਲਰ ਪ੍ਰਤੀ ਬੈਰਲ ਤੱਕ) ਨੂੰ ਕਾਬੂ ਕਰਨ ਲਈ ਟਰੰਪ ਨੇ ਕੁਝ ਤੇਲ ਪਾਬੰਦੀਆਂ ਹਟਾਉਣ ਦਾ ਐਲਾਨ ਕੀਤਾ ਹੈ। ਟਰੰਪ ਨੇ ਸਾਫ਼ ਕੀਤਾ ਹੈ ਕਿ ਜੇਕਰ ਇਰਾਨ ਨੇ ‘ਹੋਰਮੁਜ਼ ਸਟ੍ਰੇਟ’ ਵਿੱਚ ਤੇਲ ਦੀ ਸਪਲਾਈ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਤਾਂ ਅਮਰੀਕਾ ਪਹਿਲਾਂ ਨਾਲੋਂ 20 ਗੁਣਾ ਜ਼ਿਆਦਾ ਜ਼ੋਰਦਾਰ ਹਮਲਾ ਕਰੇਗਾ। ਰਾਸ਼ਟਰਪਤੀ ਨੇ ਕਿਹਾ, “ਉਹ (ਈਰਾਨ) ਆਪਣਾ ਸਭ ਕੁਝ ਅਜ਼ਮਾ ਚੁੱਕੇ ਹਨ। ਉਨ੍ਹਾਂ ਨੂੰ ਕੋਈ ਵੀ ਗਲਤੀ ਨਹੀਂ ਕਰਨੀ ਚਾਹੀਦੀ, ਨਹੀਂ ਤਾਂ ਉਸ ਦੇਸ਼ ਦਾ ਨਾਮੋ-ਨਿਸ਼ਾਨ ਮਿਟ ਜਾਵੇਗਾ।”

ਟਰੰਪ ਨੇ ਸੋਸ਼ਲ ਮੀਡੀਆ ’ਤੇ ਇਕ ਪੋਸਟ ਸਾਂਝੀ ਕਰਦੇ ਹੋਏ ਲਿਖਿਆ ਕਿ ਜੇਕਰ ਈਰਾਨ ਹੋਰਮੁਜ਼ ਵਿੱਚ ਤੇਲ ਦੀ ਆਵਾਜਾਈ ਨੂੰ ਰੋਕਦਾ ਹੈ, ਤਾਂ ਅਮਰੀਕਾ ਪਹਿਲਾਂ ਨਾਲੋਂ 20 ਗੁਣਾ ਜ਼ਿਆਦਾ ਤਾਕਤ ਨਾਲ ਜਵਾਬੀ ਕਾਰਵਾਈ ਕਰੇਗਾ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਉਹ ਸਟ੍ਰੇਟ ਆਫ਼ ਹੋਰਮੁਜ਼ ਨੂੰ ਆਪਣੇ ਕੰਟਰੋਲ ਹੇਠ ਲੈਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ ਤਾਂ ਜੋ ਵਿਸ਼ਵ ਪੱਧਰ ’ਤੇ ਤੇਲ ਦੀ ਸਪਲਾਈ ਨੂੰ ਯਕੀਨੀ ਬਣਾਇਆ ਜਾ ਸਕੇ।

ਇਰਾਨ ਦੀ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕੋਰ ਨੇ ਟਰੰਪ ਦੇ ਬਿਆਨਾਂ ਨੂੰ ਖਾਰਜ ਕਰ ਦਿੱਤਾ ਹੈ। ਇਰਾਨ ਨੇ ਆਪਣਾ ਰੁਖ ਸਪੱਸ਼ਟ ਕਰਦਿਆਂ ਕਿਹਾ: ਖੇਤਰ ਦੇ ਸਮੀਕਰਨ ਅਤੇ ਭਵਿੱਖ ਦੀ ਸਥਿਤੀ ਹੁਣ ਅਮਰੀਕਾ ਨਹੀਂ, ਸਗੋਂ ਇਰਾਨ ਦੀਆਂ ਫ਼ੌਜਾਂ ਤੈਅ ਕਰਨਗੀਆਂ।

ਇਰਾਨ ਦਾ ਕਹਿਣਾ ਹੈ ਕਿ ਉਹ ਅਮਰੀਕੀ ਧਮਕੀਆਂ ਤੋਂ ਡਰਨ ਵਾਲਾ ਨਹੀਂ ਹੈ ਅਤੇ ਜੰਗ ਨੂੰ ਖ਼ਤਮ ਕਰਨ ਦਾ ਫੈਸਲਾ ਵੀ ਉਹੀ ਲੈਣਗੇ। ਇਸ ਟਕਰਾਅ ਕਾਰਨ ਗਲੋਬਲ ਮਾਰਕੀਟ ਵਿੱਚ ਅਸਥਿਰਤਾ ਵਧ ਗਈ ਹੈ। ਤੇਲ ਦੀ ਸਪਲਾਈ ਵਿੱਚ ਰੁਕਾਵਟ ਅਤੇ ਖੇਤਰੀ ਸੁਰੱਖਿਆ ਨੂੰ ਲੈ ਕੇ ਦੁਨੀਆ ਭਰ ਦੇ ਦੇਸ਼ ਚਿੰਤਤ ਹਨ। ਟਰੰਪ ਭਾਵੇਂ ਹੀ ਜੰਗ ਨੂੰ ‘ਛੋਟੇ ਸਮੇਂ ਦਾ ਦੌਰਾ’ ਦੱਸ ਰਹੇ ਹਨ, ਪਰ ਮੌਜੂਦਾ ਸਥਿਤੀ ਇਹ ਦਰਸਾਉਂਦੀ ਹੈ ਕਿ ਆਉਣ ਵਾਲੇ ਦਿਨ ਹੋਰ ਵੀ ਤਣਾਅਪੂਰਨ ਹੋ ਸਕਦੇ ਹਨ।

# ਮੱਧ ਪੂਰਬ ਵਿੱਚ ਵਧਿਆ ਜੰਗੀ ਤਣਾਅ, ਲੋਕ ਖ਼ਤਰੇ ਵਿਚ

## ✪ ਅਸਮਾਨੋਂ ਵਰ੍ਹਦਾ ‘ਤੇਜ਼ਾਬ’ ਅਤੇ ਜ਼ਹਿਰੀਲੇ ਹਥਿਆਰਾਂ ਦੀ ਵਰਤੋਂ ਨਾਲ ਵਾਤਾਵਰਨਕ ਤ੍ਰਾਸਦੀ ਤੇ ਮਨੁੱਖੀ ਸੰਕਟ ਡੂੰਘਾ ਹੋਇਆ



ਅੰਤਰਰਾਸ਼ਟਰੀ ਡੈਸਕ-ਮੱਧ ਪੂਰਬ ਵਿੱਚ ਜਾਰੀ ਜੰਗ ਹੁਣ ਇੱਕ ਭਿਆਨਕ ਮਨੁੱਖੀ ਅਤੇ ਵਾਤਾਵਰਣਕ ਤ੍ਰਾਸਦੀ ਦਾ ਰੂਪ ਧਾਰਨ ਕਰ ਗਈ ਹੈ। ਇੱਕ ਪਾਸੇ ਈਰਾਨ ਦੀਆਂ ਤੇਲ ਰਿਫਾਇਨਰੀਆਂ ’ਤੇ ਹੋਏ ਹਮਲਿਆਂ ਕਾਰਨ ਰਾਜਧਾਨੀ ਤਹਿਰਾਨ ਵਿੱਚ ‘ਕਾਲੀ ਤੇਜ਼ਾਬੀ ਬਾਰਿਸ਼’ ਅਤੇ ਜ਼ਹਿਰੀਲੇ ਧੂੰਏਂ ਨੇ ਨਾਗਰਿਕਾਂ ਦਾ ਸਾਹ ਲੈਣਾ ਮੁਹਾਲ ਕਰ ਦਿੱਤਾ ਹੈ, ਉੱਥੇ ਹੀ ਦੂਜੇ ਪਾਸੇ ਦੱਖਣੀ ਲੇਬਨਾਨ ਵਿੱਚ ਇਜ਼ਰਾਈਲੀ ਫੌਜ ਵੱਲੋਂ ‘ਚਿੱਟੇ ਫਾਸਫੋਰਸ’ ਵਰਗੇ ਵਿਵਾਦਿਤ ਹਥਿਆਰਾਂ ਦੀ ਵਰਤੋਂ ਦੇ ਦੋਸ਼ਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਵਿੱਚ ਡੂੰਘੀ ਚਿੰਤਾ ਪੈਦਾ ਕਰ ਦਿੱਤੀ ਹੈ। ਅਮਰੀਕਾ ਅਤੇ ਇਜ਼ਰਾਈਲ ਦੇ ਸਾਂਝੇ ਹਮਲਿਆਂ ਨੇ ਈਰਾਨ ਦੇ ਬੁਨਿਆਦੀ ਢਾਂਚੇ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ। ਤਾਜ਼ਾ ਹਮਲਿਆਂ ਵਿੱਚ ਤਹਿਰਾਨ ਅਤੇ ਅਲਬੋਰਜ਼ ਖੇਤਰ ਦੇ ਚਾਰ ਵੱਡੇ ਤੇਲ ਡਿਪੂਆਂ ਅਤੇ ਪੈਟਰੋਲੀਅਮ ਲੌਜਿਸਟਿਕ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਇਸ ਕਾਰਨ ਲੱਗੀ ਭਿਆਨਕ ਅੱਗ ਤੋਂ ਨਿਕਲਿਆ ਜ਼ਹਿਰੀਲਾ ਧੂੰਆਂ ਸ਼ਹਿਰ ਦੇ ਆਸਮਾਨ ਵਿੱਚ ਫੈਲ ਗਿਆ ਹੈ, ਜਿਸ ਨਾਲ ਦਿਨ ਵਿੱਚ ਵੀ ਹਨੇਰਾ ਛਾ ਗਿਆ ਹੈ। ਮਾਹਿਰਾਂ ਅਤੇ ਸਥਾਨਕ ਵਾਸੀਆਂ ਮੁਤਾਬਕ, ਹਵਾ ਵਿੱਚ ਘੁਲੇ ਤੇਲ ਦੇ ਕਣਾਂ ਕਾਰਨ ਪੂਰੇ ਖੇਤਰ ਵਿੱਚ ‘ਕਾਲੀ ਤੇਜ਼ਾਬੀ ਬਾਰਿਸ਼’ ਹੋ ਰਹੀ ਹੈ। ਇਹ ਮੀਂਹ ਜਿੱਥੇ ਇਮਾਰਤਾਂ ਅਤੇ ਵਾਹਨਾਂ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਉੱਥੇ ਹੀ ਇਸ ਦੀ ਤਿੱਖੀ ਗੰਧ ਨੇ ਲੋਕਾਂ ਲਈ ਸਾਹ ਲੈਣਾ ਮੁਸ਼ਕਲ ਕਰ ਦਿੱਤਾ ਹੈ। ਈਰਾਨ ਦੀ ਰੈੱਡ ਕ੍ਰੀਸੈਂਟ ਸੋਸਾਇਟੀ ਨੇ ਚਿਤਾਵਨੀ ਦਿੱਤੀ ਹੈ ਕਿ ਹਵਾ ਵਿੱਚ ਫੈਲੇ ਖਤਰਨਾਕ ਕਣਾਂ ਕਾਰਨ ਚਮੜੀ ਦੀਆਂ ਗੰਭੀਰ ਬਿਮਾਰੀਆਂ ਅਤੇ ਸਾਹ ਦੀਆਂ ਤਕਲੀਫ਼ਾਂ ਵਧ ਰਹੀਆਂ ਹਨ। ਪ੍ਰਸ਼ਾਸਨ ਨੇ 10 ਮਿਲੀਅਨ (ਇੱਕ ਕਰੋੜ) ਦੀ ਆਬਾਦੀ ਵਾਲੇ ਤਹਿਰਾਨ ਦੇ ਲੋਕਾਂ ਨੂੰ ਘਰਾਂ ਵਿੱਚ ਰਹਿਣ ਅਤੇ ਏ.ਸੀ. ਦੀ ਵਰਤੋਂ ਨਾ ਕਰਨ ਦੀ ਸਲਾਹ ਦਿੱਤੀ ਹੈ।

### ਦੱਖਣੀ ਲੇਬਨਾਨ ਵਿੱਚ ‘ਚਿੱਟੇ ਫਾਸਫੋਰਸ’ ਦੀ ਵਰਤੋਂ: ਇੱਕ ਵੱਡਾ ਮਨੁੱਖੀ ਅਪਰਾਧ

ਇਸੇ ਦੌਰਾਨ ਹਿਊਮਨ ਰਾਈਟਸ ਵਾਚ ਨੇ ਇੱਕ ਹੈਰਾਨ ਕਰਨ ਵਾਲੀ ਰਿਪੋਰਟ ਜਾਰੀ ਕੀਤੀ ਹੈ। ਸੰਗਠਨ ਨੇ ਇਜ਼ਰਾਈਲੀ ਫੌਜ ’ਤੇ ਦੱਖਣੀ ਲੇਬਨਾਨ ਦੇ ਪਿੰਡ ’ਯੋਹਮੋਰ’ ਦੇ ਰਿਹਾਇਸ਼ੀ ਇਲਾਕਿਆਂ ’ਤੇ ’ਚਿੱਟੇ ਫਾਸਫੋਰਸ’ ਦੇ ਗੋਲੇ ਦਾਗਣ ਦੇ ਗੰਭੀਰ ਦੋਸ਼ ਲਾਏ ਹਨ। ਚਿੱਟਾ ਫਾਸਫੋਰਸ ਇੱਕ ਅਜਿਹਾ ਰਸਾਇਣ ਹੈ ਜੋ ਆਕਸੀਜਨ ਦੇ ਸੰਪਰਕ ਵਿੱਚ ਆਉਂਦੇ ਹੀ ਅੱਗ ਫੜ ਲੈਂਦਾ ਹੈ ਅਤੇ 815 ਡਿਗਰੀ ਸੈਲਸੀਅਸ ਤੱਕ ਤਾਪਮਾਨ ਪੈਦਾ ਕਰਦਾ ਹੈ। ਇਹ ਇਨਸਾਨੀ ਚਮੜੀ ਨੂੰ ਸਾੜ ਕੇ ਹੱਡੀਆਂ ਤੱਕ ਪਹੁੰਚ ਸਕਦਾ ਹੈ। ਐਚਆਰ ਡਬਲਯੂ ਨੇ ਸੱਤ ਤਸਵੀਰਾਂ ਦੀ ਪੜਤਾਲ ਕਰਕੇ ਪੁਸ਼ਟੀ ਕੀਤੀ ਹੈ ਕਿ ਇਹ ਹਮਲੇ ਰਿਹਾਇਸ਼ੀ ਇਲਾਕਿਆਂ ਵਿੱਚ ਕੀਤੇ ਗਏ, ਜੋ ਕਿ ਅੰਤਰਰਾਸ਼ਟਰੀ ਮਾਨਵਤਾਵਾਦੀ ਕਾਨੂੰਨਾਂ ਦੀ ਸਿੱਧੀ ਉਲੰਘਣਾ ਹੈ। ਸੰਗਠਨ ਦਾ ਕਹਿਣਾ ਹੈ ਕਿ ਅਜਿਹੇ ਹਥਿਆਰਾਂ ਦੀ ਵਰਤੋਂ ਨਾਗਰਿਕਾਂ ਲਈ ਜਾਨਲੇਵਾ ਸਿੱਧ ਹੋ ਰਹੀ ਹੈ।

### ਮੌਤਾਂ ਦਾ ਵਧਦਾ ਅੰਕੜਾ

ਜੰਗ ਦੇ ਇਸ ਦੌਰ ਵਿੱਚ ਆਮ ਨਾਗਰਿਕ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਲੇਬਨਾਨੀ ਸਿਹਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ, 2 ਮਾਰਚ ਤੋਂ 8 ਮਾਰਚ, 2026 ਤੱਕ ਦੇ ਸਮੇਂ ਵਿੱਚ ਹੋਏ ਹਵਾਈ ਹਮਲਿਆਂ ਵਿੱਚ ਕੁੱਲ 400 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 83 ਬੱਚੇ ਅਤੇ 42 ਔਰਤਾਂ ਸ਼ਾਮਲ ਹਨ। 1,130 ਤੋਂ ਵੱਧ ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚ ਬੱਚਿਆਂ ਅਤੇ ਔਰਤਾਂ ਦੀ ਵੱਡੀ ਗਿਣਤੀ ਹੈ।

### ਕੀ ਕਹਿੰਦੇ ਹਨ ਮਾਹਿਰ ?

ਅੰਤਰਰਾਸ਼ਟਰੀ ਪੱਧਰ ’ਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਜੰਗ ਦੇ ਇਸ ਰੂਪ ਨੂੰ ਤੁਰੰਤ ਨਹੀਂ ਰੋਕਿਆ ਗਿਆ, ਤਾਂ ਇਸ ਦੇ ਨਤੀਜੇ ਆਉਣ ਵਾਲੀਆਂ ਪੀੜ੍ਹੀਆਂ ਲਈ ਭਿਆਨਕ ਹੋਣਗੇ। ਈਰਾਨ ਦੇ ਪ੍ਰਦੂਸ਼ਿਤ ਵਾਤਾਵਰਣ ਵਿੱਚ ਜੀ ਰਹੇ ਨਾਗਰਿਕ ਹੋਣ ਜਾਂ ਲੇਬਨਾਨ ਵਿੱਚ ਰਾਸਾਇਣਕ ਹਥਿਆਰਾਂ ਦਾ ਸ਼ਿਕਾਰ ਹੋ ਰਹੇ ਲੋਕ, ਹਰ ਪਾਸੇ ਮਨੁੱਖਤਾ ਦਾ ਨੁਕਸਾਨ ਹੋ ਰਿਹਾ ਹੈ।

ਇਸ ਸਮੇਂ ਸਥਿਤੀ ਬਹੁਤ ਨਾਜ਼ੁਕ ਬਣੀ ਹੋਈ ਹੈ। ਇੱਕ ਪਾਸੇ ਈਰਾਨ ਅਤੇ ਇਜ਼ਰਾਈਲ ਦੇ ਫੌਜੀ ਟਕਰਾਅ ਵਧ ਰਹੇ ਹਨ, ਤਾਂ ਦੂਜੇ ਪਾਸੇ ਵਾਤਾਵਰਣਕ ਤਬਾਹੀ ਨੇ ਖੇਤਰ ਨੂੰ ਇੱਕ ਅਣਜਾਣ ਖ਼ਤਰੇ ਵੱਲ ਧੱਕ ਦਿੱਤਾ ਹੈ।

# ਬਰਤਾਨਵੀ ਪ੍ਰਧਾਨ ਮੰਤਰੀ ਸਟਾਰਮਰ ਨੇ ਪੱਛਮੀ ਏਸ਼ੀਆ ਦੀ ਮੌਜੂਦਾ ਸਥਿਤੀ 'ਤੇ ਟਰੰਪ ਨਾਲ ਕੀਤੀ ਚਰਚਾ ਕੀਤੀ





ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਪੱਛਮੀ ਏਸ਼ੀਆ ਦੀ ਮੌਜੂਦਾ ਸਥਿਤੀ 'ਤੇ ਚਰਚਾ ਕੀਤੀ। ਦੋਵਾਂ ਨੇਤਾਵਾਂ ਵਿਚਕਾਰ ਇਹ ਗੱਲਬਾਤ ਉਸ ਸਮੇਂ ਹੋਈ ਜਦੋਂ ਈਰਾਨ 'ਤੇ ਹਮਲਿਆਂ ਪ੍ਰਤੀ ਬਰਤਾਨੀਆਂ ਦੀ ਪ੍ਰਤੀਕ੍ਰਿਆ ਦੀ ਟਰੰਪ ਵੱਲੋਂ ਸਖ਼ਤ ਆਲੋਚਨਾ ਕੀਤੀ ਗਈ।

ਬਰਤਾਨਵੀ ਪ੍ਰਧਾਨ ਮੰਤਰੀ ਵੱਲੋਂ ਆਪਣੇ ਏਅਰਕ੍ਰਾਫਟ ਕੈਰੀਅਰ ਨੂੰ ਯੁੱਧ ਖੇਤਰ ਵਿੱਚ ਭੇਜਣ ਦੇ ਦਿੱਤੇ ਗਏ ਪ੍ਰਸਤਾਵ ਨੂੰ ਟਰੰਪ ਨੇ ਇਹ ਕਹਿ ਕੇ ਰੱਦ ਕਰ ਦਿੱਤਾ ਸੀ, ਕਿ ਇੱਕ ਅਜਿਹੀ ਜੰਗ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਹੈ ਜੋ ਪਹਿਲਾਂ ਹੀ ਜਿੱਤੀ ਜਾ ਚੁੱਕੀ ਹੈ।

ਬਰਤਾਨਵੀ ਪ੍ਰਧਾਨ ਮੰਤਰੀ ਦਫ਼ਤਰ 10 ਡਾਊਨਿੰਗ ਸਟ੍ਰੀਟ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਕੀਰ ਸਟਾਰਮਰ ਵਿਚਕਾਰ ਹੋਈ ਗੱਲਬਾਤ ਦੇ ਵੇਰਵੇ ਜਾਰੀ ਕੀਤੇ। ਇਸਨੂੰ ਬਰਤਾਨੀਆਂ ਅਤੇ ਅਮਰੀਕਾ ਦੇ ਸਬੰਧਾਂ ਨੂੰ ਆਮ ਬਣਾਉਣ ਦੀ ਕੋਸ਼ਿਸ਼ ਵਜੋਂ ਦੇਖਿਆ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਦਫ਼ਤਰ, 10 ਡਾਊਨਿੰਗ ਸਟ੍ਰੀਟ ਦੇ ਬੁਲਾਰੇ ਨੇ ਕਿਹਾ ਕਿ ਦੋਵਾਂ ਨੇਤਾਵਾਂ ਨੇ ਪੱਛਮੀ ਏਸ਼ੀਆ ਦੀ ਮੌਜੂਦਾ ਸਥਿਤੀ ਅਤੇ ਖੇਤਰੀ ਭਾਈਵਾਲਾਂ ਦੇ ਸਮੂਹਿਕ ਸਵੈ-ਰੱਖਿਆ ਦੇ ਸਮਰਥਨ ਵਿੱਚ ਆਰ ਏ ਐਫ (ਰਾਇਲ ਏਅਰ ਫੋਰਸ) ਠਿਕਾਣਿਆਂ ਦੀ ਵਰਤੋਂ ਸਮੇਤ ਯੂ ਕੇ-ਅਮਰੀਕਾ ਫੌਜੀ ਸਹਿਯੋਗ 'ਤੇ ਚਰਚਾ ਕੀਤੀ। ਬੁਲਾਰੇ ਦੇ ਅਨੁਸਾਰ ਪ੍ਰਧਾਨ ਮੰਤਰੀ ਸਟਾਰਮਰ ਨੇ ਛੇ ਅਮਰੀਕੀ ਸੈਨਿਕਾਂ ਦੀ ਮੌਤ ਤੇ ਰਾਸ਼ਟਰਪਤੀ ਟਰੰਪ ਅਤੇ ਅਮਰੀਕੀ ਲੋਕਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਦੋਵਾਂ ਨੇਤਾਵਾਂ ਨੇ ਜਲਦੀ ਹੀ ਦੁਬਾਰਾ ਗੱਲ ਕਰਨ ਦੀ ਉਮੀਦ ਪ੍ਰਗਟ ਕੀਤੀ।

ਇਸ ਦੌਰਾਨ ਯੂ ਕੇ ਦੇ ਰੱਖਿਆ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਉਸਦੇ ਦੋ ਏਅਰਕ੍ਰਾਫਟ ਕੈਰੀਅਰਾਂ ਵਿੱਚੋਂ ਇੱਕ ਨੂੰ ਪੂਰੀ ਤਿਆਰੀ ਦੀ ਸਥਿਤੀ ਵਿੱਚ ਰੱਖਿਆ ਗਿਆ ਹੈ, ਅਤੇ ਪੋਰਟਸਮਾਊਥ ਵਿੱਚ ਐਚ ਐਮ ਐਸ ਪ੍ਰਿੰਸ ਆਫ ਵੇਲਜ਼ ਦੇ ਚਾਲਕ ਦਲ ਨੂੰ ਹਰ ਸਮੇਂ ਲਈ ਤਿਆਰ ਰਹਿਣ ਦੇ ਆਦੇਸ਼ ਦਿੱਤੇ ਹੋਏ ਹਨ।

ਜਿਕਰਯੋਗ ਹੈ ਕਿ ਟਰੰਪ ਨੇ ਆਪਣੇ ਸ਼ੋਸ਼ਲ ਮੀਡੀਆ ਤੇ ਕਿਹਾ ਸੀ ਕਿ "ਬਰਤਾਨੀਆਂ, ਇੱਕ ਸਮੇਂ ਸਾਡਾ ਵੱਡਾ ਸਹਿਯੋਗੀ ਰਿਹਾ, ਸ਼ਾਇਦ ਸਭ ਤੋਂ ਵੱਡਾ, ਪਰ ਆਖਿਰ ਹੁਣ ਪੱਛਮੀ ਏਸ਼ੀਆ ਵਿੱਚ ਦੋ ਏਅਰਕ੍ਰਾਫਟ ਕੈਰੀਅਰ ਭੇਜਣ 'ਤੇ ਗੰਭੀਰਤਾ ਨਾਲ ਵਿਚਾਰ ਕਰ ਰਿਹਾ ਹੈ। ਕੋਈ ਗੱਲ ਨਹੀਂ, ਪ੍ਰਧਾਨ ਮੰਤਰੀ ਸਟਾਰਮਰ, ਸਾਨੂੰ ਹੁਣ ਉਨ੍ਹਾਂ ਦੀ ਲੋੜ ਨਹੀਂ ਹੈ, ਪਰ ਅਸੀਂ ਉਨ੍ਹਾਂ ਨੂੰ ਯਾਦ ਰੱਖਾਂਗੇ। ਸਾਨੂੰ ਉਨ੍ਹਾਂ ਲੋਕਾਂ ਦੀ ਲੋੜ ਨਹੀਂ ਹੈ ਜੋ ਯੁੱਧ ਜਿੱਤਣ ਤੋਂ ਬਾਅਦ ਇਸ ਵਿੱਚ ਸ਼ਾਮਲ ਹੁੰਦੇ ਹਨ!"

ਇਰਾਨ ਵਿਰੁੱਧ ਇਜ਼ਰਾਈਲ ਦੇ ਸਾਂਝੇ ਹਮਲਿਆਂ ਵਿੱਚ ਬ੍ਰਿਟਿਸ਼ ਠਿਕਾਣਿਆਂ ਦੀ ਵਰਤੋਂ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ, ਅਮਰੀਕੀ ਰਾਸ਼ਟਰਪਤੀ ਨੇ ਕਿਹਾ, "ਸਾਨੂੰ ਉਨ੍ਹਾਂ (ਬ੍ਰਿਟਿਸ਼ ਏਅਰਕ੍ਰਾਫਟ ਕੈਰੀਅਰ) ਦੀ ਲੋੜ ਨਹੀਂ ਹੈ। ਹੁਣ ਸਹੀ ਸਮਾਂ ਨਹੀਂ ਹੈ। ਦੋ ਹਫ਼ਤੇ ਪਹਿਲਾਂ ਉਨ੍ਹਾਂ ਨੂੰ ਰੱਖਣਾ ਚੰਗਾ ਹੁੰਦਾ।"

ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਵਿੱਚ ਵਧੇਰੇ ਰੱਖਿਆਤਮਕ ਰੁਖ਼ ਅਪਣਾਉਣ ਦੇ ਆਪਣੇ ਫੈਸਲੇ ਦਾ ਜ਼ੋਰਦਾਰ ਬਚਾਅ ਕਰਦੇ ਹੋਏ, ਸਟਾਰਮਰ ਨੇ ਦੁਹਰਾਇਆ ਕਿ ਉਨ੍ਹਾਂ ਦੀ ਲੇਬਰ ਪਾਰਟੀ ਸਰਕਾਰ ਬਰਤਾਨਵੀ ਨਾਗਰਿਕਾਂ ਨੂੰ ਸੁਰੱਖਿਅਤ ਰੱਖਣ ਲਈ ਦਿਨ-ਰਾਤ ਕੰਮ ਕਰ ਰਹੀ ਹੈ।

## ਪ੍ਰਸਿੱਧ ਸ਼ਾਇਰ ਤਰਲੋਚਨ ਸਿੰਘ ਚੰਨ ਜੰਡਿਆਲਵੀ ਵੱਲੋਂ ਆਪਣੀਆਂ ਨਵੀਆਂ ਕਿਤਾਬਾਂ ਪੰਜਾਬ ਟਾਈਮਜ਼ ਨੂੰ ਭੇਟ



ਪੰਜਾਬ ਟਾਈਮਜ਼ ਦੇ ਦਫ਼ਤਰ ਵਿਖੇ ਤਰਲੋਚਨ ਸਿੰਘ ਚੰਨ ਜੰਡਿਆਲਵੀ


ਡਰਬੀ (ਪੰਜਾਬ ਟਾਈਮਜ਼) – ਅੱਜ ਪੰਜਾਬ ਟਾਈਮਜ਼ ਪੇਪਰ ਛਪਣ ਵੇਲੇ ਯੂ ਕੇ ਦੇ ਪ੍ਰਸਿੱਧ ਕਵੀ, ਸ਼ਾਇਰ ਤੇ ਗੀਤਕਾਰ ਸ: ਤਰਲੋਚਨ ਸਿੰਘ ਚੰਨ ਜੰਡਿਆਲਵੀ ਆਪਣੀਆਂ ਨਵੀਆਂ ਕਿਤਾਬਾਂ ਸਮੇਤ ਅਦਾਰਾ ਪੰਜਾਬ ਟਾਈਮਜ਼ ਦੇ ਦਫ਼ਤਰ ਵਿਖੇ ਪਹੁੰਚੇ । ਇਥੇ ਆਉਣ ਤੇ ਉਹਨਾਂ ਦਾ ਪੰਜਾਬ ਟਾਈਮਜ਼ ਦੇ ਸੇਵਾਦਾਰ ਸ: ਰਾਜਿੰਦਰ ਸਿੰਘ ਪੁਰੇਵਾਲ, ਹਰਜਿੰਦਰ ਸਿੰਘ ਮੰਡੇਰ ਅਤੇ ਸਟਾਫ਼ ਵੱਲੋਂ ਨਿੱਘਾ ਮਾਣ ਸਨਮਾਨ ਕੀਤਾ ਗਿਆ । ਉਹ ਆਪਣੇ ਲੜਕੇ ਸੁਖਵਿੰਦਰ ਸਿੰਘ ਸੁੱਖੀ ਨਾਲ ਪੰਜਾਬ ਟਾਈਮਜ਼ ਨੂੰ ਆਪਣੀਆਂ ਕਿਤਾਬਾਂ ਭੇਟ ਕਰਨ ਲਈ ਵਿਸ਼ੇਸ਼ ਤੌਰ ਤੇ ਆਏ ।

ਸ: ਚੰਨ ਜੰਡਿਆਲਵੀ ਨੇ ਇਸ ਮੌਕੇ ਦੱਸਿਆ ਕਿ ਉਹਨਾਂ ਨੇ ਪਹਿਲਾ ਗੀਤ 17 ਸਾਲ ਦੀ ਉਮਰ ਵਿੱਚ ਲਿਖਿਆ ਸੀ । ਉਸ ਪਿੱਛੋਂ ਬੱਸ ਫਿਰ ਗੀਤ ਕਵਿਤਾਵਾਂ ਲਿਖਦੇ ਲਿਖਦੇ ਅੱਜ ਤੱਕ 23 ਕਿੱਤਾਬਾਂ ਪੰਜਾਬ ਸਾਹਿਤ ਦੀ ਝੋਲੀ ਪਾ ਚੁੱਕੇ ਹਨ । ਉਹਨਾਂ ਨੇ ਆਪਣੀਆਂ ਨਵੀਆਂ ਕਿਤਾਬਾਂ 'ਦੋ ਵੀਰੇ' ਅਤੇ ਅਮਰ ਗੀਤਾਂ ਦਾ ਰਚੇਤਾ 'ਤਰਲੋਚਨ ਸਿੰਘ ਚੰਨ ਜੰਡਿਆਲਵੀ ਯੂ ਕੇ' ਅਤੇ ਕੁੱਝ ਹੋਰ ਪਹਿਲਾਂ ਛਪੀਆਂ ਕਿਤਾਬਾਂ ਵੀ ਪੰਜਾਬ ਟਾਈਮਜ਼ ਨੂੰ ਭੇਟ ਕੀਤੀਆਂ । ਉਹਨਾਂ ਦੇ ਲਿਖੇ ਸੈਂਕੜੇ ਗੀਤਾਂ ਨੂੰ ਪੰਜਾਬ ਦੇ ਦਰਜਣਾਂ ਗਾਇਕਾਂ ਨੇ ਆਪਣੀ ਖੂਬਸੂਰਤ ਅਵਾਜ਼ ਦਿੱਤੀ ਹੈ । ਜਿਹਨਾਂ ਵਿੱਚ ਮੋਹਣਜੀਤ ਬਸਰਾ, ਬਖ਼ਸ਼ੀ ਬਿੱਲਾ, ਸੁਰਜੀਤ ਕੌਰ, ਜਸਪਿੰਦਰ ਨਰੂਲਾ, ਅਨਾੜੀ ਸੰਗੀਤ ਪਾਰਟੀ, ਪ੍ਰੀਤੀ ਬਾਲਾ, ਉਂਕਾਰ ਰਾਣਾ, ਪ੍ਰੇਮ ਚਮਕੀਲਾ, ਸੁਰਿੰਦਰ ਕੌਰ, ਤੇਜਿੰਦਰ ਤੇਜੀ, ਸੋਨੂ ਵਾਲੀਆ, ਪਾਲੀ ਦੇਤ ਵਾਲੀਆ, ਮੰਜੂ ਨੂਰਪੁਰੀ, ਸਵਰਨ ਲਤਾ, ਗੁਚਰਨ ਪੋਲੀ ਤੇ ਪ੍ਰੋਮਿਲਾ ਪੰਮੀ ਆਦਿ ਦੇ ਨਾਂ ਵਰਣਨਯੋਗ ਹਨ । ਇਹਨਾਂ ਦੇ ਇਲਾਵਾ ਹੋਰ ਵੀ ਕਈ ਗਾਇਕਾਂ ਨੇ ਚੰਨ ਜੰਡਿਆਲਵੀ ਦੇ ਗੀਤਾਂ ਨੂੰ ਆਪਣੀ ਅਵਾਜ਼ ਨਾਲ ਸ਼ਿੰਗਾਰਿਆ ਹੈ ।

## ਇਰਾਨ ਵੱਲੋਂ ਇਜ਼ਰਾਈਲ ਤੇ ਖਾੜੀ ਮੁਲਕਾਂ ਉੱਤੇ ਨਵੇਂ ਸਿਰਿਓਂ ਹਮਲੇ

**ਇਰਾਨ ਨੇ ਮੱਧ ਪੂਰਬ ੋਤੇ ਬਣੇ ਦਬਾਅ ਨੂੰ ਜਾਰੀ ਰੱਖਦਿਆਂ ਮੰਗਲਵਾਰ ਨੂੰ ਇਜ਼ਰਾਈਲ ਤੇ ਖਾੜੀ ਮੁਲਕਾਂ ਫ਼ਰਸਤੋੁਤੇ ਨਵੇਂ ਸਿਰਿਓਂ ਹਮਲੇ ਕੀਤੇ। ਇਜ਼ਰਾਈਲ ਤੇ ਅਮਰੀਕਾ ਵੱਲੋਂ ਸਹੇੜੀ ਜੰਗ ਨਾਲ ਤੇਲ ਕੀਮਤਾਂ ਸ਼ੂਟ ਵਟਣ ਲੱਗੀਆਂ ਹਨ ਅਤੇ ਆਲਮੀ ਅਰਥਚਾਰਿਆਂ ਨੂੰ ਵੱਡਾਝਟਕਾ ਲੱਗਾ ਹੈ। ਇਰਾਨ ਦੇ ਸਿਖਰਲੇ ਸੁਰੱਖਿਆ ਅਧਿਕਾਰੀ ਨੇ ਅਮਰੀਕੀ ਰਾਸ਼ਟਰਪਤੀ ਨੂੰਧਮਕੀ ਦਿੰਦਿਆਂ ਸਾਫ਼ ਕਰ ਦਿੱਤਾ ਕਿ ਉਹ ਡਰਨ ਵਾਲੇ ਨਹੀਂ। ਉਧਰ, ਇਜ਼ਰਾਈਲ ਵੱਲੋਂਲਿਬਨਾਨ ਵਿਚ ਦਹਿਸ਼ਤੀ ਸਮੂਹ ਹਿਜ਼ਬੁੱਲਾ ਤੇ ਕੀਤੇ ਹਵਾਈ ਹਮਲੇ ਵਿੱਚ ਪੰਜਮਿਲੀਸ਼ੀਆ ਮਾਰੇ ਗਏ ਤੇ ਚਾਰ ਹੋਰ ਜ਼ਖ਼ਮੀ ਹੋ ਗਏ।**

## ਡਰਬੀ ਦੇ ਇੰਟਰਨੈਸ਼ਨਲ ਸਮਾਗਮ ਦੌਰਾਨ ਡਾ: ਦਲਜੀਤ ਸਿੰਘ ਵਿਰਕ ਦੀ ਨਵੀਂ ਕਿਤਾਬ ਦਾ 'ਡਿਵਾਈਨ ਬਲੂਪ੍ਰਿੰਟ ਔਫ ਲਾਈਫ' ਲੋਕ ਅਰਪਨ




ਡਰਬੀ (ਪੰਜਾਬ ਟਾਈਮਜ਼) – ਅਸੀਂ ਇਹ ਸੂਚਿਤ ਕਰਦੇ ਖੁਸ਼ੀ ਮਹਿਸੂਸ ਕਰਦੇ ਹਾਂ ਕਿ ਡਾ: ਦਲਜੀਤ ਸਿੰਘ ਵਿਰਕ ਦੀ ਨਵੀਂ ਪੁਸਤਕ "The Divne Blueprint of Life" 4-5 ਅਪ੍ਰੈਲ ਨੂੰ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਹੋ ਰਹੇ ਇੰਟਰਨੈਸ਼ਲ ਅਖੰਡ ਕੀਰਤਨ ਸਮਾਗਮ ਵਿਚ ਅਧਿਕਾਰਤ ਤੌਰ ਤੇ ਲੋਕ ਅਰਪਨ ਕੀਤੀ ਜਾਵੇਗੀ। ਉਹਨਾਂ ਦੀ ਇਹ ਕਿਤਾਬ ਅਮਗਰੇਜ਼ੀ ਮਾਧਿਅਮ ਵਿੱਚ ਛਪੀ ਹੈ। ਮਸ਼ਹੂਰ ਵਿਗਿਆਨੀ ਡਾ: ਵਿਰਕ ਨੇ ਇਸ ਪੁਸਤਕ ਵਿਚ ਗੁਰਬਾਣੀ ਅਧਾਰਤ ਅਧੁਨਿਕ ਜੈਵਿਕ ਵਿਗਿਆਨ-ਜੈਨੇਟਿਕਸ ਦੇ ਜੋੜ ਤੋਂ ਜੀਵ-ਜਗਤ ਦੇ ਗਹਿਰੇ ਰਾਜ਼ ਖੋਲ੍ਹੇ ਹਨ। ਇਸ ਵਿਚ ਜੀਵਨ ਦੀ ਉਤਪਤੀ, ਲਗਾਤਾਰਤਾ, ਵਿਕਾਸ ਤੇ ਵਿਭਿੰਨਤਾ, ਅਕਾਲ ਪੁਰਖ ਦੀ ਡੀ.ਐਨ.ਏ. ਵਿਚ ਲਿਖੀ ਭਾਸ਼ਾ ਅਤੇ (Epigenetics) ਐਪੀਜੈਨੇਟਿਕਸ ਰਾਹੀਂ ਸ਼ਬਦਾਂ ਦੇ ਅਰਥਾਂ ਦੀ ਤਬਦੀਲੀ ਨੂੰ ਸਪੱਸ਼ਟ ਕੀਤਾ ਹੈ। ਇਸ ਵਿਚ ਖਾਲਸੇ ਦੇ ਪ੍ਰਗਟ ਹੋਣ ਅਤੇ ਵਿਕਾਸ ਨੂੰ ਪਹਿਲੀ ਵਾਰ ਵਿਗਿਆਨਿਕ ਦ੍ਰਿਸ਼ਟੀਕੋਣ ਤੋਂ ਵਿਆਖਿਆ ਗਿਆ ਹੈ। ਜੀਵਨ ਵਿਚ ਜੈਨੇਟਿਕਸ, ਐਪੀਜੈਨੇਟਿਕਸ ਅਤੇ ਵਾਤਾਵਰਣ ਨੂੰ ਸਿੱਖੀ ਕਿਵੇਂ ਸੁਚਾਰੂ ਢੰਗ ਨਾਲ ਵਰਤਦੀ ਹੈ ਦੀ ਚਰਚਾ ਕੀਤੀ ਗਈ ਹੈ।

ਇਹ ਪਹਿਲੀ ਕਿਤਾਬ ਹੈ ਜਿਸ ਵਿਚ ਨੌਜਵਾਨ ਵਰਗ ਅਤੇ ਡੂੰਘੀ ਪਰਖ ਕਰਨ ਵਾਲਿਆਂ ਲਈ ਸਿੱਖੀ ਅਤੇ ਜੀਵ ਵਿਗਿਆਨ ਦੇ ਆਧਾਰ ਤੇ ਉੱਤਰ ਦਿੱਤੇ ਗਏ ਹਨ। ਇਹ ਕਿਤਾਬ ਕਿੰਡਲ ਤੇ ਪੇਪਰ ਬੈਕ ਵਿਚ ਐਮਾਜ਼ੋਨ ਤੋਂ ਮਿਲਦੀ ਹੈ ਜਿਸ ਦਾ ਲਿੰਕ ਹੇਠਾਂ ਦਿੱਤਾ ਜਾਂਦਾ ਹੈ।

ਖੁੱਲ੍ਹਾ ਸੱਦਾ: 4-5 ਅਪ੍ਰੈਲ ਨੂੰ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਪੁਸਤਕ ਰੀਲੀਜ਼ ਸਮਾਗਮ ਵਿਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜਿਥੇ ਕਿਤਾਬ ਵੀ ਪ੍ਰਾਪਤ ਕਰ ਸਕਦੇ ਹੋ ਅਤੇ ਇਸ ਦੇ ਲੇਖਕ ਪ੍ਰੋਫੈਸਰ ਦਲਜੀਤ ਸਿੰਘ ਵਿਰਕ ਨੂੰ ਕਿਤਾਬ ਸਬੰਧੀ ਸਵਾਲ ਵੀ ਕਰ ਸਕਦੇ ਹੋ।

# ਪੰਜਾਬ ਯੂਨੀਵਰਸਿਟੀ ਵਿੱਚ ਆਰ ਐੱਸ ਐੱਸ-ਭਾਜਪਾ ਸੈਮੀਨਾਰ ਦਾ ਵਿਦਿਆਰਥੀਆਂ ਵਲੋਂ ਵਿਰੋਧ

## ✪ ਵਿਦਿਆਰਥੀਆਂ ’ਤੇ ਬੇਰਹਿਮ ਲਾਠੀਚਾਰਜ, ਪੱਗਾਂ ਲੱਥੀਆਂ, ਹਿਰਾਸਤ ਵਿੱਚ ਲਿਆ, ਪੁਲਿਸ ਵਲੋਂ ਧੱਕੇਸ਼ਾਹੀ







ਚੰਡੀਗੜ੍ਹ-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਬੀਤੇ ਦਿਨ ਇੱਕ ਅਜਿਹੀ ਘਟਨਾ ਵਾਪਰੀ ਜਿਸ ਨੇ ਨਾ ਸਿਰਫ਼ ਵਿਦਿਆਰਥੀਆਂ ਦੇ ਅਧਿਕਾਰਾਂ ਨੂੰ ਕੁਚਲਿਆ ਗਿਆ, ਬਲਕਿ ਸਿੱਖ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਈ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਅਤੇ ਪੰਜ ਪਿਆਰਿਆਂ ਨੂੰ ਲੈ ਕੇ ਆਯੋਜਿਤ ਸੈਮੀਨਾਰ ਵਿੱਚ ਆਰ ਐੱਸ ਐੱਸ ਅਤੇ ਭਾਜਪਾ ਨਾਲ ਜੁੜੇ ਬੁਲਾਰਿਆਂ ਨੂੰ ਸੱਦੇ ਜਾਣ ਨੂੰ ਲੈ ਕੇ ਵਿਦਿਆਰਥੀ ਜਥੇਬੰਦੀਆਂ ਨੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਕੀਤਾ। ਪਰ ਚੰਡੀਗੜ੍ਹ ਪੁਲੀਸ ਨੇ ਇਸ ਨੂੰ ਬੇਰਹਿਮੀ ਨਾਲ ਕੁਚਲਦਿਆਂ ਲਾਠੀਚਾਰਜ ਕੀਤਾ, ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲਿਆ ਅਤੇ ਖਿੱਚ-ਧੂਹ ਵਿੱਚ ਕਈਆਂ ਦੀਆਂ ਪੱਗਾਂ ਤੱਕ ਲੱਥ ਗਈਆਂ। ਵਿਦਿਆਰਥੀ ਲੀਡਰਾਂ ਨੇ ਇਸ ਨੂੰ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਪੁਲੀਸ ਦੀ ਧੱਕੇਸ਼ਾਹੀ ਕਰਾਰ ਦਿੱਤਾ ਹੈ, ਜਦਕਿ ਅਕਾਲ ਤਖਤ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਘਟਨਾ ਦੀ ਸਖ਼ਤ ਨਿਖੇਧੀ ਕੀਤੀ ਹੈ।

ਘਟਨਾ ਦੀ ਸ਼ੁਰੂਆਤ ਤੋਂ ਲੈ ਕੇ ਵਿਸਥਾਰ ਵਿੱਚ ਜਾਣੀਏ ਤਾਂ 9 ਮਾਰਚ ਨੂੰ ਯੂਨੀਵਰਸਿਟੀ ਦੇ ਲਾਅ ਆਡੀਟੋਰੀਅਮ ਵਿੱਚ ‘ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਅਤੇ ਪੰਜ ਪਿਆਰੇ’ ਵਿਸ਼ੇ ’ਤੇ ਇੱਕ ਸੈਮੀਨਾਰ ਆਯੋਜਿਤ ਕੀਤਾ ਗਿਆ ਸੀ। ਇਸ ਵਿੱਚ ਮੁੱਖ ਬੁਲਾਰੇ ਵਜੋਂ ਆਰ ਐੱਸ ਐੱਸ ਦੇ ਉੱਤਰੀ ਜ਼ੋਨ ਪ੍ਰਚਾਰਕ ਬਨਵੀਰ ਸਿੰਘ (ਜਾਂ ਬਨਵੀਰ ਰਾਣਾ ਵਜੋਂ ਵੀ ਜਾਣੇ ਜਾਂਦੇ) ਅਤੇ ਭਾਜਪਾ ਆਗੂ ਇਕਬਾਲ ਸਿੰਘ ਲਾਲਪੁਰਾ ਨੂੰ ਸੱਦਿਆ ਗਿਆ ਸੀ। ਵਿਦਿਆਰਥੀ ਜਥੇਬੰਦੀਆਂ ਜਿਵੇਂ ਕਿ ’ਸੱਥ’, ਪੀਐੱਸਯੂ (ਲਲਕਾਰ) ਅਤੇ ਐੱਸਐੱਫਐੱਸ ਨੇ ਇਸ ਨੂੰ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਾਰ ਦਿੱਤਾ। ਉਨ੍ਹਾਂ ਮੁਤਾਬਕ, ਇਹ ਬੁਲਾਰੇ ਪਹਿਲਾਂ ਵੀ ਸਿੱਖ ਧਰਮ ਬਾਰੇ ਗਲਤ ਟਿੱਪਣੀਆਂ ਕਰ ਚੁੱਕੇ ਹਨ ਅਤੇ ਆਰ ਐੱਸ ਐੱਸ ਦੀ ਵਿਚਾਰਧਾਰਾ ਘੱਟ ਗਿਣਤੀਆਂ, ਦਲਿਤਾਂ ਅਤੇ ਔਰਤਾਂ ਨਾਲ ਵਿਤਕਰੇ ਵਾਲੀ ਹੈ। ਦੋ ਦਿਨ ਪਹਿਲਾਂ ਹੀ ਵਿਦਿਆਰਥੀਆਂ ਨੇ ਡੀਨ ਵਿਦਿਆਰਥੀ ਭਲਾਈ ਨੂੰ ਵਿਰੋਧ ਪੱਤਰ ਦਿੱਤਾ ਸੀ ਅਤੇ ਸੈਮੀਨਾਰ ਰੱਦ ਕਰਨ ਦੀ ਮੰਗ ਕੀਤੀ ਸੀ, ਪਰ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਨੂੰ ਨਜ਼ਰਅੰਦਾਜ਼ ਕਰ ਕੇ ਪ੍ਰੋਗਰਾਮ ਜਾਰੀ ਰੱਖਿਆ। ਵਾਈਸ ਚਾਂਸਲਰ ਪ੍ਰੋਫੈਸਰ ਰੇਨੂ ਵਿੱਗ ਵੀ ਇਸ ਵਿੱਚ ਸ਼ਾਮਲ ਹੋਏ, ਜਿਸ ਨੂੰ ਵਿਦਿਆਰਥੀਆਂ ਨੇ ਪ੍ਰਸ਼ਾਸਨ ਦੀ ਮਿਲੀਭੁਗਤ ਵਜੋਂ ਵੇਖਿਆ।

ਵਿਦਿਆਰਥੀ ਲੀਡਰ ਅਸ਼ਮੀਤ ਸਿੰਘ, ਜੋ ਵਿਦਿਆਰਥੀ ਕੌਂਸਲ ਦੇ ਮੀਤ ਪ੍ਰਧਾਨ ਅਤੇ ’ਸੱਥ’ ਜਥੇਬੰਦੀ ਨਾਲ ਜੁੜੇ ਹਨ, ਨੇ ਦੱਸਿਆ ਕਿ ਜਦੋਂ ਵਿਦਿਆਰਥੀ ਵਿਰੋਧ ਲਈ ਇਕੱਠੇ ਹੋਏ ਤਾਂ ਡੀਐੱਸਪੀ ਦੀ ਅਗਵਾਈ ਵਿੱਚ ਸੈਂਕੜੇ ਪੁਲੀਸ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਘੇਰ ਲਿਆ। ਵਿਦਿਆਰਥੀ ਲੀਡਰ ਅਸ਼ਮੀਤ ਸਿੰਘ ਨੇ ਕਿਹਾ ਕਿ ਅਸੀਂ ਸ਼ਾਂਤਮਈ ਤਰੀਕੇ ਨਾਲ ਆਪਣੀ ਗੱਲ ਰੱਖ ਰਹੇ ਸੀ, ਪਰ ਪੁਲੀਸ ਨੇ ਬਿਨਾਂ ਕਿਸੇ ਪੁੱਛਗਿੱਛ ਤੋਂ ਵੈਨਾਂ ਵਿੱਚ ਸੁੱਟਣਾ ਸ਼ੁਰੂ ਕਰ ਦਿੱਤਾ। ਧੱਕਾ-ਮੁੱਕੀ ਵਿੱਚ ਕਈ ਵਿਦਿਆਰਥੀਆਂ ਦੀਆਂ ਪੱਗਾਂ ਲੱਥ ਗਈਆਂ ਅਤੇ ਸੱਟਾਂ ਲੱਗੀਆਂ। ਉਨ੍ਹਾਂ ਨੇ ਯੂਨੀਵਰਸਿਟੀ ਪ੍ਰਸ਼ਾਸਨ ’ਤੇ ਦੋਸ਼ ਲਾਇਆ ਕਿ ਚੰਡੀਗੜ੍ਹ ਪ੍ਰਸ਼ਾਸਨ ਤੇ ਯੂਨੀਵਰਸਿਟੀ ਅਧਿਕਾਰੀ ਜੇਐੱਨਯੂ ਵਾਂਗ ਪੰਜਾਬ ਯੂਨੀਵਰਸਿਟੀ ਨੂੰ ਆਰ ਐੱਸ ਐੱਸ ਦਾ ਬੌਧਿਕ ਅੱਡਾ ਬਣਾਉਣਾ ਚਾਹੁੰਦੇ ਹਨ, ਜਿਸ ਨੂੰ ਇਨਸਾਫ਼ਪਸੰਦ ਵਿਦਿਆਰਥੀ ਬਰਦਾਸ਼ਤ ਨਹੀਂ ਕਰਨਗੇ। ਪੀਐੱਸਯੂ (ਲਲਕਾਰ) ਤੋਂ ਜੋਬਨ ਸਿੰਘ ਅਤੇ ਐੱਸਐੱਫਐੱਸ ਤੋਂ ਸੰਦੀਪ ਨੇ ਵੀ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ, ਕਿਹਾ ਕਿ ਆਰ ਐੱਸ ਐੱਸ ਦੀ ਵਿਚਾਰਧਾਰਾ ਧਾਰਮਿਕ ਘੱਟ ਗਿਣਤੀਆਂ ਅਤੇ ਅਨੁਸੂਚਿਤ ਜਾਤੀਆਂ ਨਾਲ ਵਿਤਕਰੇ ਵਾਲੀ ਹੈ, ਅਤੇ ਅਜਿਹੇ ਲੋਕਾਂ ਨੂੰ ਗੁਰੂ ਜੀ ਦੇ ਵਿਸ਼ੇ ’ਤੇ ਬੋਲਣ ਦਾ ਕੋਈ ਹੱਕ ਨਹੀਂ।

ਇਸ ਘਟਨਾ ਨੇ ਵਿਦਿਆਰਥੀਆਂ ਵਿੱਚ ਗੁੱਸੇ ਦੀ ਲਹਿਰ ਪੈਦਾ ਕਰ ਦਿੱਤੀ ਹੈ। ਸੋਸ਼ਲ ਮੀਡੀਆ ’ਤੇ ਵਾਇਰਲ ਵੀਡੀਓਜ਼ ਵਿੱਚ ਦੇਖਿਆ ਜਾ ਸਕਦਾ ਹੈ ਕਿ ਪੁਲੀਸ ਵਿਦਿਆਰਥੀਆਂ ਨੂੰ ਬੱਸਾਂ ਵਿੱਚ ਸੁੱਟ ਰਹੀ ਹੈ ਅਤੇ ਲਾਠੀਆਂ ਵਰ੍ਹਾ ਰਹੀ ਹੈ। ਇੱਕ ਵੀਡੀਓ ਵਿੱਚ ਵੀਡੀਓ ਵਿੱਚ ਪੁਲੀਸ ਵੱਲੋਂ ਵਿਦਿਆਰਥੀਆਂ ਨੂੰ ਖਿੱਚਦੇ ਹੋਏ ਦਿਖਾਈ ਦਿੰਦੇ ਹਨ, ਜਿਸ ਵਿੱਚ ਪੱਗਾਂ ਡਿੱਗਣ ਅਤੇ ਵਿਦਿਆਰਥੀਆਂ ਦੇ ਚੀਕਣ ਦੀਆਂ ਆਵਾਜ਼ਾਂ ਸੁਣੀਆਂ ਜਾ ਸਕਦੀਆਂ ਹਨ। ਇਹ ਵੀਡੀਓਜ਼ ਨੇ ਸਿੱਖ ਭਾਈਚਾਰੇ ਵਿੱਚ ਗੁੱਸੇ ਨੂੰ ਹੋਰ ਵਧਾ ਦਿੱਤਾ ਹੈ।

ਵਿਦਿਆਰਥੀਆਂ ਦੇ ਪੱਖ ਨੂੰ ਮਜ਼ਬੂਤੀ ਨਾਲ ਪੇਸ਼ ਕਰਦੇ ਹੋਏ, ਇਹ ਕਹਿਣਾ ਜ਼ਰੂਰੀ ਹੈ ਕਿ ਉਨ੍ਹਾਂ ਦਾ ਵਿਰੋਧ ਬਿਲਕੁਲ ਜਾਇਜ਼ ਸੀ। ਯੂਨੀਵਰਸਿਟੀ ਵਰਗੇ ਅਕਾਦਮਿਕ ਅਦਾਰੇ ਵਿੱਚ ਰਾਜਨੀਤਿਕ ਜਾਂ ਵਿਚਾਰਧਾਰਕ ਪ੍ਰਚਾਰ ਨੂੰ ਰੋਕਣਾ ਵਿਦਿਆਰਥੀਆਂ ਦਾ ਅਧਿਕਾਰ ਹੈ। ਅਸ਼ਮੀਤ ਸਿੰਘ ਨੇ ਕਿਹਾ, ‘‘ਅਸੀਂ ਪਹਿਲਾਂ ਹੀ ਚਿਤਾਵਨੀ ਦਿੱਤੀ ਸੀ ਕਿ ਜੇ ਪ੍ਰੋਗਰਾਮ ਰੱਦ ਨਾ ਕੀਤਾ ਗਿਆ ਤਾਂ ਵਿਰੋਧ ਕੀਤਾ ਜਾਵੇਗਾ। ਪਰ ਪ੍ਰਸ਼ਾਸਨ ਨੇ ਸਾਡੀ ਗੱਲ ਨਹੀਂ ਸੁਣੀ ਅਤੇ ਪੁਲੀਸ ਨੂੰ ਬੁਲਾ ਕੇ ਜਬਰ ਵਰਤਿਆ।’’ ਲਗਭਗ 30 ਤੋਂ 40 ਵਿਦਿਆਰਥੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ, ਜਿਨ੍ਹਾਂ ਵਿੱਚੋਂ ਕਈ ਨੂੰ ਬਾਅਦ ਵਿੱਚ ਰਿਹਾਅ ਕੀਤਾ ਗਿਆ।

ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਨੂੰ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ, ‘‘ਜੇ ਵਿਦਿਆਰਥੀਆਂ ਨੂੰ ਕੋਈ ਇਤਰਾਜ਼ ਸੀ ਤਾਂ ਪ੍ਰਸ਼ਾਸਨ ਨੂੰ ਉਨ੍ਹਾਂ ਦੀ ਗੱਲ ਸੁਣਨੀ ਚਾਹੀਦੀ ਸੀ, ਨਾ ਕਿ ਜਬਰ ਕਰਨਾ ਚਾਹੀਦਾ ਸੀ। ਸਿੱਖ ਵਿਦਿਆਰਥੀਆਂ ਦੀਆਂ ਦਸਤਾਰਾਂ ਉਤਾਰਨਾ ਬਰਦਾਸ਼ਤਯੋਗ ਨਹੀਂ। ਜ਼ਿੰਮੇਵਾਰ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਹੋਵੇ।’’

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਵੀ ਘਟਨਾ ਨੂੰ ਨਿੰਦਣਯੋਗ ਕਰਾਰ ਦਿੱਤਾ। ਉਨ੍ਹਾਂ ਕਿਹਾ, ‘‘ਦਸਤਾਰ ਸਿੱਖ ਜੀਵਨ ਦਾ ਅਹਿਮ ਹਿੱਸਾ ਹੈ। ਪੁਲੀਸ ਵੱਲੋਂ ਬਲ ਵਰਤ ਕੇ ਵਿਦਿਆਰਥੀਆਂ ਦੀਆਂ ਦਸਤਾਰਾਂ ਉਤਾਰਨਾ ਸਿੱਖ ਭਾਵਨਾਵਾਂ ਅਤੇ ਸਿੱਖੀ ਗੌਰਵ ਦਾ ਨਿਰਾਦਰ ਹੈ। ਵਿਦਿਆਰਥੀਆਂ ਨੂੰ ਆਪਣੀ ਗੱਲ ਰੱਖਣ ਦਾ ਹੱਕ ਹੈ ਅਤੇ ਇਸ ’ਤੇ ਰੋਕ ਧੱਕੇਸ਼ਾਹੀ ਹੈ।’’ ਧਾਮੀ ਨੇ ਦਸਤਾਰਾਂ ਉਤਾਰਨ ਵਾਲੇ ਮੁਲਾਜ਼ਮਾਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਵੀ ਲਾਠੀਚਾਰਜ ਨੂੰ ਮੰਦਭਾਗਾ ਕਰਾਰ ਦਿੱਤਾ।

ਯੂਨੀਵਰਸਿਟੀ ਪ੍ਰਸ਼ਾਸਨ ਅਤੇ ਪੁਲੀਸ ਦੇ ਪੱਖ ਨੂੰ ਵੇਖੀਏ ਤਾਂ ਉਨ੍ਹਾਂ ਨੇ ਇਸ ਨੂੰ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਜ਼ਰੂਰੀ ਕਾਰਵਾਈ ਕਿਹਾ ਹੈ। ਇੱਕ ਰਿਪੋਰਟ ਮੁਤਾਬਕ, ਪੁਲੀਸ ਨੇ ਕਿਹਾ ਕਿ ਵਿਦਿਆਰਥੀਆਂ ਨੇ ਸੈਮੀਨਾਰ ਨੂੰ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਅਤੇ ਹਿੰਸਕ ਹੋ ਗਏ, ਜਿਸ ਕਰ ਕੇ ਉਨ੍ਹਾਂ ਨੂੰ ਹਿਰਾਸਤ ਵਿੱਚ ਲਿਆ ਗਿਆ। ਪਰ ਵਿਦਿਆਰਥੀਆਂ ਨੇ ਇਸ ਨੂੰ ਝੂਠਾ ਦੱਸਿਆ ਅਤੇ ਕਿਹਾ ਕਿ ਉਹ ਸ਼ਾਂਤਮਈ ਸਨ ਅਤੇ ਪੁਲੀਸ ਨੇ ਪਹਿਲਾਂ ਹਮਲਾ ਕੀਤਾ। ਅਖਿਲ ਭਾਰਤੀ ਵਿਦਿਆਰਥੀ ਪਰਿਸ਼ਦ (ਏਬੀਵੀਪੀ) ਦੇ ਪ੍ਰਧਾਨ ਆਸ਼ੀਸ਼ ਸ਼ਰਮਾ ਨੇ ਕਿਹਾ ਕਿ ਬਨਵੀਰ ਰਾਣਾ ਨੂੰ ਸੱਦਿਆ ਗਿਆ ਸੀ ਅਤੇ ਇਹ ਇੱਕ ਅਕਾਦਮਿਕ ਪ੍ਰੋਗਰਾਮ ਸੀ, ਨਾ ਕਿ ਭਗਵੀਂ ਰਾਜਨੀਤੀ ਦਾ ਪ੍ਰੋਗਰਾਮ। ਪਰ ਵਿਦਿਆਰਥੀ ਜਥੇਬੰਦੀਆਂ ਨੇ ਇਸ ਨੂੰ ਭਾਜਪਾ ਦੇ ਰਾਜਨੀਤਿਕ ਪ੍ਰਚਾਰ ਵਜੋਂ ਵੇਖਿਆ ਅਤੇ ਕਿਹਾ ਕਿ ਅਜਿਹੇ ਅਦਾਰੇ ਵਿੱਚ ਨਿਰਪੱਖਤਾ ਬਣਾਈ ਰੱਖਣੀ ਚਾਹੀਦੀ ਹੈ। ਵਿਦਿਆਰਥੀ ਜਥੇਬੰਦੀਆਂ ਨੇ ਨੇ ਮੰਗ ਕੀਤੀ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਪੁਲੀਸ ਅਧਿਕਾਰੀਆਂ ਵਿਰੁੱਧ ਜਾਂਚ ਹੋਵੇ ਅਤੇ ਵਿਦਿਆਰਥੀਆਂ ਨੂੰ ਨਿਆਂ ਮਿਲੇ। ਕਾਂਗਰਸ ਪਾਰਟੀ ਨੇ ਵੀ ਇਸ ਘਟਨਾ ਨੂੰ ਨਿਖੇਧੀ ਕੀਤੀ ਹੈ ਅਤੇ ਕਿਹਾ ਕਿ ਇਹ ਵਿਦਿਆਰਥੀ ਅੰਦੋਲਨ ਨੂੰ ਦਬਾਉਣ ਦੀ ਕੋਸ਼ਿਸ਼ ਹੈ।

ਇਸ ਘਟਨਾ ਨੇ ਪੰਜਾਬ ਯੂਨੀਵਰਸਿਟੀ ਦੇ ਇਤਿਹਾਸ ਨੂੰ ਵੀ ਯਾਦ ਕਰਵਾਇਆ ਹੈ, ਜਿੱਥੇ ਵਿਦਿਆਰਥੀ ਅੰਦੋਲਨ ਹਮੇਸ਼ਾ ਮਜ਼ਬੂਤ ਰਿਹਾ ਹੈ। ਇੱਥੇ ਵਿਦਿਆਰਥੀ ਨਾ ਸਿਰਫ਼ ਪੜ੍ਹਾਈ ਕਰਦੇ ਹਨ ਬਲਕਿ ਸਮਾਜਿਕ ਅਤੇ ਰਾਜਨੀਤਿਕ ਮੁੱਦਿਆਂ ’ਤੇ ਵੀ ਆਵਾਜ਼ ਉਠਾਉਂਦੇ ਹਨ। ਪਰ ਅਜਿਹੀਆਂ ਘਟਨਾਵਾਂ ਨੇ ਯੂਨੀਵਰਸਿਟੀ ਨੂੰ ਰਾਜਨੀਤਿਕ ਅਖਾੜਾ ਬਣਾਉਣ ਦੀ ਕੋਸ਼ਿਸ਼ ਨੂੰ ਉਜਾਗਰ ਕੀਤਾ ਹੈ। ਵਿਦਿਆਰਥੀਆਂ ਨੇ ਕਿਹਾ ਕਿ ਉਹ ਇਸ ਵਿਰੁੱਧ ਲੜਾਈ ਜਾਰੀ ਰੱਖਣਗੇ ।ਇਸ ਪੁਲਸੀਆ ਕਾਰਵਾਈ ਨੇ ਲੋਕਤੰਤਰ ਵਿੱਚ ਵਿਰੋਧ ਦੇ ਅਧਿਕਾਰ ਨੂੰ ਚੁਣੌਤੀ ਦਿੱਤੀ ਹੈ ਅਤੇ ਸਵਾਲ ਖੜ੍ਹੇ ਕੀਤੇ ਹਨ ਕਿ ਕੀ ਅਕਾਦਮਿਕ ਅਦਾਰੇ ਅਸਲ ਵਿੱਚ ਨਿਰਪੱਖ ਹਨ ਜਾਂ ਰਾਜਨੀਤਿਕ ਏਜੰਡੇ ਦਾ ਸਾਧਨ ਬਣ ਰਹੇ ਹਨ।

# ਪੰਜਾਬ ਵਿਧਾਨ ਸਭਾ ਵਿੱਚ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਰੁੱਧ ਮਤਾ ਪਾਸ

## ✪ ਔਰਤਾਂ ਦੇ ਸਨਮਾਨ ’ਤੇ ਤਿੱਖੀ ਨੋਕ-ਝੋਕ, ਵਿਰੋਧੀ ਧਿਰ ਨੇ ਸਰਕਾਰ ਨੂੰ ਘੇਰਿਆ



ਚੰਡੀਗੜ੍ਹ-ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਰਾਜਨੀਤਿਕ ਗਰਮੀ ਨਾਲ ਭਰਪੂਰ ਰਿਹਾ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤੇ ਵਿਰੁੱਧ ਨਿੰਦਾ ਮਤਾ ਪਾਸ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਮਨਜ਼ੂਰ ਕੀਤਾ ਗਿਆ। ਇਸ ਮਤੇ ਵਿੱਚ ਖੇਤੀ ਖੇਤਰ ਨੂੰ ਇਸ ਸਮਝੌਤੇ ਤੋਂ ਬਾਹਰ ਰੱਖਣ ਦੀ ਮੰਗ ਕੀਤੀ ਗਈ ਹੈ, ਕਿਉਂਕਿ ਇਹ ਪੰਜਾਬ ਦੇ ਕਿਸਾਨਾਂ ਲਈ ਖਤਰਨਾਕ ਸਾਬਤ ਹੋ ਸਕਦਾ ਹੈ। ਮੁੱਖ ਮੰਤਰੀ ਨੇ ਇਸ ਨੂੰ ਤਿੰਨ ਖੇਤੀ ਕਾਨੂੰਨਾਂ ਨਾਲੋਂ ਵੀ ਵੱਡਾ ਧੱਕਾ ਦੱਸਿਆ।ਵਿਰੋਧੀ ਧਿਰਾਂ ਨੇ ਵੀ ਇਸ ਮਤੇ ਦਾ ਸਮਰਥਨ ਕੀਤਾ, ਪਰ ਭਾਜਪਾ ਵਿਧਾਇਕ ਸਦਨ ਤੋਂ ਗੈਰਹਾਜ਼ਰ ਰਹੇ।

ਵਿਧਾਨ ਸਭਾ ਵਿੱਚ ਅੱਜ ਔਰਤਾਂ ਦੇ ਸਨਮਾਨ ਅਤੇ ਉਨ੍ਹਾਂ ਨਾਲ ਜੁੜੇ ਮੁੱਦਿਆਂ ’ਤੇ ਵੀ ਤਿੱਖੀ ਬਹਿਸ ਹੋਈ। ਵਿਰੋਧੀ ਧਿਰ ਨੇ ਸਰਕਾਰ ’ਤੇ ਮਹਿਲਾ ਅਧਿਆਪਕਾਂ ਅਤੇ ਵਰਕਰਾਂ ਨਾਲ ਬਦਸਲੂਕੀ ਕਰਨ ਦੇ ਦੋਸ਼ ਲਗਾਏ। ਖਾਸ ਕਰਕੇ ਆਂਗਣਵਾੜੀ ਵਰਕਰਾਂ ਅਤੇ ਅਧਿਆਪਕਾਂ ਨੂੰ ਸੜਕਾਂ ’ਤੇ ਘਸੀਟਣ ਅਤੇ ਪਾਣੀ ਦੀਆਂ ਬੁਛਾੜਾਂ ਮਾਰਨ ਨੂੰ ਲੈ ਕੇ ਵਿਰੋਧੀ ਧਿਰ ਨੇ ਸਰਕਾਰ ਨੂੰ ਘੇਰਿਆ। ਕਾਂਗਰਸੀ ਵਿਧਾਇਕਾ ਅਰੁਣਾ ਚੌਧਰੀ ਨੇ ਕਿਹਾ ਕਿ ਇਹ ਕਿਹੜਾ ਔਰਤਾਂ ਦਾ ਸਨਮਾਨ ਹੈ ਜਿੱਥੇ ਮਹਿਲਾਵਾਂ ਨੂੰ ਅਜਿਹੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਬਜਟ ਸੈਸ਼ਨ ਦੇ ਦੂਜੇ ਦਿਨ ਬਜਟ ਪ੍ਰਸਤਾਵਾਂ ’ਤੇ ਬਹਿਸ ਦੌਰਾਨ ਸੱਤਾਧਾਰੀ ਅਤੇ ਵਿਰੋਧੀ ਧਿਰਾਂ ਵਿਚਾਲੇ ਤਿੱਖੀ ਨੋਕ-ਝੋਕ ਵੇਖਣ ਨੂੰ ਮਿਲੀ। ਵਿਰੋਧੀ ਧਿਰ ਨੇ ਖੇਤੀਬਾੜੀ ਲਈ ਰਾਖਵੇਂ ਬਜਟ ਨੂੰ ਨਾਕਾਫ਼ੀ ਦੱਸਿਆ। ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਕਿਹਾ ਕਿ ਖੇਤੀ ਸੈਕਟਰ ਲਈ ਰੱਖਿਆ ਗਿਆ 15,377 ਕਰੋੜ ਰੁਪਏ ਦਾ ਬਜਟ ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਲਈ ਬਹੁਤ ਘੱਟ ਹੈ। ਉਨ੍ਹਾਂ ਨੇ ਡਿੱਗ ਰਹੇ ਜ਼ਮੀਨੀ ਪਾਣੀ ਨੂੰ ਬਚਾਉਣ ਲਈ ਬਜਟ ਵਿੱਚ ਕੋਈ ਸਪੱਸ਼ਟ ਰੋਡ ਮੈਪ ਨਾ ਹੋਣ ’ਤੇ ਚਿੰਤਾ ਪ੍ਰਗਟਾਈ ਅਤੇ ਸੁਝਾਅ ਦਿੱਤਾ ਕਿ ਕਿਸਾਨਾਂ ਨੂੰ ਫਸਲੀ ਵਿਭਿੰਨਤਾ ਵੱਲ ਉਤਸ਼ਾਹਿਤ ਕਰਨ ਲਈ ਬਿਜਲੀ ਸਬਸਿਡੀ ਦੀ ਬਿਹਤਰ ਵਰਤੋਂ ਕੀਤੀ ਜਾ ਸਕਦੀ ਹੈ। ਦੂਜੇ ਪਾਸੇ, ਆਪ ਵਿਧਾਇਕਾਂ ਨੇ ਬਜਟ ਨੂੰ ਇਤਿਹਾਸਕ ਦੱਸਿਆ। ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਅਤੇ ਪ੍ਰਿੰਸੀਪਲ ਬੁੱਧ ਰਾਮ ਨੇ ‘ਮਾਵਾਂ ਧੀਆਂ ਸਤਿਕਾਰ ਯੋਜਨਾ’ ਨੂੰ ਕ੍ਰਾਂਤੀਕਾਰੀ ਕਦਮ ਦੱਸਿਆ ਅਤੇ ਸਿੱਖਿਆ ਤੇ ਸਿਹਤ ਖੇਤਰ ਵਿੱਚ ਵਾਧੇ ਨੂੰ ਵੱਡੀ ਪ੍ਰਾਪਤੀ ਕਰਾਰ ਦਿੱਤਾ।

### ਸੁਖਪਾਲ ਸਿੰਘ ਖਹਿਰਾ ਦੀ ਟਿੱਪਣੀ ਨੂੰ ਲੈ ਕੇ ਵਿਵਾਦ ਕਿਉਂ ?

ਸੈਸ਼ਨ ਵਿੱਚ ਸਭ ਤੋਂ ਵੱਡਾ ਵਿਵਾਦ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਦੀ ਟਿੱਪਣੀ ਨੂੰ ਲੈ ਕੇ ਖੜ੍ਹਾ ਹੋਇਆ। ਖਹਿਰਾ ਨੇ ਸੋਸ਼ਲ ਮੀਡੀਆ ’ਤੇ ‘ਮਾਵਾਂ ਧੀਆਂ ਸਤਿਕਾਰ ਯੋਜਨਾ’ ਨੂੰ ਲੈ ਕੇ ਇੱਕ ਪੋਸਟ ਪਾਈ, ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ 1000 ਰੁਪਏ ਲਈ ਗਿੱਧਾ ਪਾਉਣ ਵਾਲੀਆਂ ਔਰਤਾਂ ਕਿੱਥੋਂ ਸੂਰਮੇ ਪੈਦਾ ਕਰਨਗੀਆਂ। ਇਸ ਨੂੰ ਔਰਤਾਂ, ਖਾਸ ਕਰਕੇ ਗਰੀਬ ਅਤੇ ਦਲਿਤ ਔਰਤਾਂ ਦਾ ਅਪਮਾਨ ਮੰਨਿਆ ਗਿਆ। ਆਪ ਦੀਆਂ ਮਹਿਲਾ ਵਿਧਾਇਕਾਂ ਨੇ ਇਸ ਨੂੰ ਤਿੱਖੇ ਵਿਰੋਧ ਨਾਲ ਘੇਰਿਆ ਅਤੇ ਸਦਨ ਵਿੱਚ ਭਾਰੀ ਹੰਗਾਮਾ ਹੋਇਆ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਨੂੰ ਗਰੀਬ ਔਰਤਾਂ ਦਾ ਅਪਮਾਨ ਦੱਸਦਿਆਂ ਨਿੰਦਾ ਮਤਾ ਪੇਸ਼ ਕੀਤਾ, ਜੋ ਪਾਸ ਹੋ ਗਿਆ। ਖਹਿਰਾ ਨੇ ਬਾਅਦ ਵਿੱਚ ਕਿਹਾ ਕਿ ਉਨ੍ਹਾਂ ਦੇ ਸ਼ਬਦ ਨਹੀਂ ਸਨ, ਬਲਕਿ ਇੱਕ ਯੂਟਿਊਬਰ ਦੇ ਸਨ ਅਤੇ ਉਨ੍ਹਾਂ ਨੇ ਕਿਸੇ ਵਰਗ ਵਿਰੁੱਧ ਗਲਤ ਨਹੀਂ ਕਿਹਾ। ਪਰ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪਾਰਟੀ ਵੱਲੋਂ ਮੁਆਫ਼ੀ ਮੰਗੀ ਅਤੇ ਖਹਿਰਾ ਨੂੰ ਸਦਨ ਵਿੱਚ ਪੱਖ ਰੱਖਣ ਦੀ ਮੰਗ ਕੀਤੀ।

ਇਸ ਵਿਚਕਾਰ ਕਾਂਗਰਸੀ ਆਗੂ ਪਰਗਟ ਸਿੰਘ ਨੇ ਮੁੱਖ ਮੰਤਰੀ ਭਗਵੰਤ ਮਾਨ ਵਿਰੁੱਧ ਤਿੱਖੇ ਦੋਸ਼ ਲਗਾਏ। ਉਨ੍ਹਾਂ ਨੇ ਇੱਕ ਵੀਡੀਓ ਸਾਂਝੀ ਕਰਕੇ ਕਿਹਾ ਕਿ ਮਾਨ ਔਰਤਾਂ ਬਾਰੇ ਅਪਮਾਨਜਨਕ ਟਿੱਪਣੀਆਂ ਕਰ ਰਹੇ ਹਨ, ਜੋ ਉਨ੍ਹਾਂ ਦੀ ਘਟੀਆ ਮਾਨਸਿਕਤਾ ਨੂੰ ਦਰਸਾਉਂਦਾ ਹੈ। ਪ੍ਰਗਟ ਸਿੰਘ ਨੇ ਦੋਸ਼ ਲਗਾਇਆ ਕਿ ਸਰਕਾਰ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਖਹਿਰਾ ਵਿਵਾਦ ਨੂੰ ਹਵਾ ਦੇ ਰਹੀ ਹੈ। ਉਨ੍ਹਾਂ ਨੇ ਸਵਾਲ ਕੀਤਾ ਕਿ ਜਦੋਂ ਮੁੱਖ ਮੰਤਰੀ ਖੁਦ ਔਰਤਾਂ ਨੂੰ ਨਿਰਾਦਰ ਕਰਦੇ ਹਨ ਤਾਂ ਪਾਰਟੀ ਦੇ ਬਾਕੀ ਮੈਂਬਰ ਚੁੱਪ ਕਿਉਂ ਹਨ? ਇਸ ਵੀਡੀਓ ਵਿੱਚ ਮਾਨ ਨੇ ਔਰਤਾਂ ਬਾਰੇ ਅਜਿਹੇ ਸ਼ਬਦ ਵਰਤੇ ਜੋ ਬੱਚੀਆਂ ਅਤੇ ਔਰਤਾਂ ਦੀ ਮੌਜੂਦਗੀ ਵਿੱਚ ਅਸ਼ਲੀਲ ਸਨ।

ਇਸ ਵਿਵਾਦ ਨੇ ਔਰਤਾਂ ਦੇ ਸਨਮਾਨ ਨੂੰ ਰਾਜਨੀਤਿਕ ਅਖਾੜੇ ਵਿੱਚ ਲਿਆ ਕੇ ਨਵਾਂ ਮੋੜ ਦਿੱਤਾ ਹੈ। ਵਿਰੋਧੀ ਧਿਰ ਨੇ ਸਰਕਾਰ ਨੂੰ ਇਸ ਮੁੱਦੇ ’ਤੇ ਘੇਰਦਿਆਂ ਕਿਹਾ ਕਿ ਯੋਜਨਾਵਾਂ ਬਣਾਉਣ ਨਾਲ ਹੀ ਔਰਤਾਂ ਦਾ ਸਨਮਾਨ ਨਹੀਂ ਹੁੰਦਾ, ਬਲਕਿ ਅਸਲੀਅਤ ਵਿੱਚ ਉਨ੍ਹਾਂ ਨੂੰ ਸੁਰੱਖਿਆ ਅਤੇ ਬਰਾਬਰੀ ਦੇਣੀ ਪੈਂਦੀ ਹੈ। ਆਪ ਨੇ ਵੀ ਵਾਪਸੀ ਵਿੱਚ ਵਿਰੋਧੀਆਂ ਨੂੰ ਔਰਤਾਂ ਵਿਰੋਧੀ ਨੀਤੀਆਂ ਲਈ ਜ਼ਿੰਮੇਵਾਰ ਠਹਿਰਾਇਆ।


ਇਸ ਵਿਵਾਦ ਸਬੰਧੀ ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਖਹਿਰਾ ਅਤੇ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ 12 ਮਾਰਚ ਨੂੰ ਪੇਸ਼ ਹੋਣ ਲਈ ਸੰਮਨ ਜਾਰੀ ਕੀਤੇ। ਕਮਿਸ਼ਨ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਇਸ ਨੂੰ ਔਰਤਾਂ ਵਿਰੁੱਧ ਅਪਮਾਨਜਨਕ ਦੱਸਿਆ ਅਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਖਹਿਰਾ ਨੇ ਕਮਿਸ਼ਨ ਦੀ ਨਿਰਪੱਖਤਾ ’ਤੇ ਸਵਾਲ ਖੜ੍ਹੇ ਕੀਤੇ ਅਤੇ ਮੁੱਖ ਮੰਤਰੀ ਮਾਨ ਵਿਰੁੱਧ ਵੀ ਕਾਰਵਾਈ ਦੀ ਚੁਣੌਤੀ ਦਿੱਤੀ। ਇਸ ਨਾਲ ਵਿਵਾਦ ਹੋਰ ਗੂੜ੍ਹਾ ਹੋ ਗਿਆ।

### ਗਨੀਵ ਕੌਰ ਮਜੀਠੀਆ ਆਪ ਵਿਧਾਇਕਾਂ ਤੋਂ ਕਿਉਂ ਔਖੀ ?

ਸੈਸ਼ਨ ਵਿੱਚ ਗਨੀਵ ਕੌਰ ਮਜੀਠੀਆ ਦੇ ਤਿੱਖੇ ਤੇਵਰ ਵੀ ਚਰਚਾ ਵਿੱਚ ਰਹੇ। ਅਕਾਲੀ ਦਲ ਦੀ ਇਸ ਵਿਧਾਇਕ ਨੇ ਹਾਕਮ ਧਿਰ ਨੂੰ ਕਈ ਮੁੱਦਿਆਂ ’ਤੇ ਘੇਰਿਆ। ਉਨ੍ਹਾਂ ਨੇ ਕਥਿਤ ਫੇਕ ਐਨਕਾਊਂਟਰਾਂ ਵਿੱਚ ਮਾਰੇ ਗਏ ਨੌਜਵਾਨਾਂ ਦੀਆਂ ਮਾਵਾਂ ਨੂੰ ਇਨਸਾਫ਼ ਨਾ ਮਿਲਣ ’ਤੇ ਸਵਾਲ ਚੁੱਕੇ ਅਤੇ ਆਂਗਣਵਾੜੀ ਵਰਕਰਾਂ ’ਤੇ ਜਬਰ ਦਾ ਮਾਮਲਾ ਉਠਾਇਆ। ਜਦੋਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾਂ ਨੂੰ ’ਬੀਬਾ ਜੀ’ ਕਿਹਾ ਤਾਂ ਆਪ ਦੀਆਂ ਕੁਝ ਮਹਿਲਾ ਵਿਧਾਇਕਾਂ ਨੇ ਹੱਸ ਕੇ ਇਤਰਾਜ਼ ਜਤਾਇਆ। ਗਨੀਵ ਨੇ ਇਸ ਨੂੰ ਅਪਮਾਨ ਮੰਨਦਿਆਂ ਸਖ਼ਤ ਵਿਰੋਧ ਕੀਤਾ ਅਤੇ ਕਿਹਾ ਕਿ ਔਰਤਾਂ ਨੂੰ ਸਨਮਾਨ ਨਾਲ ਸੰਬੋਧਨ ਕੀਤਾ ਜਾਵੇ। ਉਨ੍ਹਾਂ ਨੇ ਸਰਕਾਰ ਨੂੰ ਸੰਵੇਦਨਸ਼ੀਲ ਮੁੱਦਿਆਂ ’ਤੇ ਘੇਰਦਿਆਂ ਕਿਹਾ ਕਿ ਔਰਤਾਂ ਨਾਲ ਜੁੜੇ ਮਾਮਲਿਆਂ ਵਿੱਚ ਸਰਕਾਰ ਨਾਕਾਮ ਰਹੀ ਹੈ। ਗਨੀਵ ਦੇ ਇਸ ਅੰਦਾਜ਼ ਨੇ ਸਦਨ ਵਿੱਚ ਨਵਾਂ ਰੰਗ ਭਰ ਦਿੱਤਾ ਅਤੇ ਵਿਰੋਧੀ ਧਿਰ ਨੂੰ ਨਵੀਂ ਊਰਜਾ ਦਿੱਤੀ।

# ਦਿੱਲੀ ਦੇ ਨਵੇਂ ਉਪ ਰਾਜਪਾਲ ਬਣੇ ਤਰਨਜੀਤ ਸਿੰਘ ਸੰਧੂ

## ✪ ਰਾਸ਼ਟਰਪਤੀ ਦੁਆਰਾ ਵੱਡੇ ਪ੍ਰਬੰਧਕੀ ਫੇਰਬਦਲ ਦਾ ਐਲਾਨ



ਨਵੀਂ ਦਿੱਲੀ/ਅੰਮ੍ਰਿਤਸਰ-ਭਾਰਤ ਸਰਕਾਰ ਵੱਲੋਂ ਕੀਤੇ ਗਏ ਇੱਕ ਵੱਡੇ ਪ੍ਰਬੰਧਕੀ ਫੇਰਬਦਲ ਵਿੱਚ, ਅੰਮ੍ਰਿਤਸਰ ਨਾਲ ਸਬੰਧਤ ਸਾਬਕਾ ਅਮਰੀਕੀ ਰਾਜਦੂਤ ਅਤੇ ਸੀਨੀਅਰ ਡਿਪਲੋਮੈਟ ਤਰਨਜੀਤ ਸਿੰਘ ਸੰਧੂ ਨੂੰ ਦਿੱਲੀ ਦਾ ਨਵਾਂ ਉਪ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੁਆਰਾ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ, ਉਹ ਵਿਨੈ ਕੁਮਾਰ ਸਕਸੈਨਾ ਦੀ ਥਾਂ ਲੈਣਗੇ, ਜਿਨ੍ਹਾਂ ਨੂੰ ਲੱਦਾਖ ਦਾ ਉਪ ਰਾਜਪਾਲ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਦੇਸ਼ ਦੇ ਨੌਂ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਕੀਤੇ ਗਏ ਵੱਡੇ ਗਵਰਨਰੀ ਫੇਰਬਦਲ ਦਾ ਹਿੱਸਾ ਹੈ।

# ਪਰਿਵਾਰ ਨੂੰ ਬੰਦੀ ਬਣਾ ਕੇ 7 ਕਰੋੜ ਦੇ ਗਹਿਣੇ ਲੁਟੇ

## ✪ 40 ਲੱਖ ਲੁਟੇ ਤੇ ਗੱਡੀ ਲੈ ਕੇ ਲੁਟੇਰੇ ਫ਼ਰਾਰ

ਗੁਰਦਾਸਪੁਰ-ਗੁਰਦਾਸਪੁਰ ਦੇ ਜੇਲ੍ਹ ਰੋਡ ’ਤੇ ਸਥਿਤ ਇੰਪਰੂਵਮੈਂਟ ਟਰੱਸਟ ਦੀ ਸਕੀਮ ਨੰਬਰ 5 ਵਿਖੇ ਇੱਕ ਪਰਿਵਾਰ ਨੂੰ ਬੰਦੀ ਬਣਾ ਕੇ ਕਰੋੜਾਂ ਦੀ ਲੁੱਟ ਦੀ ਇੱਕ ਵੱਡੀ ਅਤੇ ਦਹਿਸ਼ਤ ਭਰੀ ਘਟਨਾ ਸਾਹਮਣੇ ਆਈ ਹੈ। ਪੀੜਤ ਪਰਿਵਾਰ ਅਨੁਸਾਰ ਲੁਟੇਰੇ ਕਰੀਬ 7 ਕਰੋੜ ਰੁਪਏ ਦੇ ਗਹਿਣੇ, 40 ਲੱਖ ਰੁਪਏ ਨਕਦੀ, ਮਹਿੰਗੇ ਮੋਬਾਈਲ ਫੋਨ ਅਤੇ ਇੱਕ ਗੱਡੀ ਲੁੱਟ ਕੇ ਲੈ ਗਏ ਹਨ। ਵਰੁਣ ਮਹਾਜਨ ਪੁੱਤਰ ਰਮੇਸ਼ ਕੁਮਾਰ ਨੇ ਦੱਸਿਆ ਕਿ ਸਵੇਰੇ ਚਾਰ ਲੁਟੇਰੇ ਘਰ ਦੇ ਬਾਹਰ ਆਏ ਅਤੇ ਡਰਾਈਵਰ ਨੂੰ ਅੰਦਰ ਕਿਸੇ ਨੂੰ ਬੁਲਾਉਣ ਲਈ ਕਿਹਾ। ਜਿਵੇਂ ਹੀ ਡਰਾਈਵਰ ਅੰਦਰ ਆਇਆ, ਲੁਟੇਰੇ ਉਸ ਦੇ ਪਿੱਛੇ ਹੀ ਅੰਦਰ ਦਾਖ਼ਲ ਹੋ ਗਏ। ਘਰ ਵਿੱਚ ਦਾਖ਼ਲ ਹੁੰਦਿਆਂ ਹੀ ਲੁਟੇਰਿਆਂ ਨੇ ਪਰਿਵਾਰ ਦੇ ਮੈਂਬਰਾਂ ’ਤੇ ਪਿਸਤੌਲ ਤਾਣ ਦਿੱਤੀ ਅਤੇ ਸਾਰਿਆਂ ਦੇ ਹੱਥ-ਪੈਰ ਬੰਨ੍ਹ ਕੇ ਬੰਦੀ ਬਣਾ ਲਿਆ। ਲੁਟੇਰੇ ਕਰੀਬ ਡੇਢ ਘੰਟਾ ਘਰ ਵਿੱਚ ਫਰੋਲਾ-ਫਰਾਲੀ ਕਰਦੇ ਰਹੇ ਅਤੇ ਸੋਨੇ-ਚਾਂਦੀ ਦੇ ਗਹਿਣਿਆਂ ਤੋਂ ਇਲਾਵਾ ਨਕਦੀ ਅਤੇ ਗੱਡੀ ਲੈ ਕੇ ਫ਼ਰਾਰ ਹੋ ਗਏ। ਜਾਂਦੇ ਸਮੇਂ ਉਹ ਸੀਸੀਟੀਵੀ ਕੈਮਰਿਆਂ ਦਾ ਡੀਵੀਆਰ ਵੀ ਨਾਲ ਲੈ ਗਏ। ਘਟਨਾ ਦੀ ਸੂਚਨਾ ਮਿਲਦੇ ਹੀ ਐਸ.ਐਸ.ਪੀ. ਆਦਿੱਤਿਆ ਮੌਕੇ ’ਤੇ ਪਹੁੰਚੇ ਅਤੇ ਘਟਨਾ ਦਾ ਜਾਇਜ਼ਾ ਲਿਆ। ਉਨ੍ਹਾਂ ਪਰਿਵਾਰ ਨੂੰ ਭਰੋਸਾ ਦਿੱਤਾ ਕਿ ਪੁਲਿਸ ਨੂੰ ਕੁਝ ਅਹਿਮ ਸੁਰਾਗ ਮਿਲੇ ਹਨ ਅਤੇ ਜਲਦ ਹੀ ਦੋਸ਼ੀਆਂ ਨੂੰ ਕਾਬੂ ਕਰਕੇ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਸਿੱਖੀ ਸਿਧਾਂਤਾਂ 'ਤੇ ਸਿਆਸੀ ਹਮਲਾ: ਰਾਣੂ ਵਲੋਂ ਕੁਰਹਿਤ ਨੂੰ ਮਾਨਤਾ ਦਿਵਾਉਣ ਦੀ ਕੋਸ਼ਿਸ਼

**✪ ਅਕਾਲ ਤਖ਼ਤ ਦੀ ਮਰਯਾਦਾ ਬਨਾਮ ਰਾਣੂ ਦੀ ਮਨਮਤਿ: ਪੰਥਕ ਹੋਂਦ 'ਤੇ ਵੱਡਾ ਸਵਾਲ ✪ 'ਸਹਿਜਧਾਰੀ' ਰਾਜਨੀਤੀ ਪਿਛੇ ਹਨ ਪੰਥ ਵਿਰੋਧੀ ਤਾਕਤਾਂ -ਪੰਥਕ ਮਾਹਿਰ ✪ ਜਨਗਣਨਾ ਦੇ ਬਹਾਨੇ ਸਿੱਖ ਪੰਥ ਵਿੱਚ ਦੁਫੇੜ ਪਾਉਣ ਦੀ ਡੂੰਘੀ ਸਾਜ਼ਿਸ਼ ✪ ਧਰਮ ਦੀ ਪਰਿਭਾਸ਼ਾ ਅਦਾਲਤਾਂ ਜਾਂ ਸਿਆਸਤਦਾਨ ਨਹੀਂ, ਗੁਰੂ ਦੀ ਮਰਯਾਦਾ ਤੈਅ ਕਰੇਗੀ**

## • ਨਿਊਜ਼ ਵਿਸ਼ਲੇਸ਼ਣ •

ਸਿੱਖ ਧਰਮ ਦੀ ਏਕਤਾ ਅਤੇ ਪਛਾਣ ਨੂੰ ਚੁਣੌਤੀ ਦੇਣ ਵਾਲੇ ਲੋਕਾਂ ਵਿੱਚ ਡਾ. ਪਰਮਜੀਤ ਸਿੰਘ ਰਾਣੂ ਵਰਗੇ ਨਾਮ ਹਮੇਸ਼ਾ ਅੱਗੇ ਆਉਂਦੇ ਹਨ। ਆਪਣੇ ਆਪ ਨੂੰ ਸਹਿਜਧਾਰੀ ਸਿੱਖ ਪਾਰਟੀ ਦਾ ਕੌਮੀ ਪ੍ਰਧਾਨ ਕਹਾਉਣ ਵਾਲੇ ਰਾਣੂ ਨੇ ਹਾਲ ਹੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ 2027 ਦੀ ਜਨਗਣਨਾ ਵਿੱਚ ਸਹਿਜਧਾਰੀ ਸਿੱਖਾਂ ਨੂੰ ਵੱਖਰੀ ਸ਼੍ਰੇਣੀ ਵਜੋਂ ਮਾਨਤਾ ਦੇਣ ਦੀ ਮੰਗ ਕੀਤੀ ਹੈ। ਇਹ ਮੰਗ ਨਾ ਸਿਰਫ਼ ਸਿੱਖ ਧਰਮ ਦੇ ਮੂਲ ਸਿਧਾਂਤਾਂ ਨਾਲ ਵਿਰੋਧੀ ਹੈ ਬਲਕਿ ਇੱਕ ਗਹਿਰੀ ਸਾਜ਼ਿਸ਼ ਵੱਲ ਇਸ਼ਾਰਾ ਕਰਦੀ ਹੈ ਜੋ ਸਿੱਖ ਕੌਮ ਨੂੰ ਵੰਡਣ ਅਤੇ ਕਮਜ਼ੋਰ ਕਰਨ ਲਈ ਰਚੀ ਜਾ ਰਹੀ ਹੈ। ਰਾਣੂ ਵਰਗੇ ਲੋਕ ਸਿੱਖ ਇਤਿਹਾਸ, ਰਹਿਤ ਮਰਿਯਾਦਾ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ, ਜਿਸ ਨਾਲ ਕੌਮ ਵਿੱਚ ਵਿਵਾਦ ਅਤੇ ਵੰਡ ਪੈਦਾ ਹੋ ਸਕੇ ।

ਡਾ. ਪਰਮਜੀਤ ਸਿੰਘ ਰਾਣੂ ਵੱਲੋਂ 2027 ਦੀ ਜਨਗਣਨਾ ਵਿੱਚ ਸਹਿਜਧਾਰੀ ਸਿੱਖਾਂ ਲਈ ਵੱਖਰੀ ਸ਼੍ਰੇਣੀ ਦੀ ਮੰਗ ਕਰਨਾ ਸਿੱਖ ਇਤਿਹਾਸ, ਮਰਯਾਦਾ ਅਤੇ ਸਿਧਾਂਤਾਂ ਨਾਲ ਇੱਕ ਕੋਝਾ ਮਜ਼ਾਕ ਹੈ। ਕੇਂਦਰੀ ਗ੍ਰਹਿ ਮੰਤਰੀ ਨੂੰ ਲਿਖਿਆ ਗਿਆ ਪੱਤਰ ਸਿਰਫ਼ ਇੱਕ ਪ੍ਰਬੰਧਕੀ ਮੰਗ ਨਹੀਂ, ਸਗੋਂ ਸਿੱਖੀ ਦੇ ਮੌਲਿਕ ਸਰੂਪ ਨੂੰ ਵਿਗਾੜਨ ਦੀ ਇੱਕ ਡੂੰਘੀ ਸਾਜ਼ਿਸ਼ ਦਾ ਹਿੱਸਾ ਪ੍ਰਤੀਤ ਹੁੰਦਾ ਹੈ।

ਰਾਣੂ ਦਾ ਇਹ ਦਾਅਵਾ ਕਿ 1.3 ਕਰੋੜ ਸਹਿਜਧਾਰੀ ਸਿੱਖ ਹਾਸ਼ੀਏ 'ਤੇ ਹਨ, ਤੱਥਾਂ ਤੋਂ ਕੋਹਾਂ ਦੂਰ ਹੈ। ਸਿੱਖੀ ਵਿੱਚ 'ਸਹਿਜਧਾਰੀ' ਉਹ ਸੀ ਜੋ ਸਿੱਖੀ ਦੇ ਬੂਟੇ ਨੂੰ ਪਾਲ ਰਿਹਾ ਸੀ, ਨਾ ਕਿ ਉਹ ਜੋ ਸਿੱਖ ਪਰਿਵਾਰ ਵਿੱਚ ਜਨਮ ਲੈ ਕੇ ਆਪਣੀਆਂ ਜੜ੍ਹਾਂ (ਕੇਸਾਂ) ਨੂੰ ਵੱਢ ਰਿਹਾ ਹੋਵੇ। ਜਿਨ੍ਹਾਂ ਨੂੰ ਰਾਣੂ 'ਸਹਿਜਧਾਰੀ' ਕਹਿ ਕੇ ਪੇਸ਼ ਕਰ ਰਹੇ ਹਨ, ਉਹ ਅਸਲ ਵਿੱਚ ਉਹ ਲੋਕ ਹਨ ਜਿਨ੍ਹਾਂ ਨੇ ਪੱਛਮੀ ਪ੍ਰਭਾਵ ਜਾਂ ਮਨਮਤਿ ਕਾਰਨ ਸਿੱਖੀ ਸਰੂਪ ਤਿਆਗ ਦਿੱਤਾ ਹੈ। ਧਰਮ ਵਿੱਚ ਸੁਧਾਰ ਦੀ ਗੁੰਜਾਇਸ਼ ਹੁੰਦੀ ਹੈ, ਪਰ ਮੂਲ ਸਿਧਾਂਤਾਂ ਨੂੰ ਬਦਲਣ ਦਾ ਹੱਕ ਕਿਸੇ ਸਿਆਸੀ ਪਾਰਟੀ ਦੇ ਪ੍ਰਧਾਨ ਜਾਂ ਕਿਸੇ ਬੰਦੇ ਕੋਲ ਨਹੀਂ ਹੁੰਦਾ।

### ਅਦਾਲਤੀ ਫੈਸਲੇ ਅਤੇ ਮਰਯਾਦਾ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੁਰੂ ਰਾਮਦਾਸ ਮੈਡੀਕਲ ਕਾਲਜ ਵਾਲੇ ਕੇਸ ਵਿੱਚ ਪਹਿਲਾਂ ਹੀ ਸਪੱਸ਼ਟ ਕਰ ਦਿੱਤਾ ਸੀ ਕਿ ਸਿੱਖ ਕੇਵਲ ਉਹੀ ਹੈ ਜੋ ਸਾਬਤ-ਸੂਰਤ ਹੈ। ਰਾਣੂ ਵਰਗੇ ਲੋਕ 'ਲਿੰਗਾਇਤ' ਭਾਈਚਾਰੇ ਦੀ ਮਿਸਾਲ ਦੇ ਕੇ ਸਿੱਖੀ ਨੂੰ ਇੱਕ ਜਾਤੀਗਤ ਜਾਂ ਸ਼੍ਰੇਣੀਗਤ ਢਾਂਚੇ ਵਿੱਚ ਬੰਨ੍ਹਣਾ ਚਾਹੁੰਦੇ ਹਨ, ਜਦਕਿ ਸਿੱਖੀ ਇੱਕ 'ਵਿਚਾਰਧਾਰਕ ਇਨਕਲਾਬ' ਹੈ। ਵਾਲ ਕਟਾਉਣਾ ਸਿੱਖ ਧਰਮ ਵਿੱਚ 'ਕੁਰਹਿਤ' ਹੈ, ਅਤੇ ਕੁਰਹਿਤੀਆ ਕਦੇ ਵੀ ਧਰਮ ਦਾ ਮਾਰਗਦਰਸ਼ਕ ਜਾਂ ਵੱਖਰੀ ਸ਼੍ਰੇਣੀ ਦਾ ਪ੍ਰਤੀਕ ਨਹੀਂ ਹੋ ਸਕਦਾ।

ਸਰਕਾਰਾਂ ਅਤੇ ਅਦਾਲਤਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਧਾਰਮਿਕ ਮਰਯਾਦਾਵਾਂ ਤੈਅ ਕਰਨਾ ਸਬੰਧਿਤ ਧਰਮ ਦੀਆਂ ਸਰਵਉੱਚ ਸੰਸਥਾਵਾਂ (ਅਕਾਲ ਤਖ਼ਤ) ਤੇ ਗੁਰੂ ਪੰਥ ਦਾ ਕੰਮ ਹੈ। ਡਾ. ਰਾਣੂ ਸਿੱਖ ਧਰਮ ਦੇ ਰਹਿਬਰ ਨਹੀਂ ਹਨ ਕਿ ਉਹ ਸਦੀਆਂ ਪੁਰਾਣੀ ਪਰਿਭਾਸ਼ਾ ਨੂੰ ਆਪਣੀ ਸਿਆਸੀ ਸਹੂਲਤ ਅਨੁਸਾਰ ਬਦਲ ਸਕਣ। ਅਜਿਹੀਆਂ ਮੰਗਾਂ ਪੰਥ ਵਿੱਚ ਦੁਫੇੜ ਪਾਉਣ ਅਤੇ 'ਪਤਿਤਪੁਣੇ' ਨੂੰ ਸੰਵਿਧਾਨਕ ਮਾਨਤਾ ਦਿਵਾਉਣ ਦੀ ਕੋਸ਼ਿਸ਼ ਮਾਤਰ ਹਨ, ਜਿਸ ਦਾ ਸਿੱਖ ਜਗਤ ਨੂੰ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ।

### ਸਿੱਖ ਧਰਮ ਵਿੱਚ 'ਸਹਿਜਧਾਰੀ' ਦਾ ਸੰਕਲਪ

ਸਿੱਖ ਇਤਿਹਾਸ ਅਨੁਸਾਰ 'ਸਹਿਜਧਾਰੀ' ਉਹ ਵਿਅਕਤੀ ਸਨ ਜੋ ਗੈਰ-ਸਿੱਖ ਪਿਛੋਕੜ (ਜ਼ਿਆਦਾਤਰ ਹਿੰਦੂ ਤੇ ਦਲਿਤ ਸ਼੍ਰੇਣੀ) ਤੋਂ ਸਨ ਪਰ ਗੁਰੂ ਸਾਹਿਬਾਨ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਹੌਲੀ-ਹੌਲੀ ਸਿੱਖੀ ਵੱਲ ਵਧ ਰਹੇ ਸਨ। ਉਹ ਸਿੱਖੀ ਦੇ 'ਸਹਿਜ ਮਾਰਗ' ਦੇ ਪਾਂਧੀ ਸਨ। ਨਾਨਕ ਪੰਥੀ ਸਨ। ਇਤਿਹਾਸਕ ਤੌਰ 'ਤੇ ਸਹਿਜਧਾਰੀ ਉਹ ਸੀ ਜਿਸ ਨੇ ਅਜੇ ਖੰਡੇ ਦੀ ਪਾਹੁਲ ਨਹੀਂ ਸੀ ਲਈ ਪਰ ਉਹ



ਮੂਰਤੀ ਪੂਜਾ ਨਹੀਂ ਕਰਦਾ ਸੀ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਪੂਰਨ ਵਿਸ਼ਵਾਸ ਰੱਖਦਾ ਸੀ।

ਅੱਜਕੱਲ੍ਹ ਉਹ ਲੋਕ ਆਪਣੇ ਆਪ ਨੂੰ ਸਹਿਜਧਾਰੀ ਅਖਵਾਉਣ ਦੀ ਕੋਸ਼ਿਸ਼ ਕਰਦੇ ਹਨ ਜੋ ਸਿੱਖ ਪਰਿਵਾਰਾਂ ਵਿੱਚ ਪੈਦਾ ਹੋਏ ਹਨ ਪਰ ਕੇਸ ਕਤਲ ਕਰਵਾ ਕੇ 'ਪਤਿਤ' ਹੋ ਚੁੱਕੇ ਹਨ। ਸਿੱਖ ਸਿਧਾਂਤ ਅਨੁਸਾਰ ਇੱਕ ਸਿੱਖ ਪਰਿਵਾਰ ਦਾ ਬੱਚਾ 'ਪਤਿਤ' ਤਾਂ ਹੋ ਸਕਦਾ ਹੈ, ਪਰ 'ਸਹਿਜਧਾਰੀ' ਨਹੀਂ।

### ਸਿੱਖ ਰਹਿਤ ਮਰਯਾਦਾ ਅਤੇ ਅਕਾਲ ਤਖ਼ਤ ਦਾ ਪੱਖ

ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' (ਜੋ ਅਕਾਲ ਤਖ਼ਤ ਸਾਹਿਬ ਵੱਲੋਂ ਜਾਰੀ ਹੈ) ਸਿੱਖ ਦੀ ਪਰਿਭਾਸ਼ਾ ਬਹੁਤ ਸਪੱਸ਼ਟ ਕਰਦੀ ਹੈ:

"ਜੋ ਇਸਤਰੀ ਜਾਂ ਪੁਰਸ਼ ਇੱਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉੱਤੇ ਨਿਸ਼ਚਾ ਰੱਖਦਾ ਹੈ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।"

### ਮਰਯਾਦਾ ਅਨੁਸਾਰ ਮੁੱਖ ਨੁਕਤੇ:

ਕੇਸਾਂ ਦੀ ਬੇਅਦਬੀ ਕਰਨਾ 'ਬੱਜਰ ਕੁਰਹਿਤ' ਹੈ।

ਅਰਦਾਸ ਵਿੱਚ "ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੁਣ" ਦੀ ਮੰਗ ਕੀਤੀ ਜਾਂਦੀ ਹੈ, ਜੋ ਸਾਬਤ-ਸੂਰਤ ਸਰੂਪ ਦੀ ਅਨਿਖੜਵੀਂ ਅਹਿਮੀਅਤ ਨੂੰ ਦਰਸਾਉਂਦੀ ਹੈ।

ਅਕਾਲ ਤਖ਼ਤ ਸਾਹਿਬ ਅਨੁਸਾਰ ਕੇਸ ਸਿੱਖੀ ਦੀ 'ਮੋਹਰ' ਹਨ।

### ਬੁੱਧੀਜੀਵੀਆਂ ਅਤੇ ਸਰਦਾਰ ਗੁਰਤੇਜ ਸਿੰਘ, ਜਸਪਾਲ ਸਿੰਘ ਮੰਝਪੁਰ ਦਾ ਪੱਖ

ਸਰਦਾਰ ਗੁਰਤੇਜ ਸਿੰਘ, ਜਸਪਾਲ ਸਿੰਘ ਮੰਝਪੁਰ ਤੇ ਹੋਰ ਪੰਥਕ ਵਿਦਵਾਨਾਂ ਦਾ ਮੰਨਣਾ ਹੈ ਕਿ 'ਸਹਿਜਧਾਰੀ' ਸ਼ਬਦ ਦੀ ਦੁਰਵਰਤੋਂ ਸਿੱਖੀ ਦੀ ਵਿਲੱਖਣ ਪਛਾਣ ਨੂੰ ਖ਼ਤਮ ਕਰਨ ਲਈ ਇੱਕ ਰਾਜਨੀਤਿਕ ਹਥਿਆਰ ਵਜੋਂ ਕੀਤੀ ਜਾ ਰਹੀ ਹੈ। ਉਨ੍ਹਾਂ ਅਨੁਸਾਰ, ਜੇਕਰ ਕੇਸਾਂ ਤੋਂ ਬਿਨਾਂ ਕਿਸੇ ਨੂੰ ਸਿੱਖ ਮੰਨ ਲਿਆ ਜਾਵੇ ਤਾਂ ਸਿੱਖੀ ਅਤੇ ਹੋਰ ਮਤਾਂ ਵਿਚਕਾਰਲੀ ਲਕੀਰ ਧੁੰਦਲੀ ਹੋ ਜਾਵੇਗੀ।

---

**ਫਰੀਦਕੋਟ ਦੇ ਸਾਂਸਦ ਭਾਈ ਸਰਬਜੀਤ ਸਿੰਘ ਖਾਲਸਾ ਵੱਲੋਂ ਰਾਜਪਾਲ ਨਾਲ ਮੁਲਾਕਾਤ**

## ਪੰਜਾਬ ਤੇ ਸਿੱਖਾਂ ਦੇ ਅਹਿਮ ਮਸਲਿਆਂ ਬਾਰੇ ਸੌਂਪਿਆ ਮੰਗ ਪੱਤਰ

ਚੰਡੀਗੜ੍ਹ/ਫਰੀਦਕੋਟ- ਲੋਕ ਸਭਾ ਹਲਕਾ ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖਾਲਸਾ ਨੇ ਬੀਤੇ ਦਿਨੀਂ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪੰਜਾਬ ਦੀਆਂ ਭਖਦੀਆਂ ਸਮੱਸਿਆਵਾਂ ਅਤੇ ਸਿੱਖ ਪੰਥ ਨਾਲ ਜੁੜੇ ਅਹਿਮ ਮਸਲਿਆਂ ਨੂੰ ਲੈ ਕੇ ਇਕ ਯਾਦ ਪੱਤਰ ਸੌਂਪਿਆ ਅਤੇ ਰਾਜਪਾਲ ਦੇ ਦਖ਼ਲ ਦੀ ਮੰਗ ਕੀਤੀ। ਮੁਲਾਕਾਤ ਦੌਰਾਨ ਭਾਈ ਖਾਲਸਾ ਨੇ ਰਾਜਪਾਲ ਨਾਲ ਕਈ ਗੰਭੀਰ ਵਿਸ਼ਿਆਂ 'ਤੇ ਚਰਚਾ ਕੀਤੀ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:



ਬੰਦੀ ਸਿੰਘਾਂ ਦੀ ਰਿਹਾਈ: ਲੰਮੇ ਸਮੇਂ ਤੋਂ ਜੇਲ੍ਹਾਂ ਵਿੱਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਦਾ ਮੁੱਦਾ ਪ੍ਰਮੁੱਖਤਾ ਨਾਲ ਉਠਾਇਆ ਗਿਆ।

ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ: ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸਾਂਸਦ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਬਾਰੇ ਗੱਲਬਾਤ ਕੀਤੀ ਗਈ।


ਜਗਤਾਰ ਸਿੰਘ ਹਵਾਰਾ ਦੀ ਪੈਰੋਲ: ਭਾਈ ਜਗਤਾਰ ਸਿੰਘ ਹਵਾਰਾ ਦੀ ਬਿਰਧ ਮਾਤਾ ਦੀ ਆਪਣੇ ਪੁੱਤਰ ਨੂੰ ਮਿਲਣ ਦੀ ਇੱਛਾ ਦਾ ਹਵਾਲਾ ਦਿੰਦਿਆਂ ਉਨ੍ਹਾਂ ਦੀ ਪੈਰੋਲ ਦੀ ਮੰਗ ਕੀਤੀ ਗਈ।

ਬੇਅਦਬੀ ਵਿਰੁੱਧ ਸਖ਼ਤ ਕਾਨੂੰਨ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਧਰਮਾਂ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਯਕੀਨੀ ਬਣਾਉਣ ਲਈ ਨਵਾਂ ਕਾਨੂੰਨ ਲਿਆਉਣ ਦੀ ਅਪੀਲ ਕੀਤੀ।

ਵਾਤਾਵਰਣ ਦਾ ਮਸਲਾ: ਪੰਜਾਬ ਦੇ ਪ੍ਰਦੂਸ਼ਿਤ ਹੋ ਰਹੇ ਪਾਣੀਆਂ, ਖਾਸ ਕਰਕੇ ਬੁੱਢੇ ਨਾਲੇ ਦੇ ਗੰਭੀਰ ਮਸਲੇ 'ਤੇ ਚਰਚਾ ਕੀਤੀ ਗਈ।

ਪੁਲਿਸ ਮੁਕਾਬਲੇ: ਪੰਜਾਬ ਵਿੱਚ ਹੋ ਰਹੇ ਕਥਿਤ ਝੂਠੇ ਪੁਲਿਸ ਮੁਕਾਬਲਿਆਂ ਬਾਰੇ ਚਿੰਤਾ ਪ੍ਰਗਟ ਕਰਦਿਆਂ ਯਾਦ ਪੱਤਰ ਦਿੱਤਾ ਗਿਆ। ਭਾਈ ਸਰਬਜੀਤ ਸਿੰਘ ਖਾਲਸਾ, ਮੈਂਬਰ ਪਾਰਲੀਮੈਂਟ ਨੇ ਦਸਿਆ ਕਿ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸਾਰੇ ਮਸਲਿਆਂ ਨੂੰ ਬਹੁਤ ਗੰਭੀਰਤਾ ਨਾਲ ਸੁਣਿਆ ਅਤੇ ਇਨ੍ਹਾਂ 'ਤੇ ਹਾਂ-ਪੱਖੀ ਹੁੰਗਾਰਾ ਭਰਿਆ ਹੈ ? ਇਸ ਮੌਕੇ ਉਨ੍ਹਾਂ ਦੇ ਨਾਲ ਭਾਈ ਦਲੇਰ ਸਿੰਘ ਡੋਡ ਵੀ ਮੌਜੂਦ ਸਨ।

**ਸੰਪਾਦਕੀ** **ਵਿਚਾਰ :–** ਜਵਾਨ ਰਹਿਣ ਦਾ ਇਕੋ ਇਕ ਤਰੀਕਾ ਹੈ ਕਿ ਆਤਮਿਕ ਤੌਰ 'ਤੇ ਜਵਾਨ ਰਿਹਾ ਜਾਵੇ। – (ਯੇਵਤਸੁਕੋ)


ਰਜਿੰਦਰ ਸਿੰਘ ਪੁਰੇਵਾਲ

# ਸੰਸਾਰਕ ਰਾਜਨੀਤੀ ਦਾ ਨੰਗਾ ਸੱਚ: ਗੈਂਗਸਟਰ, ਬੇਜ਼ਮੀਰੇ ਮੁਲਕ ਅਤੇ ਭਾਰਤ ਦਾ 'ਵਿਸ਼ਵਗੁਰੂ' ਭਰਮ

ਸਟੈਨਲੀ ਕਿਊਬ੍ਰਿਕ (1928-1999) ਸਿਨੇਮਾ ਇਤਿਹਾਸ ਦੇ ਸਭ ਤੋਂ ਪ੍ਰਭਾਵਸ਼ਾਲੀ, ਵਿਲੱਖਣ ਅਤੇ ਬੌਧਿਕ ਫਿਲਮ ਨਿਰਦੇਸ਼ਕਾਂ ਵਿੱਚੋਂ ਇੱਕ ਸਨ। ਉਨ੍ਹਾਂ ਨੂੰ ਸਿਰਫ਼ ਇੱਕ ਨਿਰਦੇਸ਼ਕ ਹੀ ਨਹੀਂ, ਸਗੋਂ ਇੱਕ 'ਪਰਫੈਕਸ਼ਨਿਸਟ' ਮੰਨਿਆ ਜਾਂਦਾ ਸੀ, ਜੋ ਆਪਣੀ ਹਰ ਫਿਲਮ ਵਿੱਚ ਤਕਨੀਕੀ ਮੁਹਾਰਤ ਅਤੇ ਗਹਿਰੇ ਮਨੋਵਿਗਿਆਨਕ ਵਿਸ਼ਿਆਂ ਨੂੰ ਬਹੁਤ ਬਾਰੀਕੀ ਨਾਲ ਪੇਸ਼ ਕਰਦੇ ਸਨ। ਉਨ੍ਹਾਂ ਦਾ ਇਹ ਕਥਨ-"ਮਹਾਨ ਰਾਸ਼ਟਰ ਹਮੇਸ਼ਾ ਗੈਂਗਸਟਰਾਂ ਵਾਂਗ ਅਤੇ ਛੋਟੇ ਰਾਸ਼ਟਰ ਵੇਸਵਾਵਾਂ ਵਾਂਗ ਵਿਵਹਾਰ ਕਰਦੇ ਹਨ"-ਅੱਜ ਦੀ ਭੂ-ਰਾਜਨੀਤੀ ਦਾ ਸਭ ਤੋਂ ਕੌੜਾ ਅਤੇ ਨੰਗਾ ਸੱਚ ਹੈ। ਇਹ ਕੋਈ ਕਲਪਨਾ ਨਹੀਂ, ਸਗੋਂ ਅੱਜ ਦੇ ਵਿਸ਼ਵ ਦਾ ਉਹ ਚਿਹਰਾ ਹੈ ਜਿੱਥੇ 'ਨੈਤਿਕਤਾ' ਸਿਰਫ਼ ਕਮਜ਼ੋਰਾਂ ਨੂੰ ਡਰਾਉਣ ਲਈ ਵਰਤੀ ਜਾਂਦੀ ਹੈ ਅਤੇ 'ਤਾਕਤ' ਹੀ ਅੰਤਰਰਾਸ਼ਟਰੀ ਸਬੰਧਾਂ ਦਾ ਇੱਕੋ-ਇੱਕ ਕਾਨੂੰਨ ਬਣ ਚੁੱਕੀ ਹੈ।

ਅੱਜ ਦੇ ਦੌਰ ਵਿੱਚ ਤਾਕਤ ਦੇ ਤਿੰਨ ਕੇਂਦਰ-ਬੈਂਜਾਮਿਨ ਨੇਤਨਯਾਹੂ (ਇਜ਼ਰਾਈਲ), ਡੋਨਾਲਡ ਟਰੰਪ (ਅਮਰੀਕਾ), ਅਤੇ ਸ਼ੀ ਜਿਨਪਿੰਗ (ਚੀਨ)-ਇੱਕ ਅਜਿਹੀ ਤਿਕੜੀ ਵਾਂਗ ਕੰਮ ਕਰ ਰਹੇ ਹਨ ਜੋ ਦੁਨੀਆ ਦੇ ਨਕਸ਼ੇ 'ਤੇ ਆਪਣੀ ਮਰਜ਼ੀ ਦੀ ਲਕੀਰ ਖਿੱਚਦੀ ਹੈ। ਇੱਥੇ 'ਗੈਂਗਸਟਰ' ਦਾ ਮਤਲਬ ਸਿਰਫ਼ ਹਥਿਆਰਾਂ ਦੀ ਤਾਕਤ ਨਹੀਂ, ਸਗੋਂ ਉਸ ਬੌਧਿਕ ਅਤੇ ਵਿੱਤੀ ਦਬਦਬੇ ਤੋਂ ਹੈ, ਜਿਸ ਅੱਗੇ ਬਾਕੀ ਦੁਨੀਆ ਨੂੰ ਨਤਮਸਤਕ ਹੋਣਾ ਪੈਂਦਾ ਹੈ। ਇਜ਼ਰਾਈਲ ਦੀ ਮਿਸਾਲ ਸਾਡੇ ਸਾਹਮਣੇ ਹੈ; ਜਿਸ ਨੇ ਆਪਣੇ ਬੌਧਿਕ ਅਤੇ ਤਕਨੀਕੀ ਦਬਦਬੇ ਨਾਲ ਅਮਰੀਕਾ ਵਰਗੀ ਮਹਾਂਸ਼ਕਤੀ ਨੂੰ ਆਪਣੀ ਕਠਪੁਤਲੀ ਬਣਾ ਲਿਆ ਹੈ। ਇਹ ਦਰਸਾਉਂਦਾ ਹੈ ਕਿ ਅੱਜ ਦੀ 'ਗੈਂਗਸਟਰੀ' ਗੋਲੀਆਂ ਤੋਂ ਪਹਿਲਾਂ 'ਨਕਸ਼ਿਆਂ ਅਤੇ ਖੁਫੀਆ ਜਾਣਕਾਰੀ' ਦੇ ਜ਼ਰੀਏ ਚੱਲਦੀ ਹੈ। ਲੇਖਕ ਵੱਲੋਂ ਵਰਤਿਆ ਗਿਆ 'ਵੇਸਵਾਵਾਂ' ਵਾਲਾ ਸ਼ਬਦ ਕਠੋਰ ਲੱਗ ਸਕਦਾ ਹੈ, ਪਰ ਇਹ ਕੌੜਾ ਸੱਚ ਹੈ। ਖਾੜੀ ਦੇ ਦੇਸ਼ਾਂ (ਸਾਊਦੀ, ਕਤਰ, ਯੂਏਈ) ਦੀ ਸਥਿਤੀ ਦੇਖੋ। ਅਰਬਾਂ ਡਾਲਰ ਦੇ ਤੇਲ ਦੇ ਭੰਡਾਰ, ਅਸਮਾਨ ਨੂੰ ਛੂੰਹਦੀਆਂ ਇਮਾਰਤਾਂ, ਪਰ ਆਪਣੀ ਸੁਰੱਖਿਆ ਲਈ ਅਮਰੀਕੀ ਫੌਜੀ ਅੱਡਿਆਂ 'ਤੇ ਨਿਰਭਰਤਾ। ਕੀ ਇਹ 'ਸੌਦੇਬਾਜ਼ੀ' ਨਹੀਂ ? ਜਦੋਂ ਗਾਜ਼ਾ ਵਰਗੀਆਂ ਥਾਵਾਂ 'ਤੇ ਮਨੁੱਖਤਾ ਦਾ ਘਾਣ ਹੋ ਰਿਹਾ ਹੋਵੇ ਅਤੇ ਇਹ ਮੁਲਕ ਆਪਣੀ ਚੁੱਪ ਅਤੇ ਸਮਝੌਤਿਆਂ ਰਾਹੀਂ ਆਪਣੀ ਸੁਰੱਖਿਆ ਖਰੀਦ ਰਹੇ ਹੋਣ, ਤਾਂ ਉਹ ਆਪਣੀ ਰਾਜਨੀਤਿਕ ਜ਼ਮੀਰ ਦਾ ਸੌਦਾ ਹੀ ਤਾਂ ਕਰ ਰਹੇ ਹਨ। ਸਭ ਤੋਂ ਤਿੱਖੀ ਚੋਟ ਭਾਰਤ ਦੀ ਨੀਤੀ 'ਤੇ ਹੈ। 'ਛਿਪੰਜਾ ਇੰਚੀ' ਸੀਨੇ ਦਾ ਨਾਅਰਾ ਅਤੇ 'ਵਿਸ਼ਵਗੁਰੂ' ਬਣਨ ਦੇ ਸੁਪਨੇ ਦੇਖਣ ਵਾਲੀ ਭਾਰਤੀ ਵਿਦੇਸ਼ ਨੀਤੀ, ਅਸਲ ਵਿੱਚ ਕਿੰਨੀ ਖੋਖਲੀ ਸਾਬਤ ਹੋਈ ਹੈ ? ਜਦੋਂ 'ਆਪਰੇਸ਼ਨ ਸਿੰਦੂਰ' ਵਰਗੀਆਂ ਘਟਨਾਵਾਂ ਤੋਂ ਬਾਅਦ ਟਰੰਪ ਵਰਗੇ 'ਗੈਂਗਸਟਰ' ਨੇ ਭਾਰਤ 'ਤੇ ਦਬਾਅ ਪਾਇਆ, ਤਾਂ ਭਾਰਤੀ ਸਤਾ ਦੀ ਸਵੈ-ਮਾਣ ਵਾਲੀ ਵਿਦੇਸ਼ ਨੀਤੀ ਕਿੱਥੇ ਸੀ ? ਸੈਨਿਕ ਸਮਰੱਥਾ ਤੋਂ ਲੈ ਕੇ ਵਪਾਰਕ ਫੈਸਲਿਆਂ ਤੱਕ, ਜਦੋਂ ਅਮਰੀਕੀ ਹੁਕਮਾਂ ਦੀ ਪਾਲਣਾ ਕਰਨੀ ਮਜਬੂਰੀ ਬਣ ਜਾਵੇ, ਤਾਂ ਇਹ 'ਮਹਾਨ ਰਾਸ਼ਟਰ' ਹੋਣ ਦਾ ਦਾਅਵਾ ਕਰਨਾ ਮਹਿਜ਼ ਇੱਕ ਰਾਜਨੀਤਿਕ ਡਰਾਮਾ ਰਹਿ ਜਾਂਦਾ ਹੈ। ਇਹੀ ਨੁਕਤੇ ਕਾਂਗਰਸ ਦੇ ਸੁਪਰੀਮੋ ਰਾਹੁਲ ਗਾਂਧੀ ਨੇ ਵੀ ਉਠਾਏ ਹਨ। ਅੱਜ ਦਾ ਦੁਨੀਆਈ ਮੰਚ ਇੱਕ ਅਜਿਹਾ ਰੰਗਮੰਚ ਹੈ ਜਿੱਥੇ ਸਿਰਫ਼ ਦੋ ਹੀ ਭੂਮਿਕਾਵਾਂ ਹਨ: ਜਾਂ ਤਾਂ ਤੁਸੀਂ ਲਾਠੀ ਚਲਾਉਣ ਵਾਲੇ ਗੈਂਗਸਟਰ ਹੋ, ਜਾਂ ਫਿਰ ਉਸ ਲਾਠੀ ਦੇ ਡਰੋਂ ਆਪਣੀ ਪਛਾਣ ਵੇਚਣ ਵਾਲੇ। ਭਾਰਤ ਵਰਗੇ ਦੇਸ਼ਾਂ ਲਈ ਇਹ ਸਵੈ-ਪੜਚੋਲ ਦਾ ਸਮਾਂ ਹੈ-ਕਿ ਕੀ ਉਹ ਸੱਚਮੁੱਚ ਵਿਸ਼ਵਗੁਰੂ ਬਣ ਰਿਹਾ ਹੈ ਜਾਂ ਉਹ ਵੀ ਉਸੇ 'ਕਮਜੋਰਾਂ' ਵਾਲੀ ਕਤਾਰ ਵਿੱਚ ਖੜਾ ਹਾਂ ਜਿੱਥੇ ਸਿਰਫ ਆਪਣੀ ਸੁਰੱਖਿਆ ਖਾਤਿਰ ਜਮੀਰ ਦਾ ਸੌਦਾ ਕੀਤਾ ਜਾਂਦਾ ਹੈ ? ਅੰਤਰਰਾਸ਼ਟਰੀ ਸਬੰਧਾਂ ਵਿੱਚ ਨੈਤਿਕਤਾ ਦਾ ਕੋਈ ਅਸਥਾਨ ਨਹੀਂ, ਇੱਥੇ ਸਿਰਫ 'ਤਾਕਤ' ਅਤੇ 'ਗੁਲਾਮੀ' ਦੇ ਦੋ ਹੀ ਸਿਰੇ ਹਨ।

## ਪੰਜਾਬ ਦਾ ਸੰਕਟ - ਬਜਟ ਦੇ 'ਸੁਪਨਿਆਂ' ਅਤੇ ਜ਼ਮੀਨੀ 'ਹਕੀਕਤ' ਵਿਚਲਾ ਖ਼ੌਫ਼ਨਾਕ ਪਾੜਾ

ਪੰਜਾਬ ਇਸ ਵੇਲੇ ਇੱਕ ਅਜਿਹੇ ਦੌਰ ਵਿੱਚੋਂ ਲੰਘ ਰਿਹਾ ਹੈ ਜਿੱਥੇ ਸਰਕਾਰੀ ਦਾਅਵੇ ਅਤੇ ਆਮ ਲੋਕਾਂ ਦੀਆਂ ਮੁਸ਼ਕਲਾਂ ਦੋ ਵੱਖ-ਵੱਖ ਦਿਸ਼ਾਵਾਂ ਵਿੱਚ ਚੱਲ ਰਹੇ ਹਨ। ਹਾਲ ਹੀ ਵਿੱਚ ਪੇਸ਼ ਕੀਤਾ ਗਿਆ 2026-27 ਦਾ ਬਜਟ, ਜਿਸ ਨੂੰ ਸਰਕਾਰ ਨੇ 'ਮਾਵਾਂ-ਧੀਆਂ' ਨੂੰ ਸਮਰਪਿਤ ਕੀਤਾ ਹੈ, ਸਿਆਸੀ ਗਲਿਆਰਿਆਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਪਰ ਜੇਕਰ ਅਸੀਂ ਇਸ ਬਜਟ ਦੀ ਚਮਕ-ਦਮਕ ਤੋਂ ਪਰੇ ਦੇਖੀਏ, ਤਾਂ ਵਿਰੋਧੀ ਧਿਰ ਵੱਲੋਂ ਉਠਾਏ ਗਏ ਸਵਾਲ ਪੰਜਾਬ ਦੇ ਭਵਿੱਖ ਬਾਰੇ ਕਈ ਗੰਭੀਰ ਚਿੰਤਾਵਾਂ ਪੈਦਾ ਕਰਦੇ ਹਨ।

ਪੰਜਾਬ ਦੇ ਜ਼ਖਮਾਂ 'ਤੇ ਸਭ ਤੋਂ ਵੱਡਾ ਮਲ੍ਹਮ 'ਇਨਸਾਫ਼' ਸੀ। 'ਆਪ' ਸਰਕਾਰ ਸੱਤਾ ਵਿੱਚ ਆਉਣ ਤੋਂ ਪਹਿਲਾਂ ਬਰਗਾੜੀ ਅਤੇ ਬਹਿਬਲ ਕਲਾਂ ਦੇ ਪੀੜਤਾਂ ਨਾਲ ਇਨਸਾਫ਼ ਦਾ ਵੱਡਾ ਵਾਅਦਾ ਕਰਕੇ ਆਈ ਸੀ। ਅੱਜ ਚਾਰ ਸਾਲ ਬੀਤ ਜਾਣ ਤੋਂ ਬਾਅਦ, ਵਿਰੋਧੀ ਧਿਰ ਦਾ ਇਹ ਇਲਜ਼ਾਮ ਕਿ ਸਰਕਾਰ ਨੇ ਸਿਰਫ਼ ਸਮਾਂ ਟਪਾਇਆ ਹੈ, ਬਹੁਤ ਦਰਦਨਾਕ ਹੈ। ਐਸ.ਆਈ.ਟੀ. ਦੀਆਂ ਰਿਪੋਰਟਾਂ ਸਦਨ ਵਿੱਚ ਪੇਸ਼ ਨਾ ਕਰਨਾ ਅਤੇ ਕੇਸਾਂ ਦਾ ਦੂਜੇ ਰਾਜਾਂ ਵਿੱਚ ਤਬਦੀਲ ਹੋਣਾ, ਇਹ ਸਾਬਤ ਕਰਦਾ ਹੈ ਕਿ ਸਰਕਾਰ ਇਨਸਾਫ਼ ਦੇਣ ਦੀ ਬਜਾਏ ਮੁੱਦੇ ਨੂੰ ਸਿਆਸੀ ਫਾਇਦੇ ਲਈ ਵਰਤ ਰਹੀ ਹੈ। ਵਿੱਤ ਮੰਤਰੀ ਨੇ 2,60,437 ਕਰੋੜ ਰੁਪਏ ਦਾ ਬਜਟ ਪੇਸ਼ ਤਾਂ ਕਰ ਦਿੱਤਾ, ਪਰ ਮਾਹਰਾਂ ਅਤੇ ਵਿਰੋਧੀ ਧਿਰ ਦਾ ਸਵਾਲ ਬਿਲਕੁਲ ਜਾਇਜ਼ ਹੈ: "ਪੈਸਾ ਕਿੱਥੋਂ ਆਵੇਗਾ ?"

ਬਾਕੀ ਹਿਸਾ ਸਫਾ 9 'ਤੇ ਪੜ੍ਹੋ

**NEWS & VIEWS**

# MINORITY RIGHTS *TRADED* IN A MULTIPOLAR WORLD


Gurmukh Singh OBE

We are now in the age of a multipolar world divided into three or more large blocks looking mainly for trade benefits at the expense of human rights. International laws safeguarding minorities are already being ignored and minority rights have become part of multipolar bargaining chips in trade deals. Interests of smaller nations and global minority communities like the Sikhs are increasingly at the risk of trade-offs in multi-billion dollars trade and defence deals.

Global power is now divided not between two super powers but between large countries like the US, China, EU, Russia and India. Experts point out that *power is measured in economic, military, and technological capabilities, with China increasingly challenging the US, and groups like BRICS rising in influence.* This is the age of *complex, competitive and shifting alliances*. By putting America first, President Trump has pushed the world towards this multi-polar scenario creating a most uncertain future for the world.

Global institutions like the United Nations and the World Trade Organisation aiming for just laws and fair trade respectively for all countries and peoples, by creating a global level trading field for all, have been weakened. World Trade Rounds were aimed at lowering tariffs to ensure fair deals for developing countries so that economies become interdependent through outsourcing and complementary trade. So that each country could focus on what it produced best and selling and buying goods at fair prices. The idea was to narrow the North-South, rich-poor, countries gap. That process seems to have come to a standstill.

An increasingly multi-polar world is a great loss in terms of global initiatives to deal with global challenges like environmental issue, leading to an even more uncertain future of humankind while world population and unemployment is increasing. That increases demand for water, food, energy, and land, leading to biodiversity loss, deforestation, and climate change.

A multipolar world sees power moving towards regional powers and rising nations. Local conflicts between neighbours are increasing. A good example is India, surrounded by hostile neighbours.

However, there are counter arguments by supporters of a multipolar world. They often argue that it is more democratic to oppose *the universality of Western values and encouraging sovereign civilizations*. I suspect many Indian thinkers and politicians belong to this school. The relevance of ancient civilisations and systems to the New Age world can be questioned, as did Guru Nanak Sahib. In fact, the Bhagti Movement in India was a rebellion against so called ancient Indian civilization which created high-low societal divisions and inhuman rituals and practices.

Can the human race survive a multipolar world order. The AI (artificial intelligence) response is that the world can survive, *while facing increased risks of instability, conflict, and volatility. A shift away from U.S. hegemony toward multiple power centers (e.g., China, India, EU) increases the potential for miscalculation and reduced international cooperation.* However, *it also allows for greater cultural diversity and potential for, or necessity of, new, more, or different diplomatic, regional, and consensus-driven agreements.*

Nevertheless, multipolar systems will create clashing interests. They involve more main nations and will be less stable than bipolar or unipolar systems the world has been used to after World War II. If managed correctly, a multipolar word can lead to *more consensual approach to international relations.*

As the world shifts toward a multipolar order, the survival of an increasing population depends on how effectively multiple global powers cooperate to manage shared threats.

Minority community strategists need to think ahead.


**Gurmukh Singh OBE,** Ret'd Principal Civil Servant (UK) sewauk2005@yahoo.co.uk

# ਕਬੱਡੀ ਪ੍ਰਮੋਟਰ ਪਿਆਰਾ ਸਿੰਘ ਰੰਧਾਵਾ ਦੇ ਅਕਾਲ ਚਲਾਣੇ ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਅਤੇ ਸਮੂਹ ਕਬੱਡੀ ਕਲੱਬਾਂ ਵੱਲੋਂ ਦੁੱਖ ਦਾ ਪ੍ਰਗਟਾਵਾ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸਾਬਕਾ ਕਬੱਡੀ ਖਿਡਾਰੀ ਅਤੇ ਕਬੱਡੀ ਪ੍ਰਮੋਟਰ ਪਿਆਰਾ ਸਿੰਘ ਰੰਧਾਵਾ ਬੀਤੇ ਸੋਮਵਾਰ ਦੇਰ ਰਾਤੀਂ ਅਕਾਲ ਚਲਾਣਾ ਕਰ ਗਏ। ਉਹ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਪਿਆਰਾ ਸਿੰਘ ਰੰਧਾਵਾ ਭਾਵੇਂ ਲੈਸਟਰ ਕਬੱਡੀ ਕਲੱਬ ਦੇ ਕਰਤਾ ਧਰਤਾ ਸਨ, ਪਰ ਉਹਨਾਂ ਨੇ ਭਰ ਜਵਾਨੀ ਵਿੱਚ ਕੈਨੇਡਾ, ਇੰਡੀਆ ਅਤੇ ਹੋਰ ਦੇਸ਼ਾਂ ਦੇ ਕਬੱਡੀ ਕੱਪਾਂ ਤੇ ਇੰਗਲੈਂਡ ਦੀ ਨੁਮਾਇੰਦਗੀ ਕੀਤੀ। ਜ਼ਿਲ੍ਹਾ ਜਲੰਧਰ ਦੇ ਸੈਦੋਵਾਲ ਦੇ ਜੰਮਪਲ ਸ: ਰੰਧਾਵਾ ਲੰਮੇ ਸਮੇਂ ਤੋਂ ਯੂ ਕੇ ਵਿੱਚ ਰਹਿ ਰਹੇ ਸਨ।**

ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਸਤਨਾਮ ਸਿੰਘ ਸੱਤਾ ਮੁਠੱਡਾ, ਸਤਿੰਦਰ ਸਿੰਘ ਗੋਲਡੀ, ਕੁਲਵੰਤ ਸਿੰਘ ਸੰਘਾ, ਸ਼ੀਰਾ ਸਿੰਘ ਔਲਖ, ਬਲਵਿੰਦਰ ਸਿੰਘ ਦੂਲੇ, ਜਸਜੀਤ ਸਿੰਘ ਰਾਣਾ ਪੱਡਾ, ਜਰਨੈਲ ਸਿੰਘ ਜ਼ੈਲਾ, ਕੁਲਬੀਰ ਸਿੰਘ ਸੁੱਖਾ, ਮਨਜੀਤ ਸਿੰਘ ਢੰਡਾ, ਬਲਜਿੰਦਰ ਭਿੰਡਰ, ਦਲਬੀਰ ਸਿੰਘ ਸੈਂਬੀ, ਤਰਲੋਚਨ ਸਿੰਘ ਗਿੱਲ, ਜੋਗਿੰਦਰ ਸਿੰਘ ਦੁਸਾਂਝ, ਸੁਰਿੰਦਰ ਸਿੰਘ ਮਾਣਕ, ਰਸ਼ਪਾਲ ਸਿੰਘ ਸ਼ੀਰਾ ਸੰਮੀਪੁਰ, ਰਸ਼ਪਾਲ ਸਿੰਘ ਪਾਲਾ ਸਹੋਤਾ, ਪਾਲਾ ਬਾਜਵਾ, ਹਰਜਿੰਦਰ ਸਿੰਘ ਬੋਈ, ਕੁਲਵਿੰਦਰ ਸਿੰਘ ਛੋਕਰ, ਲਹਿੰਬਰ ਸਿੰਘ ਲੱਧੜ, ਸਤਨਾਮ ਸਿੰਘ ਗਿੱਲ, ਹਰਨੇਕ ਸਿੰਘ ਨੇਕਾ ਮੈਰੀਪੁਰ, ਕੇਵਲ ਸਿੰਘ ਰਣਦੇਵਾ ਆਦਿ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਫੈਡਰੇਸ਼ਨ ਨੇ ਕਿਹਾ ਕਿ ਪਿਆਰਾ ਸਿੰਘ ਰੰਧਾਵਾ ਦੀਆਂ ਇੰਗਲੈਂਡ ਦੀ ਕਬੱਡੀ ਨੂੰ ਦਿੱਤੀਆਂ ਸੇਵਾਵਾਂ ਨੂੰ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

ਲੈਸਟਰ ਕਬੱਡੀ ਕਲੱਬ ਦੇ ਸ: ਕੁਲਵੰਤ ਸਿੰਘ ਸੰਘਾ, ਸ: ਨਿਰਮਲ ਸਿੰਘ ਲੱਡੂ ਅਤੇ ਕੁਲਬੀਰ ਸਿੰਘ ਖੱਖ ਨੇ ਕਿਹਾ ਕਿ ਲੈਸਟਰ ਕਬੱਡੀ ਕਲੱਬ ਲਈ ਸ: ਪਿਆਰਾ ਸਿੰਘ ਰੰਧਾਵਾ ਨੇ ਅਣਥੱਕ ਸੇਵਾਵਾਂ ਦਿੱਤੀਆਂ। ਕਬੱਡੀ ਖੇਡਣ ਤੋਂ ਲੈ ਕੇ ਕਬੱਡੀ ਖਿਡਾਉਣ ਤੱਕ ਉਹ ਹਮੇਸ਼ਾਂ ਲੈਸਟਰ ਕਬੱਡੀ ਕਲੱਬ ਨਾਲ ਤਨੋ ਮਨੋ ਅਤੇ ਧਨੋ ਮੂਹਰੇ ਹੋ ਕੇ ਸੇਵਾ ਕੀਤੀ। ਸ: ਸੰਘਾ ਨੇ ਕਿਹਾ ਕਿ ਲੈਸਟਰ ਕਬੱਡੀ ਕਲੱਬ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।



ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਪ੍ਰਧਾਨ ਕੰਮਾ ਔਜਲਾ ਨੇ ਕਿਹਾ ਕਿ ਪਿਆਰਾ ਸਿੰਘ ਕਬੱਡੀ ਟੂਰਨਾਮੈਂਟਾਂ ਦੀ ਰੌਣਕ ਸੀ। ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਜਨਰਲ ਸਕੱਤਰ ਸਤਨਾਮ ਸਿੰਘ ਸੱਤਾ ਮੁਠੱਡਾ ਨੇ ਕਿਹਾ ਕਿ ਬੀਤੇ ਕੁਝ ਸਮੇਂ ਤੋਂ ਪਿਆਰਾ ਸਿੰਘ ਰੰਧਾਵਾ ਬਿਮਾਰ ਸਨ, ਪਰ ਇਸ ਦੇ ਬਾਵਜੂਦ ਉਹ ਫੋਨ ਰਾਹੀਂ ਹਮੇਸ਼ਾਂ ਸੰਪਰਕ ਵਿੱਚ ਰਹਿੰਦੇ ਸੀ ਅਤੇ ਕਬੱਡੀ ਦੀ ਬੇਹਤਰੀ ਲਈ ਆਪਣੇ ਸੁਝਾਅ ਦਿੰਦੇ ਰਹਿੰਦੇ ਸਨ। ਅੱਜ ਇੰਗਲੈਂਡ ਦਾ ਇੱਕ ਵੱਡਾ ਕਬੱਡੀ ਸਿਤਾਰਾ ਸਾਥੋਂ ਵਿੱਛੜ ਗਿਆ ਹੈ। ਸੁਰਿੰਦਰ ਸਿੰਘ ਮਾਣਕ ਨੇ ਕਿਹਾ ਕਿ ਪਿਆਰਾ ਸਿੰਘ ਰੰਧਾਵਾ ਨੇ ਜਿੰਦਗੀ ਦਾ ਵੱਡਾ ਹਿੱਸਾ ਕਬੱਡੀ ਦੇ ਨਾਮ ਕੀਤਾ ਹੈ।

ਇੰਗਲੈਂਡ ਦੇ ਕਬੱਡੀ ਕਲੱਬਾਂ ਦੇ ਪ੍ਰਮੋਟਰਾਂ ਕੁਲਵੰਤ ਸਿੰਘ ਚੱਠਾ, ਪੰਮੀ ਰੰਧਾਵਾ, ਸਾਬੀ ਸੰਧੂ ਮਿਡਵੇਅ, ਕੁਮੈਂਟੇਟਰ ਭਿੰਦਾ ਮੁਠੱਡਾ, ਸੁਖਦੇਵ ਸਿੰਘ ਉਦੋਪੁਰ, ਪੰਜਾਬ ਟਾਈਮਜ਼ ਵੱਲੋਂ ਰਾਜਿੰਦਰ ਸਿੰਘ ਪੁਰੇਵਾਲ, ਆਦਿ ਸਮੇਤ ਇੰਗਲੈਂਡ ਦੇ ਸਮੂਹ ਕਬੱਡੀ ਕਲੱਬਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਯੂ ਕੇ ਵਿੱਚ ਅਸਫਲ ਸ਼ਰਨਾਰਥੀ ਪ੍ਰੀਵਾਰਾਂ ਨੂੰ ਮਰਜ਼ੀ ਨਾਲ ਦੇਸ਼ ਛੱਡਣ ਤੇ 40,000 ਪੌਂਡ ਲਗਭਗ 49 ਲੱਖ ਰੁਪਏ ਤੱਕ ਦੀ ਪੇਸ਼ਕਸ਼

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਐਲਾਨ ਕੀਤਾ ਹੈ ਕਿ ਨਵੀਂ ਇਮੀਗ੍ਰੇਸ਼ਨ ਨੀਤੀ ਤਹਿਤ ਅਸਫਲ ਸ਼ਰਣ ਮੰਗਣ ਵਾਲੇ ਪ੍ਰੀਵਾਰਾਂ ਨੂੰ ਮਰਜ਼ੀ ਨਾਲ ਯੂ ਕੇ ਛੱਡਣ ਲਈ 40,000 ਪੌਂਡ (ਲਗਭਗ 49 ਲੱਖ ਰੁਪਏ) ਤੱਕ ਦੀ ਪੇਸ਼ਕਸ਼ ਕੀਤੀ ਹੈ।

ਮਹਿਮੂਦ ਨੇ ਇੱਕ ਥਿੰਕ-ਟੈਂਕ ਦੁਆਰਾ ਆਯੋਜਿਤ ਇੱਕ ਸਮਾਗਮ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਅਸਫਲ ਸ਼ਰਣ ਮੰਗਣ ਵਾਲਿਆਂ ਨੂੰ ਸਵੈ-ਇੱਛਾ ਨਾਲ ਦੇਸ਼ ਛੱਡਣ ਲਈ 10,000 ਪੌਂਡ (12 ਲੱਖ ਰੁਪਏ) ਦੀ ਪੇਸ਼ਕਸ਼ ਕੀਤੀ ਜਾਵੇਗੀ, ਜੋ ਪ੍ਰਤੀ ਪਰਿਵਾਰ 40,000 ਪੌਂਡ ਤੱਕ ਸੀਮਤ ਹੈ। ਜੇਕਰ ਉਹ ਇਨਕਾਰ ਕਰਦੇ ਹਨ, ਤਾਂ ਉਨ੍ਹਾਂ ਨੂੰ ਜ਼ਬਰਦਸਤੀ ਦੇਸ਼ ਨਿਕਾਲਾ ਦਿੱਤਾ ਜਾਵੇਗਾ ਅਤੇ ਬੱਚਿਆਂ ਨੂੰ ਵੀ ਛੋਟ ਨਹੀਂ ਦਿੱਤੀ ਜਾਵੇਗੀ।

ਡੈਨਮਾਰਕ ਤੋਂ ਪ੍ਰੇਰਿਤ ਇਸ ਨੀਤੀ ਰਾਹੀਂ ਸਰਕਾਰ ਹੋਟਲ ਵਿੱਚ ਰਹਿਣ ਵਾਲੇ 150 ਪਰਿਵਾਰਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਉਕਤ ਪਰਿਵਾਰਾਂ ਨੂੰ ਵੀਰਵਾਰ ਨੂੰ ਸੂਚਿਤ ਕਰਕੇ ਫੈਸਲਾ ਕਰਨ ਲਈ ਸੱਤ ਦਿਨ ਦਿੱਤੇ ਹਨ, ਨਾਲ ਹੀ ਚਿਤਾਵਨੀ ਦਿੱਤੀ ਹੈ ਕਿ ਜੇਕਰ ਭੁਗਤਾਨ ਸਵੀਕਾਰ ਨਹੀਂ ਕਰਦੇ ਤਾਂ ਜ਼ਬਰਦਸਤੀ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪਵੇਗਾ।

ਇੰਸਟੀਚਿਊਟ ਫਾਰ ਪਬਲਿਕ ਪਾਲਿਸੀ ਰਿਸਰਚ ਦੁਆਰਾ ਆਯੋਜਿਤ ਇੱਕ ਸਮਾਗਮ ਵਿੱਚ ਬੋਲਦੇ ਹੋਏ ਮਹਿਮੂਦ ਨੇ ਕਿਹਾ ਕਿ ਅੱਜ ਤਿੰਨ ਲੋਕਾਂ ਦੇ ਪਰਿਵਾਰ ਨੂੰ ਸ਼ਰਣਾਰਥੀ ਹੋਟਲ ਰਿਹਾਇਸ਼ ਵਿੱਚ ਰੱਖਣ 'ਤੇ ਪ੍ਰਤੀ ਸਾਲ 158,000 ਪੌਂਡ ਖਰਚ ਆਉਂਦੇ ਹਨ। ਜੇਕਰ ਇਹ ਨੀਤੀ ਸਹੀ ਸਾਬਤ ਹੋਈ ਤਾਂ ਵੱਡੀ ਬੱਚਤ ਹੋਵੇਗੀ।

ਅੱਜ, 100,000 ਤੋਂ ਵੱਧ ਲੋਕ ਸ਼ਰਨਾਰਥੀ ਰਿਹਾਇਸ਼ ਵਿੱਚ ਰਹਿੰਦੇ ਹਨ, ਜਿਨ੍ਹਾਂ ਦਾ ਭੁਗਤਾਨ ਟੈਕਸਦਾਤਾ ਦੁਆਰਾ ਕੀਤਾ ਜਾਂਦਾ ਹੈ। ਪਿਛਲੇ ਸਾਲ ਸ਼ਰਣਾਰਥੀ ਰਿਹਾਇਸ਼ 'ਤੇ 4 ਅਰਬ ਪੌਂਡ ਦਾ ਖਰਚ ਹੋਇਆ ਸੀ। ਯੂ ਕੇ ਸਰਕਾਰ ਸ਼ਰਨਾਰਥੀ ਸਥਿਤੀ ਨੂੰ ਅਸਥਾਈ ਬਣਾ ਰਹੀ ਹੈ, ਜਿਸ ਵਿੱਚ ਹਰ ਢਾਈ ਸਾਲਾਂ ਬਾਅਦ ਹਾਲਾਤਾਂ ਦੀ ਸਮੀਖਿਆ ਕੀਤੀ ਜਾਵੇਗੀ। ਜੇਕਰ ਹਾਲਾਤ ਬੇਹਤਰ ਹੁੰਦੇ ਹਨ ਤਾਂ ਉਨ੍ਹਾਂ ਨੂੰ ਘਰ ਭੇਜ ਦਿੱਤਾ ਜਾਵੇਗਾ।

ਵਿਰੋਧੀ ਧਿਰਾਂ ਨੇ ਸਰਕਾਰ ਦੀ ਉਕਤ ਨੀਤੀ ਦੀ ਆਲੋਚਨਾ ਕਰਦਿਆਂ ਵਿਰੋਧ ਕੀਤਾ ਹੈ। ਜਦ ਕਿ 100 ਤੋਂ ਵੱਧ ਲੇਬਰ ਸੰਸਦ ਮੈਂਬਰ ਵੀ ਨਵੇਂ ਪ੍ਰਸਤਾਵਾਂ ਦੇ ਵਿਰੁੱਧ ਹਨ। ਯੂ ਕੇ ਸਰਕਾਰ ਪਹਿਲਾਂ ਹੀ ਇੱਕ ਸਵੈ-ਇੱਛਤ ਵਾਪਸੀ ਪ੍ਰੋਗਰਾਮ ਚਲਾਉਂਦੀ ਹੈ, ਜਿਸ ਦੇ ਤਹਿਤ ਸ਼ਰਣ ਮੰਗਣ ਵਾਲੇ ਲੋਕਾਂ ਨੂੰ ਮਰਜ਼ੀ ਨਾਲ ਯੂ ਕੇ ਛੱਡਣ ਤੇ 3,000 ਪੌਂਡ ਤੱਕ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

## ਪੰਜਾਬ ਦਾ ਸੰਕਟ - 8 ਸਫ਼ੇ ਦੀ ਬਾਕੀ

ਜਦੋਂ ਸੂਬੇ ਦਾ ਕਰਜ਼ਾ 4.59 ਲੱਖ ਕਰੋੜ ਰੁਪਏ ਨੂੰ ਪਾਰ ਕਰ ਚੁੱਕਾ ਹੋਵੇ ਅਤੇ ਅਗਲੇ ਸਾਲ 5 ਲੱਖ ਕਰੋੜ ਤੱਕ ਪਹੁੰਚਣ ਦਾ ਅਨੁਮਾਨ ਹੋਵੇ, ਤਾਂ 'ਮੁਫ਼ਤ' ਵਾਲੀਆਂ ਸਕੀਮਾਂ ਆਰਥਿਕ ਆਤਮਘਾਤ ਵਰਗੀਆਂ ਹਨ। ਇਹ ਬਜਟ ਵਿਕਾਸਮਈ ਨਹੀਂ, ਸਗੋਂ 'ਵੋਟ-ਬਟੋਰੂ' ਨਜ਼ਰ ਆਉਂਦਾ ਹੈ। ਆਮਦਨ ਦੇ ਨਵੇਂ ਸਾਧਨ ਪੈਦਾ ਕਰਨ ਦੀ ਬਜਾਏ, ਸਰਕਾਰ ਸਿਰਫ਼ ਕਰਜ਼ਾ ਚੁੱਕ ਕੇ ਖਰਚ ਕਰ ਰਹੀ ਹੈ, ਜਿਸ ਦਾ ਭਾਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਚੁੱਕਣਾ ਪਵੇਗਾ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਸੁਨੀਲ ਜਾਖੜ ਨੇ ਸੂਬੇ ਵਿੱਚ ਕਾਨੂੰਨ ਵਿਵਸਥਾ ਦੀ ਜੋ ਤਸਵੀਰ ਪੇਸ਼ ਕੀਤੀ ਹੈ, ਉਹ ਡਰਾਉਣੀ ਹੈ। ਜਦੋਂ ਇੱਕ ਜ਼ਿਲ੍ਹੇ ਦੇ ਐਸ.ਐਸ.ਪੀ. ਦੀ ਰਿਹਾਇਸ਼ ਦੇ ਨੇੜੇ ਡਕੈਤੀ ਹੋ ਸਕਦੀ ਹੈ, ਤਾਂ ਆਮ ਆਦਮੀ ਕਿੰਨਾ ਸੁਰੱਖਿਅਤ ਹੈ?

ਨਸ਼ਿਆਂ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ ਸਰਕਾਰ ਦੇ ਦਾਅਵੇ ਖੋਖਲੇ ਲੱਗਦੇ ਹਨ। ਅੰਮ੍ਰਿਤਸਰ ਵਿੱਚ ਪੁਲਿਸ ਮੁਲਾਜ਼ਮ ਦੇ ਪੁੱਤਰ ਦੀ ਨਸ਼ੇ ਕਾਰਨ ਮੌਤ, ਸਿਸਟਮ ਦੀ ਅਸਫਲਤਾ ਦਾ ਸਭ ਤੋਂ ਵੱਡਾ ਸਬੂਤ ਹੈ। ਸਰਕਾਰ 'ਮੁਹਿੰਮ' ਚਲਾਉਣ ਦੀ ਗੱਲ ਕਰਦੀ ਹੈ, ਪਰ ਜ਼ਮੀਨੀ ਹਕੀਕਤ ਇਹ ਹੈ ਕਿ ਨਸ਼ਾ ਅਜੇ ਵੀ ਗਲੀ-ਮੁਹੱਲਿਆਂ ਵਿੱਚ ਆਸਾਨੀ ਨਾਲ ਉਪਲਬਧ ਹੈ। ਪੰਜਾਬ ਨੂੰ ਇਸ ਵੇਲੇ ਨਾਅਰਿਆਂ ਦੀ ਨਹੀਂ, ਸਗੋਂ ਠੋਸ ਨੀਤੀਆਂ ਦੀ ਲੋੜ ਹੈ। ਵਿਰੋਧੀ ਧਿਰ ਵੱਲੋਂ ਉਠਾਏ ਗਏ ਮੁੱਦਿਆਂ ਤੋਂ ਸਪੱਸ਼ਟ ਹੈ ਕਿ ਪੰਜਾਬ ਦਾ ਅਸਲ ਏਜੰਡਾ ਹੇਠ ਲਿਖੀਆਂ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ।

ਮੁਫ਼ਤ ਸਕੀਮਾਂ ਦੀ ਬਜਾਏ, ਉਦਯੋਗਿਕ ਵਿਕਾਸ ਅਤੇ ਰੁਜ਼ਗਾਰ ਦੇ ਸਾਧਨ ਪੈਦਾ ਕਰਨਾ। ਕਾਰੋਬਾਰੀਆਂ ਅਤੇ ਆਮ ਲੋਕਾਂ ਨੂੰ ਡਰ-ਮੁਕਤ ਮਾਹੌਲ ਦੇਣਾ। ਸਿਰਫ਼ ਬਿਆਨਬਾਜ਼ੀ ਨਹੀਂ, ਸਗੋਂ ਨਸ਼ਾ ਤਸਕਰਾਂ ਦੇ ਵੱਡੇ ਨੈੱਟਵਰਕ ਨੂੰ ਤੋੜਨਾ। ਫ਼ਸਲੀ ਵਿਭਿੰਨਤਾ ਨੂੰ ਸਿਰਫ਼ ਪਾਇਲਟ ਪ੍ਰਾਜੈਕਟਾਂ ਤੱਕ ਸੀਮਤ ਨਾ ਰੱਖ ਕੇ, ਇਸ ਨੂੰ ਪੂਰੇ ਪੰਜਾਬ ਵਿੱਚ ਲਾਗੂ ਕਰਨਾ, ਖੇਤੀ ਇੰਡਸਟਰੀ ਸਿਰਜਣਾ ਅਤੇ ਕਿਸਾਨਾਂ ਲਈ ਮੁਨਾਫ਼ੇ ਵਾਲੀ ਖੇਤੀ ਯਕੀਨੀ ਬਣਾਉਣਾ। ਸਿਰਫ਼ ਸਕੀਮਾਂ ਦਾ ਐਲਾਨ ਨਹੀਂ, ਬਲਕਿ ਬੁਨਿਆਦੀ ਢਾਂਚੇ ਵਿੱਚ ਗੁਣਾਤਮਕ ਸੁਧਾਰ।

ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦਾ ਵਿਧਾਨ ਸਭਾ ਦੇ ਬਾਹਰ ਅਤੇ ਅੰਦਰ ਆਹਮੋ-ਸਾਹਮਣੇ ਹੋਣਾ ਇਹ ਦਰਸਾਉਂਦਾ ਹੈ ਕਿ ਸਿਆਸੀ ਲੜਾਈ ਤਾਂ ਚੱਲ ਰਹੀ ਹੈ, ਪਰ ਇਸ ਲੜਾਈ ਵਿੱਚ 'ਪੰਜਾਬ' ਹਾਰ ਰਿਹਾ ਹੈ। ਜੇਕਰ ਸਰਕਾਰ ਨੇ ਆਪਣੀਆਂ ਗਲਤੀਆਂ ਨੂੰ ਸੁਧਾਰ ਕੇ 'ਵੋਟ ਬੈਂਕ' ਦੀ ਸਿਆਸਤ ਤੋਂ ਉੱਪਰ ਉੱਠ ਕੇ ਕੰਮ ਨਾ ਕੀਤਾ, ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਦਾ ਆਰਥਿਕ ਅਤੇ ਸਮਾਜਿਕ ਸੰਕਟ ਹੋਰ ਡੂੰਘਾ ਹੋ ਜਾਵੇਗਾ।

-ਰਜਿੰਦਰ ਸਿੰਘ ਪੁਰੇਵਾਲ

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਜਨਰਲ ਬਾਡੀ ਦੀ ਮੀਟਿੰਗ ਕੋਰਮ ਪੂਰਾ ਨਾ ਹੋਣ ਕਰਕੇ ਰੱਦ




ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਚੋਣਾਂ ਤੋਂ ਬਾਅਦ ਨਵੇਂ ਪ੍ਰਬੰਧ ਦੀ ਪਹਿਲੀ ਜਨਰਲ ਬਾਡੀ ਦੀ ਮੀਟਿੰਗ ਬੀਤੇ ਕੱਲ 8 ਮਾਰਚ 2026 ਨੂੰ ਰੱਦ ਹੋ ਗਈ। ਸੰਵਿਧਾਨ ਮੁਤਾਬਿਕ ਜਨਰਲ ਬਾਡੀ ਦੀ ਮੀਟਿੰਗ ਕਰਨ ਲਈ ਘੱਟੋ ਘੱਟ 150 ਮੈਂਬਰਾਂ ਦੀ ਹਾਜ਼ਰੀ ਜਰੂਰੀ ਹੁੰਦੀ ਹੈ, ਪਰ ਇਸ ਮੌਕੇ 145 ਮੈਂਬਰ ਹੀ ਹਾਜ਼ਰ ਹੋਏ। ਜਦੋਂ ਸਟੇਜ ਸਕੱਤਰ ਮਨਜੀਤ ਸਿੰਘ ਨੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਨੂੰ ਸੰਬੋਧਨ ਕਰਨ ਲਈ ਸਟੇਜ ਸੰਭਾਲੀ ਤਾਂ ਉਹਨਾਂ ਸੰਬੋਧਨ ਕਰਨ ਤੋਂ ਪਹਿਲਾਂ ਮੈਂਬਰਾਂ ਦੀ ਹਾਜ਼ਰੀ ਬਾਰੇ ਮੁੱਖ ਦੁਆਰ ਤੇ ਖੜ੍ਹੇ ਨੌਜਵਾਨਾਂ ਨੂੰ ਪੁਛਿਆ, ਤਾਂ ਪਤਾ ਲੱਗਿਆ ਕਿ ਸਿਰਫ 145 ਮੈਂਬਰ ਹੀ ਹਾਜ਼ਰ ਹਨ। 4 ਵੱਜ ਕੇ 6 ਕੁ ਮਿੰਟ ਤੇ ਜਦੋਂ ਮੀਟਿੰਗ ਰੱਦ ਕਰਨ ਬਾਰੇ ਸੂਚਿਤ ਕਰਨ ਲੱਗੇ ਤਾਂ ਡਾ: ਮੇਹਰਵਾਨ ਸਿੰਘ ਨੇ ਇਤਰਾਜ਼ ਪ੍ਰਗਟ ਕੀਤਾ ਕਿ ਕੁਝ ਸਮਾਂ ਹੋਰ ਇੰਤਜ਼ਾਰ ਕਰ ਲਿਆ ਜਾਵੇ। ਲੇਕਨ ਕੁਝ ਸਮੇਂ ਬਾਅਦ ਜਦੋਂ ਮੁੜ ਪੁੱਛਿਆ ਗਿਆ ਤਾਂ ਸਿਰਫ ਇੱਕ ਹੋਰ ਮੈਂਬਰ ਪਹੁੰਚਿਆ ਜਿਸ ਨਾਲ ਗਿਣਤੀ ਵੱਧ ਕੇ 146 ਹੋ ਗਈ, ਜਿਸ ਕਾਰਨ ਸ: ਗੁਰਮੇਲ ਸਿੰਘ ਮੱਲੀ ਨੇ ਮੀਟਿੰਗ ਰੱਦ ਕਰਨ ਦੀ ਸੂਚਨਾ ਦੇ ਦਿੱਤੀ।

ਵੇਖਣ ਵਾਲੀ ਗੱਲ ਇਹ ਹੈ ਕਿ ਇਸ ਮੌਕੇ ਡਾ: ਮੇਹਰਵਾਨ ਸਿੰਘ ਤੋਂ ਇਲਾਵਾ ਕਿਸੇ ਨੇ ਵੀ ਮੀਟਿੰਗ ਰੱਦ ਹੋਣ ਬਾਰੇ ਸਵਾਲ ਨਹੀਂ ਚੁੱਕਿਆ। ਮੀਤ ਪ੍ਰਧਾਨ ਹਰਜੀਤ ਸਿੰਘ ਸਰਪੰਚ ਨੇ ਕਿਹਾ ਕਿ ਕੇ ਜੇ ਮੀਟਿੰਗ ਲਈ ਕੋਰਮ ਪੂਰਾ ਨਹੀਂ ਸੀ, ਜੇ ਅਜੇਹੇ ਵਿੱਚ ਮੀਟਿੰਗ ਹੁੰਦੀ ਹੈ ਤਾਂ ਚੈਰਿਟੀ ਕਮਿਸ਼ਨ ਕੋਲ ਸ਼ਿਕਾਇਤ ਹੋ ਸਕਦੀ ਹੈ। ਅਸੀਂ ਸੰਵਿਧਾਨ ਤੋਂ ਬਾਹਰ ਕੁਝ ਵੀ ਨਹੀਂ ਕਰਨਾ ਚਾਹੁੰਦੇ। ਜਨਰਲ ਸਕੱਤਰ ਸ਼ਰਨਬੀਰ ਸਿੰਘ ਸੰਘਾ ਕਹਿ ਰਹੇ ਸਨ ਕਿ ਉਹ ਤਾਂ ਪੂਰੀ ਤਿਆਰੀ ਕਰਕੇ ਆਏ ਸਨ। ਭਾਵੇਂ ਉਸ ਸਮੇਂ ਵੰਡੀ ਗਈ ਰਿਪੋਰਟ ਤੋਂ ਵੇਖ ਲਵੋ, ਬਹੁਤ ਕੁਝ ਉਸ ਰਿਪੋਰਟ ਵਿੱਚੋਂ ਮਿਲ ਜਾਵੇਗਾ। ਮੀਟਿੰਗ ਮੌਕੇ ਵਿਰੋਧੀ ਧਿਰ ਦੇ ਕਿਸੇ ਵੀ ਮੈਂਬਰ ਨੇ ਹਾਂ ਜਾਂ ਨਾਂਹ ਵਿੱਚ ਕੁਝ ਵੀ ਨਹੀਂ ਕਿਹਾ।

ਹੁਣ ਇਸ ਮੀਟਿੰਗ ਦੇ ਰੱਦ ਹੋਣ ਤੇ ਸਾਰੀਆਂ ਧਿਰਾਂ ਵੱਲੋਂ ਧਾਰੀ ਚੁੱਪ ਦਾ ਕਾਰਨ ਸੰਵਿਧਾਨ ਦੀ ਪਾਲਣਾ ਹੈ ਜਾਂ ਹਰ ਕੋਈ ਆਪੋ ਆਪਣਾ ਬਚਾਅ ਕਰ ਰਿਹਾ ਹੈ। ਜੇ ਮੀਟਿੰਗ ਹੋ ਗਈ ਤਾਂ ਪਤਾ ਨਹੀਂ ਕੀ ਕੁੱਝ ਬੋਲਿਆ ਜਾਊ ਅਤੇ ਸੰਗਤਾਂ ਭੜਕਣਗੀਆਂ। ਚਲੋ ਖੈਰ ਇਹ ਕਿਹੜਾ ਪਹਿਲੀ ਵਾਰ ਹੋਇਆ ਹੈ। ਪਹਿਲਾਂ ਵੀ ਅਣਗਿਣਤ ਵਾਰ ਜਨਰਲ ਬਾਡੀ ਦੀਆਂ ਮੀਟਿੰਗਾਂ ਰੱਦ ਹੋ ਚੁੱਕੀਆਂ ਹਨ।

ਕਈ ਵਾਰ ਮੀਟਿੰਗ ਪੂਰੀ ਵੀ ਨਹੀਂ ਹੋਈ ਹੁੰਦੀ ਤੇ ਗ੍ਰੰਥੀ ਸਾਹਿਬ ਨੂੰ ਇਸ਼ਾਰਾ ਕਰ ਦਿੱਤਾ ਜਾਂਦਾ ਕਿ ਸਮਾਪਤੀ ਲਈ ਅਨੰਦ ਸਾਹਿਬ ਜੀ ਦਾ ਪਾਠ ਸ਼ੁਰੂ ਕਰ ਦਿਓ। ਜੇ ਫਿਰ ਕੋਈ ਵਿੱਚੋਂ ਬੋਲਦਾ ਤਾਂ ਕਹਿ ਦਿੱਤਾ ਜਾਂਦਾ ਬੇਅਦਬੀ ਕਰਦੇ ਆ। ਭਲਾ ਕੀ ਕਹੇ ਕੋਈ? ਸਿੱਖ ਕੌਮ ਇਸ ਮੌਕੇ ਵੱਡੀਆਂ ਚਣੌਤੀਆਂ ਦਾ ਸਾਹਮਣਾ ਕਰ ਰਹੀ ਹੈ ਪਰ ਮਿਲ ਬੈਠਣ ਦਾ ਜਦੋਂ ਮੌਕਾ ਹੁੰਦਾ ਹੈ, ਉਸ ਸਮੇਂ ਕੁਝ ਅਜੇਹਾ ਵਾਪਰ ਜਾਂਦਾ ਹੈ ਕਿ ਆਪਸ ਵਿੱਚ ਮਿਲ ਬੈਠ ਹੀ ਨਹੀਂ ਸਕਦੇ।

## ਲੰਡਨ ਪੁਲਿਸ ਵੱਲੋਂ ਗੈਰ-ਕਾਨੂੰਨੀ ਬਿਜਲਈ ਸਾਈਕਲਾਂ ਅਤੇ ਸਕੂਟਰਾਂ ਨੂੰ ਜ਼ਬਤ ਕਰਨ ਲਈ ਨਾਕੇਬੰਦੀ ਮੁਹਿੰਮਾਂ ਤੇਜ਼

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਵਿੱਚ ਵੱਧ ਰਹੀਆਂ ਲੁੱਟ ਖੋਹ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਲੰਡਨ ਪੁਲਿਸ ਨੇ ਵੱਡੀ ਕਾਰਵਾਈ ਵਿੱਚ ਲੰਡਨ ਦੀਆਂ ਸੜਕਾਂ ਤੋਂ ਗੈਰ-ਕਾਨੂੰਨੀ ਬਿਜਲਈ ਸਾਈਕਲਾਂ (ਇਲੈਕਟ੍ਰਿਕ ਬਾਈਕਾਂ) ਅਤੇ ਸਕੂਟਰਾਂ ਨੂੰ ਜ਼ਬਤ ਕੀਤਾ ਗਿਆ ਹੈ।**


ਲੰਡਨ ਵਿੱਚੋਂ ਜ਼ਬਤ ਕੀਤੇ ਬਿਜਲਈ ਸਾਈਕਲ ਅਤੇ ਸਕੂਟਰ

ਮੈਟਰੋਪੋਲੀਟਨ ਪੁਲਿਸ ਅਧਿਕਾਰੀਆਂ ਨੇ ਲੰਡਨ ਵਿੱਚ ਅਪਰਾਧ ਅਤੇ ਸਮਾਜ ਵਿਰੋਧੀ ਅਨਸਰਾਂ ਦਾ ਮੁਕਾਬਲਾ ਕਰਨ ਲਈ ਚੱਲ ਰਹੇ ਯਤਨਾਂ ਦੇ ਹਿੱਸੇ ਵਜੋਂ ਦੋ ਦਿਨਾਂ ਵਿੱਚ 52 ਗੈਰ-ਕਾਨੂੰਨੀ ਈ-ਬਾਈਕ ਅਤੇ ਮੋਪੇਡ ਜ਼ਬਤ ਕੀਤੇ ਹਨ।ਵੈਸਟ ਐਂਡ ਅਤੇ ਹਾਰਲਸਡੇਨ ਵਿੱਚ ਹੋਏ ਇਸ ਆਪ੍ਰੇਸ਼ਨ ਵਿੱਚ ਆਸ ਪਾਸ ਦੀਆਂ ਟੀਮਾਂ ਅਤੇ ਮਾਹਿਰਾਂ ਨੇ ਸਮੱਸਿਆ ਵਾਲੇ ਖੇਤਰਾਂ ਵਿੱਚ ਖੁਫੀਆ ਜਾਣਕਾਰੀ ਇਕੱਠੀ ਕਰਨ ਦੇ ਨਾਲ-ਨਾਲ ਉੱਚ-ਤਕਨੀਕੀ ਡਰੋਨਾਂ ਦੀ ਮਦਦ ਨਾਲ ਨਾਕਾਬੰਦੀ ਕੀਤੀ।

ਇਸ ਦੌਰਾਨ ਇੱਕ ਸਵਾਰ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਦਬੋਚ ਲਿਆ ਗਿਆ ਅਤੇ ਉਸ 'ਤੇ ਖਤਰਨਾਕ ਡਰਾਈਵਿੰਗ ਕਰਨ, ਪੁਲਿਸ ਲਈ ਨਾ ਰੁਕਣ ਅਤੇ ਲਾਇਸੈਂਸ ਜਾਂ ਬੀਮੇ ਤੋਂ ਬਿਨਾਂ ਵਾਹਨ ਚਲਾਉਣ ਦੇ ਦੋਸ਼ ਲਗਾਏ ਗਏ ਹਨ।ਅਧਿਕਾਰੀਆਂ ਨੇ ਲੰਡਨ ਦੇ ਹਾਰਲਸਡੇਨ ਵਿੱਚ ਟੱਬਸ ਰੋਡ 'ਤੇ ਇੱਕ ਚੌਕੀ ਸਥਾਪਤ ਕੀਤੀ ਜਿੱਥੇ ਪੈਦਲ ਯਾਤਰੀਆਂ ਦੀ ਆਵਾਜਾਈ ਬਹੁਤ ਜਿਆਦਾ ਰਹਿੰਦੀ ਹੈ। ਕੁਝ ਸ਼ੱਕੀ ਲੋਕਾਂ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਪੁਲਿਸ ਨੇ ਉਹਨਾਂ ਨੂੰ ਕਾਬੂ ਕਰ ਲਿਆ। ਇੱਕ ਵਿਅਕਤੀ ਤੋਂ ਤੇਜਧਾਰ ਚਾਕੂ ਮਿਲਣ 'ਤੇ ਗ੍ਰਿਫਤਾਰ ਕੀਤਾ ਗਿਆ।

ਵੈਸਟ ਐਂਡ ਵਿੱਚ ਕੈਂਬਰਿਜ ਸਰਕਸ ਵਿਖੇ ਪੰਜ ਘੰਟੇ ਲਗਾਏ ਨਾਕੇ ਦੌਰਾਨ 38 ਗੈਰ-ਕਾਨੂੰਨੀ ਈ-ਬਾਈਕ ਅਤੇ ਤਿੰਨ ਹੋਰ ਵਾਹਨ ਜ਼ਬਤ ਕੀਤੇ ਗਏ।ਸੁਪਰਡੈਂਟ ਲੂਕ ਬਾਲਡੌਕ ਨੇ ਕਿਹਾ ਕਿ ਈ-ਬਾਈਕ ਅਤੇ ਈ-ਸਕੂਟਰਾਂ ਨੂੰ ਫੋਨ ਚੋਰੀ, ਲੁੱਟ ਖੋਹ ਅਤੇ ਹੋਰ ਸਮਾਜ ਵਿਰੋਧੀ ਵਿਵਹਾਰਿਕ ਅਪਰਾਧ ਕਰਨ ਲਈ ਵਰਤਿਆ ਜਾ ਰਿਹਾ ਹੈ। ਇਹਨਾਂ ਅਪਰਾਧਾਂ ਨਾਲ ਨਜਿੱਠਣ ਲਈ ਕਾਰਵਾਈਆਂ ਤੇਜ਼ ਕੀਤੀਆਂ ਗਈਆਂ ਹਨ। 2025 ਅਤੇ 2026 ਦੌਰਾਨ ਲੰਡਨ ਭਰ ਵਿੱਚੋਂ ਕੁੱਲ 2,741 ਗੈਰ-ਕਾਨੂੰਨੀ ਈ-ਬਾਈਕ ਅਤੇ ਈ-ਸਕੂਟਰ ਜ਼ਬਤ ਕੀਤੇ ਹਨ।

## ਭਾਰਤੀ ਮੂਲ ਦੇ ਵਿਅਕਤੀ ਦੇ ਕਤਲ ਮਾਮਲੇ 'ਚ ਪੁਲਿਸ ਨੇ ਸ਼ੱਕੀ ਦੀ ਤਸਵੀਰ ਕੀਤੀ ਜਾਰੀ


ਯਾਦਵਿੰਦਰ ਸਤਨਾਮ ਸਿੰਘ ਅਤੇ ਸ਼ੱਕੀ ਬਸ਼ਰ ਅਲ ਕਦਾਹ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇਲਾਕੇ ਗਰੀਨ ਫੋਰਡ ਦੇ ਇੱਕ ਸਕਿੱਪ ਯਾਰਡ ਵਿੱਚ ਪਿਛਲੇ ਸਾਲ 7 ਅਗਸਤ ਨੂੰ ਇੱਕ ਭਾਰਤੀ ਮੂਲ ਦੇ ਵਿਅਕਤੀ 34 ਸਾਲਾ ਯਾਦਵਿੰਦਰ ਸਤਨਾਮ ਸਿੰਘ ਦੀ ਹੋਈ ਮੌਤ ਦੇ ਸਬੰਧ ਵਿੱਚ ਇੱਕ ਵਿਅਕਤੀ ਦੀ ਭਾਲ ਕੀਤੀ ਜਾ ਰਹੀ ਹੈ। ਲੰਡਨ ਮੈਟਰੋਪੁਲੀਟਨ ਪੁਲਿਸ ਨੇ ਉਕਤ ਵਿਅਤਕੀ ਦੀ ਤਸਵੀਰ ਜਾਰੀ ਕਰਕੇ ਦੱਸਿਆ ਕਿ ਬਸ਼ਰ ਅਲ ਕਦਾਹ ਨਾਮ ਦੇ ਇਸ ਵਿਅਕਤੀ ਨੂੰ ਆਖਰੀ ਵਾਰ ਲੂਟਨ ਵਿੱਚ 9 ਅਗਸਤ ਨੂੰ ਵੇਖਿਆ ਗਿਆ ਸੀ। ਮੰਨਿਆ ਜਾ ਰਿਹਾ ਹੈ ਕਿ ਇਹ ਯੂ ਕੇ ਛੱਡ ਕੇ ਚਲਾ ਗਿਆ ਹੈ। ਛੇ ਮਹੀਨੇ ਦੀ ਜਾਂਚ ਤੋਂ ਬਾਅਦ ਪੁਲਿਸ ਨੇ ਪੁੱਛਗਿੱਛ ਲਈ ਬਸ਼ਰ ਅਲ ਕਦਾਹ ਨਾਮ ਦੇ ਵਿਅਕਤੀ ਦੀਆਂ ਤਸਵੀਰਾਂ ਜਾਰੀ ਕੀਤੀਆਂ ਹਨ। ਜਾਂਚ ਅਧਿਕਾਰੀ ਡਾ: ਸਿੰਥੀਆ ਸਿਲਵਾ ਨੇ ਕਿਹਾ ਕਿ ਪੁਲਿਸ ਵੱਲੋਂ ਯਾਦਵਿੰਦਰ ਦੇ ਪ੍ਰੀਵਾਰ ਲਈ ਜਵਾਬ ਲੱਭ ਰਹੇ ਹਾਂ। ਫੋਨ, ਬੈਂਕ ਖਾਤਿਆਂ ਦੇ ਵੇਰਵਿਆਂ ਦੀ ਜਾਂਚ ਤੋਂ ਬਾਅਦ ਵੀ ਉਹ ਅਲ ਕਦਾਹ ਦਾ ਪਤਾ ਨਹੀਂ ਲਗਾ ਸਕੇ। ਉਕਤ ਮਾਮਲੇ ਵਿੱਚ ਦੋ ਹੋਰ ਵਿਅਕਤੀਆਂ ਨੂੰ ਕਤਲ ਦੇ ਸ਼ੱਕ ਦੇ ਅਧਾਰ ਤੇ ਗ੍ਰਿਫਤਾਰ ਕੀਤਾ ਸੀ, ਜੋ ਜਾਂਚ ਅਧੀਨ ਰਿਹਾਅ ਕਰ ਦਿੱਤਾ ਗਿਆ। ਜਿਕਰਯੋਗ ਹੈ ਕਿ ਯੂਨਾਈਟਡ ਹਿਊਮਨਟੇਰੀਅਨ ਸਿੱਖ ਏਡ ਦੀ ਨਰਿੰਦਰ ਕੌਰ ਮਾਨ ਦੀ ਮਦਦ ਨਾਲ ਯਾਦਵਿੰਦਰ ਦੀ ਮ੍ਰਿਤਕ ਦੇਹ ਨੂੰ ਭਾਰਤ ਭੇਜਿਆ ਗਿਆ ਸੀ।

## ਭਾਰਤ ਚ ਆਯੋਜਿਤ ਕੀਤੇ ਜਾਣ ਵਾਲੇ ਵਪਾਰ ਮੇਲੇ 'ਚ ਕਨੇਡਾ ਦੀ ਬਲੂਬੇਰੀ ਨੂੰ ਵੀ ਸ਼ਾਮਿਲ ਕੀਤਾ ਜਾਵੇਗਾ

ਵੈਨਕੂਵਰ-(ਮਲਕੀਤ ਸਿੰਘ) - ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੀਆਂ ਮਸ਼ਹੂਰ ਬਲੂਬੇਰੀਆਂ ਨੂੰ ਭਾਰਤ ਵਿੱਚ ਹੋ ਰਹੇ ਇੱਕ ਅੰਤਰਰਾਸ਼ਟਰੀ ਵਪਾਰ ਮੇਲੇ ਦੌਰਾਨ ਸ਼ਾਮਿਲ ਕੀਤਾ ਜਾ ਰਿਹਾ ਹੈ। ਇਸ ਦਾ ਮਕਸਦ ਵਿਦੇਸ਼ੀ ਬਾਜ਼ਾਰਾਂ ਵਿੱਚ ਬੀ.ਸੀ. ਦੀਆਂ ਬਲੂਬੇਰੀਆਂ ਲਈ ਨਵੇਂ ਮੌਕੇ ਪੈਦਾ ਕਰਨਾ ਅਤੇ ਨਿਰਯਾਤ ਵਿੱਚ ਵਾਧਾ ਕਰਨਾ ਹੈ। ਪ੍ਰਾਪਤ ਵੇਰਵਿਆ ਅਨੁਸਾਰ ਬੀ.ਸੀ. ਬਲੂਬੇਰੀ ਕੌਂਸਲ ਵੱਲੋਂ ਇਸ ਵਪਾਰ ਮੇਲੇ ਵਿੱਚ ਬਲੂਬੇਰੀਆਂ ਦੀ ਗੁਣਵੱਤਾ ਅਤੇ ਸੰਭਾਵਨਾਵਾਂ ਨੂੰ ਉਭਾਰਿਆ ਜਾ ਰਿਹਾ ਹੈ। ਕੌਂਸਲ ਦਾ ਕਹਿਣਾ ਹੈ ਕਿ ਭਾਰਤ ਸਮੇਤ ਏਸ਼ੀਆਈ ਬਾਜ਼ਾਰਾਂ ਵਿੱਚ ਬਲੂਬੇਰੀਆਂ ਦੀ ਮੰਗ ਲਗਾਤਾਰ ਵੱਧ ਰਹੀ ਹੈ ਅਤੇ ਇਹ ਮੌਕਾ ਕਿਸਾਨਾਂ ਲਈ ਨਿਰਯਾਤ ਦੇ ਨਵੇਂ ਦਰਵਾਜ਼ੇ ਖੋਲ੍ਹ ਸਕਦਾ ਹੈ।

# ਪੰਜਾਬ ਦੀ ਸਿਆਸਤ 'ਚ ਵੱਡਾ ਉਲਟਫੇਰ: ਅਮਿਤ ਗੋਸਾਈਂ ਨੇ ਫੜਿਆ ਅਕਾਲੀ ਦਲ ਦਾ ਪੱਲਾ

## *ਸੁਖਬੀਰ ਬਾਦਲ ਨੇ ਹਲਕਾ ਇੰਚਾਰਜ ਕੀਤਾ ਥਾਪਿਆ, ਲੁਧਿਆਣਾ ਸੈਂਟਰਲ ਵਿਚ ਬਦਲਣਗੇ ਸਿਆਸੀ ਸਮੀਕਰਨ
## *ਬਾਦਲ ਦੀ ਗਰਜ, ਭਗਵੰਤ ਮਾਨ ਨੂੰ ਦਿੱਤੀ 4 ਮਹੀਨਿਆਂ ਦੀ ਚੁਣੌਤੀ
## *ਦਿੱਲੀ ਦੀਆਂ ਪਾਰਟੀਆਂ ਵਿਰੁੱਧ ਅਕਾਲੀ ਦਲ ਦੀ ਜੰਗ: ਸੁਖਬੀਰ ਬਾਦਲ ਦਾ ਹੋਕਾ

*ਪੰਜਾਬ ਦੀ ਸਿਆਸਤ ਵਿੱਚ ਇਸ ਵੇਲੇ ਵੱਡੀ ਹਲਚਲ ਦੇਖਣ ਨੂੰ ਮਿਲ ਰਹੀ ਹੈ। ਭਾਰਤੀ ਜਨਤਾ ਪਾਰਟੀ ਨੂੰ ਲੁਧਿਆਣਾ ਵਿੱਚ ਉਸ ਵੇਲੇ ਵੱਡਾ ਝਟਕਾ ਲੱਗਿਆ ਜਦੋਂ ਸਾਬਕਾ ਕੈਬਨਿਟ ਮੰਤਰੀ ਸਤਪਾਲ ਗੋਸਾਈਂ ਦੇ ਪੋਤੇ ਅਤੇ ਭਾਜਪਾ ਦੇ ਸੂਬਾ ਬੁਲਾਰੇ ਅਮਿਤ ਗੋਸਾਈਂ ਆਪਣੇ ਸਾਥੀਆਂ ਸਮੇਤ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ। ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਵਿਖੇ ਉਨ੍ਹਾਂ ਦਾ ਸਵਾਗਤ ਕਰਦਿਆਂ ਇਸ ਨੂੰ ਪਾਰਟੀ ਲਈ ਇੱਕ ਵੱਡੀ ਮਜ਼ਬੂਤੀ ਦੱਸਿਆ ਹੈ।*

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਅਮਿਤ ਗੋਸਾਈਂ ਦਾ ਅਕਾਲੀ ਦਲ ਵਿੱਚ ਜਾਣਾ ਭਾਜਪਾ ਲਈ ਮਾਨਸਿਕ ਅਤੇ ਸਿਆਸੀ ਤੌਰ 'ਤੇ ਵੱਡਾ ਨੁਕਸਾਨ ਹੈ। ਅਮਿਤ ਦੇ ਦਾਦਾ, ਮਰਹੂਮ ਸਤਪਾਲ ਗੋਸਾਈਂ, ਲੁਧਿਆਣਾ ਸੈਂਟਰਲ ਤੋਂ ਕਈ ਵਾਰ ਵਿਧਾਇਕ ਰਹੇ ਅਤੇ ਪੰਜਾਬ ਸਰਕਾਰ ਵਿੱਚ ਮੰਤਰੀ ਵਜੋਂ ਸੇਵਾਵਾਂ ਨਿਭਾਈਆਂ। ਲੁਧਿਆਣਾ ਦੇ ਸ਼ਹਿਰੀ ਖੇਤਰਾਂ ਅਤੇ ਹਿੰਦੂ ਵੋਟ ਬੈਂਕ ਵਿੱਚ ਗੋਸਾਈਂ ਪਰਿਵਾਰ ਦਾ ਚੰਗਾ ਪ੍ਰਭਾਵ ਮੰਨਿਆ ਜਾਂਦਾ ਹੈ।

ਚਰਚਾ ਹੈ ਕਿ ਅਕਾਲੀ ਦਲ ਅਮਿਤ ਗੋਸਾਈਂ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਲੁਧਿਆਣਾ ਸੈਂਟਰਲ ਤੋਂ ਆਪਣਾ ਉਮੀਦਵਾਰ ਬਣਾ ਸਕਦਾ ਹੈ।

### 'ਪੰਜਾਬ ਬਚਾਓ ਯਾਤਰਾ' ਅਤੇ ਰੈਲੀਆਂ ਰਾਹੀਂ ਅਕਾਲੀ ਦਲ ਦੀ ਚੜ੍ਹਦੀ ਕਲਾ

ਸੁਖਬੀਰ ਸਿੰਘ ਬਾਦਲ ਨੇ ਪਾਰਟੀ ਨੂੰ ਮੁੜ ਸੁਰਜੀਤ ਕਰਨ ਲਈ "ਪੰਜਾਬ ਬਚਾਓ ਯਾਤਰਾ" ਵਿੱਢੀ ਹੋਈ ਹੈ। ਇਹ ਯਾਤਰਾ ਇੱਕ ਜਨ-ਲਹਿਰ ਦਾ ਰੂਪ ਧਾਰ ਰਹੀ ਹੈ:ਬਾਦਲ ਪਿੰਡ-ਪਿੰਡ ਅਤੇ ਸ਼ਹਿਰ-ਸ਼ਹਿਰ ਜਾ ਕੇ ਲੋਕਾਂ ਨਾਲ ਸਿੱਧਾ ਸੰਵਾਦ ਕਰ ਰਹੇ ਹਨ।

ਉਹ ਵਾਰ-ਵਾਰ ਇਹ ਸੁਨੇਹਾ ਦੇ ਰਹੇ ਹਨ ਕਿ ਅਕਾਲੀ ਦਲ ਪੰਜਾਬੀਆਂ ਦੀ ਆਪਣੀ 'ਖੇਤਰੀ ਪਾਰਟੀ' ਹੈ, ਜਦਕਿ ਕਾਂਗਰਸ, ਭਾਜਪਾ ਅਤੇ 'ਆਪ' ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਹਨ।

ਹਾਲ ਹੀ ਵਿੱਚ ਖੰਨਾ ਰੈਲੀ ਦੌਰਾਨ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ "11 ਮੈਂਬਰੀ ਕਮੇਟੀ" ਵਾਲੇ ਤੰਜ ਦਾ ਜਵਾਬ ਦਿੰਦਿਆਂ ਕਿਹਾ ਕਿ ਅਗਲੇ 4 ਮਹੀਨਿਆਂ ਵਿੱਚ ਮਾਨ ਕੋਲ ਆਪਣੇ 11 ਬੰਦੇ ਵੀ ਨਹੀਂ ਬਚਣਗੇ।

### ਸ਼੍ਰੋਮਣੀ ਅਕਾਲੀ ਦਲ ਦਾ ਮੁੱਖ ਏਜੰਡਾ

ਅਕਾਲੀ ਦਲ ਨੇ ਆਉਣ ਵਾਲੀਆਂ ਚੋਣਾਂ ਲਈ ਆਪਣੇ ਏਜੰਡੇ ਵਿੱਚ ਲੋਕ-ਭਲਾਈ ਅਤੇ ਵਿਕਾਸ ਨੂੰ ਮੁੱਖ ਰੱਖਿਆ ਹੈ:





ਬਜ਼ੁਰਗਾਂ ਦੀ ਪੈਨਸ਼ਨ ਵਧਾ ਕੇ 3100 ਰੁਪਏ ਕਰਨ ਅਤੇ ਨੀਲੇ ਕਾਰਡ ਧਾਰਕਾਂ ਨੂੰ 30 ਕਿੱਲੋ ਆਟਾ ਤੇ 20 ਰੁਪਏ ਕਿੱਲੋ ਦਾਲ ਦੇਣ ਦਾ ਵਾਅਦਾ ਕੀਤਾ।

ਨਵੇਂ ਉਦਯੋਗਾਂ ਵਿੱਚ ਪੰਜਾਬੀ ਨੌਜਵਾਨਾਂ ਲਈ 75% ਨੌਕਰੀਆਂ ਰਾਖਵੀਆਂ ਕਰਨ ਅਤੇ ਨਵਾਂ ਕੰਮ ਸ਼ੁਰੂ ਕਰਨ ਲਈ 10 ਲੱਖ ਰੁਪਏ ਦਾ ਵਿਆਜ ਮੁਕਤ ਕਰਜ਼ਾ ਦੇਣ ਦਾ ਐਲਾਨ ਕੀਤਾ ਹੈ।

ਖੰਨਾ ਅਤੇ ਜਗਰਾਓਂ ਨੂੰ ਨਵੇਂ ਜ਼ਿਲ੍ਹੇ ਬਣਾਉਣ ਦਾ ਐਲਾਨ ਕੀਤਾ ਹੈ।

ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਦੀਆਂ ਜਾਇਦਾਦਾਂ ਜ਼ਬਤ ਕਰਨ ਦਾ ਐਲਾਨ ਕੀਤਾ ਹੈ।

### ਲੋਕਾਂ ਦਾ ਹੁੰਗਾਰਾ ਅਤੇ 'ਨਵਾਂ ਅਕਾਲੀ ਦਲ' ਕਿਉਂ ਫੇਲ੍ਹ ਹੋਇਆ?

ਲੋਕਾਂ ਦਾ ਮੁੜ ਅਕਾਲੀ ਦਲ ਵੱਲ ਮੁੜਨ ਦਾ ਵੱਡਾ ਕਾਰਨ ਮੌਜੂਦਾ ਆਪ ਸਰਕਾਰ ਦੀਆਂ ਕਮੀਆਂ ਅਤੇ ਸਿਆਸੀ ਲੀਡਰਸ਼ਿਪ ਦੀ ਘਾਟ ਹੈ।

'ਸੁਧਾਰ ਲਹਿਰ' ਜਾਂ ਨਵਾਂ ਅਕਾਲੀ ਦਲ ਬਣਾਉਣ ਵਾਲੇ ਆਗੂ ਇਸ ਲਈ ਫੇਲ੍ਹ ਹੋਏ ਕਿਉਂਕਿ ਉਨ੍ਹਾਂ ਕੋਲ ਸੁਖਬੀਰ ਬਾਦਲ ਵਰਗਾ ਮਜ਼ਬੂਤ ਜਥੇਬੰਦਕ ਢਾਂਚਾ ਅਤੇ ਸਾਧਨ ਨਹੀਂ ਸਨ। ਲੋਕਾਂ ਨੇ ਮਹਿਸੂਸ ਕੀਤਾ ਕਿ ਪਾਰਟੀ ਨੂੰ ਤੋੜਨ ਨਾਲ ਸਿਰਫ਼ ਵਿਰੋਧੀਆਂ (ਆਪ/ਕਾਂਗਰਸ) ਨੂੰ ਫਾਇਦਾ ਹੋ ਰਿਹਾ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਨਵੇਂ ਧੜਿਆਂ ਕੋਲ ਕੋਈ ਸਪਸ਼ਟ ਵਿਜ਼ਨ ਨਹੀਂ ਸੀ, ਜਦਕਿ ਸੁਖਬੀਰ ਬਾਦਲ ਨੇ ਪ੍ਰਕਾਸ਼ ਸਿੰਘ ਬਾਦਲ ਦੇ ਵਿਕਾਸ ਕਾਰਜਾਂ ਨੂੰ ਯਾਦ ਕਰਵਾ ਕੇ ਲੋਕਾਂ ਦੀਆਂ ਭਾਵਨਾਵਾਂ ਨੂੰ ਮੁੜ ਜੋੜਿਆ ਹੈ।




### ਸੁਖਬੀਰ ਬਾਦਲ ਦੀਆਂ ਹਾਲੀਆ ਰੈਲੀਆਂ ਦੇ ਮੁੱਖ ਪੜਾਅ

ਬਾਦਲ ਨੇ ਪੂਰੇ ਪੰਜਾਬ ਵਿੱਚ ਰੈਲੀਆਂ ਦੀ ਝੜੀ ਲਗਾਈ ਹੋਈ ਹੈ, ਜਿਨ੍ਹਾਂ ਵਿੱਚ ਮੁੱਖ ਹਨ:

**ਕਾਦੀਆਂ:** ਜਿੱਥੋਂ ਯਾਤਰਾ ਦੀ ਸ਼ੁਰੂਆਤ ਹੋਈ।

**ਮੌੜ (ਬਠਿੰਡਾ):** ਇੱਥੇ ਉਨ੍ਹਾਂ ਨੇ 'ਆਪ' ਸਰਕਾਰ ਵੱਲੋਂ ਲਏ ਜਾ ਰਹੇ 52 ਹਜ਼ਾਰ ਕਰੋੜ ਦੇ ਕਰਜ਼ੇ 'ਤੇ ਸਵਾਲ ਚੁੱਕੇ।

**ਖੰਨਾ (ਲੁਧਿਆਣਾ):** ਇੱਥੇ ਹਜ਼ਾਰਾਂ ਦੀ ਭੀੜ ਨੇ ਅਕਾਲੀ ਦਲ ਦੀ ਤਾਕਤ ਦਾ ਪ੍ਰਦਰਸ਼ਨ ਕੀਤਾ।

### ਜਗਰਾਓਂ ਅਤੇ ਲੁਧਿਆਣਾ ਸ਼ਹਿਰ: ਸ਼ਹਿਰੀ ਅਤੇ ਪੇਂਡੂ ਵੋਟਰਾਂ ਨੂੰ ਜੋੜਨ ਲਈ ਵਿਸ਼ੇਸ਼ ਪ੍ਰੋਗਰਾਮ ਕੀਤੇ ਗਏ।

ਸੁਖਬੀਰ ਬਾਦਲ ਦਾ ਕਹਿਣਾ ਹੈ ਕਿ ਪੰਜਾਬ ਨੂੰ ਦਿੱਲੀ ਦੇ ਰਿਮੋਟ ਕੰਟਰੋਲ ਤੋਂ ਮੁਕਤ ਕਰਵਾਉਣ ਲਈ ਅਕਾਲੀ ਦਲ ਦਾ ਮਜ਼ਬੂਤ ਹੋਣਾ ਜ਼ਰੂਰੀ ਹੈ। ਅਮਿਤ ਗੋਸਾਈਂ ਵਰਗੇ ਸ਼ਹਿਰੀ ਚਿਹਰਿਆਂ ਦਾ ਸ਼ਾਮਲ ਹੋਣਾ ਦੱਸਦਾ ਹੈ ਕਿ ਅਕਾਲੀ ਦਲ ਹੁਣ ਪੰਥਕ ਵੋਟਾਂ ਦੇ ਨਾਲ-ਨਾਲ ਸ਼ਹਿਰੀ ਹਿੰਦੂ ਵੋਟਾਂ 'ਤੇ ਵੀ ਪੂਰੀ ਨਜ਼ਰ ਰੱਖ ਰਿਹਾ ਹੈ।

# ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਅੰਬ ਸਾਹਿਬ ਜ਼ਮੀਨ ਘੁਟਾਲੇ ਮਾਮਲੇ ਵਿੱਚ ਸਕੱਤਰ ਪ੍ਰਤਾਪ ਸਿੰਘ ਨੂੰ ਕੀਤਾ ਮੁਅੱਤਲ

ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਨਾਲ ਜੁੜੇ ਕਥਿਤ ਘੁਟਾਲੇ ਦੇ ਮਾਮਲੇ ਵਿੱਚ ਇੱਕ ਸਖ਼ਤ ਕਦਮ ਚੁੱਕਦਿਆਂ ਆਪਣੇ ਸਕੱਤਰ ਪ੍ਰਤਾਪ ਸਿੰਘ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ। ਇਹ ਕਾਰਵਾਈ ਸੰਸਥਾ ਦੇ ਅੰਦਰੂਨੀ ਪ੍ਰਸ਼ਾਸਨਿਕ ਕੰਮਕਾਜ ਵਿੱਚ ਪਾਰਦਰਸ਼ਤਾ ਲਿਆਉਣ ਦੇ ਉਦੇਸ਼ ਨਾਲ ਕੀਤੀ ਗਈ ਹੈ। ਇਸ ਫੈਸਲੇ ਦੀ ਜਾਣਕਾਰੀ ਦਿੰਦਿਆਂ ਐਸ.ਜੀ.ਪੀ.ਸੀ. ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਕਾਰਵਾਈ ਪੂਰੀ ਤਰ੍ਹਾਂ ਨਾਲ ਜਾਂਚ 'ਤੇ ਆਧਾਰਿਤ ਹੈ। ਫੈਸਲੇ ਦੇ ਮੁੱਖ ਪਹਿਲੂ ਇਹ ਹਨ ਕਿ ਗੁਰਦੁਆਰਾ ਅੰਬ ਸਾਹਿਬ ਦੀ ਜ਼ਮੀਨ ਨਾਲ ਸਬੰਧਤ ਘੁਟਾਲੇ ਦਾ ਮਾਮਲਾ, ਜਿਸ ਵਿੱਚ ਕਥਿਤ ਤੌਰ 'ਤੇ ਵਿੱਤੀ ਅਤੇ ਪ੍ਰਸ਼ਾਸਨਿਕ ਅਣਗਹਿਲੀ ਸਾਹਮਣੇ ਆਈ ਸੀ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਸਬੰਧੀ ਹੁਕਮ ਜਾਰੀ ਕੀਤੇ। ਇਹ ਫੈਸਲਾ ਉਸ ਵਿਸ਼ੇਸ਼ 'ਸਬ-ਕਮੇਟੀ' ਦੀ ਰਿਪੋਰਟ ਦੇ ਆਧਾਰ 'ਤੇ ਲਿਆ ਗਿਆ ਹੈ, ਜਿਸ ਨੇ ਇਸ ਘਪਲੇ ਬਾਰੇ ਰਿਪੋਰਟ ਪੇਸ਼ ਕੀਤੀ। ਐਸ.ਜੀ.ਪੀ.ਸੀ. ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਬ-ਕਮੇਟੀ ਦੀ ਰਿਪੋਰਟ ਦਾ ਗੰਭੀਰ ਨੋਟਿਸ ਲੈਂਦਿਆਂ ਸਕੱਤਰ ਪ੍ਰਤਾਪ ਸਿੰਘ ਖ਼ਿਲਾਫ਼ ਇਹ ਅਨੁਸ਼ਾਸਨੀ ਕਾਰਵਾਈ ਕੀਤੀ ਹੈ। ਇਸ ਮੁਅੱਤਲੀ ਤੋਂ ਬਾਅਦ ਸੰਗਤਾਂ ਅਤੇ ਪੰਥਕ ਹਲਕਿਆਂ ਵਿੱਚ ਇਸ ਗੱਲ 'ਤੇ ਚਰਚਾ ਹੈ ਕਿ ਕੀ ਇਸ ਮਾਮਲੇ ਵਿੱਚ ਹੋਰ ਵੀ ਕਾਰਵਾਈਆਂ ਹੋਣਗੀਆਂ। ਐਸ. ਜੀ. ਪੀ. ਸੀ. ਪ੍ਰਸ਼ਾਸਨ ਵੱਲੋਂ ਹਾਲੇ ਤੱਕ ਇਸ ਮਾਮਲੇ 'ਤੇ ਹੋਰ ਵੇਰਵੇ ਸਾਂਝੇ ਨਹੀਂ ਕੀਤੇ ਗਏ ਹਨ, ਪਰ ਸਬ-ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

# ਕੀ ਬਿਹਾਰ ਰਾਜਨੀਤੀ ਵਿੱਚ ਭਾਜਪਾ ਨੇ ਨਿਤਿਸ਼ ਯੁੱਗ ਦਾ ਕੀਤਾ ਅੰਤ ?

## ✪ ਵੰਸ਼ਵਾਦ ਦੇ ਘੇਰੇ ਵਿੱਚ ਨਿਤਿਸ਼, ਨਿਸ਼ਾਂਤ ਕੁਮਾਰ ਦੀ ਐਂਟਰੀ ਨਾਲ ਨਵੀਂ ਬਹਿਸ ਛਿੜੀ ✪ ਜੇਡੀਯੂ ਦਾ ਭਵਿੱਖ: ਕੀ ਪਾਰਟੀ ਨਿਸ਼ਾਂਤ ਦੀ ਅਗਵਾਈ ਵਿੱਚ ਟਿਕ ਸਕੇਗੀ ? ✪ ਬਿਹਾਰ ਦਾ ਅਗਲਾ ਮੁੱਖ ਮੰਤਰੀ ਕੌਣ ? ਭਾਜਪਾ ਲਈ ਚੁਣੌਤੀਆਂ ਅਤੇ ਸੰਭਾਵਨਾਵਾਂ

ਬਿਹਾਰ ਦੀ ਰਾਜਨੀਤੀ ਵਿੱਚ ਇੱਕ ਵੱਡਾ ਬਦਲਾਅ ਆ ਗਿਆ ਹੈ। ਪਿਛਲੇ 20 ਸਾਲਾਂ ਤੋਂ ਨਿਰੰਤਰ ਮੁੱਖ ਮੰਤਰੀ ਰਹੇ ਨਿਤਿਸ਼ ਕੁਮਾਰ ਨੇ ਰਾਜ ਸਭਾ ਲਈ ਨਾਮਜ਼ਦਗੀ ਭਰ ਕੇ ਰਾਜਨੀਤੀ ਤੋਂ ਵਿਦਾਈ ਲੈਣ ਦਾ ਫੈਸਲਾ ਕੀਤਾ ਹੈ। ਇਸ ਨਾਲ ਬਿਹਾਰ ਵਿੱਚ ਨਿਤਿਸ਼ ਯੁੱਗ ਦਾ ਅੰਤ ਹੋ ਗਿਆ ਹੈ। ਨਿਤਿਸ਼ ਨੇ ਕਿਹਾ ਕਿ ਉਹ ਪਹਿਲਾਂ ਲੋਕ ਸਭਾ ਮੈਂਬਰ ਰਹਿ ਚੁੱਕੇ ਹਨ ਅਤੇ ਹੁਣ ਰਾਜ ਸਭਾ ਵਿੱਚ ਜਾਣਾ ਚਾਹੁੰਦੇ ਹਨ। ਪਰ ਵਿਰੋਧੀ ਪਾਰਟੀਆਂ, ਖਾਸ ਕਰਕੇ ਆਰਜੇਡੀ ਨੇ ਇਸ ਨੂੰ ਭਾਜਪਾ ਦੀ ਚਾਲ ਕਰਾਰ ਦਿੱਤਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਭਾਜਪਾ ਨੇ ਨਿਤਿਸ਼ ਨੂੰ ਮਜਬੂਰ ਕੀਤਾ ਹੈ ਅਤੇ ਜੇਡੀਯੂ ਨੂੰ ਸਿਆਸੀ ਤੌਰ ਉਪਰ ਕਮਜ਼ੋਰ ਕੀਤਾ ਹੈ, ਜਿਵੇਂ ਮਹਾਰਾਸ਼ਟਰ ਵਿੱਚ ਸ਼ਿਵ ਸੈਨਾ ਅਤੇ ਹੋਰ ਰਾਜਾਂ ਵਿੱਚ ਭਾਜਪਾ ਨੇ ਸਹਿਯੋਗੀ ਪਾਰਟੀਆਂ ਨੂੰ ਤੋੜ ਕੇ ਆਪਣੇ ਵਿੱਚ ਮਿਲਾਇਆ ਸੀ।



ਵਿਰੋਧੀ ਆਗੂ ਤੇਜਸਵੀ ਯਾਦਵ ਨੇ ਕਿਹਾ ਕਿ ਭਾਜਪਾ ਨੇ ਬਿਹਾਰ ਦੇ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਪਿਛਲੀ ਵਿਧਾਨ ਸਭਾ ਚੋਣਾਂ ਵਿੱਚ ਐਨਡੀਏ ਨੇ '25 ਤੋਂ 30 ਫਿਰ ਨਿਤਿਸ਼' ਦਾ ਨਾਅਰਾ ਦਿੱਤਾ ਸੀ, ਪਰ ਹੁਣ ਨਿਤਿਸ਼ ਨੂੰ ਹਟਾ ਕੇ ਭਾਜਪਾ ਆਪਣਾ ਮੁੱਖ ਮੰਤਰੀ ਬਣਾਉਣਾ ਚਾਹੁੰਦੀ ਹੈ। ਜੇਡੀਯੂ ਵਿੱਚ ਵੀ ਅੰਦਰੂਨੀ ਵਿਰੋਧ ਵਧ ਗਿਆ ਹੈ। ਪਾਰਟੀ ਵਰਕਰਾਂ ਨੇ ਪਟਨਾ ਵਿੱਚ ਮੁੱਖ ਦਫਤਰ ਵਿੱਚ ਫਰਨੀਚਰ ਤੋੜ ਕੇ ਰੋਸ ਪ੍ਰਗਟ ਕੀਤਾ ਸੀ ਅਤੇ ਨਿਤਿਸ਼ ਦੇ ਨਿਵਾਸ ਵੱਲ ਮਾਰਚ ਕੀਤਾ ਸੀ। ਉਨ੍ਹਾਂ ਨੂੰ ਲੱਗਦਾ ਹੈ ਕਿ ਨਿਤਿਸ਼ ਨੂੰ ਭਾਜਪਾ ਨੇ ਧੱਕੇ ਨਾਲ ਹਟਾਇਆ ਹੈ। ਇਸ ਸਭ ਵਿੱਚ ਸਭ ਤੋਂ ਵੱਡਾ ਮੋੜ ਆਇਆ ਹੈ ਨਿਤਿਸ਼ ਦੇ ਬੇਟੇ ਨਿਸ਼ਾਂਤ ਕੁਮਾਰ ਦੀ ਐਂਟਰੀ ਨਾਲ। ਨਿਸ਼ਾਂਤ ਨੇ ਬੀਤੇ ਐਤਵਾਰ ਨੂੰ ਪਟਨਾ ਵਿੱਚ ਜੇਡੀਯੂ ਵਿੱਚ ਰਸਮੀ ਤੌਰ ਤੇ ਸ਼ਾਮਲ ਹੋ ਕੇ ਸਿਆਸੀ ਸਫਰ ਸ਼ੁਰੂ ਕੀਤਾ ਹੈ। ਜੇਡੀਯੂ ਦੇ ਰਾਸ਼ਟਰੀ ਵਰਕਿੰਗ ਪ੍ਰੈਜ਼ੀਡੈਂਟ ਸੰਜੈ ਝਾ ਨੇ ਉਨ੍ਹਾਂ ਨੂੰ ਮੈਂਬਰਸ਼ਿਪ ਦਿੱਤੀ। ਇਸ ਮੌਕੇ ਕੇਂਦਰੀ ਮੰਤਰੀ ਲਲਨ ਸਿੰਘ ਵਰਗੇ ਵੱਡੇ ਆਗੂ ਮੌਜੂਦ ਸਨ।

ਪਰ ਇਸ ਐਂਟਰੀ ਨਾਲ ਨਿਤਿਸ਼ ਤੇ ਵੰਸ਼ਵਾਦ ਦੇ ਦੋਸ਼ ਲੱਗ ਰਹੇ ਹਨ। ਨਿਤਿਸ਼ ਨੇ ਹਮੇਸ਼ਾ ਵੰਸ਼ਵਾਦ ਦਾ ਵਿਰੋਧ ਕੀਤਾ ਸੀ। ਉਨ੍ਹਾਂ ਨੇ ਲਾਲੂ ਯਾਦਵ ਅਤੇ ਤੇਜਸਵੀ ਨੂੰ ਵੰਸ਼ਵਾਦੀ ਕਿਹਾ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਨੇ ਪਰਿਵਾਰ ਨੂੰ ਅੱਗੇ ਨਹੀਂ ਵਧਾਇਆ। ਪਰ ਹੁਣ ਨਿਸ਼ਾਂਤ ਨੂੰ ਪਾਰਟੀ ਵਿੱਚ ਲਿਆਉਣ ਨਾਲ ਨਿਤਿਸ਼ ਉਪਰ ਸਵਾਲ ਉੱਠ ਰਹੇ ਹਨ ਕਿ ਕੀ ਨਿਤਿਸ਼ ਆਪਣੇ ਪਰਿਵਾਰ ਲਈ ਝੁੱਕ ਗਏ ਹਨ? ਆਰਜੇਡੀ ਨੇ ਇਸ ਨੂੰ ਨਿਤਿਸ਼ ਦੀ ਦੋਹਰੀ ਨੀਤੀ ਕਿਹਾ ਹੈ। ਨਿਸ਼ਾਂਤ ਇੰਜੀਨੀਅਰ ਹਨ ਅਤੇ ਪਹਿਲਾਂ ਰਾਜਨੀਤੀ ਤੋਂ ਦੂਰ ਰਹੇ ਸਨ, ਪਰ ਹੁਣ ਉਨ੍ਹਾਂ ਨੂੰ ਡਿਪਟੀ ਸੀਐੱਮ ਬਣਾਉਣ ਦੀ ਚਰਚਾ ਹੈ। ਜੇਡੀਯੂ ਵਿਧਾਇਕ ਹਰੀ ਨਾਰਾਇਣ ਸਿੰਘ ਨੇ ਕਿਹਾ ਕਿ ਇਹ ਫੈਸਲਾ ਸਰਵਸੰਮਤੀ ਨਾਲ ਹੋਇਆ ਹੈ ਪਾਰਟੀ ਬੁਲਾਰੇ ਨੀਰਜ ਕੁਮਾਰ ਨੇ ਕਿਹਾ ਕਿ ਨਿਸ਼ਾਂਤ ਨਵਾਂ ਚਿਹਰਾ ਹਨ ਅਤੇ ਉਨ੍ਹਾਂ ਦੀ ਸਾਦਗੀ ਤੇ ਵਿਦਿਆ ਪਾਰਟੀ ਨੂੰ ਤਾਕਤ ਦੇਵੇਗੀ। ਪਰ ਸਿਆਸੀ ਮਾਹਿਰ ਕਹਿੰਦੇ ਹਨ ਕਿ ਜੇਡੀਯੂ ਦੇ ਕੁਝ ਮੈਂਬਰ ਭਾਜਪਾ ਨਾਲ ਰਲੇਵਾਂ ਵੀ ਕਰ ਸਕਦੇ ਹਨ।

ਯਾਦ ਰਹੇ ਕਿ 2025 ਚੋਣਾਂ ਵਿੱਚ ਜੇਡੀਯੂ ਨੂੰ 85 ਸੀਟਾਂ ਮਿਲੀਆਂ, ਪਰ ਭਾਜਪਾ ਨੂੰ 117। ਇਸ ਨਾਲ ਨਿਤਿਸ਼ ਕਮਜ਼ੋਰ ਹੋ ਗਏ ਸਨ।

ਹੁਣ ਸਭ ਤੋਂ ਵੱਡਾ ਸਵਾਲ ਹੈ- ਬਿਹਾਰ ਦਾ ਅਗਲਾ ਮੁੱਖ ਮੰਤਰੀ ਕੌਣ ਬਣੇਗਾ? ਭਾਜਪਾ ਵਿੱਚ ਤਿੰਨ ਨਾਮ ਸਾਹਮਣੇ ਆ ਰਹੇ ਹਨ। ਪਹਿਲਾ, ਡਿਪਟੀ ਸੀਐੱਮ ਸਮਰਾਟ ਚੌਧਰੀ, ਜੋ ਪੱਛੜੇ ਵਰਗ ਨਾਲ ਸਬੰਧਿਤ ਹਨ ਅਤੇ ਕਈ ਪਾਰਟੀਆਂ ਵਿੱਚ ਤਜਰਬਾ ਰੱਖਦੇ ਹਨ। ਦੂਜਾ, ਕੇਂਦਰੀ ਮੰਤਰੀ ਨਿਤਿਆਨੰਦ ਰਾਏ, ਜੋ ਭਾਜਪਾ ਦੇ ਪੱਕੇ ਵਰਕਰ ਹਨ ਅਤੇ 35 ਸਾਲਾਂ ਦਾ ਸੰਗਠਨਾਤਮਕ ਤਜਰਬਾ ਹੈ। ਤੀਜਾ, ਮੰਤਰੀ ਦਿਲੀਪ ਜੈਸਵਾਲ, ਜੋ ਵੈਸ਼ੀ ਸਮਾਜ ਨਾਲ ਹਨ ਅਤੇ ਸੀਮਾਂਚਲ ਵਿੱਚ ਮਜ਼ਬੂਤ ਬੇਸ ਰੱਖਦੇ ਹਨ। ਭਾਜਪਾ ਨੇ ਅਜੇ ਅਧਿਕਾਰਤ ਐਲਾਨ ਨਹੀਂ ਕੀਤਾ, ਪਰ ਕੈਬਨਿਟ ਵਿੱਚ ਬਦਲਾਅ ਦੀ ਉਮੀਦ ਹੈ। ਜਾਤੀ ਅਤੇ ਖੇਤਰੀ ਸੰਤੁਲਨ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ। ਆਰਐੱਸਐੱਸ ਪਿੱਠੋਕੜ ਵਾਲੇ ਵਰਕਰਾਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਨਿਤਿਸ਼ ਦੀ ਵਿਦਾਈ ਨਾਲ ਬਿਹਾਰ ਰਾਜਨੀਤੀ ਬਦਲ ਜਾਵੇਗੀ। ਉਨ੍ਹਾਂ ਨੇ ਬਿਹਾਰ ਨੂੰ ਵਿਕਾਸ ਵੱਲ ਲਿਆਂਦਾ, ਪਰ ਅੰਤ ਵਿੱਚ ਉਨ੍ਹਾਂ ਨੂੰ ਮਜਬੂਰੀ ਵਿੱਚ ਵਿਦਾਈ ਲੈਣੀ ਪਈ। ਨਿਸ਼ਾਂਤ ਦੀ ਐਂਟਰੀ ਨਵੀਂ ਪੀੜ੍ਹੀ ਦੀ ਸ਼ੁਰੂਆਤ ਹੈ, ਪਰ ਵੰਸ਼ਵਾਦ ਦੇ ਦੋਸ਼ਾਂ ਨਾਲ ਉਹ ਕਿੰਨਾ ਅੱਗੇ ਵਧ ਸਕਦੇ ਹਨ, ਇਹ ਵੇਖਣ ਵਾਲੀ ਗੱਲ ਹੈ। ਭਾਜਪਾ ਲਈ ਨਵੇਂ ਸਿਆਸੀ ਮੌਕੇ ਪੈਦਾ ਹੋ ਗਏ ਹਨ, ਪਰ ਵਿਰੋਧੀ ਪਾਰਟੀਆਂ ਇਸ ਨੂੰ ਮੌਕਾ ਵਜੋਂ ਵਰਤ ਸਕਦੀਆਂ ਹਨ। ਬਿਹਾਰ ਦੇ ਲੋਕਾਂ ਨੂੰ ਉਡੀਕ ਹੈ ਨਵੀਂ ਲੀਡਰਸ਼ਿਪ ਦੀ।

# ਕੀ ਯੂਪੀ ਵਿਧਾਨ ਸਭਾ ਚੋਣਾਂ 2027 ਦੌਰਾਨ ਸਪਾ-ਕਾਂਗਰਸ ਗਠਜੋੜ ਕਰਨਗੇ ?

ਨਵੀਂ ਦਿੱਲੀ-2024 ਦੀਆਂ ਲੋਕ ਸਭਾ ਚੋਣਾਂ ਵਿੱਚ ਮਿਲੀ ਸਫਲਤਾ ਤੋਂ ਬਾਅਦ, ਉੱਤਰ ਪ੍ਰਦੇਸ਼ ਦੇ ਸਿਆਸੀ ਗਲਿਆਰਿਆਂ ਵਿੱਚ 'ਮਿਸ਼ਨ 2027' ਨੂੰ ਲੈ ਕੇ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਸਮਾਜਵਾਦੀ ਪਾਰਟੀ (ਸਪਾ) ਦੇ ਮੁਖੀ ਅਖਿਲੇਸ਼ ਯਾਦਵ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਕਾਂਗਰਸ ਨਾਲ ਗਠਜੋੜ ਨੂੰ ਮਜ਼ਬੂਤ ਕਰਨ ਅਤੇ ਰਣਨੀਤੀ ਬਣਾਉਣ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਵਿਰੋਧੀ ਗੱਠਜੋੜ ਦੀ ਰਣਨੀਤੀ ਦਾ ਮੁੱਖ ਆਧਾਰ 'ਜਾਤੀ ਸਮੀਕਰਨ' ਹੈ।

ਸੂਤਰਾਂ ਅਨੁਸਾਰ, ਕਾਂਗਰਸ ਨੇ ਆਪਣੇ ਜ਼ਿਲ੍ਹਾ ਨੈੱਟਵਰਕਾਂ ਰਾਹੀਂ ਇੱਕ ਵਿਸਤ੍ਰਿਤ ਰਿਪੋਰਟ ਤਿਆਰ ਕੀਤੀ ਹੈ, ਜਿਸ ਵਿੱਚ ਇਹ ਦੱਸਿਆ ਗਿਆ ਹੈ ਕਿ ਕਿਹੜੇ ਵਿਧਾਨ ਸਭਾ ਹਲਕਿਆਂ ਵਿੱਚ ਕਿਹੜੀ ਜਾਤੀ ਦਾ ਪ੍ਰਭਾਵ ਸਭ ਤੋਂ ਵੱਧ ਹੈ। ਇਸ ਰਿਪੋਰਟ ਨੂੰ ਸਪਾ ਨਾਲ ਸਾਂਝਾ ਕੀਤਾ ਗਿਆ ਹੈ ਤਾਂ ਜੋ ਗਠਜੋੜ ਦੇ ਸਭ ਤੋਂ ਮਜ਼ਬੂਤ ਉਮੀਦਵਾਰਾਂ ਦੀ ਚੋਣ ਕੀਤੀ ਜਾ ਸਕੇ।

## ✪ ਜਾਤੀ ਸਮੀਕਰਨਾਂ 'ਤੇ ਅਖਿਲੇਸ਼ ਦਾ ਜ਼ੋਰ



ਅਖਿਲੇਸ਼ ਯਾਦਵ ਦੀ ਰਣਨੀਤੀ ਵਿੱਚ "PDA" (ਪਛੜੇ, ਦਲਿਤ, ਘੱਟ ਗਿਣਤੀ) ਫਾਰਮੂਲਾ ਕੇਂਦਰ ਵਿੱਚ ਹੈ। ਲੋਕ ਸਭਾ ਚੋਣਾਂ ਵਿੱਚ ਇਸੇ ਰਣਨੀਤੀ ਨੇ ਭਾਜਪਾ ਨੂੰ ਕਈ ਸੀਟਾਂ 'ਤੇ ਪਿੱਛੇ ਧੱਕਣ ਵਿੱਚ ਸਫਲਤਾ ਦਿਵਾਈ ਸੀ, ਅਤੇ ਹੁਣ ਪਾਰਟੀ ਇਸ ਨੂੰ ਵਿਧਾਨ ਸਭਾ ਪੱਧਰ 'ਤੇ ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ।

ਸਪਾ ਅਤੇ ਕਾਂਗਰਸ ਦੋਵੇਂ ਹੀ ਇਸ ਵਾਰ ਕਿਸੇ ਵੀ ਤਰ੍ਹਾਂ ਦੀ ਚੂਕ ਤੋਂ ਬਚਣਾ ਚਾਹੁੰਦੇ ਹਨ। ਪਾਰਟੀ ਸੂਤਰਾਂ ਮੁਤਾਬਕ, ਬਿਹਾਰ ਚੋਣਾਂ ਦੌਰਾਨ ਵਿਰੋਧੀ ਧਿਰਾਂ ਵਿਚਕਾਰ ਤਾਲਮੇਲ ਦੀ ਕਮੀ ਕਾਰਨ ਹੋਈ ਹਾਰ ਨੂੰ ਦੇਖਦੇ ਹੋਏ, ਦੋਵੇਂ ਪਾਰਟੀਆਂ ਹੁਣ ਸੀਟਾਂ ਦੀ ਵੰਡ ਨੂੰ ਲੈ ਕੇ ਪਹਿਲਾਂ ਹੀ ਸਪੱਸ਼ਟ ਰਣਨੀਤੀ ਬਣਾਉਣ 'ਤੇ ਧਿਆਨ ਦੇ ਰਹੀਆਂ ਹਨ। ਦੋਵਾਂ ਪਾਰਟੀਆਂ ਦੀ ਸਿਖਰਲੀ ਲੀਡਰਸ਼ਿਪ ਦਾ ਮੰਨਣਾ ਹੈ ਕਿ ਭਾਜਪਾ ਨੂੰ ਰੋਕਣ ਲਈ ਇਹ ਗਠਜੋੜ ਜ਼ਰੂਰੀ ਹੈ। ਇਸੇ ਲਈ ਸੀਟਾਂ ਦੀ ਵੰਡ ਦੀ ਕਾਹਲੀ ਕਰਨ ਦੀ ਬਜਾਏ, ਉਮੀਦਵਾਰਾਂ ਦੀ ਮਜ਼ਬੂਤੀ ਅਤੇ ਜਾਤੀਗਤ ਤਾਲਮੇਲ ਨੂੰ ਪਹਿਲ ਦਿੱਤੀ ਜਾ ਰਹੀ ਹੈ।

### ਗਠਜੋੜ ਦਾ ਭਵਿੱਖ

ਸਪਾ ਅਤੇ ਕਾਂਗਰਸ ਨੇ ਵਾਰ-ਵਾਰ ਸਪੱਸ਼ਟ ਕੀਤਾ ਹੈ ਕਿ ਉਹ 2027 ਦੀਆਂ ਚੋਣਾਂ ਵਿੱਚ ਇਕੱਠੇ ਲੜਨਗੇ। ਕਾਂਗਰਸ ਨੇ ਆਪਣੀ ਹਾਜ਼ਰੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਕਈ ਕਦਮ ਚੁੱਕੇ ਹਨ, ਜਿਸ ਨਾਲ ਗਠਜੋੜ ਵਿੱਚ ਉਨ੍ਹਾਂ ਦਾ ਪੱਲੜਾ ਪਹਿਲਾਂ ਨਾਲੋਂ ਭਾਰੀ ਹੋਣ ਦੀ ਉਮੀਦ ਹੈ। ਜਿਵੇਂ-ਜਿਵੇਂ ਚੋਣਾਂ ਦਾ ਸਮਾਂ ਨੇੜੇ ਆ ਰਿਹਾ ਹੈ, ਉੱਤਰ ਪ੍ਰਦੇਸ਼ ਦੀ ਸਿਆਸਤ ਵਿੱਚ ਇਹ ਗਠਜੋੜ ਇੱਕ ਵੱਡੀ ਚੁਣੌਤੀ ਵਜੋਂ ਉੱਭਰ ਰਿਹਾ ਹੈ। ਆਉਣ ਵਾਲੇ ਦਿਨਾਂ ਵਿੱਚ ਸੀਟਾਂ ਦੀ ਰਸਮੀ ਵੰਡ ਅਤੇ ਸਾਂਝੇ ਪ੍ਰਚਾਰ ਦੀ ਰਣਨੀਤੀ ਸਾਹਮਣੇ ਆ ਸਕਦੀ ਹੈ।

# ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਵਲੋਂ ਚੰਡੀਗੜ੍ਹ ਪੁਲੀਸ ਦੀ ਸਖਤ ਨਿਖੇਧੀ "ਵਿਦਿਆਰਥੀ ਵਰਗ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਨਕਸ਼ੇ ਕਦਮਾਂ ਤੇ ਚੱਲੇ"




ਲੰਡਨ- ਸ਼ਾਂਤਮਈ ਤਰੀਕੇ ਨਾਲ ਰੋਸ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਤੇ ਚੰਡੀਗੜ੍ਹ ਪੁਲਿਸ ਵਲੋਂ ਕੀਤੇ ਗਏ ਅੱਤਿਆਚਾਰ ਨੂੰ ਗੰਭੀਰਤਾ ਨਾਲ ਸਮਝਣ ਦੀ ਜਰੂਰਤ ਹੈ । ਭਾਵੇਂ ਕਿ ਵਿਦਿਆਰਥੀਆਂ ਤੇ ਅਣਮਨੁੱਖੀ ਲਾਠੀਚਾਰਜ ਚੰਡੀਗੜ੍ਹ ਪੁਲਿਸ ਨੇ ਕੀਤਾ ਹੈ ਪਰ ਇਸ ਪਿੱਛੇ ਹਿੰਦੂਤਵੀ ਲਾਬੀ ਦੇ ਪੰਜਾਬ ਵਿੱਚ ਪੈਰ ਲਗਵਾਉਣ ਦੀ ਸਾਜਿਸ਼ ਹੈ। ਇਸੇ ਸਾਜਿਸ਼ ਤਹਿਤ ਆਰ. ਐੱਸ. ਐੱਸ ਦੇ ਆਗੂ ਨੂੰ ਬਤੌਰ ਮੁੱਖ ਮਹਿਮਾਨ ਬੁਲਾਇਆ ਗਿਆ ਸੀ । ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਨੇ ਪੁਲਿਸ ਵਲੋਂ ਵਿਦਿਆਰਥੀਆਂ ਤੇ ਕੀਤੇ ਗਏ ਜ਼ੁਲਮ ਦੀ ਸਖਤ ਨਿਖੇਧੀ ਕੀਤੀ ਹੈ।

ਜਿਕਰਯੋਗ ਹੈ ਕਿ ਵਿਦਿਆਰਥੀ ਜਥੇਬੰਦੀ ਸੱਥ ਵਲੋਂ ਆਰ. ਐੱਸ. ਐਸ ਦੁਆਰਾ ਵਿੱਦਿਅਕ ਅਦਾਰਿਆਂ ਵਿੱਚ ਕੀਤੀ ਜਾ ਰਹੀ ਘੁਸਪੈਠ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਗਿਆ। ਪਰ ਪੁਲਿਸ ਵਲੋਂ ਉਹਨਾਂ ਦੀਆਂ ਪੱਗਾਂ ਅਤੇ ਚੁੰਨੀਆਂ ਉਤਾਰੀਆਂ ਗਈਆਂ ਅਤੇ ਅੰਨ੍ਹੇਵਾਹ ਲਾਠੀਚਾਰਜ ਚਾਰਜ ਕੀਤਾ ਗਿਆ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਨੇ ਜਾਰੀ ਪ੍ਰੈੱਸ ਬਿਆਨ ਵਿੱਚ ਇਸ ਦੀ ਸਖਤ ਨਿਖੇਧੀ ਕੀਤੀ ਹੈ । ਸਮੂਹ ਵਿਦਿਆਰਥੀ ਵਰਗ ਦਿ ਫਰਜ ਹੈ ਕਿ ਉਹ ਗੌਰਵਮਈ ਸਿੱਖ ਇਤਿਹਾਸ ਦੇ ਸੁਨਿਹਰੀ ਪੰਨਿਆਂ ਦੇ ਪਾਤਰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਜੁਝਾਰੂਆਂ ਦੀ ਪੈੜ ਨੱਪਣ। ਜਿਕਰਯੋਗ ਹੈ ਕਿ ਵਿਦਿਆਰਥੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਦੇ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ, ਸ਼ਹੀਦ ਭਾਈ ਗੁਰਜੀਤ ਸਿੰਘ ਅਤੇ ਗਰਲਜ਼ ਵਿੰਗ ਦੀ ਪ੍ਰਧਾਨ ਬੀਬੀ ਉਪਕਾਰ ਕੌਰ ਸਮੇਤ ਹਜਾਰਾਂ ਦੀ ਤਾਦਾਦ ਵਿੱਚ ਅਹੁਦੇਦਾਰ, ਮੈਂਬਰ ਅਜਾਦ ਸਿੱਖ ਰਾਜ ਖਾਲਿਸਤਾਨ ਵਾਸਤੇ ਸੰਘਰਸ਼ ਕਰਦੇ ਹੋਏ ਸ਼ਹੀਦ ਹੋ ਚੁੱਕੇ ਹਨ ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜ਼ੇਸ਼ਨਜ਼ ਯੂ,ਕੇ ਵਲੋਂ ਭਾਈ ਜਗਤਾਰ ਸਿੰਘ ਹਾਵਾਰਾ ਦੀ ਪੈਰੋਲ ਸਬੰਧੀ ਪੰਜਾਬ ਸਰਕਾਰ ਵਲੋਂ ਅਪਣਾਈ ਗਈ ਨਾਕਾਰਮਤ ਪਹੁੰਚ ਦੀ ਸਖਤ ਨਿਖੇਧੀ ਕਰਦਿਆਂ ਆਖਿਆ ਕਿ ਇਹੋ ਜਿਹੀਆਂ ਕਾਰਵਾਈਆਂ ਸਾਬਤ ਕਰਦੀਆਂ ਹਨ ਕਿ ਭਾਰਤ ਵਿੱਚ ਸਿੱਖਾਂ ਵਾਸਤੇ ਕਨੂੰਨ ਵੱਖਰੇ ਹਨ ਅਤੇ ਹਿੰਦੂ ਬਹੁਗਿਣਤੀ ਜਾਂ ਹਿੰਦੂਤਵੀ ਲਾਬੀ ਦੇ ਫੀਲਿਆਂ ਵਾਸਤੇ ਕਨੂੰਨ ਵੱਖਰੇ ਹਨ । ਬਲਾਤਕਾਰੀ ਅਸਾਧ ਨੂੰ ਸੱਤ ਸਾਲ ਵਿੱਚ ਡੇਢ ਦਰਜਨ ਤੋਂ ਜਿਆਦਾ ਵਾਰ ਪੈਰੋਲ ਦਿੱਤੀ ਜਾ ਚੁੱਕੀ ਹੈ ਜਦਕਿ ਸਿੱਖ ਸੰਘਰਸ਼ ਦੇ ਜੁਝਾਰੂ ਭਾਈ ਪਰਮਜੀਤ ਸਿੰਘ ਭਿਉਰਾ, ਭਾਈ ਜਗਤਾਰ ਸਿੰਘ ਤਾਰਾ,ਭਾਈ ਬਲਵੰਤ ਸਿੰਘ ਰਾਜੋਆਣਾ, ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਉਮਰ ਕੈਦ ਤੋਂ ਵੀ ਜਿਆਦਾ ਸਮਾਂ ਕੈਦ ਕੱਟਣ ਦੇ ਬਾਵਜੂਦ ਰਿਹਾਅ ਨਹੀਂ ਕੀਤੇ ਜਾ ਰਹੇ।

## ਬਦਲੇ ਦੀ ਅੱਗ 'ਚ ਮਾਂ ਤੇ ਤਿੰਨ ਬੱਚਿਆਂ ਦੇ ਕਾਤਲ ਨੂੰ ਉਮਰ ਕੈਦ, ਕਦੇ ਰਿਹਾਈ ਨਹੀਂ ਮਿਲੇਗੀ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਇੰਗਲੈਂਡ ਦੇ ਵੈਸਟ ਯਾਰਕਸ਼ਾਇਰ ਦੇ ਬ੍ਰੈਡਫੋਰਡ ਵਿੱਚ ਇਕ ਦਿਲ ਦਹਿਲਾ ਦੇਣ ਵਾਲੇ ਮਾਮਲੇ ਵਿੱਚ ਆਪਣੀ ਪੁਰਾਣੀ ਪ੍ਰੇਮਿਕਾ ਤੋਂ ਬਦਲਾ ਲੈਣ ਲਈ ਉਸ ਦੀ ਭੈਣ ਦੇ ਘਰ ਨੂੰ ਪੈਟਰੋਲ ਛਿੜਕ ਕੇ ਅੱਗ ਲਗਾਉਣ ਵਾਲੇ ਦੋਸ਼ੀ ਨੂੰ ਅਦਾਲਤ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਸ ਨੂੰ ਕਦੇ ਵੀ ਰਿਹਾਈ ਨਹੀਂ ਮਿਲੇਗੀ।

ਡੋਂਕਾਸਟਰ ਕ੍ਰਾਊਨ ਕੋਰਟ ਵਿੱਚ ਸੁਣਵਾਈ ਦੌਰਾਨ 40 ਸਾਲਾ ਸ਼ਰਾਜ਼ ਅਲੀ ਨੂੰ 29 ਸਾਲਾ ਬ੍ਰਾਇਓਨੀ ਗਾਵਿਥ ਅਤੇ ਉਸ ਦੇ ਤਿੰਨ ਬੱਚਿਆਂ ਫ਼ਨਦਓਸਹ 9 ਸਾਲਾ ਡੈਨਿਸਟੀ ਬਿਰਟਲ, 5 ਸਾਲਾ ਆਸਕਰ ਬਿਰਟਲ ਅਤੇ 22 ਮਹੀਨੇ ਦੀ ਆਬਰੀ ਬਿਰਟਲ ਦੇ ਕਤਲ ਦਾ ਦੋਸ਼ੀ ਕਰਾਰ ਦਿੱਤਾ ਗਿਆ। ਇਹ ਭਿਆਨਕ ਘਟਨਾ 21 ਅਗਸਤ 2024 ਨੂੰ ਬ੍ਰੈਡਫੋਰਡ ਦੇ ਵੈਸਟਬਰੀ ਰੋਡ ਸਥਿਤ ਘਰ ਵਿੱਚ ਵਾਪਰੀ ਸੀ। ਅਦਾਲਤ ਨੂੰ ਦੱਸਿਆ ਗਿਆ ਕਿ ਦੋਸ਼ੀ ਨੇ ਆਪਣੀ ਪੁਰਾਣੀ ਪ੍ਰੇਮਿਕਾ ਐਂਟੋਨੀਆ ਗਾਵਿਥ ਨਾਲ ਰਿਸ਼ਤਾ ਟੁੱਟਣ ਤੋਂ ਬਾਅਦ ਬਦਲੇ ਦੀ ਭਾਵਨਾ ਨਾਲ ਇਹ ਹਮਲਾ ਕੀਤਾ। ਘਟਨਾ ਵਾਲੀ ਰਾਤ ਉਹ ਆਪਣੇ ਸਾਥੀ 26 ਸਾਲਾ ਕੈਲਮ ਸੁੰਦਰਲੈਂਡ ਨਾਲ ਘਰ ਪਹੁੰਚਿਆ ਅਤੇ ਘਰ ਵਿੱਚ ਦਾਖ਼ਲ ਹੋ ਕੇ ਪੈਟਰੋਲ ਛਿੜਕ ਦਿੱਤਾ। ਅਦਾਲਤ ਵਿੱਚ ਪੇਸ਼ ਕੀਤੇ ਗਏ ਸਬੂਤਾਂ ਅਨੁਸਾਰ ਸੁੰਦਰਲੈਂਡ ਨੇ ਘਰ ਦਾ ਦਰਵਾਜ਼ਾ ਤੋੜਿਆ, ਜਦਕਿ ਅਲੀ ਨੇ ਘਰ ਵਿੱਚ ਪੈਟਰੋਲ ਪਾ ਕੇ ਅੱਗ ਲਗਾ ਦਿੱਤੀ। ਅੱਗ ਲੱਗਣ ਸਮੇਂ ਐਂਟੋਨੀਆ ਕਿਸੇ ਤਰ੍ਹਾਂ ਘਰ ਤੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਈ, ਪਰ ਘਰ ਵਿੱਚ ਮੌਜੂਦ ਬ੍ਰਾਇਓਨੀ ਅਤੇ ਉਸ ਦੇ ਤਿੰਨ ਨਿੱਕੇ ਬੱਚੇ ਅੰਦਰ ਹੀ ਫਸ ਗਏ। ਧੂੰਏਂ ਕਾਰਨ ਉਹ ਜਲਦੀ ਬੇਹੋਸ਼ ਹੋ ਗਏ ਅਤੇ ਉਨ੍ਹਾਂ ਦੀ ਮੌਤ ਹੋ ਗਈ।

ਜੱਜ ਮਿਸਟਰ ਜਸਟਿਸ ਹਿਲੀਅਰਡ ਨੇ ਸਜ਼ਾ ਸੁਣਾਉਂਦਿਆਂ ਕਿਹਾ ਕਿ ਦੋਸ਼ੀ ਦਾ ਮਕਸਦ ਪੂਰੇ ਪਰਿਵਾਰ ਨੂੰ ਖਤਮ ਕਰਨਾ ਸੀ ਅਤੇ ਉਹ ਆਪਣੀ ਨਫ਼ਰਤ ਕਾਰਨ ਬੱਚਿਆਂ ਦੀ ਜਾਨ ਨੂੰ ਵੀ ਗੌਣ ਸਮਝ ਰਿਹਾ ਸੀ। ਉਨ੍ਹਾਂ ਕਿਹਾ ਕਿ ਮਾਂ ਬ੍ਰਾਇਓਨੀ ਨੇ ਬੇਹੱਦ ਹਿੰਮਤ ਦਿਖਾਈ ਅਤੇ ਆਪਣੇ ਬੱਚਿਆਂ ਨੂੰ ਬਚਾਉਣ ਲਈ ਆਖ਼ਰੀ ਪਲ ਤੱਕ ਕੋਸ਼ਿਸ਼ ਕਰਦੀ ਰਹੀ।

ਇਸ ਮਾਮਲੇ ਵਿੱਚ ਸਾਥੀ ਕੈਲਮ ਸੁੰਦਰਲੈਂਡ ਨੂੰ ਵੀ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਜਿਸ ਵਿੱਚ ਘੱਟੋ-ਘੱਟ 18 ਸਾਲ ਕੈਦ ਕੱਟਣੀ ਹੋਵੇਗੀ। ਉਸ ਨੂੰ ਮਨਸਲਾਟਰ ਦਾ ਦੋਸ਼ੀ ਕਰਾਰ ਦਿੱਤਾ ਗਿਆ, ਜਦਕਿ ਕਤਲ ਦੇ ਦੋਸ਼ ਤੋਂ ਬਰੀ ਕਰ ਦਿੱਤਾ ਗਿਆ।

ਅਦਾਲਤ ਨੂੰ ਇਹ ਵੀ ਦੱਸਿਆ ਗਿਆ ਕਿ ਹਮਲੇ ਤੋਂ ਪਹਿਲਾਂ ਦੋਸ਼ੀ ਨੇ ਆਪਣੀ ਪੁਰਾਣੀ ਪ੍ਰੇਮਿਕਾ ਅਤੇ ਉਸ ਦੀ ਭੈਣ ਨੂੰ ਧਮਕੀ ਭਰੇ ਸੁਨੇਹੇ ਭੇਜੇ ਸਨ। ਘਟਨਾ ਵਾਲੀ ਰਾਤ ਸੀਸੀਟੀਵੀ ਕੈਮਰੇ ਵਿੱਚ ਉਹ ਘਰ ਵੱਲ ਜਾਂਦੇ ਹੋਏ ਵੀ ਕੈਦ ਹੋਇਆ ਸੀ।ਘਟਨਾ ਤੋਂ ਬਾਅਦ ਪੀੜਤ ਪਰਿਵਾਰ ਨੇ ਕਿਹਾ ਕਿ ਭਾਵੇਂ ਅਦਾਲਤ ਨੇ ਇਨਸਾਫ਼ ਕੀਤਾ ਹੈ, ਪਰ ਇਸ ਸਜ਼ਾ ਨਾਲ ਉਨ੍ਹਾਂ ਦੇ ਪਰਿਵਾਰ ਦਾ ਨੁਕਸਾਨ ਕਦੇ ਪੂਰਾ ਨਹੀਂ ਹੋ ਸਕਦਾ।

## ਈਰਾਨ ਲਈ ਜਾਸੂਸੀ ਦੇ ਸ਼ੱਕ 'ਚ ਇੰਗਲੈਂਡ 'ਚ 4 ਗ੍ਰਿਫ਼ਤਾਰ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਵਿੱਚ ਪੁਲਿਸ ਨੇ ਈਰਾਨ ਦੀ ਖੁਫੀਆ ਏਜੰਸੀ ਲਈ ਜਾਸੂਸੀ ਕਰਨ ਦੇ ਸ਼ੱਕ ਹੇਠ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੱਸਿਆ ਗਿਆ ਹੈ ਕਿ ਇਹ ਵਿਅਕਤੀ ਯਹੂਦੀ ਭਾਈਚਾਰੇ ਨਾਲ ਸੰਬੰਧਤ ਕੁਝ ਥਾਵਾਂ ਅਤੇ ਲੋਕਾਂ ਤੇ ਨਿਗਰਾਨੀ ਕਰ ਰਹੇ ਸਨ।

ਮੇਟਰੋਪੋਲਿਟਨ ਪੁਲਿਸ ਦੇ ਕਾਊਂਟਰ ਟੈਰਰਿਜ਼ਮ ਅਧਿਕਾਰੀਆਂ ਵੱਲੋਂ ਕੀਤੀ ਗਈ ਯੋਜਨਾਬੱਧ ਕਾਰਵਾਈ ਦੌਰਾਨ ਇਹ ਗ੍ਰਿਫ਼ਤਾਰੀਆਂ ਸਵੇਰੇ ਕਰੀਬ 1 ਵਜੇ ਬਾਰਨੇਟ ਅਤੇ ਵਾਟਫੋਰਡ ਖੇਤਰਾਂ ਵਿੱਚ ਕੀਤੀਆਂ ਗਈਆਂ। ਗ੍ਰਿਫ਼ਤਾਰ ਹੋਣ ਵਾਲਿਆਂ ਵਿੱਚ ਇੱਕ ਇਰਾਨੀ ਨਾਗਰਿਕ ਅਤੇ ਤਿੰਨ ਦੋਹਰੇ ਬ੍ਰਿਟਿਸ਼-ਇਰਾਨੀ ਨਾਗਰਿਕ ਸ਼ਾਮਲ ਹਨ।

ਪੁਲਿਸ ਮੁਤਾਬਕ 40 ਸਾਲਾ ਅਤੇ 55 ਸਾਲਾ ਦੋ ਵਿਅਕਤੀਆਂ ਨੂੰ ਬਾਰਨੇਟ ਖੇਤਰ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ, ਜਦਕਿ 52 ਸਾਲਾ ਇਕ ਹੋਰ ਵਿਅਕਤੀ ਨੂੰ ਵਾਟਫੋਰਡ ਵਿੱਚੋਂ ਕਾਬੂ ਕੀਤਾ ਗਿਆ। ਚੌਥੇ ਸ਼ੱਕੀ 22 ਸਾਲਾ ਨੌਜਵਾਨ ਨੂੰ ਹੈਰੋ ਖੇਤਰ ਵਿੱਚੋਂ ਗ੍ਰਿਫ਼ਤਾਰ ਕੀਤਾ ਗਿਆ।

ਪੁਲਿਸ ਵੱਲੋਂ ਬਾਰਨੇਟ ਅਤੇ ਵੇਮਬਲੀ ਸਮੇਤ ਕਈ ਥਾਵਾਂ ਤੇ ਤਲਾਸ਼ੀ ਮੁਹਿੰਮ ਵੀ ਜਾਰੀ ਹੈ। ਇਸ ਕਾਰਵਾਈ ਦੌਰਾਨ ਹੋਰ ਛੇ ਵਿਅਕਤੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਤੇ ਇੱਕ ਅਪਰਾਧੀ ਦੀ ਮਦਦ ਕਰਨ ਦੇ ਦੋਸ਼ ਹਨ। ਇਸ ਤਰ੍ਹਾਂ ਕੁੱਲ 10 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ।

ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਗ੍ਰਿਫ਼ਤਾਰ ਵਿਅਕਤੀਆਂ ਤੇ ਨੈਸ਼ਨਲ ਸਿਕਿਉਰਿਟੀ ਐਕਟ 2023 ਦੇ ਤਹਿਤ ਵਿਦੇਸ਼ੀ ਖੁਫੀਆ ਏਜੰਸੀ ਦੀ ਮਦਦ ਕਰਨ ਦੇ ਸ਼ੱਕ ਵਿੱਚ ਕਾਰਵਾਈ ਕੀਤੀ ਗਈ ਹੈ। ਜਾਂਚ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮਾਮਲਾ ਯਹੂਦੀ ਭਾਈਚਾਰੇ ਨਾਲ ਸੰਬੰਧਤ ਥਾਵਾਂ ਅਤੇ ਵਿਅਕਤੀਆਂ ਤੇ ਕੀਤੀ ਜਾ ਰਹੀ ਸੰਭਾਵਿਤ ਨਿਗਰਾਨੀ ਨਾਲ ਜੁੜਿਆ ਹੋਇਆ ਹੈ।

ਕਾਊਂਟਰ ਟੈਰਰਿਜ਼ਮ ਪੁਲਿਸ ਦੀ ਮੁਖੀ ਕਮਾਂਡਰ ਹੈਲਨ ਫਲੈਨੇਗਨ ਨੇ ਕਿਹਾ ਕਿ ਇਹ ਗ੍ਰਿਫ਼ਤਾਰੀਆਂ ਇਕ ਲੰਬੇ ਸਮੇਂ ਤੋਂ ਚੱਲ ਰਹੀ ਜਾਂਚ ਦਾ ਹਿੱਸਾ ਹਨ ਅਤੇ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਪੁਲਿਸ ਲਗਾਤਾਰ ਕਾਰਵਾਈ ਕਰ ਰਹੀ ਹੈ।ਉਧਰ ਬ੍ਰਿਟੇਨ ਦੀ ਗ੍ਰਹਿ ਮੰਤਰੀ ਸ਼ਬਾਨਾ ਮਹਮੂਦ ਨੇ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਦੀ ਕਾਰਵਾਈ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਦੇਸ਼ ਦੀ ਸੁਰੱਖਿਆ ਲਈ ਸਰਕਾਰ ਹਰ ਤਰ੍ਹਾਂ ਦੀ ਕਾਰਵਾਈ ਕਰਨ ਲਈ ਤਿਆਰ ਹੈ ਅਤੇ ਕਿਸੇ ਵੀ ਸੰਭਾਵਿਤ ਖ਼ਤਰੇ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਨ੍ਹਾਂ ਨੂੰ ਕੋਈ ਸ਼ੱਕੀ ਗਤੀਵਿਧੀ ਨਜ਼ਰ ਆਏ ਤਾਂ ਤੁਰੰਤ ਪੁਲਿਸ ਨਾਲ ਸੰਪਰਕ ਕੀਤਾ ਜਾਵੇ!

# ਆਦੀਆਂ ਪੁਲਿਸ ਚੌਕੀ ਹੱਤਿਆਕਾਂਡ : ਰਣਜੀਤ ਸਿੰਘ ਦਾ 12 ਦਿਨਾਂ ਬਾਅਦ ਸਸਕਾਰ

✪ ਪਰਿਵਾਰ ਨੇ ਮੁੜ ਦੁਹਰਾਏ 'ਝੂਠੇ ਐਨਕਾਊਂਟਰ' ਦੇ ਦੋਸ਼






ਗੁਰਦਾਸਪੁਰ-ਆਦੀਆਂ ਪੁਲਿਸ ਚੌਕੀ 'ਤੇ ਹੋਏ ਹਮਲੇ ਦੇ ਮੁੱਖ ਮੁਲਜ਼ਮ ਵਜੋਂ ਨਾਮਜ਼ਦ ਰਣਜੀਤ ਸਿੰਘ ਦਾ ਅੰਤਿਮ ਸਸਕਾਰ ਘਟਨਾ ਦੇ 12 ਦਿਨਾਂ ਬਾਅਦ ਕਰ ਦਿੱਤਾ ਗਿਆ। ਪਰਿਵਾਰਕ ਮੈਂਬਰਾਂ ਨੇ ਲੰਬੇ ਸਮੇਂ ਤੱਕ ਅੰਤਿਮ ਸਸਕਾਰ ਨਾ ਕਰਨ ਦਾ ਫੈਸਲਾ ਲਿਆ ਸੀ, ਪਰ ਲਾਸ਼ ਦੀ ਵਿਗੜਦੀ ਹਾਲਤ ਨੂੰ ਦੇਖਦੇ ਹੋਏ ਆਖਰਕਾਰ ਬੀਤੇ ਐਤਵਾਰ ਨੂੰ ਸਸਕਾਰ ਕਰਨ ਦਾ ਫੈਸਲਾ ਲਿਆ ਗਿਆ ਸੀ।

ਇਹ ਮਾਮਲਾ ਦੋਰਾਂਗਲਾ ਦੀ ਆਦੀਆਂ ਪੁਲਿਸ ਚੌਕੀ ਨਾਲ ਜੁੜਿਆ ਹੈ, ਜਿੱਥੇ ਹੋਮ ਗਾਰਡ ਜਵਾਨ ਅਸ਼ੋਕ ਕੁਮਾਰ ਅਤੇ ਏਐੱਸਆਈ ਗੁਰਨਾਮ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਰਣਜੀਤ ਸਿੰਘ ਨੂੰ ਮਾਸਟਰ ਮਾਈਂਡ ਕਰਾਰ ਦਿੱਤਾ ਸੀ, ਜੋ 25 ਫਰਵਰੀ ਨੂੰ ਇੱਕ ਕਥਿਤ ਪੁਲਿਸ ਮੁਕਾਬਲੇ ਵਿੱਚ ਮਾਰਿਆ ਗਿਆ ਸੀ।

### ਪਰਿਵਾਰ ਦਾ ਰੁਖ ਅਤੇ ਇਨਸਾਫ਼ ਦੀ ਲੜਾਈ

ਪਰਿਵਾਰਕ ਮੈਂਬਰਾਂ ਅਤੇ ਵੱਖ-ਵੱਖ ਜਥੇਬੰਦੀਆਂ ਨੇ ਸ਼ੁਰੂ ਤੋਂ ਹੀ ਇਸ ਪੁਲਿਸ ਮੁਕਾਬਲੇ ਨੂੰ 'ਝੂਠਾ ਐਨਕਾਊਂਟਰ' ਕਰਾਰ ਦਿੱਤਾ ਹੈ। ਸਸਕਾਰ ਹੋਣ ਦੇ ਬਾਵਜੂਦ, ਪਰਿਵਾਰ ਨੇ ਇਨਸਾਫ਼ ਦੀ ਮੰਗ ਨੂੰ ਜਾਰੀ ਰੱਖਣ ਦਾ ਐਲਾਨ ਕੀਤਾ ਹੈ। ਆਉਣ ਵਾਲੀ 16 ਮਾਰਚ ਨੂੰ ਰਣਜੀਤ ਸਿੰਘ ਦੇ ਭੋਗ ਦੇ ਦਿਨ ਅਗਲੀ ਰਣਨੀਤੀ ਤਿਆਰ ਕੀਤੀ ਜਾਵੇਗੀ।

### ਹੋਰ ਮੁਲਜ਼ਮਾਂ ਦੀ ਸਥਿਤੀ

ਪੁਲਿਸ ਨੇ ਇਸ ਹੱਤਿਆਕਾਂਡ ਵਿੱਚ ਸ਼ਾਮਲ ਹੋਰ ਮੁਲਜ਼ਮਾਂ ਨੂੰ ਵੀ ਕਾਬੂ ਕਰ ਲਿਆ ਹੈ:

ਦਿਲਾਵਰ ਸਿੰਘ: ਪੁਲਿਸ ਵੱਲੋਂ ਗ੍ਰਿਫ਼ਤਾਰ, ਜਿਸਨੇ ਪੁੱਛਗਿੱਛ ਦੌਰਾਨ ਰਣਜੀਤ ਅਤੇ ਇੰਦਰਜੀਤ ਦੇ ਨਾਮ ਲਏ ਸਨ।

ਇੰਦਰਜੀਤ ਸਿੰਘ ਅਤੇ ਸਵਰਨ ਸਿੰਘ: ਅੰਮ੍ਰਿਤਸਰ ਤੋਂ ਗ੍ਰਿਫ਼ਤਾਰੀ ਤੋਂ ਬਾਅਦ ਇਹ ਮੁਲਜ਼ਮ ਵੀ ਹੁਣ ਪੁਲਿਸ ਰਿਮਾਂਡ 'ਤੇ ਹਨ।

ਇਸ ਮੌਕੇ ਵੱਡੀ ਗਿਣਤੀ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ, ਜੋ ਪਰਿਵਾਰ ਦੇ ਨਾਲ ਡਟੇ ਹੋਏ ਹਨ।

ਜ਼ਿਕਰਯੋਗ ਹੈ ਕਿ ਇਸ ਮਾਮਲੇ 'ਚ ਬਣੀ ਐਕਸ਼ਨ ਕਮੇਟੀ ਵਲੋਂ ਪਹਿਲਾਂ ਇਹ ਕਹਿ ਕੇ ਰਣਜੀਤ ਸਿੰਘ ਦਾ ਸਸਕਾਰ ਕਰਨ ਤੋਂ ਨਾਂਹ ਕੀਤੀ ਜਾ ਰਹੀ ਸੀ ਕਿ ਜਿੰਨੀ ਦੇਰ ਤੱਕ ਪਰਿਵਾਰ ਦੀਆਂ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਰਣਜੀਤ ਸਿੰਘ ਦੇ ਮਿਰਤਕ ਸਰੀਰ ਦਾ ਸਸਕਾਰ ਨਹੀਂ ਕੀਤਾ ਜਾਵੇਗਾ। ਪਰ ਪਰਿਵਾਰ ਅਤੇ ਐਕਸ਼ਨ ਕਮੇਟੀ ਅਨੁਸਾਰ ਰਣਜੀਤ ਸਿੰਘ ਦਾ ਮਿਰਤਕ ਸਰੀਰ ਖ਼ਰਾਬ ਹੋਣ ਦੇ ਖ਼ਦਸ਼ੇ ਕਾਰਨ ਅੱਜ ਉਨ੍ਹਾਂ ਨੂੰ ਅੰਤਿਮ ਸਸਕਾਰ ਕਰਨ ਦਾ ਫ਼ੈਸਲਾ ਲੈਣਾ ਪਿਆ ਹੈ। ਇਹ ਵੀ ਜ਼ਿਕਰਯੋਗ ਹੈ ਕਿ ਐਕਸ਼ਨ ਕਮੇਟੀ ਵਲੋਂ ਪਹਿਲਾਂ 9 ਮਾਰਚ ਨੂੰ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਫ਼ਤਰ ਸਾਹਮਣੇ ਧਰਨਾ ਦੇਣ ਦਾ ਵੀ ਫ਼ੈਸਲਾ ਕੀਤਾ ਗਿਆ ਸੀ ।

### ਆਪਣੇ ਪੁੱਤਰ ਦਾ ਮੂੰਹ ਨਹੀਂ ਦੇਖ ਸਕਿਆ ਪਿਤਾ

ਦੱਸਿਆ ਜਾ ਰਿਹਾ ਹੈ ਕਿ ਰਣਜੀਤ ਸਿੰਘ ਦਾ ਪਿਤਾ ਉਸ ਸਮੇਂ ਵਿਦੇਸ਼ ਵਿਚ ਗਿਆ ਸੀ ਜਦੋਂ ਰਣਜੀਤ ਸਿੰਘ ਚੌਥੀ ਕਲਾਸ ਵਿਚ ਪੜ੍ਹਦਾ ਸੀ । ਵਿਦੇਸ਼ ਰਹਿੰਦਿਆਂ ਇਕ ਮਾਮਲੇ ਵਿਚ ਰਣਜੀਤ ਸਿੰਘ ਪਿਤਾ ਜੇਲ੍ਹ ਅੰਦਰ ਬੰਦ ਹੋਣ ਕਾਰਨ ਪਰਿਵਾਰ ਵਲੋਂ ਇਸ ਦੁੱਖ ਦੀ ਘੜੀ ਵਿਚ ਉਸ ਨੂੰ ਭਾਰਤ ਲਿਆਉਣ ਲਈ ਕੇਂਦਰ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਸੀ ।ਪਰ ਪਰਿਵਾਰ ਦੀ ਮੰਗ ਪੂਰੀ ਨਾ ਹੋ ਸਕੀ । ਜਿਸ ਕਾਰਨ ਅੱਜ ਰਣਜੀਤ ਸਿੰਘ ਦੇ ਅੰਤਿਮ ਸਸਕਾਰ ਦੌਰਾਨ ਵੀ ਉਸ ਦਾ ਪਿਤਾ ਆਪਣੇ ਪੁੱਤਰ ਦਾ ਮੂੰਹ ਨਹੀਂ ਦੇਖ ਸਕਿਆ।

ਨੈਂਸੀ ਗਰੇਵਾਲ ਕਤਲ ਕਾਂਡ

# ਪੁਲਿਸ ਦੀ ਜਾਂਚ ਵਿਚ ਵੱਡਾ ਖ਼ੁਲਾਸਾ, 'ਪਹਿਲਾਂ ਤੋਂ ਰਚੀ ਗਈ ਸੀ ਕਤਲ ਦੀ ਸਾਜ਼ਿਸ਼'

**✪ 20 ਵਾਰ ਚਾਕੂਆਂ ਨਾਲ ਕੀਤੇ ਵਾਰ, ਕਾਤਲ ਅਜੇ ਵੀ ਫਰਾਰ ✪ ਨੈਂਸੀ ਕਤਲ ਮਾਮਲੇ ਵਿਚ ਪੰਨੂ ਦੀ ਸਫਾਈ, ਪਰਿਵਾਰ ਨੇ ਲਾਏ ਗੰਭੀਰ ਇਲਜ਼ਾਮ ✪ ਕੀ ਸੱਚਮੁੱਚ ਖਾਲਿਸਤਾਨੀ ਹੱਥ ਹੈ ਜਾਂ ਕੋਈ ਹੋਰ ਸਾਜ਼ਿਸ਼ ?**

ਖਾਸ ਖਬਰ-ਕੈਨੇਡਾ ਦੇ ਓਨਟਾਰੀਓ ਸੂਬੇ ਦੇ ਲਾਸਾਲੇ (ਵਿੰਡਸਰ) ਵਿੱਚ 45 ਸਾਲਾ ਪੰਜਾਬੀ ਇੰਫਲੂਐਂਸਰ ਅਤੇ ਨਰਸ ਨੈਂਸੀ ਗਰੇਵਾਲ ਦਾ ਕਤਲ ਇੱਕ ਗੰਭੀਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। 3 ਮਾਰਚ, 2026 ਨੂੰ ਵਾਪਰੀ ਇਸ ਘਟਨਾ ਨੇ ਜਿੱਥੇ ਕੈਨੇਡਾ ਵਿੱਚ ਵਸਦੇ ਪੰਜਾਬੀ ਭਾਈਚਾਰੇ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਲਾਸਾਲੇ ਪੁਲਿਸ ਇਸ ਮਾਮਲੇ ਨੂੰ ਹਰ ਐਂਗਲ ਤੋਂ ਦੇਖ ਰਹੀ ਹੈ। ਅਧਿਕਾਰੀਆਂ ਨੇ ਫਿਲਹਾਲ ਕਿਸੇ ਵੀ ਸ਼ੱਕੀ ਦੀ ਗ੍ਰਿਫ਼ਤਾਰੀ ਜਾਂ ਮੁੱਖ ਦੋਸ਼ੀ ਬਾਰੇ ਕੋਈ ਵੀ ਜਾਣਕਾਰੀ ਸਾਂਝੀ ਕਰਨ ਤੋਂ ਇਨਕਾਰ ਕੀਤਾ ਹੈ, ਤਾਂ ਜੋ ਜਾਂਚ ਵਿੱਚ ਰੁਕਾਵਟ ਨਾ ਪਵੇ।

ਨੈਂਸੀ ਗਰੇਵਾਲ ਦੀ ਭੈਣ ਅਲੀਸ਼ਾ ਅਤੇ ਮਾਤਾ ਸ਼ਿੰਦਰਪਾਲ ਕੌਰ ਨੇ ਕਤਲ ਦੇ ਪਿੱਛੇ ਇੱਕ ਵੱਡੀ ਸਾਜ਼ਿਸ਼ ਦਾ ਖਦਸ਼ਾ ਜਤਾਇਆ ਹੈ। ਪਰਿਵਾਰ ਦਾ ਕਹਿਣਾ ਹੈ ਕਿ ਨੈਂਸੀ ਗਰੇਵਾਲ 'ਤੇ ਉਸ ਸਮੇਂ ਹਮਲਾ ਕੀਤਾ ਗਿਆ ਜਦੋਂ ਉਹ ਨਰਸਿੰਗ ਦੀ ਡਿਊਟੀ ਤੋਂ ਵਾਪਸ ਆ ਰਹੀ ਸੀ। ਪਰਿਵਾਰਕ ਸੂਤਰਾਂ ਅਤੇ ਮਾਂ ਦੇ ਬਿਆਨਾਂ ਮੁਤਾਬਕ, ਦੋ ਹਮਲਾਵਰਾਂ ਨੇ ਉਸ 'ਤੇ



ਚਾਕੂਆਂ ਨਾਲ ਕਈ ਵਾਰ ਕੀਤੇ। ਹਮਲਾ ਇੰਨਾ ਭਿਆਨਕ ਸੀ ਕਿ ਨੈਂਸੀ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮਾਂ ਨੇ ਕਿਹਾ ਕਿ ਨੈਂਸੀ ਨੂੰ ਲੰਬੇ ਸਮੇਂ ਤੋਂ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ। ਅਲੀਸ਼ਾ ਮੁਤਾਬਕ ਨੈਂਸੀ ਨੂੰ 40 ਤੋਂ ਵੱਧ ਧਮਕੀ ਭਰੇ ਫੋਨ ਆਏ ਸਨ। ਕੁਝ ਮਹੀਨੇ ਪਹਿਲਾਂ ਨੈਂਸੀ ਦੇ ਘਰ ਦੇ ਵਰਾਂਡੇ ਨੂੰ ਅੱਗ ਲਗਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਜਿਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਗਈ ਸੀ।

ਪਰਿਵਾਰ ਦਾ ਮੰਨਣਾ ਹੈ ਕਿ ਨੈਂਸੀ ਸੋਸ਼ਲ ਮੀਡੀਆ 'ਤੇ ਖਾਲਿਸਤਾਨ ਅਤੇ ਹੋਰ ਸਮਾਜਿਕ ਮੁੱਦਿਆਂ 'ਤੇ ਖੁੱਲ੍ਹ ਕੇ ਬੋਲਦੀ ਸੀ, ਜਿਸ ਕਰਕੇ ਉਸ ਨੂੰ ਨਿਸ਼ਾਨਾ ਬਣਾਇਆ ਗਿਆ। ਪਰਿਵਾਰ ਨੇ ਇਹ ਵੀ ਖਦਸ਼ਾ ਜਤਾਇਆ ਕਿ ਕੋਈ ਉਸ ਦੀ ਜਾਇਦਾਦ ਅਤੇ ਪੈਸੇ 'ਤੇ ਕਬਜ਼ਾ ਕਰਨਾ ਚਾਹੁੰਦਾ ਸੀ।

ਪਰਿਵਾਰ ਦਾ ਦੋਸ਼ ਹੈ ਕਿ ਨੈਂਸੀ ਨੇ ਆਪਣੀ ਜਾਨ ਨੂੰ ਖ਼ਤਰਾ ਹੋਣ ਬਾਰੇ ਪੁਲਿਸ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ ਅਤੇ ਕੁਝ ਸ਼ੱਕੀ ਵਿਅਕਤੀਆਂ ਦੇ ਨਾਮ ਵੀ ਦਿੱਤੇ ਸਨ, ਪਰ ਸਮੇਂ ਸਿਰ ਕਾਰਵਾਈ ਨਾ ਹੋ ਸਕੀ।

ਯਾਦ ਰਹੇ ਕਿ ਨੈਂਸੀ ਦੀਆਂ ਆਖਰੀ ਪੋਸਟਾਂ ਵਿੱਚ ਡੇਰਾ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਬਾਰੇ ਕੀਤੀਆਂ ਗਾਲਨੁਮਾ ਟਿੱਪਣੀਆਂ ਵੀ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਹਨ।

### ਗੁਰਪਤਵੰਤ ਸਿੰਘ ਪੰਨੂ ਅਤੇ ਖਾਲਿਸਤਾਨੀ ਪੱਖ

ਇਸ ਕਤਲ ਤੋਂ ਬਾਅਦ ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ ਦੀ ਇੱਕ ਵੀਡੀਓ ਸਾਹਮਣੇ ਆਈ ਹੈ, ਜਿਸ ਵਿੱਚ ਉਨ੍ਹਾਂ ਨੇ ਆਪਣਾ ਪੱਖ ਰੱਖਿਆ ਹੈ। ਪੰਨੂ ਨੇ ਦਾਅਵਾ ਕੀਤਾ ਹੈ ਕਿ ਖਾਲਿਸਤਾਨੀ ਲਹਿਰ ਦਾ ਇਸ ਕਤਲ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਖਾਲਿਸਤਾਨ ਇੱਕ ਰਾਜਨੀਤਿਕ ਵਿਚਾਰਧਾਰਾ ਹੈ ਅਤੇ ਉਹ 'ਬੈਲੇਟ' (ਵੋਟ) ਨਾਲ ਲੜ ਰਹੇ ਹਨ, 'ਬੁਲੇਟ' ਨਾਲ ਨਹੀਂ। ਪੰਨੂ ਨੇ ਦੋਸ਼ ਲਗਾਇਆ ਕਿ ਨੈਂਸੀ ਦੇ ਕਤਲ ਦੀ ਵਰਤੋਂ ਖਾਲਿਸਤਾਨ ਵਿਰੁੱਧ ਨੈਰੇਟਿਵ ਬਣਾਉਣ ਲਈ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਭਾਰਤੀ ਏਜੰਸੀਆਂ 'ਤੇ ਕੈਨੇਡਾ ਵਿੱਚ ਕਤਲ ਅਤੇ ਜਾਸੂਸੀ ਦੇ ਨੈੱਟਵਰਕ ਚਲਾਉਣ ਦਾ ਦੋਸ਼ ਲਗਾਇਆ ਹੈ।

### ਗੈਂਗਸਟਰਾਂ ਦਾ ਦਾਅਵਾ

ਸੋਸ਼ਲ ਮੀਡੀਆ 'ਤੇ ਵਾਇਰਲ ਇੱਕ ਪੋਸਟ ਵਿੱਚ ਗੈਂਗਸਟਰ ਆਕਾਸ਼ ਹਰੀਕੇ ਅਤੇ ਸੁੱਖਾ ਸੰਧੂ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਹੈ। ਪੋਸਟ ਵਿੱਚ ਇਲਜ਼ਾਮ ਲਗਾਇਆ ਗਿਆ ਹੈ ਕਿ ਨੈਂਸੀ ਧਰਮ ਅਤੇ ਖਾਲਿਸਤਾਨ ਬਾਰੇ "ਗਲਤ"' ਟਿੱਪਣੀਆਂ ਕਰਦੀ ਸੀ, ਜਿਸ ਕਾਰਨ ਉਸ ਨੂੰ ਨਿਸ਼ਾਨਾ ਬਣਾਇਆ ਗਿਆ ਹੈ।

# ਸੁਪਰੀਮ ਸਿੱਖ ਕੌਂਸਲ ਯੂ.ਕੇ. ਵੱਲੋਂ ਆਮ ਨਾਗਰਿਕਾਂ ਦੀ ਸੁਰੱਖਿਆ ਲਈ ਅਮਰੀਕਾ, ਇਜ਼ਰਾਈਲ ਤੇ ਇਰਾਨ ਨੂੰ ਜੰਗਬੰਦੀ ਦੀ ਅਪੀਲ

ਡਰਬੀ (ਪੰਜਾਬ ਟਾਈਮਜ਼) - ਸੁਪਰੀਮ ਸਿੱਖ ਕੌਂਸਲ ਯੂ.ਕੇ. ਅਮਰੀਕਾ, ਇਜ਼ਰਾਈਲ ਅਤੇ ਇਰਾਨ ਵਿਚਕਾਰ ਜਾਰੀ ਜੰਗ ਅਤੇ ਇਲਾਕੇ ਵਿੱਚ ਬੇਕਸੂਰ ਨਾਗਰਿਕਾਂ ਉੱਤੇ ਪੈ ਰਹੇ ਤਬਾਹਕੁੰਨ ਪ੍ਰਭਾਵਾਂ ਬਾਰੇ ਡੂੰਘੇ ਦੁੱਖ ਅਤੇ ਗੰਭੀਰ ਚਿੰਤਾ ਨਾਲ ਇਹ ਜ਼ਰੂਰੀ ਬਿਆਨ ਜਾਰੀ ਕਰਦੀ ਹੈ। ਸੁਪਰੀਮ ਸਿੱਖ ਕੌਂਸਲ ਯੂ.ਕੇ. ਦੇ ਆਗੂਆਂ ਬਲਦੇਵ ਸਿੰਘ ਬੈਂਸ, ਸੁਰਿੰਦਰ ਸਿੰਘ ਜੰਡੂ, ਦਿਲਬਾਗ ਸਿੰਘ ਬੋਲਾ, ਚੰਦਰ ਸ਼ੇਖਰ ਸਿੰਘ ਗੁਰੂ, ਪ੍ਰੋ: ਦਲਜੀਤ ਸਿੰਘ ਵਿਰਕ ਅਤੇ ਸੇਵਾ ਸਿੰਘ ਲੱਲੀ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਹੈ ਕਿ ਜੰਗ ਕਿਸੇ ਵੀ ਸਮੱਸਿਆ ਜਾਂ ਮਸਲੇ ਦਾ ਕੋਈ ਹੱਲ ਨਹੀਂ ਹੁੰਦੀ। ਸਾਰੇ ਵਿਵਾਦ ਭਾਵੇਂ ਕਿੰਨੇ ਵੀ ਡੂੰਘੇ ਕਿਉਂ ਨਾ ਹੋਣ ਸੁਤੰਤਰ, ਸਨਮਾਨਜਨਕ ਅਤੇ ਨਿਆਂਪੂਰਨ ਸੰਵਾਦ ਰਾਹੀਂ ਸੁਲਝਾਏ ਜਾ ਸਕਦੇ ਹਨ ਅਤੇ ਸੁਲਝਾਏ ਜਾਣੇ ਚਾਹੀਦੇ ਹਨ। ਇਸ ਲਈ



ਬਲਦੇਵ ਸਿੰਘ ਬੈਂਸ, ਸੁਰਿੰਦਰ ਸਿੰਘ ਜੰਡੂ, ਦਿਲਬਾਗ ਸਿੰਘ ਬੋਲਾ, ਚੰਦਰ ਸ਼ੇਖਰ ਸਿੰਘ ਗੁਰੂ, ਪ੍ਰੋ: ਦਲਜੀਤ ਸਿੰਘ ਵਿਰਕ ਅਤੇ ਸੇਵਾ ਸਿੰਘ ਲੱਲੀ

**ਅਸੀਂ ਦੁਨੀਆ ਦੇ ਸਾਰੇ ਨੇਤਾਵਾਂ ਅਤੇ ਸ਼ਾਸਕ ਸੰਸਥਾਵਾਂ ਨੂੰ ਕੂਟਨੀਤੀ, ਇਨਸਾਫ਼ ਅਤੇ ਸ਼ਾਂਤੀਪੂਰਨ ਗੱਲਬਾਤ ਦਾ ਰਾਹ ਅਪਣਾਉਣ ਦੀ ਅਪੀਲ ਕਰਦੇ ਹਾਂ।**

ਸੁਪਰੀਮ ਸਿੱਖ ਕੌਂਸਲ ਯੂ.ਕੇ. ਨੇ ਸਾਰੀਆਂ ਧਿਰਾਂ ਨੂੰ ਫੌਰੀ ਜੰਗਬੰਦੀ ਦਾ ਐਲਾਨ ਕਰਨ ਦੀ ਜ਼ੋਰਦਾਰ ਅਪੀਲ ਕਰਦਿਆਂ ਬੇਨਤੀ ਕੀਤੀ ਹੈ ਕਿ ਆਮ ਨਾਗਰਿਕਾਂ ਦੀ ਸੁਰੱਖਿਆ ਅਤੇ ਭਲਾਈ ਨੂੰ ਸਾਰੇ ਫੈਸਲਿਆਂ ਦੇ ਕੇਂਦਰ ਵਿੱਚ ਰੱਖਿਆ ਜਾਵੇ। ਬੇਕਸੂਰ ਮਰਦਾਂ, ਔਰਤਾਂ ਅਤੇ ਬੱਚਿਆਂ ਦੀ ਤਕਲੀਫ਼ ਨੂੰ ਰਾਜਨੀਤਿਕ ਜਾਂ ਫੌਜੀ ਮਨੋਰਥਾਂ ਦੀ ਖਾਤਰ ਹੋਰ ਲੰਮਾ ਨਹੀਂ ਕੀਤਾ ਜਾਣਾ ਚਾਹੀਦਾ।

ਉਹਨਾਂ ਕਿਹਾ ਕਿ ਅਸੀਂ ਸਾਰੀਆਂ ਧਿਰਾਂ ਤੋਂ ਮੰਗ ਕਰਦੇ ਹਾਂ ਕਿ ਉਹ ਅੰਤਰਰਾਸ਼ਟਰੀ ਮਨੁੱਖੀ ਕਾਨੂੰਨ ਦੇ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਅਤੇ ਨਾਗਰਿਕ ਜ਼ਿੰਦਗੀਆਂ ਦੀ ਰੱਖਿਆ ਬਿਨਾਂ ਕਿਸੇ ਅਪਵਾਦ ਦੇ ਕਰਨ। ਸੁਪਰੀਮ ਸਿੱਖ ਕੌਂਸਲ ਯੂ.ਕੇ. ਇਸ ਸੰਘਰਸ਼ ਵਿੱਚ ਸ਼ਾਮਲ ਸਾਰੀਆਂ ਧਿਰਾਂ ਨੂੰ ਅਪੀਲ ਕਰਦੀ ਹੈ ਕਿ ਸਾਰੀਆਂ ਘੱਟ ਗਿਣਤੀ ਕੌਮਾਂ ਦੀ ਸੁਰੱਖਿਆ ਅਤੇ ਸਲਾਮਤੀ ਨੂੰ ਯਕੀਨੀ ਬਣਾਇਆ ਜਾਵੇ, ਖਾਸ ਕਰਕੇ ਸਿੱਖ ਭਾਈਚਾਰੇ ਅਤੇ ਉਹਨਾਂ ਦੇ ਪਵਿੱਤਰ ਧਾਰਮਿਕ ਅਸਥਾਨਾਂ, ਗੁਰਦੁਆਰਿਆਂ ਦੀ, ਜਿਨ੍ਹਾਂ ਦਾ ਹਰ ਹਾਲਤ ਵਿੱਚ ਸਤਿਕਾਰ ਅਤੇ ਸੁਰੱਖਿਆ ਕੀਤੀ ਜਾਣੀ ਚਾਹੀਦੀ ਹੈ।

ਅਸੀਂ ਸਾਰੀਆਂ ਸੰਬੰਧਿਤ ਸਰਕਾਰਾਂ, ਅਧਿਕਾਰੀਆਂ ਅਤੇ ਏਜੰਸੀਆਂ ਤੋਂ ਮੰਗ ਕਰਦੇ ਹਾਂ ਕਿ ਇਸ ਸੰਘਰਸ਼ ਕਾਰਨ ਪ੍ਰਭਾਵਿਤ, ਬੇਘਰ ਹੋਏ ਜਾਂ ਖਤਰੇ ਵਿੱਚ ਪਏ ਸਾਰੇ ਸਿੱਖਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੁਰੱਖਿਅਤ ਰਾਹਦਾਰੀ ਅਤੇ ਫੌਰੀ ਮਦਦ ਦਿੱਤੀ ਜਾਵੇ। ਕੋਈ ਵੀ ਭਾਈਚਾਰਾ ਪਿੱਛੇ ਨਾ ਛੱਡਿਆ ਜਾਵੇ।

ਅਸੀਂ ਸਰਬਸ਼ਕਤੀਮਾਨ ਵਾਹਿਗੁਰੂ ਅੱਗੇ ਨਿਮਰਤਾ ਸਹਿਤ ਇਸ ਜੰਗ ਦੀ ਮਾਰ ਹੇਠ ਆਏ ਸਾਰੇ ਲੋਕਾਂ ਲਈ ਅਰਦਾਸ ਕਰਦੇ ਹਾਂ। ਅਸੀਂ ਆਮ ਜਨਤਾ ਦੀ ਰੱਖਿਆ, ਜ਼ਖਮੀਆਂ ਦੇ ਜਲਦੀ ਠੀਕ ਹੋਣ ਅਤੇ ਜਾਨਾਂ ਗੁਆਉਣ ਵਾਲਿਆਂ ਦੀਆਂ ਰੂਹਾਂ ਦੀ ਸ਼ਾਂਤੀ ਲਈ ਅਰਦਾਸ ਕਰਦੇ ਹਾਂ। ਪਰਮਾਤਮਾ ਸੋਗ ਵਿੱਚ ਡੁੱਬੇ ਪਰਿਵਾਰਾਂ ਨੂੰ ਹਿੰਮਤ ਬਖ਼ਸ਼ੇ ਅਤੇ ਹਨੇਰੇ ਵਿੱਚ ਰਹਿ ਰਹੇ ਲੋਕਾਂ ਦੇ ਜੀਵਨ ਵਿੱਚ ਚਾਨਣ ਕਰੇ। ਜੇਕਰ ਤੁਸੀਂ ਜਾਂ ਤੁਹਾਡਾ ਕੋਈ ਜਾਣਕਾਰ ਇਸ ਜੰਗ ਤੋਂ ਪ੍ਰਭਾਵਿਤ ਹੋਇਆ ਹੈ ਅਤੇ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸੁਪਰੀਮ ਸਿੱਖ ਕੌਂਸਲ ਯੂ.ਕੇ. ਨਾਲ ਸੰਪਰਕ ਕਰੋ ਸਾਡੀ ਟੀਮ ਤੁਹਾਡੀ ਮਦਦ ਲਈ ਹਮੇਸ਼ਾ ਤਿਆਰ ਹੈ।

## ਸਕਾਟਲੈਂਡ ਵਿੱਚ ਪਾਣੀ ਨਾਲ ਸਸਕਾਰ ਕਰਨ ਲਈ ਮਨਜ਼ੂਰੀ

ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ)-ਸਕਾਟਲੈਂਡ ਯੂਕੇ ਦਾ ਪਹਿਲਾ ਦੇਸ਼ ਬਣ ਗਿਆ ਹੈ, ਜਿੱਥੇ ਪਾਣੀ ਨਾਲ ਸਸਕਾਰ ਕਰਨ ਨੂੰ ਹੁਣ ਕਾਨੂੰਨੀ ਮਨਜ਼ੂਰੀ ਮਿਲ ਗਈ ਹੈ। ਇਸ ਪ੍ਰਕਿਰਿਆ ਨੂੰ ਅਲਕਲਾਈਨ ਹਾਈਡ੍ਰੋਲਾਇਸਿਸ ਕਿਹਾ ਜਾਂਦਾ ਹੈ। ਇਹ ਵਿਧੀ ਲਾਸ਼ਾਂ ਨੂੰ ਦਫ਼ਨਾਉਣ ਜਾਂ ਰਵਾਇਤੀ ਸਸਕਾਰ ਦੀ ਬਜਾਏ ਤੀਜਾ ਵਿਕਲਪ ਪ੍ਰਦਾਨ ਕਰਦੀ ਹੈ। ਬਹੁਤ ਸਾਰੇ ਪਾਠਕਾਂ ਦਾ ਸਵਾਲ ਹੋਵੇਗਾ ਕਿ ਪਾਣੀ ਨਾਲ ਸਸਕਾਰ ਕਿਵੇਂ ਹੋ ਸਕਦਾ ਹੈ ਜਾਂ ਕੀਤਾ ਜਾ ਸਕਦਾ ਹੈ? ਪਾਣੀ ਨਾਲ ਸਸਕਾਰ ਕਰਨ ਦੀ ਪ੍ਰਕਿਰਿਆ ਵਿੱਚ ਪਹਿਲਾਂ ਸਰੀਰ ਦਾ ਤੋਲ ਕਰਨਾ ਸ਼ਾਮਲ ਹੈ, ਫਿਰ ਇਸਨੂੰ ਪੋਟਾਸ਼ੀਅਮ ਹਾਈਡ੍ਰੋਕਸਾਈਡ ਅਤੇ ਪਾਣੀ ਦੇ ਮਿਸ਼ਰਣ ਵਿੱਚ 90 ਮਿੰਟਾਂ ਤੱਕ 150 ਡਿਗਰੀ ਸੈਲਸੀਅਸ (300F) ਤੱਕ ਉਬਾਲਿਆ ਜਾਂਦਾ ਹੈ। ਇਹ ਸਰੀਰ ਦੇ ਟਿਸ਼ੂਆਂ ਨੂੰ ਗਾਲਦਾ ਹੈ, ਸਿਰਫ਼ ਹੱਡੀਆਂ ਬਚਦੀਆਂ ਹਨ। ਜਿਨ੍ਹਾਂ ਨੂੰ ਫਿਰ 120 ਡਿਗਰੀ ਸੈਲਸੀਅਸ 'ਤੇ ਧੋਤਾ ਜਾਂਦਾ ਹੈ ਅਤੇ ਸੁਕਾਇਆ ਜਾਂਦਾ ਹੈ। ਫਿਰ ਇੱਕ ਮਸ਼ੀਨ ਦੀ ਵਰਤੋਂ ਕਰਕੇ ਪੀਸਿਆ ਜਾਂਦਾ ਹੈ ਜਿਸਨੂੰ ਕ੍ਰੀਮੂਲੇਟਰ ਕਿਹਾ ਜਾਂਦਾ ਹੈ। ਅਵਸ਼ੇਸ਼ਾਂ(ਜੋ ਕਿ ਇੱਕ ਤਰ੍ਹਾਂ ਨਾਲ ਰਾਖ ਹੁੰਦੇ ਨੇ) ਨੂੰ ਪਰਿਵਾਰ ਜਾਂ ਨੇੜਲੇ ਰਿਸ਼ਤੇਦਾਰਾਂ ਦੇ ਸਪੁਰਦ ਕੀਤਾ ਜਾ ਸਕਦਾ ਹੈ। ਪਾਣੀ ਨਾਲ ਸਸਕਾਰ ਪਹਿਲਾਂ ਹੀ ਆਇਰਲੈਂਡ ਗਣਰਾਜ ਅਤੇ ਅਮਰੀਕਾ ਸਮੇਤ ਕਈ ਹੋਰ ਦੇਸ਼ਾਂ ਵਿੱਚ ਵੀ ਕੀਤਾ ਜਾਂਦਾ ਹੈ । ਇਸਨੂੰ 'ਹਰਾ ਸਸਕਾਰ' ਵੀ ਕਿਹਾ ਜਾਂਦਾ ਹੈ । ਇਸ ਨੂੰ ਨਸਲਵਾਦ ਵਿਰੋਧੀ ਪ੍ਰਚਾਰਕ ਆਰਚਬਿਸ਼ਪ ਡੇਸਮੰਡ ਟੂਟੂ ਦੁਆਰਾ ਸਸਕਾਰ ਵਿਧੀ ਵਜੋਂ ਚੁਣਿਆ ਗਿਆ ਸੀ।

## ਉਟਾਹ ਵਿੱਚ 3 ਔਰਤਾਂ ਦੀ ਹੱਤਿਆ, ਇੱਕ ਸ਼ੱਕੀ ਗ੍ਰਿਫਤਾਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਉਟਾਹ ਵਿੱਚ ਇੱਕ ਸ਼ੱਕੀ ਵੱਲੋਂ 3 ਔਰਤਾਂ ਦੀ ਹੱਤਿਆ ਕਰ ਦੇਣ ਦੀ ਖਬਰ ਹੈ। ਮਾਰੀਆਂ ਗਈਆਂ ਔਰਤਾਂ ਸਹੇਲੀਆਂ ਸਨ। ਉਟਾਹ ਡਿਪਾਰਟਮੈਂਟ ਆਫ ਪਬਲਿਕ ਸੇਫਟੀ ਅਨੁਸਾਰ ਔਰਤਾਂ ਦੀਆਂ ਲਾਸ਼ਾਂ ਵੇਨੇ ਕਾਊਂਟੀ ਵਿੱਚ ਰਾਜ ਦੇ ਦੱਖਣੀ ਹਿੱਸੇ ਵਿਚੋਂ ਮਿਲੀਆਂ ਹਨ। ਪੁਲਿਸ ਨੇ ਸ਼ੱਕੀ ਦੀ ਪਛਾਣ 22 ਸਾਲਾ ਈਵਾਨ ਮਿਲਰ ਵਜੋਂ ਕੀਤੀ ਹੈ ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਅਨੁਸਾਰ ਸਭ ਤੋਂ ਪਹਿਲਾਂ ਮਿਲਰ ਨੇ ਲਿਮੈਨ,ਉਟਾਹ ਸਥਿੱਤ ਇੱਕ ਘਰ ਵਿੱਚ 80 ਸਾਲ ਤੋਂ ਵਧ ਉਮਰ ਦੀ ਔਰਤ ਦੀ ਹੱਤਿਆ ਕੀਤੀ। ਬਾਅਦ ਵਿੱਚ ਔਰਤ ਦੀ ਕਾਰ ਲੈ ਕੇ ਉਹ ਟੋਰੀ ਖੇਤਰ ਵਿੱਚ ਟਰੇਲਹੈੱਡ ਗਿਆ ਜਿਥੇ ਉਸ ਨੇ 30 ਤੇ 60 ਸਾਲ ਉਮਰ ਦੀਆਂ ਦੋ ਹੋਰ ਔਰਤਾਂ ਦੀ ਹੱਤਿਆ ਕੀਤੀ ਤੇ ਫਰਾਰ ਹੋ ਗਿਆ। ਇਹ ਜਾਣਕਾਰੀ ਦਿੰਦਿਆਂ ਉਟਾਹ ਹਾਈਵੇਅ ਗਸ਼ਤੀ ਦਲ ਦੇ ਲੈਫਟੀਨੈਂਟ ਕੈਮਰੋਨ ਰੋਡਨ ਨੇ ਕਿਹਾ ਕਿ ਪੁਲਿਸ ਨੇ ਭਜਦੌੜ ਤੋਂ ਬਾਅਦ ਸ਼ੱਕੀ ਨੂੰ ਕਾਬੂ ਕਰ ਲਿਆ ਹੈ। ਡਿਪਾਰਟਮੈਂਟ ਆਫ ਪਬਲਿਕ ਸੇਫਟੀ ਮਾਮਲੇ ਦੀ ਜਾਂਚ ਕਰ ਰਿਹਾ ਹੈ। ਔਰਤਾਂ ਦੀ ਹੱਤਿਆ ਦਾ ਕਾਰਨ ਅਜੇ ਸਪੱਸ਼ਟ ਨਹੀਂ ਹੈ। ਪੁਲਿਸ ਅਨੁਸਾਰ ਮਾਮਲਾ ਜਾਂਚ ਅਧੀਨ ਹੈ।

## ਅਮਰੀਕਾ ਵਿੱਚ ਰਿਹਾਨਾ ਦੇ ਘਰ ਉਤੇ ਹੋਈ ਗੋਲੀਬਾਰੀ

ਅਮਰੀਕਾ: ਅਮਰੀਕਾ ਦੇ ਲਾਸ ਏਂਜਲਸ ਦੇ ਬੇਵਰਲੀ ਹਿਲਜ਼ ਵਿੱਚ ਮਸ਼ਹੂਰ ਗਾਇਕਾ ਰਿਹਾਨਾ ਦੇ ਘਰ ਤੇ ਗੋਲੀਆਂ ਚਲਾਈਆਂ ਗਈਆਂ। ਪੁਲਿਸ ਨੇ ਐਤਵਾਰ ਨੂੰ ਇਸ ਘਟਨਾ ਦੇ ਸਬੰਧ ਵਿੱਚ ਇੱਕ 30 ਸਾਲਾ ਔਰਤ ਨੂੰ ਹਿਰਾਸਤ ਵਿੱਚ ਲਿਆ। ਦੋਸ਼ ਹੈ ਕਿ ਔਰਤ ਨੇ ਰਿਹਾਨਾ ਦੇ ਘਰ ਤੇ ਕਈ ਗੋਲੀਆਂ ਚਲਾਈਆਂ। ਜਦੋਂ ਹਮਲਾ ਹੋਇਆ ਤਾਂ ਰਿਹਾਨਾ ਆਪਣੇ ਘਰ ਦੇ ਅੰਦਰ ਸੀ। ਗੋਲੀਬਾਰੀ 8 ਮਾਰਚ ਦੀ ਦੁਪਹਿਰ ਨੂੰ ਹੋਈ। ਰਿਪੋਰਟ ਨੇ ਪੁਲਿਸ ਦੇ ਹਵਾਲੇ ਨਾਲ ਕਿਹਾ ਕਿ ਪੁਲਿਸ ਗੋਲੀਬਾਰੀ ਦੀ ਸੂਚਨਾ ਮਿਲਦੇ ਹੀ ਤੁਰੰਤ ਮੌਕੇ ਤੇ ਪਹੁੰਚ ਗਈ। ਗੋਲੀਬਾਰੀ ਤੋਂ ਥੋੜ੍ਹੀ ਦੇਰ ਬਾਅਦ, ਲਗਭਗ 1:21 ਵਜੇ, ਪੁਲਿਸ ਮੌਕੇ ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ। ਬਾਅਦ ਵਿੱਚ ਪੁਲਿਸ ਨੇ ਉਸੇ ਥਾਂ ਤੋਂ ਇੱਕ ਸ਼ੱਕੀ ਨੂੰ ਹਿਰਾਸਤ ਵਿੱਚ ਲੈ ਲਿਆ।


VACANCIES

JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**

**The required training will be provided.**

**Person must have CSCS, Asbestos Awareness and Manual Handling**

*** Overseas candidates must do UK construction industry standard qualifications on arrival and before joining the job.**

**Contact Mr. Randhawa via email below:**

**Email: jsrcontractslimited@gmail.com**

# ਰਿਫਾਰਮ ਯੂ ਕੇ ਪਾਰਟੀ ਦੇ ਪ੍ਰਸ਼ੰਸਕਾਂ ਵਿੱਚੋਂ ਅੱਧੇ ਤੋਂ ਵੱਧ ਸੋਚਦੇ ਹਨ ਕਿ ਵਿਦੇਸ਼ਾਂ ਵਿੱਚ ਪੈਦਾ ਹੋਏ ਗੈਰ-ਗੋਰੇ ਬਰਤਾਨਵੀ ਨਾਗਰਿਕਾਂ ਨੂੰ 'ਜ਼ਬਰਦਸਤੀ ਕੱਢ ਦੇਣਾ ਚਾਹੀਦਾ ਹੈ' - ਸਰਵੇਖਣ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਮਰੀਕਾ ਵਿੱਚੋਂ ਗ਼ੈਰਕਾਨੂੰਨੀ ਲੋਕਾਂ ਨੂੰ ਜਿਸ ਢੰਗ ਨਾਲ ਜ਼ਬਰਦਸਤੀ ਦੇਸ਼ ਚੋਂ ਕੱਢਣ ਦੀ ਬੀਤੇ ਕੁਝ ਸਮੇਂ ਤੋਂ ਪ੍ਰਕਿਰਿਆ ਚੱਲ ਰਹੀ ਹੈ। ਉਸੇ ਤਰਜ਼ ਤੇ ਹੋਰ ਪੱਛਮੀ ਮੁਲਕਾਂ ਵਿੱਚ ਵੀ ਸਖ਼ਤੀ ਕੀਤੀ ਜਾ ਰਹੀ ਹੈ। ਬਰਤਾਨੀਆ ਵਿੱਚ ਗੈਰ ਕਾਨੂੰਨੀ ਪ੍ਰਵਾਸ ਨੂੰ ਰੋਕਣ ਲਈ ਇਮੀਗ੍ਰੇਸ਼ਨ ਨਿਯਮਾਂ ਵਿੱਚ ਤਬਦੀਲੀ ਕੀਤੀ ਗਈ ਹੈ।

ਲੇਕਨ ਇਸ ਸਭ ਦੇ ਬਾਵਜੂਦ ਤੇਜ਼ੀ ਨਾਲ ਉੱਭਰ ਰਹੀ ਬਰਤਾਨੀਆ ਦੀ ਸਿਆਸੀ ਪਾਰਟੀ ਰਿਫਾਰਮ ਯੂ ਕੇ ਦੇ ਅੱਧੇ ਤੋਂ ਵੱਧ ਮੈਂਬਰ ਸੋਚਦੇ ਹਨ ਕਿ ਵਿਦੇਸ਼ਾਂ ਵਿੱਚ ਪੈਦਾ ਹੋਏ ਗੈਰ-ਗੋਰੇ ਬਰਤਾਨਵੀ ਨਾਗਰਿਕਾਂ ਨੂੰ ਜ਼ਬਰਦਸਤੀ ਦੇਸ਼ ਵਿੱਚੋਂ ਕੱਢ ਦਿੱਤਾ ਜਾਣਾ ਚਾਹੀਦਾ ਹੈ ਜਾਂ ਉਹਨਾਂ ਨੂੰ ਦੇਸ਼ ਛੱਡਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਆਪਣੀ ਸਾਲਾਨਾ ਰਿਪੋਰਟ ਵਿੱਚ ਹੋਪ ਨੋਟ ਹੇਟ ਨੇ ਕਿਹਾ ਕਿ ਇਮੀਗ੍ਰੇਸ਼ਨ ਬਾਰੇ ਰਿਫਾਰਮ ਯੂ ਕੇ ਦੇ ਮੈਂਬਰਾਂ ਦੇ ਵਿਚਾਰਾਂ ਨੂੰ ਨਿਰਧਾਰਤ ਕਰਨ ਵਿੱਚ ਨਸਲੀ ਪਿਛੋਕੜ ਇੱਕ ਵੱਡੀ ਭੂਮਿਕਾ ਨਿਭਾਉਂਦਾ ਹੈ। ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 54% ਸੋਚਦੇ ਹਨ ਕਿ ਵਿਦੇਸ਼ਾਂ ਵਿੱਚ ਪੈਦਾ ਹੋਏ ਗੈਰ-ਗੋਰੇ ਬਰਤਾਨਵੀ ਨਾਗਰਿਕਾਂ ਨੂੰ ਜ਼ਬਰਦਸਤੀ ਦੇਸ਼ ਚੋਂ ਕੱਢ ਦਿੱਤਾ ਜਾਣਾ ਚਾਹੀਦਾ ਹੈ ਜਾਂ ਦੇਸ਼ ਛੱਡਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

22% ਸੋਚਦੇ ਹਨ ਕਿ ਗੈਰ-ਗੋਰੇ ਬਰਤਾਨਵੀ ਨਾਗਰਿਕ ਜਿਨ੍ਹਾਂ ਦੇ ਮਾਪੇ ਯੂ ਕੇ ਵਿੱਚ ਪੈਦਾ ਹੋਏ ਸਨ, ਨੂੰ ਵੀ ਜ਼ਬਰਦਸਤੀ ਕੱਢ ਦਿੱਤਾ ਜਾਣਾ ਚਾਹੀਦਾ ਹੈ ਜਾਂ ਛੱਡਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਲਗਭਗ ਅੱਧੇ (49%) ਸੋਚਦੇ ਹਨ ਕਿ ਗੈਰ-ਗੋਰੇ ਬਰਤਾਨਵੀ ਨਾਗਰਿਕ ਜਿਨ੍ਹਾਂ ਦੇ ਮਾਪੇ ਵਿਦੇਸ਼ ਵਿੱਚ ਪੈਦਾ ਹੋਏ ਸਨ, ਨੂੰ ਵੀ ਜ਼ਬਰਦਸਤੀ ਕੱਢ ਦਿੱਤਾ ਜਾਣਾ ਚਾਹੀਦਾ ਹੈ ਜਾਂ ਛੱਡਣ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। 4% ਸੋਚਦੇ ਹਨ ਕਿ ਜਿਹੜੇ ਗੋਰੇ ਬਰਤਾਨਵੀ ਨਾਗਰਿਕਾਂ ਦੇ ਮਾਪੇ ਵਿਦੇਸ਼ ਵਿੱਚ ਪੈਦਾ ਹੋਏ ਸਨ, ਉਹਨਾਂ ਵੀ ਨੂੰ ਜ਼ਬਰਦਸਤੀ ਕੱਢ ਦਿੱਤਾ ਜਾਣਾ ਚਾਹੀਦਾ ਹੈ।

ਭਾਵੇਂ ਕਿ ਇਹਨਾਂ ਸਰਵੇਖਣਾਂ ਵਿੱਚ ਹਿੱਸਾ ਲੈਣ ਵਾਲੇ ਲੋਕਾਂ ਦੀ ਬਹੁਤੀ ਗਿਣਤੀ ਨਹੀਂ ਹੁੰਦੀ ਪਰ ਬਰਤਾਨੀਆ ਦੇ ਮੌਜੂਦਾ ਸਿਆਸੀ ਹਾਲਾਤ ਪ੍ਰਵਾਸੀਆਂ ਨੂੰ ਪ੍ਰਭਾਵਿਤ ਕਰਦੇ ਹੋਏ ਨਜ਼ਰ ਆ ਰਹੇ ਹਨ। ਹਰ ਪਾਰਟੀ ਭਾਵੇਂ ਗ਼ੈਰਕਾਨੂੰਨੀ ਪ੍ਰਵਾਸ ਨੂੰ ਰੋਕਣ ਜਾਂ ਘੱਟ ਕਰਨ ਲਈ ਖੁਦ ਨੂੰ ਦੂਜਿਆਂ ਨਾਲੋਂ ਵੱਧ ਕਾਬਲ ਹੋਣ ਦਾ ਦਾਅਵਾ ਕਰ ਰਹੀ ਹੈ। ਪਰ ਇਹ ਵਿਚਾਰਧਾਰਾ ਘੱਟ ਗਿਣਤੀਆਂ ਨੂੰ ਭਵਿੱਖ ਦੇ ਸੰਭਾਵੀ ਖ਼ਤਰੇ ਦਾ ਸੰਕੇਤ ਵੀ ਹੈ।

ਰਿਫੌਰਮ ਪਾਰਟੀ ਦੀ ਇਮੀਗ੍ਰੇਸ਼ਨ ਨੂੰ ਲੈ ਕੇ ਸਖ਼ਤ ਨੀਤੀ ਪ੍ਰਵਾਸੀਆਂ ਵਿੱਚ ਦਹਿਸ਼ਤ ਵਰਗਾ ਮਾਹੌਲ ਪੈਦਾ ਕਰ ਰਹੀ ਹੈ।

## ਯੂ ਕੇ ਵਿੱਚ ਸ਼ਰਨ ਮੰਗਣ ਵਾਲੇ ਵੱਧਦੇ ਮਾਮਲਿਆਂ ਨੂੰ ਲੈ ਕੇ ਪਾਕਿਸਤਾਨ ਨੂੰ ਵੀਜ਼ਾ ਪਾਬੰਦੀਆਂ ਦੀ ਦਿੱਤੀ ਚਿਤਾਵਨੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਲੈ ਕੇ ਪੂਰੀ ਸਖ਼ਤੀ ਵਰਤ ਰਿਹਾ ਹੈ। ਯੂ ਕੇ ਸ਼ਰਣ ਮੰਗਣ ਵਾਲਿਆਂ ਦੀ ਵਾਪਸੀ ਨੂੰ ਲੈ ਕੇ ਪਾਕਿਸਤਾਨ ਵਿਰੁੱਧ ਸਖ਼ਤ ਕਦਮ ਚੁੱਕਣ 'ਤੇ ਵਿਚਾਰ ਕਰ ਰਿਹਾ ਹੈ। ਨਵੇਂ ਅੰਕੜਿਆਂ ਤੋਂ ਪਤਾ ਲੱਗਿਆ ਹੈ ਕਿ ਜਿਹੜੇ ਲੋਕਾਂ ਦੀਆਂ ਸ਼ਰਨ ਅਰਜ਼ੀਆਂ ਰੱਦ ਕੀਤੀਆਂ ਹਨ ਉਹਨਾਂ ਵਿੱਚੋਂ ਬਹੁਤ ਘੱਟ ਲੋਕਾਂ ਨੂੰ ਹੀ ਵਾਪਿਸ ਭੇਜਿਆ ਜਾ ਰਿਹਾ ਹੈ। ਅਧਿਕਾਰਤ ਅੰਕੜੇ ਦਰਸਾਉਂਦੇ ਹਨ ਕਿ ਹਜ਼ਾਰਾਂ ਅਰਜ਼ੀਆਂ ਰੱਦ ਹੋਈਆਂ।

ਪਿਛਲੇ ਸਾਲ ਅਸਫਲ ਪਾਕਿਸਤਾਨੀ ਬਿਨੈਕਾਰਾਂ ਵਿੱਚੋਂ ਸਿਰਫ 4.1 ਪ੍ਰਤੀਸ਼ਤ ਜਾਣੀ 25 ਵਿੱਚੋਂ ਇੱਕ ਹੀ ਵਾਪਸ ਭੇਜੇ ਗਏ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਪਾਕਿਸਤਾਨੀ ਨਾਗਰਿਕ ਹੁਣ ਯੂ ਕੇ ਵਿੱਚ ਸ਼ਰਣ ਦਾ ਦਾਅਵਾ ਕਰਨ ਵਾਲਿਆਂ ਵਿੱਚੋਂ ਸਭ ਤੋਂ ਅੱਗੇ ਹਨ, ਕੁੱਲ 10 ਅਰਜ਼ੀਆਂ ਵਿੱਚੋਂ ਲਗਭਗ ਇੱਕ ਪਾਕਿਸਤਾਨੀ ਹੈ।2024 ਵਿੱਚ, 10,638 ਪਾਕਿਸਤਾਨੀਆਂ ਨੇ ਸ਼ਰਣ ਮੰਗੀ, ਜੋ ਸਾਲ 2023 ਤੋਂ ਦੁੱਗਣੀ ਸੀ ਅਤੇ ਜਦ ਕਿ ਇਰੀਟ੍ਰੀਆ ਦੇ 8,948, ਈਰਾਨ ਦੇ 7,419 ਅਤੇ ਅਫਗਾਨਿਸਤਾਨ ਦੇ 6,462 ਨਾਗਰਿਕਾਂ ਨੇ ਸ਼ਰਣ ਮੰਗੀ।

ਵੱਡੀ ਗਿਣਤੀ ਵਿਚ ਲੋਕ ਵਿਦਿਆਰਥੀ, ਕੰਮ ਜਾਂ ਵਿਜ਼ਟਰ ਵੀਜ਼ਾ ਪ੍ਰਾਪਤ ਕਰਕੇ ਬਰਤਾਨੀਆਂ ਵਿੱਚ ਦਾਖਲ ਹੋਏ ਅਤੇ ਬਾਅਦ ਵਿੱਚ ਸ਼ਰਣ ਲਈ ਅਰਜ਼ੀ ਦਿੱਤੀ। ਗ੍ਰਹਿ ਦਫ਼ਤਰ ਦੇ ਅੰਕੜੇ ਦਰਸਾਉਂਦੇ ਹਨ ਕਿ 2025 ਵਿੱਚ 10,853 ਅਰਜ਼ੀਆਂ ਰੱਦ ਕੀਤੀਆਂ ਗਈਆਂ ਸਨ, ਪਰ ਸਿਰਫ 445 ਵਿਅਕਤੀਆਂ ਨੂੰ ਹੀ ਪਾਕਿਸਤਾਨ ਭੇਜਿਆ ਗਿਆ।

## ਹਿੰਦੂ ਮੰਦਰ ਵਾਲੀ ਥਾਂ ਵੇਚਣ ਤੇ ਇੰਗਲੈਂਡ ਦੀ ਅਦਾਲਤ ਨੇ ਲਗਾਈ ਅਸਥਾਈ ਰੋਕ ਮੰਦਰ ਵਾਲੀ ਇਮਾਰਤ ਮਸਜਿਦ ਨੂੰ ਵੇਚੀ ਜਾ ਰਹੀ ਹੈ




ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੀਟਰਬਰੋ ਸਿਟੀ ਕੌਂਸਲ ਵੱਲੋਂ ਬੀਤੇ ਦਿਨੀ ਸਥਾਨਿਕ ਨਿਊ ਇੰਗਲੈਂਡ ਕੰਪਲੈਕਸ ਨੂੰ ਵੇਚਣ ਦਾ ਫ਼ੈਸਲਾ ਕੀਤਾ ਸੀ, ਜਿਸ ਵਿੱਚ ਕਈ ਦਹਾਕਿਆਂ ਤੋਂ ਹਿੰਦੂ ਮੰਦਰ ਸ਼ਸ਼ੋਭਿਤ ਹੈ। ਭਾਵੇਂ ਕਿ ਇਹ ਮੰਦਰ ਵਾਲੀ ਜਗ੍ਹਾ ਕੌਂਸਲ ਤੋਂ ਕਿਰਾਏ ਤੇ ਲਈ ਹੋਈ ਹੈ। ਪਰ ਦਹਾਕਿਆਂ ਤੋਂ ਇੱਥੇ ਮੰਦਰ ਸ਼ਸ਼ੋਭਿਤ ਹੋਣ ਕਰਕੇ ਹਿੰਦੂ ਭਾਈਚਾਰੇ ਦੀਆਂ ਭਾਵਨਾਵਾਂ ਜੁੜੀਆਂ ਹੋਈਆਂ ਹਨ। ਅਦਾਲਤ ਵੱਲੋਂ ਆਏ ਫ਼ੈਸਲੇ ਤੋਂ ਬਾਅਦ ਹਿੰਦੂ ਭਾਈਚਾਰਾ ਸਥਾਨਕ ਅਥਾਰਟੀ ਵਿਰੁੱਧ ਕਾਨੂੰਨੀ ਲੜਾਈ ਦੀ ਪਹਿਲੀ ਜਿੱਤ ਮੰਨ ਰਿਹਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਪੀਟਰਬਰੋ ਸਿਟੀ ਕੌਂਸਲ ਨੇ ਹਿੰਦੂ ਮੰਦਰ ਵਾਲੀ ਇਮਾਰਤ ਨੂੰ ਇੱਕ ਇਸਲਾਮੀ ਮਸਜਿਦ ਸਮੂਹ ਨੂੰ ਵੇਚਣ ਦਾ ਫੈਸਲਾ ਕੀਤਾ ਹੈ, ਜਿਸ ਹਿੰਦੂ ਭਾਈਚਾਰਾ ਇਤਰਾਜ਼ ਕਰ ਰਿਹਾ ਹੈ। ਹਾਈ ਕੋਰਟ ਦੇ ਜੱਜ ਸ੍ਰੀ ਜਸਟਿਸ ਫੋਰਡਹੈਮ ਨੇ ਵਿਕਰੀ ਦੇ ਵਿਰੁੱਧ ਇੱਕ ਅਸਥਾਈ ਰੋਕ ਦਾ ਹੁਕਮ ਦਿੱਤਾ ਹੈ ਅਤੇ ਅਦਾਲਤ ਹੁਣ ਫੈਸਲਾ ਕਰੇਗੀ ਕਿ ਅੱਗੇ ਕੀ ਹੁੰਦਾ ਹੈ। ਇੱਕ ਕੌਂਸਲ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਕਾਨੂੰਨੀ ਕਾਰਵਾਈ ਤੋਂ ਜਾਣੂ ਹਾਂ ਅਤੇ ਹੁਣ ਕਾਨੂੰਨੀ ਪ੍ਰਕਿਰਿਆ ਵਿੱਚ ਸ਼ਾਮਲ ਹੋਵਾਂਗੇ।

ਪਿਛਲੇ ਮਹੀਨੇ ਕੌਂਸਲਰਾਂ ਨੇ ਲੱਖਾਂ ਪੌਂਡ ਦੇ ਕਰਜ਼ੇ ਨੂੰ ਲਾਹੁਣ ਲਈ ਸ਼ਹਿਰ ਦੇ ਨਿਊ ਇੰਗਲੈਂਡ ਕੰਪਲੈਕਸ ਨੂੰ ਵੇਚਣ ਲਈ ਵੋਟ ਦਿੱਤੀ, ਜਿੱਥੇ ਮੰਦਰ ਸਥਿਤ ਹੈ। ਇੱਕ ਗੁਪਤ ਬੋਲੀ ਪ੍ਰਕਿਰਿਆ ਤੋਂ ਬਾਅਦ ਹਿੰਦੂ ਸ਼ਰਧਾਲੂਆਂ ਨੂੰ ਦੱਸਿਆ ਗਿਆ ਕਿ ਉਹ ਬੋਲੀ ਹਾਰ ਗਏ ਹਨ।

ਕੌਂਸਲ ਨੇ ਖਰੀਦਦਾਰ ਦੀ ਪਛਾਣ ਭਾਵੇਂ ਗੁਪਤ ਰੱਖੀ ਪਰ ਬੀ ਬੀ ਸੀ ਨੇ ਅਦਾਲਤੀ ਦਸਤਾਵੇਜ਼ਾਂ ਅਨੁਸਾਰ ਪੁਸ਼ਟੀ ਕੀਤੀ ਕਿ ਇਹ ਸ਼ਹਿਰ ਦੀ ਹੀ ਖਦੀਜਾ ਮਸਜਿਦ ਹੈ, ਜਿਸ ਨੇ ਉਕਤ ਇਮਾਰਤ ਨੂੰ ਖ਼ਰੀਦਿਆ ਹੈ।ਮੰਦਿਰ ਦੇ ਬੁਲਾਰੇ ਨੇ ਕਿਹਾ ਕਿ ਉਨ੍ਹਾਂ ਕੋਲ ਕਾਨੂੰਨੀ ਚਾਰਾਜੋਈ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਸੀ। ਉਨ੍ਹਾਂ ਕਿਹਾ ਕਿ ਅਸੀਂ ਕਾਰਵਾਈਆਂ ਨੂੰ ਗੱਲਬਾਤ ਨਾਲ ਰੋਕਣਾ ਚਾਹੁੰਦੇ ਹਾਂ, ਜਿਸ ਨਾਲ ਸਾਡਾ ਸਮਾਂ ਅਤੇ ਪੈਸਾ ਬਚੇਗਾ। ਬੁਲਾਰੇ ਨੇ ਕੌਂਸਲ ਦੀ ਆਲੋਚਨਾ ਕਰਦਿਆਂ ਕਿਹਾ ਕਿ ਅਥਾਰਟੀ ਨੇ ਗੱਲਬਾਤ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕਰ ਦਿੱਤਾ ਹੈ।ਉਹਨਾਂ ਇਹ ਵੀ ਸਪੱਸ਼ਟ ਕੀਤਾ ਕਿ ਸਾਡੀ ਲੜਾਈ ਮਸਜਿਦ ਨਾਲ ਨਹੀਂ ਹੈ, ਸਾਡੀ ਲੜਾਈ ਕੌਂਸਲ ਨਾਲ ਹੈ।

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਉਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ
KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਜੰਗ ਦਾ ਪੰਜਾਬ ਦੀ ਆਰਥਿਕਤਾ ਉਪਰ ਅਸਰ, ਸੰਕਟ ਦਾ ਮੰਡਰਾਇਆ

## ✪ ਸੁੰਗੜਦਾ ਨਿਰਯਾਤ, ਵਧਦਾ ਜੋਖਮ, ਬੰਦ ਰਾਹ, ਫਸਿਆ ਮਾਲ, ਨਿਰਯਾਤਕਾਂ ਲਈ ਮੁਸ਼ਕਲ ਘੜੀ ✪ ਹਰ ਮਹੀਨੇ ਲਗਪਗ ਚੌਦਾਂ ਸੌ ਕਰੋੜ ਰੁਪਏ ਦਾ ਵਪਾਰੀਆਂ ਨੂੰ ਹੋ ਸਕਦਾਹੈ ਨੁਕਸਾਨ

### ਨਿਊਜ਼ ਸਟੋਰੀ

ਈਰਾਨ, ਇਜ਼ਰਾਈਲ ਅਤੇ ਅਮਰੀਕਾ ਵਿਚਕਾਰ ਪੈਦਾ ਹੋਏ ਤਣਾਅ ਨੇ ਨਾ ਸਿਰਫ਼ ਪੱਛਮੀ ਏਸ਼ੀਆ ਦੇ ਹਾਲਾਤ ਵਿਗਾੜ ਦਿੱਤੇ ਹਨ, ਸਗੋਂ ਇਸ ਦੇ ਡੂੰਘੇ ਅਤੇ ਭਿਆਨਕ ਪ੍ਰਭਾਵ ਪੰਜਾਬ ਅਤੇ ਪੂਰੇ ਭਾਰਤ ਉੱਤੇ ਵੀ ਪੈ ਰਹੇ ਹਨ। ਪੰਜਾਬ, ਜੋ ਕਿ ਖੇਤੀਬਾੜੀ ਅਤੇ ਛੋਟੇ ਉਦਯੋਗਾਂ ਦਾ ਕੇਂਦਰ ਹੈ, ਇਸ ਵੇਲੇ ਵੱਡੇ ਵਪਾਰਕ ਸੰਕਟ ਦੇ ਸਾਹਮਣੇ ਖੜ੍ਹਾ ਹੈ। ਇਸ ਜੰਗ ਨੇ ਸੂਬੇ ਦੀ ਅਰਥ ਵਿਵਸਥਾ ਨੂੰ ਵੱਡਾ ਝਟਕਾ ਮਾਰਿਆ ਹੈ, ਜਿਸ ਨਾਲ ਵਪਾਰੀਆਂ, ਕਿਸਾਨਾਂ ਤੇ ਮਜ਼ਦੂਰਾਂ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਪੰਜਾਬ ਤੋਂ ਵੱਖ ਵੱਖ ਮੁਲਕਾਂ ਨੂੰ ਜਾਣ ਵਾਲੇ ਮਾਲ ਦੇ ਜਹਾਜ਼ ਮੱਧ ਪੂਰਬੀ ਖੇਤਰ ਵਿੱਚੋਂ ਲੰਘ ਕੇ ਜਾਂਦੇ ਹਨ। ਹੁਣ ਇਸ ਖੇਤਰ ਵਿੱਚ ਜੰਗੀ ਹਾਲਾਤ ਕਾਰਨ ਸਮੁੰਦਰੀ ਰਸਤੇ ਬੰਦ ਹੋ ਗਏ ਹਨ, ਜਿਸ ਨਾਲ ਨਿਰਯਾਤ ਰੁੱਕ ਗਿਆ ਹੈ। ਮਾਹਿਰਾਂ ਮੁਤਾਬਕ, ਹਰ ਮਹੀਨੇ ਲਗਪਗ ਚੌਦਾਂ ਸੌ ਕਰੋੜ ਰੁਪਏ ਦਾ ਵਪਾਰੀ ਨੁਕਸਾਨ ਹੋ ਸਕਦਾ ਹੈ। ਪੰਜਾਬ ਤੋਂ ਹਰ ਮਹੀਨੇ ਪੰਦਰਾਂ ਸੌ ਕੰਟੇਨਰਾਂ ਰਾਹੀਂ ਨਿਰਯਾਤ ਹੁੰਦਾ ਸੀ, ਪਰ ਹੁਣ ਇਹ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਜਹਾਜ਼ ਕੰਪਨੀਆਂ ਨਵੀਆਂ ਬੁੱਕਿੰਗਾਂ ਨਹੀਂ ਲੈ ਰਹੀਆਂ ਕਿਉਂਕਿ ਖਤਰਾ ਵਧ ਗਿਆ ਹੈ। ਪੁਰਾਣੇ ਆਰਡਰ ਵੀ ਵਿਦੇਸ਼ੀ ਖਰੀਦਦਾਰਾਂ ਵੱਲੋਂ ਰੱਦ ਕੀਤੇ ਜਾ ਰਹੇ ਹਨ ਜਾਂ ਰੋਕੇ ਜਾ ਰਹੇ ਹਨ, ਜਿਸ ਨਾਲ ਵਪਾਰੀਆਂ ਨੂੰ ਭੁਗਤਾਨ ਨਾ ਮਿਲਣ ਦਾ ਡਰ ਹੈ।




#### ਚੌਲ ਉਦਯੋਗ ਨੂੰ ਸਭ ਤੋਂ ਵੱਡੀ ਮਾਰ

ਇਸ ਸੰਕਟ ਨੇ ਚੌਲ ਉਦਯੋਗ ਨੂੰ ਸਭ ਤੋਂ ਵੱਡੀ ਮਾਰ ਮਾਰੀ ਹੈ। ਸਾਬਕਾ ਅਧਿਕਾਰੀਆਂ ਮੁਤਾਬਕ, ਛੇ ਹਜ਼ਾਰ ਕਰੋੜ ਰੁਪਏ ਦੀ ਰਕਮ ਫਸ ਗਈ ਹੈ ਤੇ ਹਜ਼ਾਰਾਂ ਕਰੋੜ ਦਾ ਸਟਾਕ ਰਸਤੇ ਵਿੱਚ ਅਟਕਿਆ ਹੋਇਆ ਹੈ। ਭਾਰਤ ਤੋਂ ਸਾਊਦੀ ਅਰਬ, ਇਰਾਨ, ਇਰਾਕ, ਯੂਏਈ ਤੇ ਯਮਨ ਵਰਗੇ ਪੰਜ ਮੁੱਖ ਖਾੜੀ ਮੁਲਕਾਂ ਨੂੰ ਨੌਂ ਵੀਹ ਹਜ਼ਾਰ ਅੱਠ ਸੌ ਨੌਂ ਵੀਹ ਕਰੋੜ ਰੁਪਏ ਦੇ ਚੌਲ ਨਿਰਯਾਤ ਵਿੱਚ ਪੰਜਾਬ ਦੀ ਹਿੱਸੇਦਾਰੀ ਗਿਆਰਾਂ ਹਜ਼ਾਰ ਨੌਂ ਸੌ ਛੇ ਪੰਜਾਹ ਕਰੋੜ ਰੁਪਏ ਹੈ, ਜੋ ਹੁਣ ਖਤਰੇ ਵਿੱਚ ਹੈ। ਇਨ੍ਹਾਂ ਵਿੱਚੋਂ ਸਾਊਦੀ ਅਰਬ ਵਿੱਚ ਚਾਰ ਹਜ਼ਾਰ ਸੱਤਰ ਕਰੋੜ ਤੇ ਇਰਾਕ ਵਿੱਚ ਦੋ ਹਜ਼ਾਰ ਅੱਠ ਸੌ ਅੱਸੀ ਕਰੋੜ ਰੁਪਏ ਪੰਜਾਬ ਦੇ ਹਨ। ਜਲੰਧਰ, ਲੁਧਿਆਣਾ ਤੇ ਮੰਡੀ ਗੋਬਿੰਦਗੜ੍ਹ ਵਰਗੇ ਸਨਅਤੀ ਸ਼ਹਿਰਾਂ ਤੋਂ ਤਿੰਨ ਹਜ਼ਾਰ ਕਰੋੜ ਰੁਪਏ ਦਾ ਇੰਜੀਨੀਅਰਿੰਗ ਮਾਲ ਵੀ ਪ੍ਰਭਾਵਿਤ ਹੋਇਆ ਹੈ। ਵਪਾਰੀ ਮਾਹਿਰ ਕਹਿੰਦੇ ਹਨ ਕਿ ਲੰਬੇ ਰਸਤੇ ਕਾਰਨ ਕਿਰਾਏ ਵਿੱਚ ਤਿੰਨ ਗੁਣਾ ਵਾਧਾ ਹੋ ਸਕਦਾ ਹੈ। ਜਹਾਜ਼ਾਂ ਨੂੰ ਅਫਰੀਕਾ ਵੱਲੋਂ ਲੰਬਾ ਸਫਰ ਕਰਨਾ ਪੈ ਰਿਹਾ ਹੈ। ਚੌਲਾਂ ਤੋਂ ਇਲਾਵਾ ਖੇਡਾਂ ਦਾ ਸਾਮਾਨ ਚਾਰ ਸੌ ਅੱਸੀ ਤਿੰਨ ਕਰੋੜ, ਕੱਪੜਾ ਤਿੰਨ ਸੌ ਸੱਠ ਕਰੋੜ, ਹਲਦੀ ਪਾਊਡਰ ਦੋ ਸੌ ਅੱਸੀ ਕਰੋੜ, ਮਿੱਠੇ ਬਿਸਕੁਟ ਇੱਕ ਸੌ ਅੱਸੀ ਛੇ ਕਰੋੜ ਤੇ ਖੇਤੀ ਮਸ਼ੀਨਾਂ ਦੇ ਪੁਰਜ਼ੇ ਵੀ ਇਸ ਜੰਗ ਨਾਲ ਪ੍ਰਭਾਵਿਤ ਹਨ। ਪੰਜਾਬ ਦਾ ਕੁੱਲ ਸਾਲਾਨਾ ਨਿਰਯਾਤ ਸੋਲ੍ਹਾਂ ਹਜ਼ਾਰ ਛੇ ਸੌ ਨੌਂ ਵੀਹ ਕਰੋੜ ਰੁਪਏ ਹੈ, ਜੋ ਅਨਿਸ਼ਚਿਤਤਾ ਵਿੱਚ ਹੈ।

ਪੰਜਾਬ ਵਿੱਚ ਇਸ ਜੰਗ ਨੇ ਕਿਸਾਨਾਂ ਨੂੰ ਵੀ ਚਿੰਤਾ ਵਿੱਚ ਪਾ ਦਿੱਤਾ ਹੈ। ਬਾਸਮਤੀ ਚੌਲਾਂ ਦੇ ਨਿਰਯਾਤ ਰੁੱਕਣ ਨਾਲ ਬਾਜ਼ਾਰ ਵਿੱਚ ਕੀਮਤਾਂ ਡਿੱਗ ਸਕਦੀਆਂ ਹਨ, ਜਿਸ ਨਾਲ ਕਿਸਾਨਾਂ ਨੂੰ ਘੱਟ ਪੈਸੇ ਮਿਲਣਗੇ। ਉਦਯੋਗੀ ਖੇਤਰ ਵਿੱਚ ਨੌਕਰੀਆਂ ਖਤਰੇ ਵਿੱਚ ਹਨ ਕਿਉਂਕਿ ਫੈਕਟਰੀਆਂ ਵਿੱਚ ਕੰਮ ਘੱਟ ਹੋ ਰਿਹਾ ਹੈ। ਵਪਾਰੀ ਭਾਈਚਾਰਾ ਸਰਕਾਰ ਤੋਂ ਮੱਦਦ ਮੰਗ ਰਿਹਾ ਹੈ ਕਿ ਭੁਗਤਾਨ ਦੀ ਗਾਰੰਟੀ ਦਿੱਤੀ ਜਾਵੇ ਤੇ ਬਦਲਵੇਂ ਰਸਤੇ ਲੱਭੇ ਜਾਣ। ਇਸ ਸੰਕਟ ਨੇ ਪੰਜਾਬ ਦੀ ਅਰਥ ਵਿਵਸਥਾ ਨੂੰ ਡੂੰਘੀ ਚੋਟ ਮਾਰੀ ਹੈ ਤੇ ਆਉਣ ਵਾਲੇ ਮਹੀਨਿਆਂ ਵਿੱਚ ਨੁਕਸਾਨ ਵਧ ਸਕਦਾ ਹੈ ਜੇ ਜੰਗ ਨਾ ਰੁੱਕੀ।

ਵਪਾਰੀ ਐਸੋਸੀਏਸ਼ਨਾਂ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਭੁਗਤਾਨ ਗਾਰੰਟੀ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ। ਇਸ ਤੋਂ ਇਲਾਵਾ, ਜਹਾਜ਼ ਕਿਰਾਏ ਵਿੱਚ ਵਾਧਾ ਹੋ ਰਿਹਾ ਹੈ ਤੇ ਬਦਲਵੇਂ ਰਸਤੇ ਲੰਮੇ ਹਨ, ਜਿਸ ਨਾਲ ਲਾਗਤ ਵਧ ਰਹੀ ਹੈ। ਪੰਜਾਬ ਵਿੱਚ ਉਦਯੋਗੀ ਨੁਕਸਾਨ ਵੀ ਵਧ ਰਿਹਾ ਹੈ ਕਿਉਂਕਿ ਖਾੜੀ ਮੁਲਕਾਂ ਨੂੰ ਜਾਣ ਵਾਲਾ ਮਾਲ ਰੁੱਕ ਗਿਆ ਹੈ। ਮਾਹਿਰ ਕਹਿੰਦੇ ਹਨ ਕਿ ਇਹ ਸੰਕਟ ਲੰਮੇ ਸਮੇਂ ਤੱਕ ਚੱਲ ਸਕਦਾ ਹੈ ਤੇ ਪੰਜਾਬ ਨੂੰ ਹਜ਼ਾਰਾਂ ਕਰੋੜ ਦਾ ਨੁਕਸਾਨ ਕਰ ਸਕਦਾ ਹੈ। ਕਿਸਾਨ ਤੇ ਵਪਾਰੀ ਚਿੰਤਤ ਹਨ ਕਿ ਬਾਜ਼ਾਰ ਵਿੱਚ ਕੀਮਤਾਂ ਡਿੱਗਣ ਨਾਲ ਉਨ੍ਹਾਂ ਦੀ ਕਮਾਈ ਘੱਟ ਹੋ ਜਾਵੇਗੀ। ਇਸ ਨਾਲ ਸੂਬੇ ਵਿੱਚ ਬੇਰੁਜ਼ਗਾਰੀ ਵਧ ਸਕਦੀ ਹੈ ਤੇ ਅਰਥ ਵਿਵਸਥਾ ਨੂੰ ਡੂੰਘਾ ਝਟਕਾ ਲੱਗ ਸਕਦਾ ਹੈ।

ਪੰਜਾਬ ਵਿੱਚ ਇਸ ਜੰਗ ਨੇ ਹੋਰ ਖੇਤਰਾਂ ਨੂੰ ਵੀ ਪ੍ਰਭਾਵਿਤ ਕੀਤਾ ਹੈ। ਖੇਤੀ ਮਸ਼ੀਨਾਂ, ਕੱਪੜੇ ਤੇ ਖੇਡ ਸਾਮਾਨ ਵਰਗੇ ਉਤਪਾਦ ਵੀ ਖਤਰੇ ਵਿੱਚ ਹਨ। ਵਪਾਰੀ ਕਹਿੰਦੇ ਹਨ ਕਿ ਨਵੇਂ ਆਰਡਰ ਨਹੀਂ ਆ ਰਹੇ ਤੇ ਪੁਰਾਣੇ ਰੱਦ ਹੋ ਰਹੇ ਹਨ। ਇਸ ਨਾਲ ਫੈਕਟਰੀਆਂ ਵਿੱਚ ਕੰਮ ਘੱਟ ਹੋ ਰਿਹਾ ਹੈ ਤੇ ਮਜ਼ਦੂਰਾਂ ਨੂੰ ਨੌਕਰੀਆਂ ਗਵਾਉਣ ਦਾ ਡਰ ਹੈ। ਸਰਕਾਰ ਨੂੰ ਇਸ ਸੰਕਟ ਨੂੰ ਹੱਲ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਨੁਕਸਾਨ ਘੱਟ ਕੀਤਾ ਜਾ ਸਕੇ।

#### ਤੇਲ ਸਪਲਾਈ ਰੁੱਕੀ

ਭਾਰਤ ਉੱਤੇ ਇਸ ਜੰਗ ਨੇ ਵੱਡਾ ਅਸਰ ਪਾਇਆ ਹੈ। ਮੱਧ ਪੂਰਬੀ ਖੇਤਰ ਵਿੱਚ ਜੰਗ ਕਾਰਨ ਤੇਲ ਸਪਲਾਈ ਰੁੱਕ ਗਈ ਹੈ, ਜਿਸ ਨਾਲ ਭਾਰਤ ਵਿੱਚ ਤੇਲ ਕੀਮਤਾਂ ਵਧ ਸਕਦੀਆਂ ਹਨ। ਭਾਰਤ ਵੱਡੀ ਮਾਤਰਾ ਵਿੱਚ ਤੇਲ ਖਾੜੀ ਮੁਲਕਾਂ ਤੋਂ ਖਰੀਦਦਾ ਹੈ। ਹੁਣ ਹੋਰਮੁਜ਼ ਪਣਡੁੱਬੀ ਰਸਤਾ ਬੰਦ ਹੋਣ ਨਾਲ ਜਹਾਜ਼ ਫਸ ਗਏ ਹਨ। ਰਿਪੋਰਟਾਂ ਮੁਤਾਬਕ, ਤਿੰਨ ਹਜ਼ਾਰ ਦੋ ਸੌ ਜਹਾਜ਼ ਖਾੜੀ ਵਿੱਚ ਫਸੇ ਹਨ, ਜੋ ਵਿਸ਼ਵ ਵਪਾਰ ਦਾ ਚਾਰ ਫੀਸਦੀ ਹਿੱਸਾ ਹਨ। ਇਸ ਨਾਲ ਭਾਰਤ ਨੂੰ ਤੇਲ, ਗੈਸ ਤੇ ਹੋਰ ਸਾਮਾਨ ਦੀ ਕਮੀ ਹੋ ਸਕਦੀ ਹੈ। ਨਿਰਯਾਤਕਾਂ ਨੂੰ ਚਿੰਤਾ ਹੈ ਕਿ ਨਿਰਯਾਤ ਰੁੱਕ ਜਾਵੇਗਾ ਤੇ ਅਰਥ ਵਿਵਸਥਾ ਨੂੰ ਝਟਕਾ ਲੱਗੇਗਾ। ?ਤੇਲ ਮਹਿੰਗਾ ਹੋਣ ਦਾ ਮਤਲਬ ਹੈ ਹਰ ਚੀਜ਼ ਦਾ ਮਹਿੰਗਾ ਹੋਣਾ। ਆਵਾਜਾਈ ਦੇ ਸਾਧਨ ਮਹਿੰਗੇ ਹੋ ਜਾਣਗੇ, ਜਿਸ ਨਾਲ ਸਬਜ਼ੀਆਂ, ਦੁੱਧ ਅਤੇ ਹੋਰ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਵਿੱਚ ਵਾਧਾ ਹੋਵੇਗਾ। ਆਮ ਲੋਕਾਂ ਦੀ ਜੇਬ 'ਤੇ ਇਸ ਦਾ ਸਿੱਧਾ ਬੋਝ ਪਵੇਗਾ। ਇਸ ਤੋਂ ਇਲਾਵਾ, ਦੁਨੀਆ ਭਰ ਦੇ ਸ਼ੇਅਰ ਬਾਜ਼ਾਰਾਂ ਵਿੱਚ ਵੀ ਭਾਰੀ ਗਿਰਾਵਟ ਦੇਖਣ ਨੂੰ ਮਿਲੀ ਹੈ। ਨਿਵੇਸ਼ਕਾਂ ਵਿੱਚ ਡਰ ਦਾ ਮਾਹੌਲ ਹੈ ਕਿਉਂਕਿ ਕੋਈ ਨਹੀਂ ਜਾਣਦਾ ਕਿ ਇਹ ਜੰਗ ਕਿੰਨੀ ਦੇਰ ਚੱਲੇਗੀ ਅਤੇ ਕਿੰਨੀ ਫੈਲੇਗੀ।

ਦੁਨੀਆ ਭਰ ਵਿੱਚ ਸਾਮਾਨ ਪਹੁੰਚਾਉਣ ਦੀ ਲੜੀ (ਸਪਲਾਈ ਚੇਨ) ਟੁੱਟ ਚੁੱਕੀ ਹੈ। ਇਲੈਕਟ੍ਰਾਨਿਕ ਸਾਮਾਨ, ਰਸਾਇਣਕ ਖਾਦਾਂ ਅਤੇ ਕਈ ਹੋਰ ਜ਼ਰੂਰੀ ਵਸਤੂਆਂ ਦੀ ਕਿੱਲਤ ਪੈਦਾ ਹੋ ਸਕਦੀ ਹੈ। ਇਹ ਸਥਿਤੀ ਦੁਨੀਆ ਨੂੰ ਆਰਥਿਕ ਮੰਦੀ ਵੱਲ ਧੱਕ ਸਕਦੀ ਹੈ। ਜੇਕਰ ਸਪਲਾਈ ਰਸਤੇ ਪੂਰੀ ਤਰ੍ਹਾਂ ਬੰਦ ਹੋ ਗਏ, ਤਾਂ ਦੁਨੀਆ ਭਰ ਦੇ ਕਾਰੋਬਾਰੀ ਅਦਾਰਿਆਂ ਨੂੰ ਆਪਣੇ ਕੰਮਕਾਜ ਵਿੱਚ ਵੱਡੀ ਕਟੌਤੀ ਕਰਨੀ ਪਵੇਗੀ, ਜਿਸ ਨਾਲ ਬੇਰੁਜ਼ਗਾਰੀ ਵਧਣ ਦਾ ਖਤਰਾ ਵੀ ਬਣਿਆ ਹੋਇਆ ਹੈ।

#### ਭਾਰਤ ਵਿੱਚ ਹੋਰ ਉਦਯੋਗ ਵੀ ਪ੍ਰਭਾਵਿਤ

ਭਾਰਤ ਵਿੱਚ ਹੋਰ ਉਦਯੋਗ ਵੀ ਪ੍ਰਭਾਵਿਤ ਹਨ ਜਿਵੇਂ ਦਵਾਈਆਂ, ਇਲੈਕਟ੍ਰਾਨਿਕ ਸਾਮਾਨ ਤੇ ਖਾਦ। ਇਹ ਸਭ ਖਾੜੀ ਰਸਤੇ ਰਾਹੀਂ ਆਉਂਦੇ ਹਨ। ਜੇ ਰਸਤੇ ਬੰਦ ਰਹੇ ਤਾਂ ਕਮੀ ਹੋ ਜਾਵੇਗੀ ਤੇ ਕੀਮਤਾਂ ਵਧ ਜਾਣਗੀਆਂ। ਭਾਰਤ ਨੂੰ ਵਿਕਲਪੀ ਮੁਲਕ ਲੱਭਣੇ ਪੈਣਗੇ ਤਾਂ ਜੋ ਨਿਰਯਾਤ ਜਾਰੀ ਰੱਖਿਆ ਜਾ ਸਕੇ। ਇਸ ਜੰਗ ਨੇ ਭਾਰਤ ਨੂੰ ਨਵੇਂ ਚੁਣੌਤੀਆਂ ਨਾਲ ਰੂਬਰੂ ਕੀਤਾ ਹੈ ਤੇ ਅਰਥ ਵਿਵਸਥਾ ਨੂੰ ਮਜ਼ਬੂਤ ਬਣਾਉਣ ਲਈ ਕਦਮ ਚੁੱਕਣੇ ਪੈਣਗੇ।

### ਦੁਨੀਆਂ ਉੱਤੇ ਜੰਗ ਦੇ ਅਸਰ ਤੇ ਵੱਡੇ ਖਤਰੇ

ਦੁਨੀਆਂ ਉੱਤੇ ਇਸ ਜੰਗ ਨੇ ਗੰਭੀਰ ਅਸਰ ਪਾਇਆ ਹੈ। ਪੰਜ ਦਿਨਾਂ ਵਿੱਚ ਹੀ ਵਿਸ਼ਵ ਵਪਾਰ ਪ੍ਰਭਾਵਿਤ ਹੋ ਗਿਆ ਹੈ। ਖਾੜੀ ਮੁਲਕਾਂ ਤੋਂ ਤੇਲ ਸਪਲਾਈ ਰੁੱਕ ਗਈ ਹੈ ਤੇ ਹੋਰਮੁਜ਼ ਰਸਤੇ ਵਿੱਚ ਜਹਾਜ਼ ਫਸੇ ਹਨ। ਇਰਾਨ ਤੇ ਕਤਰ ਵਿੱਚ ਵੱਡੇ ਗੈਸ ਭੰਡਾਰ ਹਨ ਪਰ ਉਤਪਾਦਨ ਠੱਪ ਹੈ। ਇਸ ਨਾਲ ਵਿਸ਼ਵ ਅਰਥ ਵਿਵਸਥਾ ਨੂੰ ਝਟਕਾ ਲੱਗ ਸਕਦਾ ਹੈ। ਏਲੂਮੀਨੀਅਮ ਵਰਗੇ ਧਾਤੂਆਂ ਦੀ ਸਪਲਾਈ ਵੀ ਪ੍ਰਭਾਵਿਤ ਹੈ ਕਿਉਂਕਿ ਬਹਿਰੀਨ, ਕਤਰ ਤੇ ਸਾਊਦੀ ਅਰਬ ਤੋਂ ਪੰਜਾਹ ਲੱਖ ਟਨ ਏਲੂਮੀਨੀਅਮ ਇਸ ਰਸਤੇ ਰਾਹੀਂ ਜਾਂਦਾ ਹੈ, ਜੋ ਵਿਸ਼ਵ ਸਪਲਾਈ ਦਾ ਅੱਠ ਫੀਸਦੀ ਹੈ।

ਏਸ਼ੀਆ ਤੇ ਯੂਰਪ ਵਿਚਕਾਰ ਸੁਏਜ਼ ਨਹਿਰ ਰਸਤਾ ਪ੍ਰਭਾਵਿਤ ਹੈ ਤੇ ਜਹਾਜ਼ਾਂ ਨੂੰ ਅਫਰੀਕਾ ਵੱਲੋਂ ਲੰਮਾ ਸਫਰ ਕਰਨਾ ਪੈ ਰਿਹਾ ਹੈ, ਜਿਸ ਨਾਲ ਸਮਾਂ ਤੇ ਲਾਗਤ ਵਧ ਰਹੀ ਹੈ। ਅਮਰੀਕੀ ਨੇਤਾ ਨੇ ਕਿਹਾ ਹੈ ਕਿ ਉਨ੍ਹਾਂ ਦੀ ਫੌਜ ਤੇਲ ਜਹਾਜ਼ਾਂ ਦੀ ਰੱਖਿਆ ਕਰੇਗੀ ਪਰ ਇਰਾਨ ਨੇ ਚੇਤਾਵਨੀ ਦਿੱਤੀ ਹੈ ਕਿ ਰਸਤੇ ਉੱਤੇ ਹਮਲੇ ਹੋ ਸਕਦੇ ਹਨ। ਇਸ ਨਾਲ ਵਿਸ਼ਵ ਵਪਾਰ ਵਿੱਚ ਅਨਿਸ਼ਚਿਤਤਾ ਵਧ ਗਈ ਹੈ। ਮਾਹਿਰ ਕਹਿੰਦੇ ਹਨ ਕਿ ਵਿਸ਼ਵ ਸਪਲਾਈ ਚੇਨ ਪ੍ਰਭਾਵਿਤ ਹੋ ਚੁਕੀ ਹੈ। ਏਸ਼ੀਆ ਵਿੱਚ ਭਾਰਤ ਵਰਗੇ ਮੁਲਕ ਸਭ ਤੋਂ ਵੱਧ ਪ੍ਰਭਾਵਿਤ ਹਨ, ਕਿਉਂਕਿ ਤੇਲ ਆਯਾਤ ਉੱਤੇ ਨਿਰਭਰ ਹਨ। ਸਟਾਕ ਮਾਰਕੀਟਾਂ ਵਿੱਚ ਗਿਰਾਵਟ ਆ ਰਹੀ ਹੈ ਤੇ ਨਿਵੇਸ਼ਕ ਡਰ ਰਹੇ ਹਨ।

ਦੁਨੀਆਂ ਵਿੱਚ ਇਸ ਜੰਗ ਨੇ ਸਿਆਸੀ ਤਣਾਅ ਵਧਾ ਦਿੱਤਾ ਹੈ ਤੇ ਹੋਰ ਮੁਲਕ ਵੀ ਪ੍ਰਭਾਵਿਤ ਹੋ ਸਕਦੇ ਹਨ। ਜੇ ਜੰਗ ਫੈਲੀ ਤਾਂ ਵਿਸ਼ਵ ਅਰਥ ਵਿਵਸਥਾ ਨੂੰ ਡੂੰਘਾ ਸੰਕਟ ਆ ਸਕਦਾ ਹੈ। ਮਾਹਿਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਤੇਲ ਕੀਮਤਾਂ ਵਿੱਚ ਵਾਧੇ ਨਾਲ ਮਹਿੰਗਾਈ ਵਧੇਗੀ ਤੇ ਵਿਕਾਸ ਘੱਟ ਹੋਵੇਗਾ। ਇਸ ਨਾਲ ਗਰੀਬ ਮੁਲਕਾਂ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਵਿਸ਼ਵ ਨੇਤਾ ਗੱਲਬਾਤ ਰਾਹੀਂ ਹੱਲ ਲੱਭ ਰਹੇ ਹਨ ਪਰ ਹਾਲਾਤ ਗੰਭੀਰ ਹਨ। ਇਸ ਜੰਗ ਨੇ ਦੁਨੀਆਂ ਨੂੰ ਨਵੇਂ ਚੁਣੌਤੀਆਂ ਨਾਲ ਰੂਬਰੂ ਕੀਤਾ ਹੈ।

# ਅਮਰੀਕੀ ਅਰਥਵਿਵਸਥਾ ਦਾ ਸੰਕਟ: ਵਧਦੀ ਬੇਰੋਜ਼ਗਾਰੀ ਅਤੇ ਭਾਰਤੀ ਵਿਦਿਆਰਥੀਆਂ ਦਾ ਬਦਲਦਾ ਰੁਝਾਨ

## ✪ ਅਮਰੀਕੀ ਕਿਰਤ ਬਾਜ਼ਾਰ ਵਿੱਚ ਮੰਦਾ ਅਤੇ ਵੀਜ਼ਾ ਨੀਤੀਆਂ ਕਾਰਨ ਟੁੱਟ ਰਿਹਾ ਵਿਦਿਆਰਥੀਆਂ ਦਾ ਮੋਹ

ਨਿਊਯਾਰਕ-ਅਮਰੀਕਾ ਇਸ ਸਮੇਂ ਇੱਕ ਦੋਹਰੇ ਸੰਕਟ ਵਿੱਚੋਂ ਲੰਘ ਰਿਹਾ ਹੈ: ਇੱਕ ਪਾਸੇ ਉੱਥੋਂ ਦਾ ਕਿਰਤ ਬਾਜ਼ਾਰ ਡਾਵਾਂਡੋਲ ਹੈ ਅਤੇ ਦੂਜੇ ਪਾਸੇ ਭਾਰਤੀ ਵਿਦਿਆਰਥੀਆਂ ਦਾ ਅਮਰੀਕਾ ਜਾਣ ਦਾ ਉਤਸ਼ਾਹ ਘਟ ਰਿਹਾ ਹੈ। ਅਮਰੀਕਾ ਵਿੱਚ ਨੌਕਰੀਆਂ ਦਾ ਘਟਣਾ ਕੋਈ ਇਤਫ਼ਾਕ ਨਹੀਂ, ਸਗੋਂ ਕਈ ਕਾਰਕਾਂ ਦਾ ਸੁਮੇਲ ਹੈ। ਪਿਛਲੇ ਮਹੀਨੇ ਅਚਾਨਕ 92,000 ਨੌਕਰੀਆਂ ਵਿੱਚ ਕਟੌਤੀ ਅਤੇ ਬੇਰੋਜ਼ਗਾਰੀ ਦਰ ਦਾ 4.4 ਫੀਸਦੀ ਤੱਕ ਪਹੁੰਚਣਾ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਅਰਥਵਿਵਸਥਾ ਦਬਾਅ ਹੇਠ ਹੈ।

ਭੂ-ਰਾਜਨੀਤਿਕ ਅਸਥਿਰਤਾ (ਈਰਾਨ ਸੰਕਟ)-ਈਰਾਨ ਨਾਲ ਚੱਲ ਰਿਹਾ ਤਣਾਅ ਅਮਰੀਕੀ ਅਰਥਵਿਵਸਥਾ ਲਈ ਇੱਕ ਵੱਡੀ ਚੁਣੌਤੀ ਬਣ ਕੇ ਉਭਰਿਆ ਹੈ। ਇਸ ਜੰਗ ਵਰਗੀ ਸਥਿਤੀ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਹੈ, ਜਿਸ ਨਾਲ ਆਵਾਜਾਈ ਅਤੇ ਉਤਪਾਦਨ ਦੀ ਲਾਗਤ ਵਧ ਗਈ ਹੈ। ਜਦੋਂ ਕੰਪਨੀਆਂ ਨੂੰ ਭਵਿੱਖ ਬਾਰੇ ਅਨਿਸ਼ਚਿਤਤਾ ਹੁੰਦੀ ਹੈ, ਤਾਂ ਉਹ ਸਭ ਤੋਂ ਪਹਿਲਾਂ ਨਵੀਂ ਭਰਤੀ 'ਤੇ ਰੋਕ ਲਗਾਉਂਦੀਆਂ ਹਨ। ਇਹੀ ਕਾਰਨ ਹੈ ਕਿ ਜਨਵਰੀ ਵਿੱਚ ਜੋ ਕੰਪਨੀਆਂ 1,26,000



ਨੌਕਰੀਆਂ ਜੋੜ ਰਹੀਆਂ ਸਨ, ਉਹ ਫਰਵਰੀ ਵਿੱਚ 92,000 ਨੌਕਰੀਆਂ ਖਤਮ ਕਰਨ 'ਤੇ ਮਜਬੂਰ ਹੋ ਗਈਆਂ ਹਨ। ਵਧੀਆਂ ਹੋਈਆਂ ਕੀਮਤਾਂ ਨੇ ਖਪਤਕਾਰਾਂ ਦੀ ਖਰਚਣ ਸ਼ਕਤੀ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਨਾਲ ਕਾਰੋਬਾਰਾਂ 'ਤੇ ਮੁਨਾਫੇ ਦਾ ਦਬਾਅ ਵਧ ਗਿਆ ਹੈ। ਨੇਵੀ ਫੈਡਰਲ ਕ੍ਰੈਡਿਟ ਯੂਨੀਅਨ ਦੀ ਮੁੱਖ ਅਰਥਸ਼ਾਸਤਰੀ ਹੈਦਰ ਲਾਂਗ ਦਾ ਮੰਨਣਾ ਹੈ ਕਿ ਇਹ ਸਿਰਫ਼ ਅੰਕੜਿਆਂ ਦਾ ਖੇਡ ਨਹੀਂ, ਸਗੋਂ ਮਾਨਸਿਕਤਾ ਦਾ ਮੁੱਦਾ ਹੈ। ਉਨ੍ਹਾਂ ਅਨੁਸਾਰ ਕੰਪਨੀਆਂ ਬਸੰਤ ਰੁੱਤ ਵਿੱਚ ਭਰਤੀ ਕਰਨ ਤੋਂ ਉਦੋਂ ਤੱਕ ਗੁਰੇਜ਼ ਕਰਨਗੀਆਂ ਜਦੋਂ ਤੱਕ ਜੰਗ ਅਤੇ ਤੇਲ ਦੀਆਂ ਕੀਮਤਾਂ ਦਾ ਮਸਲਾ ਹੱਲ ਨਹੀਂ ਹੋ ਜਾਂਦਾ। ਇਹ ਸਮਾਂ ਅਮਰੀਕੀ ਅਰਥਵਿਵਸਥਾ ਲਈ ਬੇਹੱਦ ਨਾਜ਼ੁਕ ਹੈ, ਕਿਉਂਕਿ ਨੌਕਰੀ ਦਾ ਬਾਜ਼ਾਰ ਕਈ ਦਿਸ਼ਾਵਾਂ ਤੋਂ ਦਬਾਅ ਝੱਲ ਰਿਹਾ ਹੈ। ਜਿਵੇਂ ਕਿ ਅਮਰੀਕੀ ਅਰਥਵਿਵਸਥਾ ਸੰਘਰਸ਼ ਕਰ ਰਹੀ ਹੈ, ਉੱਥੇ ਹੀ ਸਿੱਖਿਆ ਦੇ ਖੇਤਰ ਵਿੱਚ ਵੀ ਵੱਡੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਭਾਰਤੀ ਵਿਦਿਆਰਥੀਆਂ ਲਈ ਐਫ-1 ਵੀਜ਼ਾ ਦੀ ਗਿਣਤੀ ਵਿੱਚ ਆਈ ਗਿਰਾਵਟ ਬਹੁਤ ਹੈਰਾਨ ਕਰਨ ਵਾਲੀ ਹੈ। ਪਿਛਲੇ ਕੁਝ ਸਾਲਾਂ ਦੇ ਅੰਕੜੇ ਇੱਕ ਚਿੰਤਾਜਨਕ ਤਸਵੀਰ ਪੇਸ਼ ਕਰਦੇ ਹਨ:

2022: 14,700 ਵੀਜ਼ਾ ਜਾਰੀ ਹੋਏ।

2023: ਇਹ ਅੰਕੜਾ ਘਟ ਕੇ 12,800 'ਤੇ ਆ ਗਿਆ।

ਵਰਤਮਾਨ: ਅਗਸਤ ਮਹੀਨੇ ਵਿੱਚ ਇਹ ਗਿਣਤੀ ਡਿੱਗ ਕੇ ਸਿਰਫ਼ 2,389 ਰਹਿ ਗਈ ਹੈ।

ਡੋਨਾਲਡ ਟਰੰਪ ਦੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਨੀਤੀਆਂ ਵਿੱਚ ਆਈ ਸਖ਼ਤੀ ਨੇ ਵਿਦਿਆਰਥੀਆਂ ਵਿੱਚ ਡਰ ਪੈਦਾ ਕੀਤਾ ਹੈ। ਬਹੁਤ ਸਾਰੇ ਵਿਦਿਆਰਥੀ ਹੁਣ ਅਜਿਹੇ ਦੇਸ਼ਾਂ ਨੂੰ ਤਰਜੀਹ ਦੇ ਰਹੇ ਹਨ ਜਿੱਥੇ ਨਿਯਮ ਸਪੱਸ਼ਟ ਅਤੇ ਸਵਾਗਤਯੋਗ ਹਨ।

ਜਦੋਂ ਵਿਦਿਆਰਥੀ ਦੇਖਦੇ ਹਨ ਕਿ ਅਮਰੀਕਾ ਵਿੱਚ ਬੇਰੁਜ਼ਗਾਰੀ ਹੈ ਅਤੇ ਵੀਜ਼ਾ ਨਿਯਮ ਬਦਲ ਰਹੇ ਹਨ, ਤਾਂ ਉਹ ਆਪਣੀ ਪੜ੍ਹਾਈ ਲਈ ਯੂਰਪ, ਕੈਨੇਡਾ ਜਾਂ ਆਸਟ੍ਰੇਲੀਆ ਵਰਗੇ ਬਦਲ ਲੱਭਣ ਲੱਗ ਪੈਂਦੇ ਹਨ।

ਹੈਦਰਾਬਾਦ, ਅਹਿਮਦਾਬਾਦ ਅਤੇ ਪੰਜਾਬ ਵਰਗੇ ਇਲਾਕਿਆਂ ਦੇ ਲੋਕ, ਜੋ ਪਹਿਲਾਂ ਅਮਰੀਕਾ ਜਾਣ ਲਈ ਦਿਲਚਸਪੀ ਰਖਦੇ ਸਨ, ਉਨ੍ਹਾਂ ਦੀਆਂ ਅਰਜ਼ੀਆਂ ਦੀ ਗਿਣਤੀ ਵਿੱਚ ਹੁਣ ਕਾਫੀ ਕਮੀ ਆਈ ਹੈ। ਇਹ ਦਰਸਾਉਂਦਾ ਹੈ ਕਿ ਇਹ ਸਿਰਫ਼ ਕਿਸੇ ਇੱਕ ਖੇਤਰ ਦੀ ਸਮੱਸਿਆ ਨਹੀਂ, ਸਗੋਂ ਇੱਕ ਰਾਸ਼ਟਰੀ ਰੁਝਾਨ ਬਣ ਗਿਆ ਹੈ। ਇਹ ਇੱਕ ਅਜਿਹਾ ਚੱਕਰ ਹੈ ਜਿੱਥੇ ਆਰਥਿਕ ਸੁਸਤੀ ਵਿਦੇਸ਼ੀ ਨਿਵੇਸ਼ ਅਤੇ ਪ੍ਰਤਿਭਾ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ।

# ਪਾਕਿਸਤਾਨ ਵਿਚ ਸਰਬਜੀਤ ਕੌਰ ਦੀ ਕੁਰਲਾਈ : 'ਮੈਨੂੰ ਭਾਰਤ ਭੇਜੋ, ਮੈਂ ਫਸ ਗਈ ਹਾਂ'

## ✪ ਨਾਸਿਰ ਦੀ ਬਲੈਕਮੇਲਿੰਗ ਦਾ ਕਾਲਾ ਸੱਚ ਆਇਆ ਸਾਹਮਣੇ



ਗੁਰਦਾਸਪੁਰ/ਲਾਹੌਰ-ਧਾਰਮਿਕ ਯਾਤਰਾ ਦੀ ਆੜ ਵਿਚ ਪਾਕਿਸਤਾਨ ਗਈ ਭਾਰਤੀ ਮਹਿਲਾ ਸਰਬਜੀਤ ਕੌਰ ਦੀ ਹਾਲਤ ਇਸ ਵੇਲੇ ਬੇਹੱਦ ਨਾਜ਼ੁਕ ਬਣੀ ਹੋਈ ਹੈ। ਸਰਬਜੀਤ ਨੇ ਇੱਕ ਵਾਰ ਫਿਰ ਆਪਣਾ ਬਿਆਨ ਬਦਲਦਿਆਂ ਪਾਕਿਸਤਾਨ ਤੋਂ ਸਿੱਧੀ ਗੁਹਾਰ ਲਗਾਈ ਹੈ ਕਿ ਉਸਨੂੰ ਤੁਰੰਤ ਭਾਰਤ ਵਾਪਸ ਭੇਜਿਆ ਜਾਵੇ। ਉਸ ਦੇ ਤਾਜ਼ਾ ਬਿਆਨਾਂ ਨੇ ਪਾਕਿਸਤਾਨੀ ਵਿਅਕਤੀ ਨਾਸਿਰ ਹੁਸੈਨ ਦੇ ਕਾਲੇ ਕਾਰਨਾਮਿਆਂ ਦਾ ਪਰਦਾਫਾਸ਼ ਕਰ ਦਿੱਤਾ ਹੈ। ਸਰਬਜੀਤ ਦਾ ਦੋਸ਼ ਹੈ ਕਿ ਨਾਸਿਰ ਹੁਸੈਨ ਨੇ ਉਸ ਦੀਆਂ ਕਥਿਤ ਇਤਰਾਜ਼ਯੋਗ ਤਸਵੀਰਾਂ ਅਤੇ ਵੀਡੀਓ ਦੀ ਵਰਤੋਂ ਕਰਕੇ ਉਸਨੂੰ ਬਲੈਕਮੇਲ ਕੀਤਾ।

ਇਨ੍ਹਾਂ ਤਸਵੀਰਾਂ ਦੇ ਦਮ 'ਤੇ ਹੀ ਉਸਨੂੰ ਜ਼ਬਰਦਸਤੀ ਇਸਲਾਮ ਕਬੂਲ ਕਰਨ ਅਤੇ ਨਿਕਾਹ ਕਰਨ ਲਈ ਮਜਬੂਰ ਕੀਤਾ ਗਿਆ।ਸਰਬਜੀਤ ਨੇ ਦੱਸਿਆ ਕਿ ਉਹ 6 ਮਾਰਚ ਨੂੰ ਆਪਣਾ ਪੱਖ ਰੱਖਣ ਲਈ ਲਾਹੌਰ ਹਾਈ ਕੋਰਟ ਜਾਣਾ ਚਾਹੁੰਦੀ ਸੀ, ਪਰ ਨਾਸਿਰ ਅਤੇ ਉਸਦੇ ਪਰਿਵਾਰ ਨੇ ਉਸਨੂੰ ਘਰ ਵਿੱਚ ਹੀ ਬੰਦੀ ਬਣਾ ਲਿਆ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਿੱਤੀਆਂ। ਸਰਬਜੀਤ ਦੇ ਭਾਰਤੀ ਪਤੀ ਕਰਨੈਲ ਸਿੰਘ ਨੇ ਹਾਰ ਨਹੀਂ ਮੰਨੀ ਹੈ। ਉਨ੍ਹਾਂ ਨੇ ਲਾਹੌਰ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਤਲਾਕ ਨਹੀਂ ਹੋਇਆ ਹੈ, ਇਸ ਲਈ ਸਰਬਜੀਤ ਦਾ ਪਾਕਿਸਤਾਨ ਵਿੱਚ ਹੋਇਆ ਨਿਕਾਹ ਕਾਨੂੰਨੀ ਤੌਰ 'ਤੇ ਮਾਨਤਾ ਯੋਗ ਨਹੀਂ ਹੈ। ਕਰਨੈਲ ਸਿੰਘ ਨੇ ਸਰਬਜੀਤ ਨੂੰ ਤੁਰੰਤ ਡਿਪੋਰਟ ਕਰਕੇ ਭਾਰਤ ਭੇਜਣ ਦੀ ਮੰਗ ਕੀਤੀ ਹੈ।

ਸਰਬਜੀਤ ਦਾ ਭਾਵੁਕ ਬਿਆਨ-ਇੱਕ ਵਕੀਲ ਨਾਲ ਗੱਲਬਾਤ ਕਰਦਿਆਂ ਸਰਬਜੀਤ ਕੌਰ ਨੇ ਭਾਵੁਕ ਹੁੰਦਿਆਂ ਕਿਹਾ, "ਜੇਕਰ ਮੈਨੂੰ ਅਦਾਲਤ ਜਾਣ ਦਿੱਤਾ ਜਾਂਦਾ ਤਾਂ ਸਭ ਕੁਝ ਸਾਫ਼ ਹੋ ਜਾਣਾ ਸੀ।" ਉਸਨੇ ਨਾਸਿਰ ਅਤੇ ਉਸਦੀ ਪਹਿਲੀ ਪਤਨੀ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਹਾਲਾਂਕਿ, ਉਸਦੇ ਮਨ ਵਿੱਚ ਭਾਰਤ ਵਾਪਸੀ 'ਤੇ ਜਾਂਚ ਏਜੰਸੀਆਂ ਦੀ ਪੁੱਛਗਿੱਛ ਦਾ ਡਰ ਵੀ ਹੈ, ਜਿਸ ਨੂੰ ਵਕੀਲਾਂ ਨੇ ਦੂਰ ਕਰਨ ਦਾ ਭਰੋਸਾ ਦਿੱਤਾ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਕੀ ਲਾਹੌਰ ਹਾਈ ਕੋਰਟ ਸਰਬਜੀਤ ਨੂੰ ਨਾਸਿਰ ਦੇ ਚੁੰਗਲ ਤੋਂ ਆਜ਼ਾਦ ਕਰਵਾ ਕੇ ਸੁਰੱਖਿਅਤ ਭਾਰਤ ਭੇਜਦੀ ਹੈ, ਜਾਂ ਇਹ ਮਾਮਲਾ ਹੋਰ ਉਲਝਦਾ ਜਾਵੇਗਾ।

# ਹੋਲੀ ਦੀਆਂ ਖ਼ੁਸ਼ੀਆਂ ਮਾਤਮ ਵਿਚ ਬਦਲੀਆਂ

### ✪ ਰਾਜ਼ੀਨਾਮੇ ਦੌਰਾਨ ਚੱਲੀਆਂ ਗੋਲੀਆਂ; 2 ਦੀ ਮੌਤ ✪ ਕਬੂਤਰਬਾਜ਼ੀ ਦਾ ਵਿਵਾਦ ਬਣਿਆ ਕਾਲ, ਮਮਦੋਟ ਦੇ ਪਿੰਡ ਕੜਮਾਂ 'ਚ ਦੋ ਧੜਿਆਂ ਵਿਚਾਲੇ ਖ਼ੂਨੀ ਟਕਰਾਅ

ਫਿਰੋਜ਼ਪੁਰ-ਹੋਲੀ ਦੇ ਤਿਉਹਾਰ ਵਾਲੇ ਦਿਨ ਫਿਰੋਜ਼ਪੁਰ ਦੇ ਕਸਬਾ ਮਮਦੋਟ ਅਧੀਨ ਪੈਂਦੇ ਪਿੰਡ ਕੜਮਾਂ ਵਿੱਚ ਉਸ ਸਮੇਂ ਸਨਸਨੀ ਫੈਲ ਗਈ, ਜਦੋਂ ਆਪਸੀ ਰੰਜਿਸ਼ ਕਾਰਨ ਦੋ ਧੜਿਆਂ ਵਿਚਾਲੇ ਹੋਈ ਗੋਲੀਬਾਰੀ ਵਿੱਚ ਦੋ ਵਿਅਕਤੀਆਂ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ, ਇਸ ਪੂਰੇ ਝਗੜੇ ਦੀ ਜੜ੍ਹ 'ਕਬੂਤਰਬਾਜ਼ੀ' (ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਭੇਜਣ) ਦਾ ਮਾਮਲਾ ਸੀ। ਸ਼ੁਰੂਆਤ ਵਿੱਚ ਇਹ ਵਿਵਾਦ ਘਰਾਂ ਦੇ ਬੱਚਿਆਂ ਵਿਚਕਾਰ ਹੋਈ ਲੜਾਈ ਨਾਲ ਸ਼ੁਰੂ ਹੋਇਆ, ਜੋ ਹੌਲੀ-ਹੌਲੀ ਪਰਿਵਾਰਕ ਵੱਡਿਆਂ ਤੱਕ ਪਹੁੰਚ ਗਿਆ। ਮਾਮਲੇ ਨੂੰ ਸੁਲਝਾਉਣ ਲਈ ਦੇਰ ਸ਼ਾਮ ਦੋਵੇਂ ਧਿਰਾਂ ਇੱਕ ਜਗ੍ਹਾ 'ਤੇ ਰਾਜ਼ੀਨਾਮਾ ਕਰਨ ਲਈ ਇਕੱਠੀਆਂ ਹੋਈਆਂ। ਗੱਲਬਾਤ ਦੌਰਾਨ ਤਕਰਾਰ ਇੰਨੀ ਵਧ ਗਈ ਕਿ ਮਾਹੌਲ ਤਣਾਅਪੂਰਨ ਹੋ ਗਿਆ। ਇਸ ਦੌਰਾਨ ਇੱਕ ਧਿਰ ਨੇ ਦੂਜੀ ਧਿਰ ਦੇ ਵਿਅਕਤੀ 'ਤੇ ਗੋਲੀ ਚਲਾ ਦਿੱਤੀ। ਜਵਾਬੀ ਕਾਰਵਾਈ ਵਿੱਚ ਦੂਜੀ ਧਿਰ ਦੇ ਵਿਅਕਤੀ ਨੇ ਹਮਲਾਵਰ ਤੋਂ ਹਥਿਆਰ ਖੋਹ ਕੇ ਉਸ 'ਤੇ ਹੀ ਗੋਲੀ ਚਲਾ ਦਿੱਤੀ। ਇਸ ਘਟਨਾ ਵਿੱਚ ਖਲਾਰਾ ਸਿੰਘ ਅਤੇ ਜਾਗੀ ਸਿੰਘ ਨਾਮਕ ਦੋਵਾਂ ਵਿਅਕਤੀਆਂ ਦੀ ਮੌਤ ਹੋ ਗਈ, ਜਿਸ ਨਾਲ ਇਲਾਕੇ ਵਿੱਚ ਹਾਹਾਕਾਰ ਮਚ ਗਈ। ਪੁਲਿਸ ਵੱਲੋਂ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

# ਆਪ੍ਰੇਸ਼ਨ 'ਐਪਿਕ ਫਿਊਰੀ': ਅਮਰੀਕਾ ਲਈ ਕਿੰਨੀ ਮਹਿੰਗੀ ਸਾਬਤ ਹੋ ਰਹੀ ਹੈ ਈਰਾਨ ਨਾਲ ਜੰਗ?

## ✪ ਸਸਤੇ ਈਰਾਨੀ ਡਰੋਨ ਬਨਾਮ ਮਹਿੰਗੀ ਅਮਰੀਕਨ ਮਿਜ਼ਾਈਲ: ਅਮਰੀਕਾ ਲਈ ਜੰਗ ਦਾ ਨਵਾਂ 'ਮਿਜ਼ਾਈਲ ਮੈਥ' ਸੰਕਟ ✪ ਈਰਾਨ ਦੇ ਡਰੋਨ ਇਜ਼ਰਾਈਲ ਤੇ ਅਮਰੀਕਾ ਲਈ ਵੱਡੀ ਸਿਰਦਰਦੀ ਬਣੇ, ਭਾਰੀ ਆਰਥਿਕ ਨੁਕਸਾਨ ਕੀਤਾ ✪ ਕੀ ਈਰਾਨ-ਅਮਰੀਕਾ ਜੰਗ ਗਲੋਬਲ ਮਾਰਕੀਟ ਨੂੰ ਡੁਬੋ ਦੇਵੇਗੀ?

ਮੱਧ ਪੂਰਬ ਵਿੱਚ ਜਾਰੀ ਲੜਾਈ ਨੇ ਸੰਸਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਮਰੀਕਾ, ਇਜ਼ਰਾਈਲ ਅਤੇ ਈਰਾਨ ਵਿਚਕਾਰ ਇਹ ਟੱਕਰ ਹੁਣ ਨਾ ਸਿਰਫ਼ ਜਿੰਦਗੀਆਂ ਖਾ ਰਹੀ ਹੈ, ਸਗੋਂ ਆਰਥਿਕ ਮਾਮਲੇ ਵਿੱਚ ਵੀ ਵੱਡਾ ਘਾਟਾ ਪਾ ਰਹੀ ਹੈ। ਈਰਾਨ ਵੱਲੋਂ ਬਣਾਏ ਗਏ ਸ਼ਹੀਦ-136 ਨਾਂ ਦੇ ਮਿਜਾਈਲ ਨੇ ਅਮਰੀਕਾ ਅਤੇ ਇਜ਼ਰਾਈਲ ਨੂੰ ਬਹੁਤ ਪਰੇਸ਼ਾਨ ਕੀਤਾ ਹੈ। ਈਰਾਨ ਦੇ ਸਸਤੇ ਡਰੋਨਾਂ (ਜਿਵੇਂ ਕਿ ਸ਼ਹੀਦ-136) ਨੂੰ ਡੇਗਣ ਲਈ ਅਮਰੀਕਾ ਨੂੰ ਪੈਟ੍ਰਿਅਟ ਜਾਂ ਥਾਡ ਮਿਜ਼ਾਈਲਾਂ ਦੀ ਵਰਤੋਂ ਕਰਨੀ ਪੈ ਰਹੀ ਹੈ। ਇੱਕ ਪੈਟ੍ਰਿਅਟ ਇੰਟਰਸੈਪਟਰ ਮਿਜ਼ਾਈਲ ਦੀ ਕੀਮਤ 4 ਮਿਲੀਅਨ ਡਾਲਰ ਤੱਕ ਹੋ ਸਕਦੀ ਹੈ, ਜਦੋਂ ਕਿ ਡਰੋਨ ਦੀ ਕੀਮਤ ਮਹਿਜ਼ ਕੁਝ ਹਜ਼ਾਰ ਡਾਲਰ ਹੈ। ਇਸ ਅਸੰਤੁਲਨ ਕਾਰਨ ਅਮਰੀਕਾ ਨੂੰ ਹਰ ਰੋਜ਼ ਬੇਤਹਾਸ਼ਾ ਵਿੱਤੀ ਨੁਕਸਾਨ ਝੱਲਣਾ ਪੈ ਰਿਹਾ ਹੈ। ਮਾਹਿਰਾਂ ਮੁਤਾਬਕ ਇਸ ਨੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਜੰਗ ਸ਼ੁਰੂ ਹੋਣ ਤੋਂ ਪਹਿਲਾਂ ਅਮਰੀਕਾ ਦੀ ਤਿਆਰੀ ਹੀ ਬਹੁਤ ਮਹਿੰਗੀ ਸੀ। ਸਾਬਕਾ ਪੈਂਟਾਗਨ ਅਧਿਕਾਰੀ ਐਲੇਨ ਮੈਕਕਸਕਰ ਅਨੁਸਾਰ, ਫੌਜਾਂ ਦੀ ਤਾਇਨਾਤੀ ਅਤੇ ਸਾਜ਼ੋ-ਸਾਮਾਨ ਨੂੰ ਅੱਗੇ ਵਧਾਉਣ 'ਤੇ ਹੀ 630 ਮਿਲੀਅਨ ਡਾਲਰ ਖਰਚ ਹੋਏ ਸਨ। ਜੰਗ ਦੇ ਪਹਿਲੇ 24 ਘੰਟਿਆਂ ਵਿੱਚ ਹੀ ਅਮਰੀਕਾ ਨੇ ਲਗਭਗ 779 ਮਿਲੀਅਨ ਡਾਲਰ ਦਾ ਗੋਲਾ-ਬਾਰੂਦ ਖਰਚ ਕਰ ਦਿੱਤਾ ਸੀ।

ਇਸ ਤੋਂ ਇਲਾਵਾ ਇਜ਼ਰਾਈਲ ਨੂੰ ਹਰ ਹਫ਼ਤੇ ਤਿੰਨ ਅਰਬ ਡਾਲਰ ਦਾ ਘਾਟਾ ਪੈ ਰਿਹਾ ਹੈ। ਈਰਾਨ ਨੇ ਅਮਰੀਕਾ ਨੂੰ ਭਾਰੀ ਨੁਕਸਾਨ ਪਹੁੰਚਾਉਣ ਵਾਲਾ ਵੱਡਾ ਹਮਲਾ ਕੀਤਾ ਹੈ ਜਿਸ ਵਿੱਚ ਕਤਰ ਵਿੱਚ ਖਾੜੀ ਦੇ ਸਭ ਤੋਂ ਵੱਡੇ ਅਮਰੀਕੀ ਨਿਗਰਾਨੀ ਯੰਤਰਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ ਜਿਸ ਦੀ ਕੀਮਤ ਇੱਕ ਅੰਕੜਾ ਇੱਕ ਅਰਬ ਡਾਲਰ ਹੈ।ਈਰਾਨ ਵੱਲੋਂ ਇਸ ਤੇ ਹਮਲਾ ਕਰਨ ਨਾਲ ਅਮਰੀਕਾ ਦੀ ਨਿਗਰਾਨੀ ਵਿਵਸਥਾ ਨੂੰ ਵੱਡਾ ਝਟਕਾ ਲੱਗਾ ਹੈ। ਅਮਰੀਕਾ ਨੂੰ ਹੁਣ ਨਵੇਂ ਯੰਤਰ ਬਣਾਉਣ ਅਤੇ ਪੁਰਾਣੇ ਨੂੰ ਠੀਕ ਕਰਨ ਤੇ ਵੀ ਭਾਰੀ ਪੈਸਾ ਖਰਚ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਅਮਰੀਕਾ ਦੇ ਵੱਖ ਵੱਖ ਮੁਲਕਾਂ ਵਿੱਚ ਬਣੇ ਅੱਡੇ ਵੀ ਈਰਾਨੀ ਹਮਲਿਆਂ ਦਾ ਨਿਸ਼ਾਨਾ ਬਣ ਰਹੇ ਹਨ ਜਿਸ ਨਾਲ ਉਨ੍ਹਾਂ ਨੂੰ ਵੀ ਘਾਟਾ ਪੈ ਰਿਹਾ ਹੈ। ਲੜਾਈ ਦੀ ਸ਼ੁਰੂਆਤ ਨਾਲ ਹੀ ਤਿੰਨੇ ਮੁਲਕਾਂ ਨੂੰ ਵੱਡਾ ਆਰਥਿਕ ਘਾਟਾ ਪੈਣ ਲੱਗਾ ਹੈ। ਅਮਰੀਕਾ ਨੂੰ ਇਸ ਲੜਾਈ ਵਿੱਚ ਹਥਿਆਰਾਂ ਅਤੇ ਫੌਜੀ ਕਾਰਵਾਈਆਂ ਤੇ ਬਹੁਤ ਪੈਸਾ ਖਰਚ ਕਰਨਾ ਪੈ ਰਿਹਾ ਹੈ। ਮਾਹਿਰਾਂ ਮੁਤਾਬਕ ਅਮਰੀਕਾ ਨੂੰ ਹੁਣ ਤੱਕ ਲੱਖਾਂ ਕਰੋੜਾਂ ਡਾਲਰਾਂ ਦਾ ਘਾਟਾ ਹੋ ਚੁੱਕਾ ਹੈ। ਖਾਸ ਕਰ ਕੇ ਈਰਾਨ ਵੱਲੋਂ ਕੀਤੇ ਹਮਲਿਆਂ ਵਿੱਚ ਅਮਰੀਕੀ ਫੌਜੀ ਅੱਡੇ ਅਤੇ ਯੰਤਰ ਤਬਾਹ ਹੋ ਰਹੇ ਹਨ। ਇਜ਼ਰਾਈਲ ਨੂੰ ਇਸ ਲੜਾਈ



ਵਿੱਚ ਸਭ ਤੋਂ ਵੱਡਾ ਆਰਥਿਕ ਘਾਟਾ ਪੈ ਰਿਹਾ ਹੈ।

ਇਜ਼ਰਾਈਲ ਦੇ ਖ਼ਜ਼ਾਨੇ ਵਾਲੇ ਵਿਭਾਗ ਨੇ ਦੱਸਿਆ ਹੈ ਕਿ ਹਰ ਹਫ਼ਤੇ ਤਿੰਨ ਅਰਬ ਡਾਲਰ ਦਾ ਘਾਟਾ ਹੋ ਰਿਹਾ ਹੈ। ਇਹ ਘਾਟਾ ਲੜਾਈ ਕਾਰਨ ਲੱਗੀਆਂ ਪਾਬੰਦੀਆਂ ਨਾਲ ਪੈ ਰਿਹਾ ਹੈ। ਮਿਸਾਲ ਵਜੋਂ ਵਪਾਰ, ਸਿੱਖਿਆ ਅਤੇ ਕੰਮ ਕਾਜ ਉਪਰ ਪਾਬੰਦੀਆਂ ਲੱਗੀਆਂ ਹੋਈਆਂ ਹਨ। ਲੋਕਾਂ ਨੂੰ ਘਰਾਂ ਵਿੱਚ ਰਹਿਣ ਅਤੇ ਕੰਮ ਘਰੋਂ ਕਰਨ ਲਈ ਕਿਹਾ ਗਿਆ ਹੈ। ਇਸ ਨਾਲ ਵਪਾਰੀਆਂ ਅਤੇ ਕੰਮ ਕਰਨ ਵਾਲਿਆਂ ਨੂੰ ਵੱਡਾ ਘਾਟਾ ਪੈ ਰਿਹਾ ਹੈ। ਇਜ਼ਰਾਈਲ ਨੂੰ ਹਥਿਆਰਾਂ ਤੇ ਵੀ ਬਹੁਤ ਪੈਸਾ ਖਰਚ ਕਰਨਾ ਪੈ ਰਿਹਾ ਹੈ, ਕਿਉਂਕਿ ਈਰਾਨ ਵੱਲੋਂ ਰੋਜ਼ਾਨਾ ਹਮਲੇ ਹੋ ਰਹੇ ਹਨ।

ਈਰਾਨ ਨੂੰ ਵੀ ਇਸ ਲੜਾਈ ਵਿੱਚ ਆਰਥਿਕ ਘਾਟਾ ਪੈ ਰਿਹਾ ਹੈ ਪਰ ਉਹ ਆਪਣੇ ਸਸਤੇ ਹਥਿਆਰਾਂ ਨਾਲ ਵੱਡੇ ਮੁਲਕਾਂ ਨੂੰ ਪਰੇਸ਼ਾਨ ਕਰ ਰਿਹਾ ਹੈ। ਈਰਾਨ ਨੂੰ ਅੰਤਰਰਾਸ਼ਟਰੀ ਪਾਬੰਦੀਆਂ ਕਾਰਨ ਪਹਿਲਾਂ ਹੀ ਘਾਟਾ ਸੀ ਪਰ ਹੁਣ ਲੜਾਈ ਨਾਲ ਵਧ ਗਿਆ ਹੈ। ਉਨ੍ਹਾਂ ਨੂੰ ਆਪਣੀ ਫੌਜ ਦਾ ਪ੍ਰਬੰਧ ਚਲਾਉਣ ਅਤੇ ਹਥਿਆਰ ਬਣਾਉਣ ਉਪਰ ਪੈਸਾ ਖਰਚ ਕਰਨਾ ਪੈ ਰਿਹਾ ਹੈ। ਮਾਹਿਰਾਂ ਮੁਤਾਬਕ ਈਰਾਨ ਨੂੰ ਹੁਣ ਤੱਕ ਹਜ਼ਾਰਾਂ ਕਰੋੜਾਂ ਦਾ ਘਾਟਾ ਹੋ ਚੁੱਕਾ ਹੈ ਪਰ ਉਹ ਆਪਣੇ ਹਥਿਆਰਾਂ ਨਾਲ ਲੜਾਈ ਜਾਰੀ ਰੱਖ ਰਿਹਾ ਹੈ। ਇਸ ਤੋਂ ਇਲਾਵਾ ਇਹ ਸਵਾਲ ਵੀ ਉੱਠ ਰਿਹਾ ਹੈ ਕਿ ਕੀ ਈਰਾਨ ਨੇ ਪਰਮਾਣੂ ਹਥਿਆਰ ਵਾਲੀਆਂ ਮਿਜ਼ਾਈਲਾਂ ਬਣਾ ਲਈਆਂ ਹਨ।

ਹੁਣ ਗੱਲ ਕਰੀਏ ਈਰਾਨ ਦੇ ਸ਼ਹੀਦ-136 ਮਿਜ਼ਾਈਲਾਂ ਦੀ। ਇਹ ਇੱਕ ਅਜਿਹਾ ਯੰਤਰ ਹੈ ਜੋ ਆਪਣੇ ਨਿਸ਼ਾਨੇ ਤੇ ਜਾ ਕੇ ਖੁਦ ਨੂੰ ਤਬਾਹ ਕਰ ਦਿੰਦਾ ਹੈ ਅਤੇ ਨਿਸ਼ਾਨੇ ਨੂੰ ਵੀ ਉਡਾ ਦਿੰਦਾ ਹੈ। ਇੱਕ ਅਜਿਹੇ ਯੰਤਰ ਦੀ ਕੀਮਤ ਵੀਹ ਹਜ਼ਾਰ ਡਾਲਰ ਤੋਂ ਪੰਜਾਹ ਹਜ਼ਾਰ ਡਾਲਰਾਂ ਵਿੱਚ ਹੈ ਜੋ ਬਹੁਤ ਸਸਤੀ ਹੈ। ਪਰ ਇਸ ਨੂੰ ਰੋਕਣ ਲਈ ਅਮਰੀਕਾ ਅਤੇ ਇਜ਼ਰਾਈਲ ਨੂੰ ਬਹੁਤ ਮਹਿੰਗੇ ਹਥਿਆਰ ਵਰਤਣੇ ਪੈ ਰਹੇ ਹਨ। ਇੱਕ ਅਮਰੀਕਨ ਮਿਜਾਈਲ ਦੀ ਕੀਮਤ ਚਾਰ ਮਿਲੀਅਨ ਡਾਲਰ ਤੱਕ ਹੈ ਜੋ ਡਰੋਨ ਨਾਲੋਂ ਕਈ ਗੁਣਾ ਵੱਧ ਹੈ। ਜਦੋਂ ਈਰਾਨ ਇੱਕ ਵਾਰ ਵਿੱਚ ਬਹੁਤ ਸਾਰੇ ਡਰੋਨ ਛੱਡਦਾ ਹੈ ਤਾਂ ਉਨ੍ਹਾਂ ਨੂੰ ਰੋਕਣ ਲਈ ਬਹੁਤ ਮਹਿੰਗੀਆ ਮਿਜ਼ਾਈਲਾਂ ਵਰਤਣੀਆਂ ਪੈਂਦੀਆਂ ਹਨ ਜਿਸ ਨਾਲ ਘਾਟਾ ਵੱਧ ਜਾਂਦਾ ਹੈ। ਇਸ ਡਰੋਨ ਨੇ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੂੰ ਬਹੁਤ ਪਰੇਸ਼ਾਨ ਕੀਤਾ ਹੈ ਅਤੇ ਉਨ੍ਹਾਂ ਦੀ ਨੀਂਦ ਉਡਾ ਦਿੱਤੀ ਹੈ ਕਿਉਂਕਿ ਇਹ ਡਰੋਨ ਬਹੁਤ ਅਸਰਦਾਰ ਹਨ।

ਸ਼ਹੀਦ-136 ਮਿਜਾਈਲ ਦੀ ਬਣਤਰ ਬਹੁਤ ਸਾਦੀ ਹੈ। ਇਸ ਦੀ ਲੰਬਾਈ ਤਿੰਨ ਅੱਧੇ ਮੀਟਰ, ਖੰਭਾਂ ਦੀ ਚੌੜਾਈ ਦੋ ਅੱਧੇ ਮੀਟਰ ਅਤੇ ਵਜ਼ਨ ਦੋ ਸੌ ਕਿੱਲੋ ਹੈ। ਇਸ ਦੇ ਖੰਭ ਤਿਕੋਣੀ ਸ਼ਕਲ ਵਾਲੇ ਹਨ ਜੋ ਇਸ ਨੂੰ ਮਜ਼ਬੂਤ ਬਣਾਉਂਦੇ ਹਨ। ਈਰਾਨ ਇਸ ਨੂੰ ਵੱਡੀ ਗਿਣਤੀ ਵਿੱਚ ਬਣਾ ਰਿਹਾ ਹੈ, ਕਿਉਂਕਿ ਇਹ ਬਹੁਤ ਸਸਤਾ ਪੈਂਦਾ ਹੈ। ਇਸ ਵਿੱਚ ਤੀਹ ਤੋਂ ਪੰਜਾਹ ਕਿੱਲੋ ਵਿਸਫੋਟਕ ਸਮੱਗਰੀ ਹੁੰਦੀ ਹੈ ਜੋ ਫੌਜੀ ਅੱਡੇ, ਨਿਗਰਾਨੀ ਜਗ੍ਹਾਵਾਂ, ਤੇਲ ਭੰਡਾਰ ਅਤੇ ਵੱਡੀਆਂ ਬਣਤਰਾਂ ਤੇ ਹਮਲਾ ਕਰ ਸਕਦੀ ਹੈ। ਮਾਹਿਰਾਂ ਮੁਤਾਬਕ ਈਰਾਨ ਹਰ ਮਹੀਨੇ ਦਸ ਹਜ਼ਾਰ ਅਜਿਹੇ ਯੰਤਰ ਬਣਾ ਸਕਦਾ ਹੈ ਜੋ ਲੰਮੀ ਲੜਾਈ ਵਿੱਚ ਵੱਡਾ ਦਬਾਅ ਪਾਉਂਦੇ ਹਨ। ਇਹ ਯੰਤਰ ਨੀਵੀਂ ਉਚਾਈ ਅਤੇ ਹੌਲੀ ਗਤੀ ਨਾਲ ਉੱਡਦੇ ਹਨ ਜਿਸ ਨਾਲ ਉਨ੍ਹਾਂ ਨੂੰ ਫੜ੍ਹਨਾ ਔਖਾ ਹੈ।

ਸਾਲ 2025 ਵਿੱਚ ਹੋਈ ਬਾਰ੍ਹਾਂ ਦਿਨਾਂ ਦੀ ਲੜਾਈ ਵਿੱਚ ਅਮਰੀਕਾ ਨੂੰ ਇਨ੍ਹਾਂ ਯੰਤਰਾਂ ਨੂੰ ਰੋਕਣ ਲਈ ਆਪਣੇ ਵੱਡੇ ਤੀਰਾਂ ਦਾ ਚੌਥਾ ਹਿੱਸਾ ਵਰਤਣਾ ਪਿਆ ਸੀ ਜੋ ਹੁਣ ਚਿੰਤਾ ਦਾ ਵਿਸ਼ਾ ਹੈ। ਅਮਰੀਕਾ ਨੇ ਇਸ ਨੂੰ ਰੋਕਣ ਲਈ ਨਵਾਂ ਯੰਤਰ ਬਣਾਇਆ ਹੈ ਜਿਸ ਨੂੰ ਸਸਤਾ ਲੜਾਈ ਵਾਲਾ ਵਿਵਸਥਾ ਕਿਹਾ ਜਾਂਦਾ ਹੈ। ਪਰ ਇਹ ਕਿੰਨਾ ਅਸਰਦਾਰ ਹੋਵੇਗਾ ਇਹ ਵੇਖਣ ਵਾਲੀ ਗੱਲ ਹੈ। ਅਮਰੀਕਾ ਹੋਰ ਸਸਤੇ ਰੋਕੂ ਯੰਤਰ ਅਤੇ ਰੌਸ਼ਨੀ ਵਾਲੇ ਹਥਿਆਰਾਂ ਤੇ ਕੰਮ ਕਰ ਰਿਹਾ ਹੈ ਤਾਂ ਜੋ ਭਵਿੱਖ ਵਿੱਚ ਇਨ੍ਹਾਂ ਨੂੰ ਘੱਟ ਖਰਚ ਨਾਲ ਰੋਕਿਆ ਜਾ ਸਕੇ।

ਜੰਗ ਦੀ ਵੱਡੀ ਕੀਮਤ ਇਜ਼ਰਾਈਲ ਨੂੰ ਹਰ ਹਫ਼ਤੇ ਤਿੰਨ ਅਰਬ ਡਾਲਰਾਂ ਦੇ ਘਾਟੇ ਵਜੋਂ ਪੈ ਰਹੀ ਹੈ। ਹੁਣ ਸਵਾਲ ਇਹ ਹੈ ਕਿ ਕੀ ਈਰਾਨ ਨੇ ਪਰਮਾਣੂ ਮਿਜ਼ਾਈਲਾਂ ਬਣਾ ਲਈਆਂ ਹਨ। ਮਾਹਿਰਾਂ ਮੁਤਾਬਕ ਈਰਾਨ ਪਰਮਾਣੂ ਪ੍ਰੋਗਰਾਮ ਤੇ ਕੰਮ ਕਰ ਰਿਹਾ ਹੈ ਪਰ ਅਜੇ ਤੱਕ ਪੂਰੀ ਤਰ੍ਹਾਂ ਬਣਾਏ ਨਹੀਂ ਗਏ। ਕੁਝ ਰਿਪੋਰਟਾਂ ਵਿੱਚ ਕਿਹਾ ਜਾ ਰਿਹਾ ਹੈ ਕਿ ਈਰਾਨ ਨੇ ਪਰਮਾਣੂ ਸਮੱਗਰੀ ਨੂੰ ਵਧਾ ਲਿਆ ਹੈ ਅਤੇ ਮਿਜ਼ਾਈਲਾਂ ਬਣਾ ਰਿਹਾ ਹੈ ਪਰ ਅੰਤਰਰਾਸ਼ਟਰੀ ਨਿਗਰਾਨੀ ਨੇ ਅਜੇ ਪੁਸ਼ਟੀ ਨਹੀਂ ਕੀਤੀ। ਲੜਾਈ ਵਿੱਚ ਈਰਾਨ ਨੇ ਅਜੇ ਅਜਿਹੀਆਂ ਮਿਜ਼ਾਈਲਾਂ ਨਹੀਂ ਵਰਤੀਆ ਪਰ ਧਮਕੀਆਂ ਦਿੱਤੀਆਂ ਹਨ। ਜੇਕਰ ਈਰਾਨ ਨੇ ਅਜਿਹੀਆਂ ਮਿਜਾਈਲਾਂ ਬਣਾ ਲਈਆਂ ਤਾਂ ਲੜਾਈ ਹੋਰ ਭਿਆਨਕ ਹੋ ਜਾਵੇਗੀ। ਅਮਰੀਕਾ ਅਤੇ ਇਜ਼ਰਾਈਲ ਨੂੰ ਇਸ ਦੀ ਚਿੰਤਾ ਹੈ ਅਤੇ ਉਹ ਈਰਾਨ ਨੂੰ ਰੋਕਣ ਲਈ ਕੋਸ਼ਿਸ਼ਾਂ ਕਰ ਰਹੇ ਹਨ। ਪਰ ਅਜੇ ਇਹ ਸਿਰਫ਼ ਅਫਵਾਹਾਂ ਹਨ ਅਤੇ ਪੁਸ਼ਟੀ ਨਹੀਂ ਹੋਈ। ਜੇਕਰ ਪਰਮਾਣੂ ਮਿਜ਼ਾਈਲਾਂ ਬਣਾਉਣ ਦੀ ਗੱਲ ਸੱਚ ਹੋਈ ਤਾਂ ਹਾਲਾਤ ਹੋਰ ਬਦਤਰ ਹੋ ਜਾਣਗੇ।

ਕਿਥੇ ਕਿਥੇ ਈਰਾਨ ਨੇ ਹਮਲੇ ਕੀਤੇ-ਬਹਿਰੀਨ ਦੀ ਰਾਜਧਾਨੀ ਵਿੱਚ ਵੀ ਹਮਲੇ ਹੋਏ ਜਿਸ ਨਾਲ ਹਵਾਈ ਅੱਡਾ ਅਤੇ ਬੰਦਰਗਾਹ ਨੂੰ ਨੁਕਸਾਨ ਪਹੁੰਚਿਆ। ਜੌਰਡਨ ਵਿੱਚ ਨੁਕਸਾਨ ਹੋਇਆ ਹੈ। ਕੁਵੈਤ ਵਿੱਚ ਵੱਡੇ ਹਮਲੇ ਨਾਲ ਫੌਜੀ ਮਾਰੇ ਗਏ ਅਤੇ ਜਹਾਜ਼ ਡਿੱਗੇ ਜੋ ਆਪਣੀ ਹੀ ਵਿਵਸਥਾ ਨਾਲ ਡਿੱਗੇ। ਕਤਰ ਵਿੱਚ ਵੱਡਾ ਨਿਗਰਾਨੀ ਯੰਤਰ ਤਬਾਹ ਹੋਇਆ ਜੋ ਦੁਨੀਆਂ ਵਿੱਚ ਛੇ ਵਿੱਚੋਂ ਇੱਕ ਸੀ। ਅਮੀਰਾਤ ਵਿੱਚ ਹਵਾਈ ਅੱਡੇ ਅਤੇ ਅੱਡੇ ਤੇ ਹਮਲੇ ਹੋਏ ਅਤੇ ਬੰਦਰਗਾਹ ਨੂੰ ਅੱਗ ਲੱਗੀ ਸੀ। ਸਾਊਦੀ ਅਰਬ ਵਿੱਚ ਤੇਲ ਭੰਡਾਰ ਤੇ ਹਮਲੇ ਨਾਲ ਉਤਪਾਦਨ ਰੁੱਕ ਗਿਆ। ਇਹ ਸਾਰੇ ਹਮਲੇ ਈਰਾਨ ਨੇ ਆਪਣੇ ਹਥਿਆਰਾਂ ਨਾਲ ਕੀਤੇ ਹਨ ਅਤੇ ਅਮਰੀਕਾ ਨੂੰ ਵੱਡਾ ਘਾਟਾ ਪਾਇਆ ਹੈ। ਈਰਾਨ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਦੋ ਸੌ ਅਮਰੀਕਨ ਫੌਜੀ ਮਾਰੇ ਪਰ ਅਮਰੀਕਾ ਨੇ ਚਾਰ ਦੀ ਪੁਸ਼ਟੀ ਕੀਤੀ। ਅਮਰੀਕੀ ਨੇਤਾ ਨੇ ਕਿਹਾ ਕਿ ਲੜਾਈ ਲੰਮੀ ਚੱਲੇਗੀ। ਈਰਾਨ ਨੇ ਕਿਹਾ ਕਿ ਉਹ ਅਮਰੀਕਾ ਤੇ ਇਜ਼ਰਾਈਲ ਨੂੰ ਸਬਕ ਸਿਖਾਉਣਗੇ।

ਅਮਰੀਕੀ ਕਰਜ਼ਾ: ਇੱਕ ਚਿੰਤਾਜਨਕ ਪਹਿਲੂ-ਅਮਰੀਕਾ ਪਹਿਲਾਂ ਹੀ ਆਪਣੀ ਜੀਡੀਪੀ ਦੇ 122.8% ਦੇ ਬਰਾਬਰ ਕਰਜ਼ੇ ਹੇਠ ਦਬਿਆ ਹੋਇਆ ਹੈ। ਇਸ ਜੰਗ 'ਤੇ ਹੋਣ ਵਾਲਾ 200 ਬਿਲੀਅਨ ਡਾਲਰ (ਸਿੱਧਾ ਅਤੇ ਅਸਿੱਧਾ ਨੁਕਸਾਨ) ਦਾ ਬੋਝ ਅਮਰੀਕਾ ਦੀ ਵਿੱਤੀ ਸਥਿਤੀ ਨੂੰ ਹੋਰ ਵੀ ਨਾਜ਼ੁਕ ਬਣਾ ਸਕਦਾ ਹੈ। ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਨੇ ਇਜ਼ਰਾਈਲ ਨੂੰ 21.7 ਬਿਲੀਅਨ ਡਾਲਰ ਦੀ ਸਹਾਇਤਾ ਦਿੱਤੀ ਹਸੀ, ਅਤੇ ਹੁਣ ਖੁਦ ਜੰਗ ਵਿੱਚ ਉਤਰਨ ਨਾਲ ਇਹ ਖਰਚਾ ਕਈ ਗੁਣਾ ਵਧ ਗਿਆ ਹੈ।

### ਗਲੋਬਲ ਆਰਥਿਕਤਾ 'ਤੇ ਅਸਰ: ਤੇਲ ਅਤੇ ਵਪਾਰ

ਜੰਗ ਦਾ ਅਸਰ ਸਿਰਫ਼ ਪੈਂਟਾਗਨ ਦੇ ਬਜਟ ਤੱਕ ਸੀਮਤ ਨਹੀਂ ਹੈ। ਇਸਨੇ ਗਲੋਬਲ ਐਨਰਜੀ ਮਾਰਕੀਟ ਨੂੰ ਹਿਲਾ ਕੇ ਰੱਖ ਦਿੱਤਾ ਹੈ:

**ਤੇਲ ਦੀਆਂ ਕੀਮਤਾਂ:** ਬ੍ਰੈਂਟ ਕਰੂਡ ਆਇਲ 80 ਡਾਲਰ ਪ੍ਰਤੀ ਬੈਰਲ ਦੇ ਪਾਰ ਪਹੁੰਚ ਗਿਆ ਹੈ। ਜੇਕਰ ਸਥਿਤੀ ਵਿਗੜਦੀ ਹੈ, ਤਾਂ ਇਹ ਕੀਮਤ 120-150 ਡਾਲਰ ਤੱਕ ਜਾ ਸਕਦੀ ਹੈ।

**ਹੋਰਮੁਜ਼ ਦਾ ਜਲਡਮਰੂ :** ਦੁਨੀਆ ਦਾ 20% ਤੇਲ ਅਤੇ ਗੈਸ ਇੱਥੋਂ ਲੰਘਦਾ ਹੈ। ਈਰਾਨ ਦੁਆਰਾ ਇਸਨੂੰ ਬੰਦ ਕਰਨ ਦੀ ਧਮਕੀ ਨੇ ਸ਼ਿਪਿੰਗ ਅਤੇ ਬੀਮਾ ਖਰਚਿਆਂ ਨੂੰ ਅਸਮਾਨ 'ਤੇ ਪਹੁੰਚਾ ਦਿੱਤਾ ਹੈ।

**ਸਪਲਾਈ ਚੇਨ:** ਸਾਊਦੀ ਅਰਬ ਦੀ ਸਭ ਤੋਂ ਵੱਡੀ ਰਿਫਾਇਨਰੀ 'ਤੇ ਡਰੋਨ ਹਮਲੇ ਨਾਲ ਡੀਜ਼ਲ ਅਤੇ ਗੈਸੋਲੀਨ ਦੇ ਭਵਿੱਖ ਦੇ ਸੌਦਿਆਂ ਵਿੱਚ ਭਾਰੀ ਉਛਾਲ ਆਇਆ ਹੈ।

# ਹਰਿਮੰਦਰ ਸਾਹਿਬ ਵਿਖੇ ਸੋਨੇ ਦੀ ਧੁਆਈ ਦੀ ਸੇਵਾ ਆਰੰਭ

## ✪ ਕੁਦਰਤੀ ਤਰੀਕਿਆਂ ਨਾਲ ਕੀਤੀ ਜਾ ਰਹੀ ਹੈ ਸੇਵਾ



ਅੰਮ੍ਰਿਤਸਰ-ਹਰਿਮੰਦਰ ਸਾਹਿਬ ਵਿਖੇ ਲੱਗੇ ਸੋਨੇ ਦੀਆਂ ਪਰਤਾਂ ਦੀ ਸਾਲਾਨਾ ਸਫ਼ਾਈ ਅਤੇ ਧੁਆਈ ਦੀ ਸੇਵਾ ਬੀਤੇ ਦਿਨੀਂ ਅਰਦਾਸ ਉਪਰੰਤ ਸ਼ੁਰੂ ਹੋ ਗਈ ਹੈ। ਇਹ ਪਵਿੱਤਰ ਕਾਰਜ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਬਰਮਿੰਘਮ ਦੇ ਸਹਿਯੋਗ ਨਾਲ ਨੇਪਰੇ ਚਾੜ੍ਹਿਆ ਜਾ ਰਿਹਾ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਦੇ ਮੁਖੀ ਭਾਈ ਮਹਿੰਦਰ ਸਿੰਘ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਵਿਸ਼ੇਸ਼ ਤੌਰ ’ਤੇ ਮੌਜੂਦ ਸਨ। ਸੋਨੇ ਦੀ ਚਮਕ ਨੂੰ ਬਹਾਲ ਕਰਨ ਲਈ ਕਿਸੇ ਵੀ ਤਰ੍ਹਾਂ ਦੇ ਰਸਾਇਣਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਸੇਵਾ ਦੀ ਪ੍ਰਕਿਰਿਆ ਬੇਹੱਦ ਕੁਦਰਤੀ ਹੈ। ਰੀਠੇ ਨੂੰ ਪਾਣੀ ਵਿੱਚ ਉਬਾਲ ਕੇ ਇੱਕ ਵਿਸ਼ੇਸ਼ ਮਿਸ਼ਰਣ ਤਿਆਰ ਕੀਤਾ ਜਾਂਦਾ ਹੈ। ਜੇਕਰ ਪ੍ਰਦੂਸ਼ਣ ਜਾਂ ਕਾਲਖ ਦੀ ਪਰਤ ਜ਼ਿਆਦਾ ਹੋਵੇ, ਤਾਂ ਨਿੰਬੂ ਦੇ ਰਸ ਦੀ ਵਰਤੋਂ ਕੀਤੀ ਜਾਂਦੀ ਹੈ। ਨਰਮ ਬੁਰਸ਼ਾਂ ਨਾਲ ਸੋਨੇ ਉੱਤੇ ਲੱਗੀ ਮੈਲ ਨੂੰ ਹੌਲੀ-ਹੌਲੀ ਸਾਫ਼ ਕੀਤਾ ਜਾਂਦਾ ਹੈ, ਜਿਸ ਤੋਂ ਬਾਅਦ ਸਾਫ਼ ਪਾਣੀ ਨਾਲ ਧੁਆਈ ਕਰਕੇ ਤੌਲੀਆਂ ਨਾਲ ਸੁਕਾਇਆ ਜਾਂਦਾ ਹੈ।

### ਇਤਿਹਾਸਕ ਪਿਛੋਕੜ

ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਬਰਮਿੰਘਮ ਪਿਛਲੇ ਲੰਬੇ ਸਮੇਂ ਤੋਂ ਇਹ ਸੇਵਾ ਨਿਭਾ ਰਿਹਾ ਹੈ। 1984 ਦੇ ਫੌਜੀ ਹਮਲੇ ਦੌਰਾਨ ਸੋਨੇ ਦੇ ਪੱਤਰਿਆਂ ਨੂੰ ਹੋਏ ਨੁਕਸਾਨ ਤੋਂ ਬਾਅਦ, 1995 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਜਥੇ ਨੂੰ ਸੌਂਪੀ ਗਈ ਸੀ, ਜਿਸ ਨੂੰ 1999 ਵਿੱਚ ਖਾਲਸਾ ਸਾਜਨਾ ਦਿਵਸ ਦੀ ਤੀਜੀ ਸ਼ਤਾਬਦੀ ਮੌਕੇ ਮੁਕੰਮਲ ਕੀਤਾ ਗਿਆ ਸੀ।

ਇਸ ਸਾਲ ਵੀ ਇੰਗਲੈਂਡ ਤੋਂ ਲਗਭਗ 40 ਸੇਵਾਦਾਰਾਂ ਦਾ ਜਥਾ ਪਹੁੰਚਿਆ ਹੈ। ਇਹ ਸੇਵਾ ਹਰ ਸਾਲ ਹੋਲੇ-ਮਹੱਲੇ ਤੋਂ ਬਾਅਦ ਕੀਤੀ ਜਾਂਦੀ ਹੈ, ਜੋ ਕਿ ਤਕਰੀਬਨ 10 ਦਿਨਾਂ ਦੇ ਅੰਦਰ ਮੁਕੰਮਲ ਹੋ ਜਾਵੇਗੀ।

# ਜਾਇਦਾਦ ਦੇ ਝਗੜੇ ਨੇ ਲਈ ਹਾਕੀ ਖਿਡਾਰਣ ਦੀ ਜਾਨ, ਭੂਆ ਦੇ ਮੁੰਡੇ ਨੇ ਕੀਤਾ ਕਤਲ



ਚੰਡੀਗੜ੍ਹ-ਸ਼ਹਿਰ ਦੇ ਸੈਕਟਰ-38 ਵਿੱਚ ਜਾਇਦਾਦ ਦੇ ਇੱਕ ਪੁਰਾਣੇ ਵਿਵਾਦ ਨੇ ਭਿਆਨਕ ਰੂਪ ਧਾਰ ਲਿਆ, ਜਿੱਥੇ ਇੱਕ ਰਾਜ ਪੱਧਰੀ ਹਾਕੀ ਖਿਡਾਰਣ ਤਾਨੀਆ ਦੀ ਬੇਰਹਿਮੀ ਨਾਲ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੀੜਤ ਤਾਨੀਆ ਦੇ ਪਿਤਾ ਰਵੀ, ਜੋ ਕਿ ਪੇਸ਼ੇ ਤੋਂ ਆਟੋ ਚਾਲਕ ਹਨ, ਨੇ ਦੱਸਿਆ ਕਿ ਉਨ੍ਹਾਂ ਦਾ ਆਪਣੇ ਭੈਣ ਦੇ ਪਰਿਵਾਰ ਨਾਲ ਘਰ ਦੀ ਮਾਲਕੀ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ। ਦੋਵੇਂ ਪਰਿਵਾਰ ਇੱਕੋ ਘਰ ਵਿੱਚ ਵੱਖ-ਵੱਖ ਮੰਜ਼ਿਲਾਂ ’ਤੇ ਰਹਿੰਦੇ ਸਨ ਅਤੇ ਇਸੇ ਗੱਲ ਨੂੰ ਲੈ ਕੇ ਉਨ੍ਹਾਂ ਵਿਚਕਾਰ ਅਕਸਰ ਤਕਰਾਰ ਹੁੰਦੀ ਰਹਿੰਦੀ ਸੀ। ਬੀਤੇ ਵੀਰਵਾਰ ਦੁਪਹਿਰ ਨੂੰ ਘਰ ਦੇ ਕਬਜ਼ੇ ਨੂੰ ਲੈ ਕੇ ਦੋਵਾਂ ਪਰਿਵਾਰਾਂ ਵਿੱਚ ਤਕਰਾਰ ਹੋਈ। ਜਦੋਂ ਰਵੀ ਮਾਮਲਾ ਸੁਲਝਾਉਣ ਲਈ ਪਹਿਲੀ ਮੰਜ਼ਿਲ ਤੋਂ ਹੇਠਾਂ ਆ ਰਹੇ ਸਨ, ਤਾਂ ਤਾਨੀਆ ਉੱਪਰ ਵੱਲ ਜਾ ਰਹੀ ਸੀ। ਦੋਸ਼ ਹੈ ਕਿ ਮੁਲਜ਼ਮ ਕ੍ਰਿਸ਼ਨ (ਭੂਆ ਦਾ ਮੁੰਡਾ) ਅਤੇ ਉਸਦੇ ਸਾਥੀਆਂ-ਗੰਗਨ, ਅਨੀਕੇਤ, ਨਵੀਨ ਤੇ ਟੀਨਾ-ਨੇ ਮਿਲ ਕੇ ਤਾਨੀਆ ’ਤੇ ਹਮਲਾ ਕਰ ਦਿੱਤਾ। ਇਸ ਝਗੜੇ ਦੌਰਾਨ ਕ੍ਰਿਸ਼ਨ ਨੇ ਤਾਨੀਆ ਦੀ ਕਮਰ ਦੇ ਕੋਲ ਚਾਕੂ ਨਾਲ ਵਾਰ ਕੀਤਾ। ਗੰਭੀਰ ਜ਼ਖ਼ਮੀ ਹਾਲਤ ਵਿੱਚ ਉਸਨੂੰ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਪੁਲਿਸ ਨੇ ਮ੍ਰਿਤਕਾ ਦੇ ਪਿਤਾ ਦੀ ਸ਼ਿਕਾਇਤ ’ਤੇ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਮੁਲਜ਼ਮਾਂ ਦੀ ਗ੍ਰਿਫ਼ਤਾਰੀ ਲਈ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

# ਵਿਦੇਸ਼ ਭੇਜਣ ਦੇ ਨਾਂ ’ਤੇ ਲੱਖਾਂ ਦੀ ਠੱਗੀ

## ✪ ਥਾਣੇਦਾਰ ਸਮੇਤ ਕਈਆਂ ਨੂੰ ਚੂਨਾ ਲਗਾਉਣ ਵਾਲੇ 2 ਏਜੰਟ ਗ੍ਰਿਫ਼ਤਾਰ



ਮੁੱਲਾਂਪੁਰ ਦਾਖਾ (ਲੁਧਿਆਣਾ)-ਥਾਣਾ ਸੁਧਾਰ ਦੀ ਪੁਲਿਸ ਨੇ ਵਿਦੇਸ਼ ਭੇਜਣ ਦਾ ਸੁਪਨਾ ਦਿਖਾ ਕੇ ਲੋਕਾਂ ਨਾਲ ਲੱਖਾਂ ਰੁਪਏ ਦੀ ਠੱਗੀ ਮਾਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਦੋ ਟਰੈਵਲ ਏਜੰਟਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦਕਿ ਉਨ੍ਹਾਂ ਦਾ ਇੱਕ ਸਾਥੀ ਫ਼ਰਾਰ ਹੈ। ਪੁਲਿਸ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ, ਇਹ ਟਰੈਵਲ ਏਜੰਟ ‘ਸੇਫ ਕੰਸਲਟੈਂਟ ਇਮੀਗ੍ਰੇਸ਼ਨ ਐਂਡ ਐਜੂਕੇਸ਼ਨ ਸੈਂਟਰ’ ਨਾਮ ਦੀ ਫਰਮ ਚਲਾਉਂਦੇ ਸਨ। ਉਨ੍ਹਾਂ ਨੇ ਦੋ ਵੱਖ-ਵੱਖ ਮਾਮਲਿਆਂ ਵਿੱਚ ਲੋਕਾਂ ਨੂੰ ਆਪਣਾ ਸ਼ਿਕਾਰ ਬਣਾਇਆ।

ਏਜੰਟਾਂ ਨੇ ਥਾਣਾ ਸੁਧਾਰ ਵਿੱਚ ਤਾਇਨਾਤ ਏ.ਐੱਸ.ਆਈ.ਮਨੋਹਰ ਲਾਲ ਨੂੰ ਵਿਸ਼ਵਾਸ ਵਿੱਚ ਲੈ ਕੇ ਉਨ੍ਹਾਂ ਦੇ ਲੜਕੇ ਨੂੰ ਆਸਟ੍ਰੇਲੀਆ ਭੇਜਣ ਦਾ ਵਾਅਦਾ ਕੀਤਾ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਲੜਕੇ ਦਾ ਇੱਕ ਕੁੜੀ ਨਾਲ ਜਾਅਲੀ ਵਿਆਹ ਕਰਵਾਇਆ ਅਤੇ ਜਾਅਲੀ ਡਿਗਰੀਆਂ ਦੇ ਆਧਾਰ ’ਤੇ ਯੂ.ਕੇ. ਦਾ ਵੀਜ਼ਾ ਲਗਵਾ ਦਿੱਤਾ ਸੀ। ਇਸ ਕੰਮ ਲਈ ਉਨ੍ਹਾਂ ਨੇ 33 ਲੱਖ ਰੁਪਏ ਵਸੂਲੇ। ਅੰਤ ਵਿੱਚ, ਯੂਨੀਵਰਸਿਟੀ ਦੀ ਫੀਸ ਨਾ ਭਰੇ ਜਾਣ ਕਾਰਨ ਯੂ.ਕੇ. ਅੰਬੈਸੀ ਨੇ ਵੀਜ਼ਾ ਰੱਦ ਕਰ ਦਿੱਤਾ ਗਿਆ, ਜਿਸ ਕਾਰਨ ਪੀੜਤ ਦਾ ਲੜਕਾ ਉੱਥੇ ਗੈਰ-ਕਾਨੂੰਨੀ ਤੌਰ ’ਤੇ ਰਹਿਣ ਲਈ ਮਜਬੂਰ ਹੋ ਗਿਆ।

ਵਰਕ ਪਰਮਿਟ ਦੇ ਨਾਂ ’ਤੇ 6.5 ਲੱਖ ਦੀ ਠੱਗੀ-ਇੱਕ ਹੋਰ ਮਾਮਲੇ ਵਿੱਚ, ਮਨਵਿੰਦਰ ਸਿੰਘ ਨਾਮਕ ਵਿਅਕਤੀ ਨੂੰ ਇੰਗਲੈਂਡ ਵਰਕ ਪਰਮਿਟ ’ਤੇ ਭੇਜਣ ਦਾ ਝਾਂਸਾ ਦੇ ਕੇ 6 ਲੱਖ 50 ਹਜ਼ਾਰ ਰੁਪਏ ਹੜੱਪ ਲਏ ਗਏ, ਪਰ ਨਾ ਤਾਂ ਉਸ ਨੂੰ ਵਿਦੇਸ਼ ਭੇਜਿਆ ਗਿਆ ਅਤੇ ਨਾ ਹੀ ਪੈਸੇ ਵਾਪਸ ਕੀਤੇ ਗਏ।

ਪੁਲਿਸ ਕਾਰਵਾਈ-ਡੀ.ਐੱਸ.ਪੀ. ਵਰਿੰਦਰ ਸਿੰਘ ਖੋਸਾ ਨੇ ਦੱਸਿਆ ਕਿ ਮੁੱਖ ਮੁਲਜ਼ਮਾਂ ਲਖਵੀਰ ਸਿੰਘ ਸਿੱਧੂ (ਕਾਲਜ ਰੋਡ, ਮੰਡੀ ਮੁੱਲਾਂਪੁਰ) ਤੇ ਉਸਦੀ ਪਾਰਟਨਰ ਰੀਨਾ ਰਾਣੀ (ਅੱਬੂਵਾਲ) ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੋਵਾਂ ਨੂੰ ਪੁਲਿਸ ਰਿਮਾਂਡ ’ਤੇ ਲਿਆ ਗਿਆ ਹੈ ਅਤੇ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਗਿਰੋਹ ਦਾ ਤੀਜਾ ਸਾਥੀ ਮਹੇਸ਼ ਕੁਮਾਰ ਵਰਮਾ (ਵਾਸੀ ਬੀਰਮਪੁਰ, ਹੁਸ਼ਿਆਰਪੁਰ) ਫ਼ਰਾਰ ਹੈ, ਜਿਸ ਦੀ ਗ੍ਰਿਫ਼ਤਾਰੀ ਲਈ ਪੁਲਿਸ ਵੱਲੋਂ ਛਾਪੇਮਾਰੀ ਜਾਰੀ ਹੈ।

# ਬਿਲਡਰ ਤੋਂ 20 ਕਰੋੜ ਦੀ ਫਿਰੌਤੀ ਦੀ ਮੰਗ

## ✪ ਲਾਰੈਂਸ ਬਿਸ਼ਨੋਈ ਗੈਂਗ ਦੇ ਨਾਂ ’ਤੇ ਮਿਲੀਆਂ ਧਮਕੀਆਂ



ਚੰਡੀਗੜ੍ਹ-ਬੀਤੇ ਦਿਨੀਂ ਸੈਕਟਰ-36ਡੀ ਦੇ ਇੱਕ ਨਾਮਵਰ ਬਿਲਡਰ ਲੋਹਿਤ ਬੰਸਲ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਨਾਂ ’ਤੇ 20 ਕਰੋੜ ਰੁਪਏ ਦੀ ਫਿਰੌਤੀ (ਰੰਗਦਾਰੀ) ਲਈ ਧਮਕੀਆਂ ਦਿੱਤੀਆਂ ਗਈਆਂ। ਬਿਲਡਰ ਨੂੰ 1 ਜਨਵਰੀ ਤੋਂ 14 ਫਰਵਰੀ ਦੇ ਵਿਚਕਾਰ ਵਿਦੇਸ਼ੀ ਨੰਬਰਾਂ ਤੋਂ ਵਾਰ-ਵਾਰ ਵਟਸਐਪ ਕਾਲਾਂ ਆਈਆਂ। ਫੋਨ ਕਰਨ ਵਾਲੇ ਨੇ ਖ਼ੁਦ ਨੂੰ ਲਾਰੈਂਸ ਬਿਸ਼ਨੋਈ ਗੈਂਗ ਦਾ ਮੈਂਬਰ ‘ਹੈਰੀ ਬਾਕਸਰ’ ਦੱਸਿਆ। ਗੈਂਗਸਟਰ ਨੇ ਬਿਲਡਰ ਤੋਂ 20 ਕਰੋੜ ਰੁਪਏ ਦੀ ਫਿਰੌਤੀ ਮੰਗੀ ਅਤੇ ਪੈਸੇ ਨਾ ਦੇਣ ’ਤੇ ਗੰਭੀਰ ਨਤੀਜੇ ਭੁਗਤਣ ਦੀ ਧਮਕੀ ਦਿੱਤੀ। ਸ਼ਿਕਾਇਤ ਮਿਲਣ ਤੋਂ ਤੁਰੰਤ ਬਾਅਦ ਸੈਕਟਰ-36 ਥਾਣਾ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਵਿਦੇਸ਼ੀ ਨੰਬਰਾਂ ਦੀ ਕਾਲ ਡਿਟੇਲ ਖੰਗਾਲੀ ਜਾ ਰਹੀ ਹੈ।

# ਸ਼੍ਰੋਮਣੀ ਕਮੇਟੀ ਅਤੇ ਪੀਟੀਸੀ ਵਿਵਾਦ

## ਬਕਾਇਆ ਰਾਸ਼ੀ ਦੇ ਦੋਸ਼ਾਂ 'ਤੇ ਐਡਵੋਕੇਟ ਧਾਮੀ ਨੇ ਸਪੱਸ਼ਟੀਕਰਨ, ਵਿਰੋਧੀਆਂ ਦੇ ਮੂੰਹ ਬੰਦ ਕੀਤੇ

ਅੰਮ੍ਰਿਤਸਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਪੀ.ਟੀ.ਸੀ. ਚੈਨਲ ਨੂੰ ਲੈ ਕੇ ਚੱਲ ਰਹੇ ਬਕਾਇਆ ਰਾਸ਼ੀ ਦੇ ਵਿਵਾਦ 'ਤੇ ਸਥਿਤੀ ਸਾਫ ਕੀਤੀ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਇਸ ਮਾਮਲੇ ਨੂੰ ਲੈ ਕੇ ਵਿਰੋਧੀਆਂ ਵਲੋਂ ਫੈਲਾਈ ਜਾ ਰਹੀ ਜਾਣਕਾਰੀ ਤੱਥਹੀਣ ਹੈ। ਐਡਵੋਕੇਟ ਧਾਮੀ ਨੇ ਸਾਫ਼ ਕਿਹਾ ਕਿ ਪੀ.ਟੀ.ਸੀ. ਚੈਨਲ ਵੱਲ ਸ਼੍ਰੋਮਣੀ ਕਮੇਟੀ ਦਾ ਕੋਈ ਵੀ ਬਕਾਇਆ ਨਹੀਂ ਹੈ।

8 ਕਰੋੜ ਰੁਪਏ ਦੇ ਬਕਾਏ ਦੀਆਂ ਗੱਲਾਂ ਗਲਤ ਪ੍ਰਚਾਰ ਹਨ। ਸ੍ਰੀ ਅਕਾਲ ਤਖ਼ਤ



ਸਾਹਿਬ ਦੇ ਜਥੇਦਾਰ ਦੇ ਆਦੇਸ਼ਾਂ ਅਤੇ ਸੰਗਤ ਦੀਆਂ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਪੀ.ਟੀ.ਸੀ. 'ਤੇ ਗੁਰਬਾਣੀ ਪ੍ਰਸਾਰਣ ਜਾਰੀ ਰੱਖਣ ਦਾ ਫੈਸਲਾ ਲਿਆ ਗਿਆ ਸੀ। ਮੌਜੂਦਾ ਸਮੇਂ, ਪੀ.ਟੀ.ਸੀ. ਆਪਣਾ ਸੈੱਟਅੱਪ ਲਗਾ ਕੇ ਸ਼੍ਰੋਮਣੀ ਕਮੇਟੀ ਦਾ ਯੂਟਿਊਬ ਚੈਨਲ ਬਿਨਾਂ ਕਿਸੇ ਖਰਚੇ ਦੇ ਚਲਾ ਰਿਹਾ ਹੈ। ਇਸ ਪ੍ਰਕਿਰਿਆ ਵਿੱਚ ਨਾ ਤਾਂ ਸ਼੍ਰੋਮਣੀ ਕਮੇਟੀ ਕੋਈ ਪੈਸਾ ਦੇ ਰਹੀ ਹੈ ਅਤੇ ਨਾ ਹੀ ਪੀ.ਟੀ.ਸੀ. ਕੋਲੋਂ ਕੋਈ ਪੈਸਾ ਲਿਆ ਜਾ ਰਿਹਾ ਹੈ।

ਆਪਣੇ ਨਿੱਜੀ ਸੈਟੇਲਾਈਟ ਚੈਨਲ ਲਈ ਲਗਾਤਾਰ ਕੋਸ਼ਿਸ਼ ਕਰ ਰਹੀ ਹੈ ਅਤੇ ਕੇਂਦਰੀ ਪ੍ਰਸਾਰਨ ਮੰਤਰੀ ਨਾਲ ਵੀ ਮੁਲਾਕਾਤ ਕੀਤੀ ਗਈ ਹੈ। ਹਾਲਾਂਕਿ, ਇੱਕ ਧਾਰਮਿਕ ਸੰਸਥਾ ਹੋਣ ਕਾਰਨ ਸਰਕਾਰ ਤੋਂ ਨਿੱਜੀ ਚੈਨਲ ਦੀ ਪ੍ਰਵਾਨਗੀ ਮਿਲਣ ਵਿੱਚ ਅੜਿੱਕੇ ਆ ਰਹੇ ਹਨ। 2023 ਵਿੱਚ ਵਿਵਾਦ ਸ਼ੁਰੂ ਹੋਣ ਤੋਂ ਪਹਿਲਾਂ, ਪੀ.ਟੀ.ਸੀ. ਚੈਨਲ ਵੱਲੋਂ ਗੁਰਬਾਣੀ ਪ੍ਰਸਾਰਣ ਬਦਲੇ ਸ਼੍ਰੋਮਣੀ ਕਮੇਟੀ ਨੂੰ ਸਾਲਾਨਾ ਕਰੀਬ 2 ਕਰੋੜ ਰੁਪਏ 'ਦਸਵੰਧ' ਵਜੋਂ ਦਿੱਤੇ ਜਾਂਦੇ ਸਨ, ਪਰ ਉਹ ਸਮਝੌਤਾ ਹੁਣ ਖ਼ਤਮ ਹੋ ਚੁੱਕਾ ਹੈ।

## ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਚ ਬੇਅਦਬੀ

**✪ ਇਲਾਕੇ ਵਿਚ ਭਾਰੀ ਰੋਸ; ਪੁਲਿਸ ਜਾਂਚ 'ਚ ਜੁਟੀ**

ਬਾਬਾ ਬਕਾਲਾ ਸਾਹਿਬ/ਅੰਮ੍ਰਿਤਸਰ-ਇੱਥੋਂ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਿਤ ਬੇਅਦਬੀ ਦੀ ਘਟਨਾ ਨੇ ਸਿੱਖ ਸੰਗਤਾਂ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ। ਬੀਤੇ ਸ਼ਨਿਚਰਵਾਰ ਨੂੰ ਉਸ ਸਮੇਂ ਸਥਿਤੀ ਤਣਾਅਪੂਰਨ ਹੋ ਗਈ ਜਦੋਂ ਗੁਰਦੁਆਰਾ ਕੰਪਲੈਕਸ ਦੇ ਬਾਹਰ ਅਤੇ ਆਲੇ-ਦੁਆਲੇ ਦੀਆਂ ਗਲੀਆਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਅੰਗ ਖਿਲਰੇ ਹੋਏ ਮਿਲੇ। ਮੁੱਢਲੀ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਕੁਝ ਸ਼ਰਾਰਤੀ ਅਨਸਰਾਂ ਨੇ ਗੁਰਦੁਆਰਾ ਕੰਪਲੈਕਸ ਵਿੱਚ ਦਾਖਲ ਹੋ ਕੇ ਭੰਨ-ਤੋੜ ਵੀ ਕੀਤੀ ਹੈ। ਮੁਲਜ਼ਮਾਂ ਨੇ ਗੁਰਦੁਆਰੇ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਦੀਆਂ ਤਾਰਾਂ ਕੱਟ ਦਿੱਤੀਆਂ ਸਨ ਤਾਂ ਜੋ ਉਨ੍ਹਾਂ ਦੀ ਪਛਾਣ ਨਾ ਹੋ ਸਕੇ। ਬਾਬਾ ਬਕਾਲਾ ਸਾਹਿਬ ਦੇ ਡੀਐਸਪੀ ਅਰੁਣ ਸ਼ਰਮਾ ਨੇ ਦੱਸਿਆ ਕਿ ਪੁਲਿਸ ਨੇ ਇਸ ਮਾਮਲੇ ਵਿੱਚ ਕੇਸ ਦਰਜ ਕਰ ਲਿਆ ਹੈ। ਭਾਵੇਂ ਮੁਲਜ਼ਮਾਂ ਨੇ ਸੀਸੀਟੀਵੀ ਨੂੰ ਨੁਕਸਾਨ ਪਹੁੰਚਾਇਆ ਹੈ, ਪਰ ਪੁਲਿਸ ਆਲੇ-ਦੁਆਲੇ ਦੇ ਹੋਰ ਕੈਮਰਿਆਂ ਦੀ ਫੁਟੇਜ ਕਬਜ਼ੇ ਵਿੱਚ ਲੈ ਕੇ ਬਾਰੀਕੀ ਨਾਲ ਜਾਂਚ ਕਰ ਰਹੀ ਹੈ।



## ਨਸ਼ਾ ਤਸਕਰੀ ਦਾ ਵਿਰੋਧ ਕਰਨ 'ਤੇ ਪਰਿਵਾਰ 'ਤੇ ਹਮਲਾ

ਤਰਨ ਤਾਰਨ-ਜ਼ਿਲ੍ਹਾ ਤਰਨ ਤਾਰਨ ਦੇ ਪਿੰਡ ਪਲਾਸੌਰ ਵਿੱਚ ਨਸ਼ਾ ਤਸਕਰਾਂ ਵੱਲੋਂ ਇੱਕ ਪਰਿਵਾਰ ਨੂੰ ਨਿਸ਼ਾਨਾ ਬਣਾਏ ਜਾਣ ਦਾ ਦਰਦਨਾਕ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਅਨੁਸਾਰ, ਨਸ਼ਾ ਵੇਚਣ ਦਾ ਵਿਰੋਧ ਕਰਨ ਵਾਲੇ ਪਰਿਵਾਰ ਦੇ ਘਰ ਵਿੱਚ ਵੜ ਕੇ ਹਮਲਾਵਰਾਂ ਨੇ ਭੰਨ-ਤੋੜ ਕੀਤੀ ਅਤੇ ਫਾਇਰਿੰਗ ਕੀਤੀ। ਪੀੜਤ ਪਰਿਵਾਰ ਦੇ ਮੈਂਬਰ ਪ੍ਰਗਟ ਸਿੰਘ ਪੱਗਾ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਇਲਾਕੇ ਵਿੱਚ ਸ਼ਰ੍ਹੇਆਮ ਵਿਕਦੇ ਨਸ਼ੇ ਦਾ ਲੰਬੇ ਸਮੇਂ ਤੋਂ ਵਿਰੋਧ ਕਰ ਰਿਹਾ ਸੀ। ਇਸ ਗੱਲ ਤੋਂ ਨਸ਼ਾ ਤਸਕਰੀ ਵਿੱਚ ਸ਼ਾਮਲ ਪਿੰਡ ਦੇ ਕੁਝ ਨੌਜਵਾਨ ਕਾਫ਼ੀ ਖ਼ਫ਼ਾ ਸਨ। ਦੁਪਹਿਰ ਦੌਰਾਨ, ਤਸਕਰਾਂ ਨੇ ਬਾਹਰੋਂ ਤਕਰੀਬਨ ਤਿੰਨ ਦਰਜਨ ਵਿਅਕਤੀਆਂ ਨੂੰ ਬੁਲਾ ਕੇ ਪਰਿਵਾਰ 'ਤੇ ਹਮਲਾ ਕਰ ਦਿੱਤਾ। ਹਮਲਾਵਰਾਂ ਨੇ ਘਰ ਵਿੱਚ ਦਾਖਲ ਹੋ ਕੇ ਭੰਨ-ਤੋੜ ਕੀਤੀ। ਜਦੋਂ ਪਰਿਵਾਰ ਨੇ ਇਸ ਹਮਲੇ ਦਾ ਵਿਰੋਧ ਕੀਤਾ, ਤਾਂ ਮੁਲਜ਼ਮਾਂ ਨੇ ਗੋਲੀਆਂ ਚਲਾ ਦਿੱਤੀਆਂ।

ਇਸ ਦੌਰਾਨ ਸਰਵਣ ਸਿੰਘ ਨਾਮਕ ਵਿਅਕਤੀ ਗੋਲੀ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋ ਗਿਆ। ਜ਼ਖ਼ਮੀ ਸਰਵਣ ਸਿੰਘ ਨੂੰ ਤਰਨ ਤਾਰਨ ਤੋਂ ਮੁੱਢਲੀ ਸਹਾਇਤਾ ਦੇਣ ਉਪਰੰਤ ਅੰਮ੍ਰਿਤਸਰ ਦੇ ਗੁਰੂ ਨਾਨਕ ਦੇਵ ਹਸਪਤਾਲ ਰੈਫਰ ਕਰ ਦਿੱਤਾ ਗਿਆ ਹੈ। ਥਾਣਾ ਸਿਟੀ ਦੇ ਇੰਸਪੈਕਟਰ ਨਵਦੀਪ ਭੱਟੀ ਨੇ ਮਾਮਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਦੀ ਭਾਲ ਜਾਰੀ ਹੈ।

## ਵਿਜੀਲੈਂਸ ਵਲੋਂ ਰਿਸ਼ਵਤਖੋਰ ਡਰੱਗ ਇੰਸਪੈਕਟਰ ਗ੍ਰਿਫਤਾਰ

ਬਠਿੰਡਾ-ਮੁਕਤਸਰ ਸਾਹਿਬ ਵਿਖੇ ਤਾਇਨਾਤ ਡਰੱਗ ਇੰਸਪੈਕਟਰ ਰਮਨਦੀਪ ਗੁਪਤਾ ਨੂੰ ਇੱਕ ਦਵਾਈ ਫੈਕਟਰੀ ਦੇ ਮਾਲਕ ਤੋਂ 1 ਲੱਖ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਸ਼ਿਕਾਇਤਕਰਤਾ ਰੋਮੀ, ਜੋ ਕਿ ਇੱਕ ਦਵਾਈ ਫੈਕਟਰੀ ਦਾ ਮਾਲਕ ਹੈ, ਨੇ ਵਿਜੀਲੈਂਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਡਰੱਗ ਇੰਸਪੈਕਟਰ ਰਮਨਦੀਪ ਗੁਪਤਾ ਉਸਨੂੰ ਲਗਾਤਾਰ ਪ੍ਰੇਸ਼ਾਨ ਕਰ ਰਿਹਾ ਸੀ। ਇੰਸਪੈਕਟਰ ਫੈਕਟਰੀ ਦੇ ਕੰਮਕਾਜ ਨੂੰ ਬਿਨਾਂ ਕਿਸੇ ਰੁਕਾਵਟ ਦੇ ਚੱਲਣ ਦੇਣ ਬਦਲੇ 2 ਲੱਖ ਰਿਸ਼ਵਤ ਦੀ ਮੰਗ ਕਰ ਰਿਹਾ ਸੀ, ਜੋ ਬਾਅਦ ਵਿੱਚ 1 ਲੱਖ ਵਿੱਚ ਤੈਅ ਹੋਈ। ਇਸ ਮਾਮਲੇ ਵਿੱਚ ਇੱਕ ਹੈਰਾਨੀਜਨਕ ਪਹਿਲੂ ਇਹ ਸਾਹਮਣੇ ਆਇਆ ਹੈ ਕਿ ਮੁਲਜ਼ਮ ਅਧਿਕਾਰੀ ਸਿਰਫ਼ ਨਕਦ ਰਿਸ਼ਵਤ 'ਤੇ ਹੀ ਸੰਤੁਸ਼ਟ ਨਹੀਂ ਸੀ, ਸਗੋਂ ਉਹ ਫੈਕਟਰੀ ਮਾਲਕ 'ਤੇ ਇਸ ਗੱਲ ਲਈ ਵੀ ਦਬਾਅ ਪਾ ਰਿਹਾ ਸੀ ਕਿ ਉਸ ਨੂੰ ਫੈਕਟਰੀ ਦੇ ਕਾਰੋਬਾਰ ਵਿੱਚ ਹਿੱਸੇਦਾਰ ਬਣਾਇਆ ਜਾਵੇ। ਸ਼ਿਕਾਇਤ ਦੇ ਆਧਾਰ 'ਤੇ ਵਿਜੀਲੈਂਸ ਟੀਮ ਨੇ ਯੋਜਨਾਬੱਧ ਤਰੀਕੇ ਨਾਲ ਜਾਲ ਵਿਛਾਇਆ। ਜਿਵੇਂ ਹੀ ਇੰਸਪੈਕਟਰ ਰਮਨਦੀਪ ਗੁਪਤਾ ਬਠਿੰਡਾ ਦੇ ਮਾਲ ਰੋਡ 'ਤੇ ਰਿਸ਼ਵਤ ਦੀ ਰਕਮ ਲੈਣ ਲਈ ਪਹੁੰਚਿਆ, ਵਿਜੀਲੈਂਸ ਦੀ ਟੀਮ ਨੇ ਉਸ ਨੂੰ ਮੌਕੇ 'ਤੇ ਹੀ ਦਬੋਚ ਲਿਆ।

## ਜੱਗੂ ਭਗਵਾਨਪੁਰੀਆ ਗੈਂਗ ਨੂੰ ਵੱਡਾ ਝਟਕਾ

## ਇੰਟਰਪੋਲ ਦੇ ਰੈੱਡ ਨੋਟਿਸ 'ਤੇ ਮੋਲਦੋਵਾ ਤੋਂ ਗ੍ਰਿਫਤਾਰ ਹੋਇਆ ਗੈਂਗਸਟਰ ਅੰਮ੍ਰਿਤ ਦਾਲਮ

ਬਟਾਲਾ/ਚੰਡੀਗੜ੍ਹ-ਪੰਜਾਬ ਪੁਲਿਸ ਨੇ ਵਿਦੇਸ਼ਾਂ ਵਿੱਚ ਲੁਕੇ ਅਪਰਾਧੀਆਂ ਵਿਰੁੱਧ ਚਲਾਈ ਮੁਹਿੰਮ ਵਿੱਚ ਇੱਕ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਜੱਗੂ ਭਗਵਾਨਪੁਰੀਆ ਗੈਂਗ ਨਾਲ ਜੁੜੇ ਅਤੀ ਲੋੜੀਂਦੇ ਗੈਂਗਸਟਰ ਅੰਮ੍ਰਿਤਪਾਲ ਸਿੰਘ ਉਰਫ਼ ਅੰਮ੍ਰਿਤ ਦਾਲਮ ਨੂੰ ਮੋਲਦੋਵਾ ਸਰਹੱਦ ਤੋਂ ਹਿਰਾਸਤ ਵਿੱਚ ਲਿਆ ਗਿਆ ਹੈ। ਇਹ ਗ੍ਰਿਫਤਾਰੀ ਇੰਟਰਪੋਲ ਵੱਲੋਂ ਜਾਰੀ ਰੈੱਡ ਨੋਟਿਸ ਦੇ ਆਧਾਰ 'ਤੇ ਸੰਭਵ ਹੋਈ ਹੈ। ਪੁਲਿਸ ਅਧਿਕਾਰੀਆਂ ਅਨੁਸਾਰ, ਇਹ ਸਫਲਤਾ ਪੰਜਾਬ ਪੁਲਿਸ, ਕੇਂਦਰੀ ਏਜੰਸੀਆਂ ਅਤੇ ਅੰਤਰਰਾਸ਼ਟਰੀ ਏਜੰਸੀਆਂ ਦੇ ਲਗਾਤਾਰ ਤਾਲਮੇਲ ਦਾ ਨਤੀਜਾ ਹੈ। ਪੰਜਾਬ ਪੁਲਿਸ ਦਾ ਓਵਰਸੀਜ਼ ਫਿਊਜੀਟਿਵ ਟ੍ਰੈਕਿੰਗ ਸੈੱਲ ਪਿਛਲੇ ਕਈ ਮਹੀਨਿਆਂ ਤੋਂ ਅੰਮ੍ਰਿਤ ਦਾਲਮ ਦੇ ਟਿਕਾਣਿਆਂ ਅਤੇ ਉਸਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਰਿਹਾ ਸੀ। ਅੰਤ ਵਿੱਚ, ਮੋਲਦੋਵਾ ਸਰਹੱਦ 'ਤੇ ਉਸਨੂੰ ਕਾਬੂ ਕਰ ਲਿਆ ਗਿਆ।

ਅੰਮ੍ਰਿਤ ਦਾਲਮ ਬਟਾਲਾ ਦੇ ਨਜ਼ਦੀਕੀ ਪਿੰਡ ਦਾਲਮ ਦਾ ਰਹਿਣ ਵਾਲਾ ਹੈ। ਉਹ ਪੰਜਾਬ ਵਿੱਚ ਕਈ ਗੰਭੀਰ ਅਪਰਾਧਿਕ ਮਾਮਲਿਆਂ ਵਿੱਚ ਲੋੜੀਂਦਾ ਸੀ। ਵਿਦੇਸ਼ ਵਿੱਚ ਬੈਠ ਕੇ ਉਹ ਦੇਸ਼ ਵਿਰੋਧੀ ਗਤੀਵਿਧੀਆਂ ਅਤੇ ਜੱਗੂ ਭਗਵਾਨਪੁਰੀਆ



ਗੈਂਗ ਦੇ ਨੈੱਟਵਰਕ ਨੂੰ ਸੰਚਾਲਿਤ ਕਰ ਰਿਹਾ ਸੀ। ਪੰਜਾਬ ਪੁਲਿਸ ਲਈ ਇਹ ਇੱਕ ਅਹਿਮ ਪ੍ਰਾਪਤੀ ਹੈ। ਪੁਲਿਸ ਦੇ ਓਵਰਸੀਜ਼ ਫਿਊਜੀਟਿਵ ਟ੍ਰੈਕਿੰਗ ਸੈੱਲ ਵੱਲੋਂ ਇਸ ਸਮੇਂ ਵਿਦੇਸ਼ਾਂ ਵਿੱਚ ਲੁਕੇ 61 ਹੋਰ ਭਗੌੜੇ ਗੈਂਗਸਟਰਾਂ ਦੀ ਭਾਲ ਜਾਰੀ ਹੈ। ਪੁਲਿਸ ਨੇ ਸਪੱਸ਼ਟ ਕੀਤਾ ਹੈ ਕਿ ਅਪਰਾਧੀ ਚਾਹੇ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਲੁਕੇ ਹੋਣ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਨ੍ਹਾਂ ਨੂੰ ਕਨੂੰਨ ਦਾ ਸਾਹਮਣਾ ਕਰਨਾ ਹੀ ਪਵੇਗਾ।

# ਈਰਾਨ ਦੀ ਸੱਤਾ ਦਾ ਨਵਾਂ ਵਾਰਿਸ ਮੁਜਤਬਾ ਖਮੇਨੇਈ ਬਣਿਆ: ਈਰਾਨੀ ਸਿਆਸਤ ਵਿੱਚ ਸ਼ਕਤੀ ਪ੍ਰਦਰਸ਼ਨ

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**

## ✪ ਟਰੰਪ ਦੀ 'ਰੈਜੀਮ ਚੇਂਜ' ਦੀ ਰਣਨੀਤੀ ਕਿਉਂ ਹੋਈ ਫੇਲ੍ਹ ? ✪ ਕੀ ਮੁਜਤਬਾ ਖਮੇਨੇਈ ਈਰਾਨ ਨੂੰ ਜੰਗ ਦੇ ਨਵੇਂ ਮੋੜ 'ਤੇ ਲੈ ਜਾਣਗੇ ?

ਈਰਾਨ ਦੇ ਇਤਿਹਾਸ ਵਿੱਚ ਇਹ ਸਮਾਂ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜੋ ਪਿਛਲੇ ਦਹਾਕਿਆਂ ਦੀਆਂ ਸਾਰੀਆਂ ਰਾਜਨੀਤਕ ਧਾਰਨਾਵਾਂ ਨੂੰ ਚੁਣੌਤੀ ਦੇ ਰਿਹਾ ਹੈ। ਅਲੀ ਖਮੇਨੇਈ ਦੇ ਦੇਹਾਂਤ ਤੋਂ ਬਾਅਦ, ਉਨ੍ਹਾਂ ਦੇ ਪੁੱਤਰ ਮੁਜਤਬਾ ਖਮੇਨੇਈ ਦੀ ਸੁਪਰੀਮ ਲੀਡਰ ਵਜੋਂ ਨਿਯੁਕਤੀ ਨਾ ਸਿਰਫ਼ ਇੱਕ ਉੱਤਰਾਧਿਕਾਰੀ ਦੀ ਚੋਣ ਹੈ, ਸਗੋਂ ਇਹ ਈਰਾਨ ਦੀ ਅੰਦਰੂਨੀ ਰਾਜਨੀਤੀ ਅਤੇ ਵਿਦੇਸ਼ ਨੀਤੀ ਵਿੱਚ ਇੱਕ ਵੱਡੀ ਤਬਦੀਲੀ ਦਾ ਸੰਕੇਤ ਹੈ। ਇਸ ਨਿਯੁਕਤੀ ਨੇ ਅੰਤਰਰਾਸ਼ਟਰੀ ਮੀਡੀਆ ਅਤੇ ਗਲੋਬਲ ਪਾਵਰ ਸੈਂਟਰਾਂ ਵਿੱਚ ਇੱਕ ਭੁਚਾਲ ਵਰਗੀ ਸਥਿਤੀ ਪੈਦਾ ਕਰ ਦਿੱਤੀ ਹੈ। ਦੁਨੀਆ ਭਰ ਦੇ ਵੱਡੇ ਅਖ਼ਬਾਰਾਂ ਅਤੇ ਨਿਊਜ਼ ਏਜੰਸੀਆਂ ਇਸ ਘਟਨਾਕ੍ਰਮ ਨੂੰ ਇੱਕ ''ਇਤਿਹਾਸਕ ਮੋੜ'' ਅਤੇ ''ਖਤਰਨਾਕ ਅਸਥਿਰਤਾ'' ਦੇ ਰੂਪ ਵਿੱਚ ਦੇਖ ਰਹੀਆਂ ਹਨ। ਇਹ ਘਟਨਾਕ੍ਰਮ ਸਿਰਫ਼ ਇੱਕ ਉੱਤਰਾਧਿਕਾਰੀ ਦੀ ਚੋਣ ਨਹੀਂ ਹੈ, ਸਗੋਂ ਇਹ ਉਸ 'ਸ਼ਾਸਨ ਤਬਦੀਲੀ' ਦੀ ਰਣਨੀਤੀ ਲਈ ਇੱਕ ਵੱਡੀ ਚੁਣੌਤੀ ਹੈ ਜਿਸ ਦੀ ਅਗਵਾਈ ਅਮਰੀਕਾ ਅਤੇ ਇਜ਼ਰਾਈਲ ਕਰ ਰਹੇ ਹਨ। ਇਹ ਨਿਯੁਕਤੀ ਇੱਕ ਅਜਿਹੇ ਸਮੇਂ ਹੋਈ ਹੈ ਜਦੋਂ ਈਰਾਨ ਅਮਰੀਕਾ ਅਤੇ ਇਜ਼ਰਾਈਲ ਨਾਲ ਸਿੱਧੀ ਜੰਗ ਵਿੱਚ ਉਲਝਿਆ ਹੋਇਆ ਹੈ। ਸਭ ਤੋਂ ਪਹਿਲਾਂ, ਇਹ ਸਮਝਣਾ ਜ਼ਰੂਰੀ ਹੈ ਕਿ ਇਹ ਨਿਯੁਕਤੀ ਕਿੰਨੀ ਨਾਜ਼ੁਕ ਹੈ। 1979 ਦੇ ਇਸਲਾਮੀ ਇਨਕਲਾਬ ਦੀ ਨੀਂਹ ਹੀ ਰਾਜਸ਼ਾਹੀ (ਮੋਨਾਰਕੀ) ਨੂੰ ਖਤਮ ਕਰਨ ਅਤੇ ਇੱਕ ਲੋਕਤੰਤਰੀ-ਧਾਰਮਿਕ ਢਾਂਚਾ ਸਥਾਪਿਤ ਕਰਨ 'ਤੇ ਰੱਖੀ ਗਈ ਸੀ। ਜਦੋਂ ਹੁਣ ਇੱਕ ਸੁਪਰੀਮ ਲੀਡਰ ਦੇ ਪੁੱਤਰ ਨੂੰ ਹੀ ਸੱਤਾ ਦੀ ਵਾਗਡੋਰ ਸੌਂਪ ਦਿੱਤੀ ਗਈ ਹੈ, ਤਾਂ ਇਹ ਈਰਾਨ ਦੇ ਇਨਕਲਾਬੀ ਆਦਰਸ਼ਾਂ ਅਤੇ ਅਸਲੀਅਤ ਵਿਚਕਾਰ ਇੱਕ ਵੱਡਾ ਪਾੜਾ ਪੈਦਾ ਕਰਦਾ ਹੈ। ਇਹ ਫੈਸਲਾ, ਜੋ ਕਿ ਅਸੈਂਬਲੀ ਆਫ਼ ਐਕਸਪਰਟਸ ਦੁਆਰਾ ਲਿਆ ਗਿਆ ਹੈ, ਦਰਸਾਉਂਦਾ ਹੈ ਕਿ ਈਰਾਨੀ ਸੱਤਾ ਦੇ ਕੇਂਦਰ ਵਿੱਚ 'ਪਰਿਵਾਰਕ ਵਫ਼ਾਦਾਰੀ' ਹੁਣ 'ਇਨਕਲਾਬੀ ਚੋਣ' ਉੱਤੇ ਭਾਰੂ ਪੈ ਗਈ ਹੈ।



ਮੁਜਤਬਾ ਖਮੇਨੇਈ (56) ਈਰਾਨੀ ਰਾਜਨੀਤੀ ਵਿੱਚ ਕੋਈ ਨਵਾਂ ਨਾਮ ਨਹੀਂ ਹੈ, ਪਰ ਉਹ ਇੱਕ ਰਹੱਸਮਈ ਚਿਹਰਾ ਰਹੇ ਹਨ। ਦਹਾਕਿਆਂ ਤੋਂ ਉਹ ਆਪਣੇ ਪਿਤਾ ਦੇ ਸਭ ਤੋਂ ਨਜ਼ਦੀਕੀ ਸਲਾਹਕਾਰ ਵਜੋਂ ਜਾਣੇ ਜਾਂਦੇ ਸਨ। ਅਸੈਂਬਲੀ ਆਫ਼ ਐਕਸਪਰਟਸ ਨੇ ਮੁਜਤਬਾ ਦੇ ਨਾਮ 'ਤੇ ਮੋਹਰ ਲਗਾ ਕੇ ਇਹ ਸੰਦੇਸ਼ ਦਿੱਤਾ ਹੈ ਕਿ ਈਰਾਨ ਦਾ ਮੌਜੂਦਾ ਸਿਸਟਮ ਕਿਸੇ ਵੀ ਬਾਹਰੀ ਦਬਾਅ ਅੱਗੇ ਝੁਕਣ ਲਈ ਤਿਆਰ ਨਹੀਂ ਹੈ। ਮੁਜਤਬਾ ਦਾ 'ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ' ਨਾਲ ਗਹਿਰਾ ਤਾਲਮੇਲ ਹੈ। ਮੁਜਤਬਾ ਦੀ ਨਿਯੁਕਤੀ ਦੀ ਸਭ ਤੋਂ ਮਜ਼ਬੂਤ ਕੜੀ ਉਨ੍ਹਾਂ ਦੇ ਸੁਰੱਖਿਆ ਬਲਾਂ ਨਾਲ ਸਬੰਧ ਹਨ। 'ਇਸਲਾਮਿਕ ਰੈਵੋਲਿਊਸ਼ਨਰੀ ਗਾਰਡ ਕੋਰ' ਦਾ ਉਨ੍ਹਾਂ ਨੂੰ ਤੁਰੰਤ ਸਮਰਥਨ ਦੇਣਾ ਇਸ ਗੱਲ ਦਾ ਸਬੂਤ ਹੈ ਕਿ ਇਹ ਨਿਯੁਕਤੀ ਸਿਰਫ਼ ਧਾਰਮਿਕ ਕੌਂਸਲ ਦਾ ਫੈਸਲਾ ਨਹੀਂ, ਸਗੋਂ ਈਰਾਨ ਦੇ ਫੌਜੀ ਅਤੇ ਖੁਫੀਆ ਤੰਤਰ ਦੀ ਮਨਜ਼ੂਰੀ ਸੀ।

ਮਾਹਿਰਾਂ ਦਾ ਮੰਨਣਾ ਹੈ ਕਿ ਮੁਜਤਬਾ ਦੀ ਸੱਤਾ ਉਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਸੁਰੱਖਿਅਤ ਹੈ ਜੋ ਦੇਸ਼ ਦੇ ਸੁਰੱਖਿਆ ਢਾਂਚੇ ਨੂੰ ਕੰਟਰੋਲ ਕਰਦੇ ਹਨ। ਇਹ ਗੱਠਜੋੜ ਈਰਾਨ ਨੂੰ ਹੋਰ ਜ਼ਿਆਦਾ ਸੈਨਿਕ-ਕੇਂਦਰਿਤ ਰਾਸ਼ਟਰ ਬਣਾ ਸਕਦਾ ਹੈ। ਇਸ ਨਿਯੁਕਤੀ ਦਾ ਅਰਥ ਹੈ ਕਿ ਈਰਾਨ ਹੁਣ ਇੱਕ ਮਜ਼ਬੂਤ ਮਿਲਟਰੀ-ਕਲੈਰੀਕਲ (ਸੈਨਿਕ-ਧਾਰਮਿਕ) ਗਠਜੋੜ ਵੱਲ ਵਧ ਰਿਹਾ ਹੈ।

ਮੁਜਤਬਾ ਖਮੇਨੇਈ ਦਾ ਨਾਮ ਸਿਰਫ਼ ਰਾਜਨੀਤੀ ਨਾਲ ਨਹੀਂ, ਸਗੋਂ ਵੱਡੇ ਵਿੱਤੀ ਵਿਵਾਦਾਂ ਨਾਲ ਵੀ ਜੁੜਿਆ ਹੋਇਆ ਹੈ। ਪੱਛਮੀ ਮੀਡੀਆ ਦੀਆਂ ਰਿਪੋਰਟਾਂ (ਖਾਸ ਕਰਕੇ ਬਲੂਮਬਰਗ) ਮੁਤਾਬਕ, ਉਹ ਕਥਿਤ ਤੌਰ 'ਤੇ ਅਰਬਾਂ ਡਾਲਰਾਂ ਦੇ ਆਰਥਿਕ ਸਾਮਰਾਜ ਦੇ ਮਾਲਕ ਹਨ। ਮੁਜਤਬਾ ਉਪਰ ਇਲਜ਼ਾਮ ਹਨ ਕਿ ਤੇਲ ਦੀ ਵਿਕਰੀ ਤੋਂ ਆਉਣ ਵਾਲਾ ਪੈਸਾ ਕਈ ਦੇਸ਼ਾਂ ਵਿੱਚ ਸ਼ੈੱਲ ਕੰਪਨੀਆਂ ਰਾਹੀਂ ਲਗਜ਼ਰੀ ਰੀਅਲ ਅਸਟੇਟ, ਹੋਟਲਾਂ ਅਤੇ ਜਾਇਦਾਦਾਂ ਵਿੱਚ ਨਿਵੇਸ਼ ਕੀਤਾ ਗਿਆ ਹੈ। ਉਨ੍ਹਾਂ ਦੇ ਸਬੰਧ ਅਲੀ ਅੰਸਾਰੀ ਵਰਗੇ ਕਾਰੋਬਾਰੀਆਂ ਨਾਲ ਜੋੜੇ ਜਾਂਦੇ ਹਨ, ਜਿਨ੍ਹਾਂ ਦੇ ਬੈਂਕ ਦੇ ਡੁੱਬਣ ਕਾਰਨ ਈਰਾਨ ਦੀ ਮਹਿੰਗਾਈ ਵਧੀ ਅਤੇ ਆਮ ਲੋਕਾਂ ਦਾ ਪੈਸਾ ਡੁੱਬ ਗਿਆ। ਹਾਲਾਂਕਿ, ਮੁਜਤਬਾ ਨੇ ਕਦੇ ਵੀ ਇਨ੍ਹਾਂ ਦੋਸ਼ਾਂ 'ਤੇ ਜਨਤਕ ਪ੍ਰਤੀਕਿਰਿਆ ਨਹੀਂ ਦਿੱਤੀ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ 'ਮੈਕਸਿਮਮ ਪ੍ਰੈਸ਼ਰ' ਰਣਨੀਤੀ ਦਾ ਮੁੱਖ ਉਦੇਸ਼ ਈਰਾਨ ਦੇ ਸ਼ਾਸਨ ਨੂੰ ਅੰਦਰੂਨੀ ਤੌਰ 'ਤੇ ਤੋੜਨਾ ਸੀ। ਹਾਲਾਂਕਿ, ਇਹ ਰਣਨੀਤੀ ਇੱਥੇ ਆ ਕੇ ਫੇਲ ਹੁੰਦੀ ਨਜ਼ਰ ਆ ਰਹੀ ਹੈ। ਅਮਰੀਕੀ-ਇਜ਼ਰਾਈਲੀ ਹਮਲਿਆਂ ਨੇ ਈਰਾਨੀ ਅਵਾਮ ਵਿੱਚ ਇੱਕ 'ਰਾਸ਼ਟਰਵਾਦੀ ਗੁੱਸਾ' ਪੈਦਾ ਕੀਤਾ ਹੈ। ਟਰੰਪ ਪ੍ਰਸ਼ਾਸਨ ਨੂੰ ਉਮੀਦ ਸੀ ਕਿ ਖਮੇਨੇਈ ਦੀ ਮੌਤ ਤੋਂ ਬਾਅਦ ਈਰਾਨ ਵਿੱਚ ਸੱਤਾ ਦਾ ਸੰਘਰਸ਼ ਸ਼ੁਰੂ ਹੋਵੇਗਾ। ਪਰ ਅਸੈਂਬਲੀ ਆਫ਼ ਐਕਸਪਰਟਸ ਨੇ ਤੁਰੰਤ ਮੁਜਤਬਾ ਦੇ ਪਿੱਛੇ ਖੜ੍ਹੇ ਹੋ ਕੇ ਇਹ ਸੰਭਾਵਨਾ ਖਤਮ ਕਰ ਦਿੱਤੀ ਹੈ।

ਈਰਾਨੀ ਸੰਸਦ ਦੇ ਸਪੀਕਰ ਮੁਹੰਮਦ ਬਾਗ਼ੇਰ ਗਾਲੀਬਾਫ ਦੁਆਰਾ ਟਰੰਪ ਪ੍ਰਸ਼ਾਸਨ ਨੂੰ 'ਐਪਸਟਾਈਨ ਗੈਂਗ' ਕਹਿਣਾ, ਕੇਵਲ ਇੱਕ ਅਪਮਾਨਜਨਕ ਟਿੱਪਣੀ ਨਹੀਂ ਹੈ। ਇਹ ਇੱਕ ਰਣਨੀਤਕ ਬਿਆਨ ਹੈ ਜਿਸਦਾ ਮਕਸਦ ਅਮਰੀਕੀ ਲੀਡਰਸ਼ਿਪ ਦੀ ਨੈਤਿਕ ਸਾਖ 'ਤੇ ਸਵਾਲ ਚੁੱਕਣਾ ਹੈ। ?ਈਰਾਨੀ ਜਨਤਾ ਨੂੰ ਇਹ ਅਹਿਸਾਸ ਕਰਵਾਉਣਾ ਕਿ ਉਨ੍ਹਾਂ ਦੇ ਦੁਸ਼ਮਣ ਨੈਤਿਕ ਤੌਰ 'ਤੇ ਗਿਰਾਵਟ ਦਾ ਸ਼ਿਕਾਰ ਹਨ।

ਈਰਾਨ ਦਾ ਭਵਿੱਖ ਹੁਣ ਕਈ ਨਾਜ਼ੁਕ ਮੋੜਾਂ 'ਤੇ ਖੜ੍ਹਾ ਹੈ-ਮੁਜਤਬਾ ਦੇ ਆਉਣ ਨਾਲ ਇਸ ਗੱਲ ਦੀ ਸੰਭਾਵਨਾ ਘੱਟ ਗਈ ਹੈ ਕਿ ਈਰਾਨ ਆਪਣੇ ਪ੍ਰਮਾਣੂ ਪ੍ਰੋਗਰਾਮ 'ਤੇ ਸਮਝੌਤਾ ਕਰੇਗਾ। ਇਸ ਦੇ ਉਲਟ, ਉਹ ਇਸ ਨੂੰ ਆਪਣੀ ਸੁਰੱਖਿਆ ਦੀ ਗਾਰੰਟੀ ਵਜੋਂ ਹੋਰ ਤੇਜ਼ ਕਰ ਸਕਦੇ ਹਨ। ਜੇਕਰ ਇਜ਼ਰਾਈਲ ਨਵੇਂ ਸੁਪਰੀਮ ਲੀਡਰ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ 'ਤੇ ਅਮਲ ਕਰਦਾ ਹੈ, ਤਾਂ ਮੱਧ-ਪੂਰਬ ਇੱਕ ਬੇਕਾਬੂ ਖੇਤਰੀ ਜੰਗ ਵੱਲ ਵਧ ਜਾਵੇਗਾ। ਜੇਕਰ ਈਰਾਨ ਆਪਣੀ ਰੱਖਿਆ ਨੀਤੀ ਨੂੰ ਹੋਰ ਹਮਲਾਵਰ ਬਣਾਉਂਦਾ ਹੈ, ਤਾਂ ਇਜ਼ਰਾਈਲ ਅਤੇ ਅਮਰੀਕਾ ਨਾਲ ਟਕਰਾਅ ਦੇ ਚਾਂਸ ਵਧ ਜਾਂਦੇ ਹਨ। ਇਹ ਸਥਿਤੀ ''ਪ੍ਰੌਕਸੀ ਵਾਰ'' (ਜਿਵੇਂ ਕਿ ਹਿਜ਼ਬੁੱਲਾ ਜਾਂ ਹੂਤੀ ਰਾਹੀਂ ਲੜਾਈ) ਤੋਂ ਅੱਗੇ ਵਧ ਕੇ ''ਸਿੱਧੀ ਜੰਗ'' ਵਿੱਚ ਬਦਲ ਸਕਦੀ ਹੈ। ਈਰਾਨ ਹੁਣ ਰੂਸ ਅਤੇ ਚੀਨ ਨਾਲ ਆਪਣੇ ਫੌਜੀ ਸਬੰਧਾਂ ਨੂੰ ਹੋਰ ਮਜ਼ਬੂਤ ਕਰ ਸਕਦਾ ਹੈ, ਜੋ ਕਿ ਪੱਛਮੀ ਦੇਸ਼ਾਂ ਲਈ ਇੱਕ ਵੱਡੀ ਚੁਣੌਤੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਜੇ ਅਮਰੀਕਾ ਕੋਈ ਵੱਡੀ ਫੌਜੀ ਕਾਰਵਾਈ ਕਰਦਾ ਹੈ, ਤਾਂ ਪੂਰਾ ਮੱਧ-ਪੂਰਬ ਅਸਥਿਰ ਹੋ ਜਾਵੇਗਾ, ਜਿਸਦਾ ਅਸਰ ਅਮਰੀਕੀ ਅਰਥਚਾਰੇ 'ਤੇ ਵੀ ਪਵੇਗਾ।


ਈਰਾਨ ਵਿੱਚ ਮੁਜਤਬਾ ਖਮੇਨੇਈ ਦਾ ਉਭਾਰ ਇਹ ਸਾਬਤ ਕਰਦਾ ਹੈ ਕਿ ਤਾਕਤ ਦੇ ਜ਼ੋਰ 'ਤੇ 'ਸ਼ਾਸਨ ਤਬਦੀਲੀ' ਲਿਆਉਣਾ ਇੱਕ ਖਤਰਨਾਕ ਜੂਆ ਹੈ। ਅਮਰੀਕਾ ਅਤੇ ਇਜ਼ਰਾਈਲ ਨੇ ਸ਼ਾਇਦ ਇੱਕ ਨੇਤਾ ਨੂੰ ਤਾਂ ਖਤਮ ਕਰ ਦਿੱਤਾ, ਪਰ ਉਨ੍ਹਾਂ ਨੇ ਇੱਕ ਅਜਿਹੀ ਵਿਚਾਰਧਾਰਾ ਨੂੰ ਹੋਰ ਮਜ਼ਬੂਤ ਕਰ ਦਿੱਤਾ ਹੈ ਜੋ ਹੁਣ ਪਹਿਲਾਂ ਨਾਲੋਂ ਵੀ ਜ਼ਿਆਦਾ ਕੱਟੜ ਅਤੇ ਬਦਲੇ ਦੀ ਭਾਵਨਾ ਨਾਲ ਭਰੀ ਹੋਈ ਹੈ। ਅੱਜ ਈਰਾਨ ਸਿਰਫ ਇੱਕ ਦੇਸ਼ ਨਹੀਂ, ਸਗੋਂ ਇੱਕ ਗੁੱਸੇ ਵਿੱਚ ਭਰੇ ਹੋਏ ਸਿਸਟਮ ਵਾਂਗ ਕੰਮ ਕਰ ਰਿਹਾ ਹੈ। ਆਉਣ ਵਾਲੇ ਹਫਤੇ ਇਹ ਤੈਅ ਕਰਨਗੇ ਕਿ ਕੀ ਇਹ 'ਮੈਕਸਿਮਮ ਰੈਜ਼ਿਸਟੈਂਸ' (ਅਧਿਕਤਮ ਵਿਰੋਧ) ਦੀ ਨੀਤੀ ਈਰਾਨ ਨੂੰ ਬਚਾ ਲਵੇਗੀ ਜਾਂ ਪੂਰੇ ਖਿੱਤੇ ਨੂੰ ਤਬਾਹੀ ਦੇ ਕੰਢੇ ਲੈ ਜਾਵੇਗੀ।

* * * * * *

# ਹੁਰੁਨ ਗਲੋਬਲ ਰਿਚ ਲਿਸਟ 2026 ਅਨੁਸਾਰ ਭਾਰਤੀ ਅਰਬਪਤੀਆਂ ਦੀ ਮਜ਼ਬੂਤ ਸਥਿਤੀ

## ✪ ਅਮਰੀਕਾ ਅਤੇ ਚੀਨ ਤੋਂ ਬਾਅਦ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਰਬਪਤੀ ਦੇਸ਼ ਬਣਿਆ


ਦਿੱਲੀ-ਹਾਲ ਹੀ ਵਿੱਚ ਜਾਰੀ ਹੋਈ 'ਹੁਰੁਨ ਗਲੋਬਲ ਰਿਚ ਲਿਸਟ 2026' ਨੇ ਦੁਨੀਆ ਭਰ ਦੇ ਅਮੀਰਾਂ ਦਾ ਚਿੱਠਾ ਖੋਲ੍ਹ ਦਿੱਤਾ ਹੈ। ਇਸ ਸੂਚੀ ਵਿੱਚ ਭਾਰਤ ਨੇ ਆਪਣੀ ਸਥਿਤੀ ਹੋਰ ਮਜ਼ਬੂਤ ਕੀਤੀ ਹੈ। ਭਾਰਤ ਵਿੱਚ ਹੁਣ 308 ਅਰਬਪਤੀ ਹਨ, ਜੋ ਪਿਛਲੇ ਸਾਲ ਦੇ ਮੁਕਾਬਲੇ 24 ਜ਼ਿਆਦਾ ਹਨ। ਅਮਰੀਕਾ ਅਤੇ ਚੀਨ ਤੋਂ ਬਾਅਦ ਭਾਰਤ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਅਰਬਪਤੀ ਦੇਸ਼ ਬਣ ਗਿਆ ਹੈ। ਭਾਰਤੀ ਅਰਬਪਤੀਆਂ ਦੀ ਕੁੱਲ ਜਾਇਦਾਦ 10% ਵਧ ਕੇ 112.6 ਟ੍ਰਿਲੀਅਨ ਹੋ ਗਈ ਹੈ। ਕੁੱਲ ਅਰਬਪਤੀਆਂ ਵਿੱਚੋਂ 7% ਔਰਤਾਂ ਹਨ।



ਚੋਟੀ ਦੇ ਭਾਰਤੀ ਅਰਬਪਤੀ-ਮੁਕੇਸ਼ ਅੰਬਾਨੀ 9.8 ਲੱਖ ਕਰੋੜ ਦੀ ਜਾਇਦਾਦ ਨਾਲ ਭਾਰਤ ਅਤੇ ਏਸ਼ੀਆ ਵਿੱਚ ਪਹਿਲੇ ਸਥਾਨ 'ਤੇ ਹੈ। ਗੌਤਮ ਅਡਾਨੀ ਦੂਜੇ ਸਭ ਤੋਂ ਅਮੀਰ ਭਾਰਤੀ ਹਨ। ਰੋਸ਼ਨੀ ਨਾਦਰ ਮਲਹੋਤਰਾ 3.2 ਲੱਖ ਕਰੋੜ ਦੀ ਜਾਇਦਾਦ ਨਾਲ ਤੀਜੇ ਸਥਾਨ 'ਤੇ (ਚੋਟੀ ਦੇ 10 ਵਿੱਚ ਇਕਲੌਤੀ ਔਰਤ ਹੈ)। ਸਾਇਰਸ ਐਸ. ਪੂਨਾਵਾਲਾ3 ਲੱਖ ਕਰੋੜ ਦੀ ਜਾਇਦਾਦ ਨਾਲ ਚੌਥੇ ਸਥਾਨ 'ਤੇ ਹੈ।

# ਚੋਣਾਂ ਦੇ ਮੌਸਮ ਵਿਚ ਸਾਧ ਰਾਮ ਰਹੀਮ ਨੂੰ ਹਾਈਕੋਰਟ ਵਲੋਂ 'ਕਲੀਨ ਚਿੱਟ' ਕਿਉਂ

## ✪ ਸਿਆਸੀ ਗਲਿਆਰਿਆਂ ਵਿਚ ਚਰਚਾ: ਕੀ ਭਾਜਪਾ ਨੂੰ ਹੋਵੇਗਾ ਫਾਇਦਾ ਜਾਂ ਨੁਕਸਾਨ ?
## ✪ ਡੇਰਾ ਮੁਖੀ ਦੇ ਬਰੀ ਹੋਣ ਨਾਲ ਪੰਜਾਬ ਤੋਂ ਹਰਿਆਣਾ ਤੱਕ ਕੀ ਬਦਲਣਗੇ ਚੋਣ ਸਮੀਕਰਨ ?
## ✪ ਅਦਾਲਤੀ ਫੈਸਲੇ ਤੋਂ ਬਾਅਦ ਸੁਪਰੀਮ ਕੋਰਟ ਜਾਣ ਦੀ ਤਿਆਰੀ ਵਿਚ ਛਤਰਪਤੀ ਦਾ ਪੀੜਤ ਪਰਿਵਾਰ




ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਡੇਰਾ ਸਿਰਸਾ ਮੁਖੀ ਸੌਦਾ ਸਾਧ ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਕਤਲ ਕੇਸ ਵਿੱਚ ਬਰੀ ਕਰਨ ਦਾ ਫੈਸਲਾ ਇੱਕ ਗੁੰਝਲਦਾਰ ਕਾਨੂੰਨੀ ਅਤੇ ਸਿਆਸੀ ਮੋੜ ਹੈ। ਪਰ ਇਹ ਫੈਸਲਾ ਸਿਰਫ਼ ਇੱਕ ਖਾਸ ਕੇਸ ਨਾਲ ਸਬੰਧਤ ਹੈ। ਹਾਈ ਕੋਰਟ ਨੇ ਪੱਤਰਕਾਰ ਰਾਮਚੰਦਰ ਛਤਰਪਤੀ ਕਤਲ ਕੇਸ ਵਿੱਚ ਸਬੂਤਾਂ ਦੇ ਆਧਾਰ 'ਤੇ ਡੇਰਾ ਮੁਖੀ ਨੂੰ ਦੋਸ਼ ਮੁਕਤ ਕੀਤਾ ਹੈ। ਹਾਲਾਂਕਿ ਇਸ ਕੇਸ ਦੇ ਹੋਰ ਤਿੰਨ ਦੋਸ਼ੀਆਂ ਦੀ ਸਜ਼ਾ ਨੂੰ ਅਦਾਲਤ ਨੇ ਬਰਕਰਾਰ ਰੱਖਿਆ ਹੈ।ਹਾਈ ਕੋਰਟ ਦੀ ਬੈਂਚ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਸੀਬੀਆਈ ਵੱਲੋਂ ਪੇਸ਼ ਕੀਤੇ ਗਏ ਸਬੂਤ ਸਾਧ ਰਾਮ ਰਹੀਮ ਨੂੰ ਕਤਲ ਦੀ ਸਾਜ਼ਿਸ਼ ਵਿੱਚ ਸਿੱਧੇ ਤੌਰ 'ਤੇ ਜੋੜਨ ਵਿੱਚ ਨਾਕਾਮ ਰਹੇ ਹਨ। ਅਦਾਲਤ ਨੇ ਨੋਟ ਕੀਤਾ ਕਿ ਗਵਾਹਾਂ ਦੇ ਬਿਆਨਾਂ ਵਿੱਚ ਅਸੰਗਤੀਆਂ ਹਨ ਅਤੇ ਕੋਈ ਠੋਸ ਪ੍ਰਮਾਣ ਨਹੀਂ ਮਿਲਿਆ ਜੋ ਡੇਰਾ ਮੁਖੀ ਨੂੰ ਦੋਸ਼ੀ ਠਹਿਰਾਉਣ ਲਈ ਕਾਫ਼ੀ ਹੋਵੇ। ਹਾਲਾਂਕਿ, ਅਦਾਲਤ ਨੇ ਕੇਸ ਵਿੱਚ ਸ਼ਾਮਲ ਤਿੰਨ ਹੋਰ ਦੋਸ਼ੀਆਂ - ਕ੍ਰਿਸ਼ਨ ਲਾਲ, ਨਿਰਮਲ ਅਤੇ ਕੁਲਦੀਪ - ਦੀ ਉਮਰ ਕੈਦ ਦੀ ਸਜ਼ਾ ਨੂੰ ਬਰਕਰਾਰ ਰੱਖਿਆ ਹੈ। ਇਹ ਫੈਸਲਾ ਚੀਫ ਜਸਟਿਸ ਦੀ ਅਗਵਾਈ ਵਾਲੀ ਬੈਂਚ ਨੇ ਸੁਣਾਇਆ, ਜਿਸ ਨੇ ਡੇਰਾ ਮੁਖੀ ਦੀ ਅਪੀਲ ਨੂੰ ਮਨਜ਼ੂਰ ਕੀਤਾ।ਡੇਰਾ ਮੁਖੀ ਦੇ ਵਕੀਲ ਜਤਿੰਦਰ ਖੁਰਾਨਾ ਨੇ ਫੈਸਲੇ ਨੂੰ ਸੱਚਾਈ ਦੀ ਜਿੱਤ ਕਰਾਰ ਦਿੰਦਿਆਂ ਕਿਹਾ, ਸੀ ਕਿ ਅਸੀਂ ਸ਼ੁਰੂ ਤੋਂ ਹੀ ਕਹਿੰਦੇ ਆ ਰਹੇ ਹਾਂ ਕਿ ਸਾਧ ਰਾਮ ਰਹੀਮ ਦਾ ਇਸ ਕੇਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅੱਜ ਅਦਾਲਤ ਨੇ ਇਹ ਮੰਨ ਲਿਆ ਹੈ ਅਤੇ ਉਨ੍ਹਾਂ ਨੂੰ ਬਰੀ ਕੀਤਾ ਹੈ। ਇਹ ਨਿਆਂ ਦੀ ਜਿੱਤ ਹੈ।"

ਇਹ ਮਾਮਲਾ 2002 ਵਿੱਚ ਸ਼ੁਰੂ ਹੋਇਆ ਜਦੋਂ ਹਰਿਆਣਾ ਦੇ ਸਿਰਸਾ ਵਿੱਚ 'ਸੱਚ ਕਹੂੰ' ਅਖ਼ਬਾਰ ਦੇ ਸੰਪਾਦਕ ਰਾਮ ਚੰਦਰ ਛਤਰਪਤੀ ਨੂੰ ਉਨ੍ਹਾਂ ਦੇ ਘਰ ਬਾਹਰ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ ਸੀ। ਛਤਰਪਤੀ ਡੇਰਾ ਸੌਦਾ ਵਿੱਚ ਹੋ ਰਹੇ ਕਥਿਤ ਅਪਰਾਧਾਂ ਬਾਰੇ ਰਿਪੋਰਟਿੰਗ ਕਰ ਰਹੇ ਸਨ, ਜਿਸ ਵਿੱਚ ਡੇਰਾ ਮੁਖੀ 'ਤੇ ਸਾਧਵੀਆਂ ਨਾਲ ਜਬਰ-ਜਨਾਹ ਦੇ ਇਲਜ਼ਾਮ ਸਨ।

ਛਤਰਪਤੀ ਨੇ ਡੇਰੇ ਵਿੱਚੋਂ ਆਈ ਇੱਕ ਅਣਪਛਾਤੀ ਚਿੱਠੀ ਨੂੰ ਆਪਣੇ ਅਖ਼ਬਾਰ ਵਿੱਚ ਛਾਪਿਆ ਸੀ, ਜਿਸ ਵਿੱਚ ਡੇਰਾ ਮੁਖੀ 'ਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਗਏ ਸਨ। 24 ਅਕਤੂਬਰ 2002 ਨੂੰ ਹੋਏ ਹਮਲੇ ਵਿੱਚ ਛਤਰਪਤੀ ਨੂੰ ਗੰਭੀਰ ਜ਼ਖ਼ਮੀ ਹੋ ਗਏ ਅਤੇ 21 ਨਵੰਬਰ ਨੂੰ ਅਪੋਲੋ ਹਸਪਤਾਲ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਸੀ।

ਸ਼ੁਰੂ ਵਿੱਚ ਪੁਲਿਸ ਜਾਂਚ ਨਾਲ ਅਸੰਤੁਸ਼ਟ ਪਰਿਵਾਰ ਨੇ ਸੀਬੀਆਈ ਜਾਂਚ ਦੀ ਮੰਗ ਕੀਤੀ ਸੀ। ਜਨਵਰੀ 2003 ਵਿੱਚ ਅੰਸ਼ੁਲ ਛਤਰਪਤੀ ਨੇ ਹਾਈ ਕੋਰਟ ਵਿੱਚ ਰਿਟ ਪਟੀਸ਼ਨ ਦਾਇਰ ਕੀਤੀ, ਅਤੇ ਨਵੰਬਰ 2003 ਵਿੱਚ ਸੀਬੀਆਈ ਨੇ ਜਾਂਚ ਸ਼ੁਰੂ ਕੀਤੀ ਸੀ। ਇਸ ਨੂੰ ਰਣਜੀਤ ਸਿੰਘ ਕਤਲ ਕੇਸ ਨਾਲ ਵੀ ਜੋੜਿਆ ਗਿਆ ਸੀ, ਜੋ ਡੇਰਾ ਪੈਰੋਕਾਰ ਸੀ ਅਤੇ ਉਸ ਨੂੰ ਵੀ 2002 ਵਿੱਚ ਮਾਰਿਆ ਗਿਆ ਸੀ। ਸੀਬੀਆਈ ਨੇ ਡੇਰਾ ਮੁਖੀ ਨੂੰ ਮੁੱਖ ਸਾਜ਼ਿਸ਼ਕਰਤਾ ਵਜੋਂ ਨਾਮਜ਼ਦ ਕੀਤਾ ਸੀ ।ਡੇਰੇ ਨੇ ਜਾਂਚ ਵਿਰੁੱਧ ਅਪੀਲ ਕੀਤੀ ਪਰ ਸੁਪਰੀਮ ਕੋਰਟ ਨੇ ਉਹ ਖਾਰਜ ਕਰ ਦਿੱਤੀ।

ਸਾਧ ਰਾਮ ਰਹੀਮ ਅਜੇ ਵੀ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਬੰਦ ਰਹਿਣਗੇ। ਉਹ 2017 ਵਿੱਚ ਦੋ ਸਾਧਵੀਆਂ ਨਾਲ ਜਬਰ-ਜਨਾਹ ਦੇ ਮਾਮਲੇ ਵਿੱਚ 20 ਸਾਲ ਦੀ ਸਜ਼ਾ ਭੁਗਤ ਰਹੇ ਹਨ। ਇਸ ਲਈ, ਕਤਲ ਕੇਸ ਵਿੱਚ ਬਰੀ ਹੋਣ ਦਾ ਮਤਲਬ ਉਨ੍ਹਾਂ ਦੀ ਪੂਰੀ ਰਿਹਾਈ ਨਹੀਂ ਹੈ।

ਪੱਤਰਕਾਰ ਦੇ ਪੁੱਤਰ ਅੰਸ਼ੁਲ ਛਤਰਪਤੀ ਨੇ ਸਪੱਸ਼ਟ ਕੀਤਾ ਹੈ ਕਿ ਉਹ ਇਸ ਫੈਸਲੇ ਤੋਂ ਨਿਰਾਸ਼ ਹਨ ਅਤੇ ਇਸ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣਗੇ।

ਪੰਜਾਬ ਅਤੇ ਹਰਿਆਣਾ ਦੀ ਸਿਆਸਤ ਵਿੱਚ ਇਸ ਫੈਸਲੇ ਨੂੰ ਲੈ ਕੇ ਵੱਡੀ ਚਰਚਾ ਹੈ। ਕੀ ਭਾਜਪਾ ਨੂੰ ਇਸ ਦਾ ਫਾਇਦਾ ਹੋਵੇਗਾ? ਇਹ ਇੱਕ "ਦੋਧਾਰੀ ਤਲਵਾਰ" ਵਰਗੀ ਸਥਿਤੀ ਹੈ। ਡੇਰਾ ਸੌਦਾ ਦਾ ਹਰਿਆਣਾ ਦੇ ਸਰਹੱਦੀ ਜ਼ਿਲ੍ਹਿਆਂ (ਸਿਰਸਾ, ਹਿਸਾਰ, ਕੁਰੂਕਸ਼ੇਤਰ) ਅਤੇ ਪੰਜਾਬ ਦੇ ਮਾਲਵਾ ਖੇਤਰ (ਬਠਿੰਡਾ, ਮਾਨਸਾ, ਸੰਗਰੂਰ, ਪਟਿਆਲਾ) ਵਿੱਚ ਮਜ਼ਬੂਤ ਆਧਾਰ ਹੈ। ਚੋਣਾਂ ਦੇ ਸਮੇਂ ਇਨ੍ਹਾਂ ਵੋਟਾਂ ਦਾ ਇੱਕਤਰਫਾ ਪ੍ਰਭਾਵ ਨਤੀਜੇ ਬਦਲ ਸਕਦਾ ਹੈ।

ਭਾਜਪਾ ਜੋ ਪੰਜਾਬ ਵਿੱਚ ਆਪਣਾ ਆਧਾਰ ਵਧਾਉਣ ਲਈ ਸੰਘਰਸ਼ ਕਰ ਰਹੀ ਹੈ, ਉਸ ਲਈ ਡੇਰਾ ਪ੍ਰੇਮੀਆਂ ਦਾ ਸਮਰਥਨ ਇੱਕ ਰਣਨੀਤਕ ਮੌਕਾ ਹੋ ਸਕਦਾ ਹੈ।ਪੰਜਾਬ ਵਿੱਚ ਸਿੱਖ ਭਾਵਨਾਵਾਂ ਅਤੇ ਬੇਅਦਬੀ ਦੇ ਮੁੱਦੇ ਬਹੁਤ ਸੰਵੇਦਨਸ਼ੀਲ ਹਨ। ਡੇਰਾ ਮੁਖੀ ਦਾ ਨਾਂ ਬੇਅਦਬੀ ਮਾਮਲਿਆਂ ਨਾਲ ਜੁੜਿਆ ਹੋਣ ਕਾਰਨ, ਉਨ੍ਹਾਂ ਦਾ ਸਮਰਥਨ ਕਰਨ ਨਾਲ ਭਾਜਪਾ ਨੂੰ ਪੰਜਾਬ ਦੇ ਪੰਥਕ ਵੋਟਰਾਂ ਦੀ ਵੱਡੀ ਨਾਰਾਜ਼ਗੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਕਿਸਾਨ ਅੰਦੋਲਨ ਅਤੇ ਭਾਜਪਾ ਪ੍ਰਤੀ ਪਹਿਲਾਂ ਹੀ ਵਿਰੋਧ ਹੈ। ਭਾਜਪਾ ਦੀ ਡੇਰੇ ਨਾਲ ਨੇੜਤਾ ਇਸ ਵਿਰੋਧ ਨੂੰ ਹੋਰ ਤੇਜ਼ ਕਰ ਸਕਦੀ ਹੈ।ਡੇਰਾ ਸਿਰਸਾ ਦਾ ਪ੍ਰਭਾਵ ਸਿਰਫ ਅੰਕੜਿਆਂ ਤੱਕ ਸੀਮਤ ਨਹੀਂ ਹੈ, ਇਹ ਸਮਾਜਿਕ ਅਤੇ ਸੱਭਿਆਚਾਰਕ ਵੀ ਹੈ। ਮਾਲਵਾ (ਪੰਜਾਬ) ਸੰਗਰੂਰ, ਬਠਿੰਡਾ, ਮਾਨਸਾ ਵਿੱਚ ਵੱਡੀ ਗਿਣਤੀ ਡੇਰਾ ਸੌਦਾ ਦੇ ਪੈਰੋਕਾਰ ਹਨ। ਸਿਆਸੀ ਪਾਰਟੀਆਂ ਖੁੱਲ੍ਹ ਕੇ ਬੋਲਣ ਤੋਂ ਡਰਦੀਆਂ ਹਨ। ਸਿਰਸਾ ਅਤੇ ਨੇੜਲੇ ਜ਼ਿਲ੍ਹਿਆਂ ਵਿੱਚ ਡੇਰੇ ਦਾ ਗੜ੍ਹ ਹੈ। ਨਗਰ ਨਿਗਮ ਅਤੇ ਵਿਧਾਨ ਸਭਾ ਚੋਣਾਂ ਵਿੱਚ ਡੇਰਾ ਪ੍ਰੇਮੀਆਂ ਨੇ ਭਾਜਪਾ ਦੀ ਜਿੱਤ ਵਿਚ ਫੈਸਲਾਕੁੰਨ ਰੋਲ ਨਿਭਾਇਆ ਸੀ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਕਿਸੇ ਵੀ ਰਾਜਨੀਤਕ ਪਾਰਟੀ ਲਈ "ਸਿਆਸੀ ਲਾਭ" ਤੇ "ਸਮਾਜਿਕ ਅਸ਼ਾਂਤੀ" ਵਿਚਕਾਰ ਸੰਤੁਲਨ ਬਣਾਉਣਾ ਇੱਕ ਚੁਣੌਤੀ ਹੈ। ਭਾਜਪਾ ਇਸ ਸਮੇਂ ਹਰਿਆਣਾ ਵਿੱਚ ਚੋਣਾਂ ਅਤੇ ਪੰਜਾਬ ਵਿੱਚ ਆਪਣੀ ਪਕੜ ਬਣਾਉਣ ਲਈ ਯਤਨਸ਼ੀਲ ਹੈ।

ਹਾਲਾਂਕਿ, ਡੇਰਾ ਮੁਖੀ ਨੂੰ ਬਰੀ ਕੀਤੇ ਜਾਣ ਨੂੰ ਸਿੱਧੇ ਤੌਰ 'ਤੇ "ਭਾਜਪਾ ਦੀ ਸਾਜ਼ਿਸ਼" ਕਹਿਣਾ ਇੱਕ ਰਾਜਨੀਤਕ ਅਨੁਮਾਨ ਹੈ। ਅਦਾਲਤੀ ਪ੍ਰਕਿਰਿਆਵਾਂ ਆਜ਼ਾਦ ਹੁੰਦੀਆਂ ਹਨ, ਪਰ ਸਮਾਂ ਹਮੇਸ਼ਾ ਸਿਆਸੀ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਅਤੀਤ ਵਿੱਚ ਵੀ ਚੋਣਾਂ ਦੇ ਨੇੜੇ ਡੇਰਾ ਮੁਖੀ ਦੀਆਂ ਪੈਰੋਲ/ਫਰਲੋ ਨੂੰ ਲੈ ਕੇ ਵਿਰੋਧੀ ਧਿਰਾਂ ਸਵਾਲ ਚੁੱਕਦੀਆਂ ਰਹੀਆਂ ਹਨ।

ਡੇਰਾ ਮੁਖੀ ਦਾ ਬਰੀ ਹੋਣਾ ਇੱਕ ਕਾਨੂੰਨੀ ਪ੍ਰਕਿਰਿਆ ਹੈ, ਪਰ ਇਸ ਦਾ ਸਿਆਸੀ ਪ੍ਰਭਾਵ ਅਟੱਲ ਹੈ। ਆਉਣ ਵਾਲੇ ਸਮੇਂ ਵਿੱਚ ਸੁਪਰੀਮ ਕੋਰਟ ਦਾ ਰੁਖ਼ ਅਤੇ ਪੰਜਾਬ/ਹਰਿਆਣਾ ਦੇ ਵੋਟਰਾਂ ਦੀ ਪ੍ਰਤੀਕਿਰਿਆ ਇਹ ਤੈਅ ਕਰੇਗੀ ਕਿ ਕੀ ਇਹ ਭਾਜਪਾ ਲਈ ਫਾਇਦੇਮੰਦ ਸਾਬਤ ਹੁੰਦਾ ਹੈ ਜਾਂ ਨਹੀਂ।

## ਜੰਡਿਆਲਾ ਗੁਰੂ ਵਿਚ ਦਾਜ ਲਈ ਨਵ-ਵਿਆਹੁਤਾ ਦਾ ਕਤਲ

### ✪ ਪਤੀ, ਜੇਠ, ਜੇਠਾਣੀ, ਸੱਸ ਉਪਰ ਕੇਸ ਦਰਜ



ਅੰਮ੍ਰਿਤਸਰ-ਬੀਤੇ ਦਿਨੀਂ ਪੰਜਾਬ ਦੇ ਜੰਡਿਆਲਾ ਗੁਰੂ ਤੋਂ ਇੱਕ ਬੇਹੱਦ ਦਰਦਨਾਕ ਖ਼ਬਰ ਸਾਹਮਣੇ ਆਈ ਹੈ। ਗਹਿਰੀ ਮੰਡੀ ਦੇ ਬਹਿਕ ਬੰਬਾ ਇਲਾਕੇ ਵਿੱਚ ਦਾਜ ਦੀ ਮੰਗ ਪੂਰੀ ਨਾ ਹੋਣ ਕਾਰਨ ਇੱਕ ਨਵ-ਵਿਆਹੁਤਾ, ਨਰਿੰਦਰ ਕੌਰ, ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕਾ ਨਰਿੰਦਰ ਕੌਰ ਦਾ ਵਿਆਹ ਇਸੇ ਸਾਲ 4 ਫਰਵਰੀ ਨੂੰ ਅਮਰਿੰਦਰ ਸਿੰਘ ਨਾਲ ਹੋਇਆ ਸੀ। ਅਮਰਿੰਦਰ ਕੁਝ ਸਮਾਂ ਪਹਿਲਾਂ ਹੀ ਵਿਦੇਸ਼ ਤੋਂ ਪਰਤਿਆ ਸੀ। ਪਰਿਵਾਰਕ ਮੈਂਬਰਾਂ ਦੇ ਦੋਸ਼ਾਂ ਅਨੁਸਾਰ, ਵਿਆਹ ਤੋਂ ਬਾਅਦ ਹੀ ਸਹੁਰਾ ਪਰਿਵਾਰ ਕਾਰ ਦੀ ਮੰਗ ਨੂੰ ਲੈ ਕੇ ਨਰਿੰਦਰ ਕੌਰ ਨੂੰ ਤਾਅਨੇ ਮਾਰਦਾ ਸੀ। ਬੀਤੇ ਸ਼ੁੱਕਰਵਾਰ ਸ਼ਾਮ ਨੂੰ ਸਹੁਰੇ ਪਰਿਵਾਰ ਨੇ ਮ੍ਰਿਤਕਾ ਦੇ ਪਰਿਵਾਰ ਨੂੰ ਫ਼ੋਨ ਕਰਕੇ ਕਿਹਾ ਕਿ ਕੁੜੀ ਦੀ ਤਬੀਅਤ ਖ਼ਰਾਬ ਹੈ। ਜਦੋਂ ਪਰਿਵਾਰ ਉੱਥੇ ਪਹੁੰਚਿਆ, ਤਾਂ ਉਨ੍ਹਾਂ ਨੇ ਨਰਿੰਦਰ ਕੌਰ ਦੀ ਲਾਸ਼ ਦੇਖੀ। ਪੁਲਿਸ ਨੇ ਮ੍ਰਿਤਕਾ ਦੇ ਚਾਚਾ ਬਲਵਿੰਦਰ ਸਿੰਘ ਦੀ ਸ਼ਿਕਾਇਤ 'ਤੇ ਚਾਰ ਵਿਅਕਤੀਆਂ ਅਮਰਿੰਦਰ ਸਿੰਘ ਪਤੀ, ਗੁਰਵਿੰਦਰ ਸਿੰਘ ਜੇਠ ਰਾਜਵਿੰਦਰ ਕੌਰ, ਜੇਠਾਣੀ ਰਾਜਵਿੰਦਰ ਕੌਰ (ਸੱਸ) ਉਪਰ ਦੋਸ਼ ਹੈ ਕਿ ਕਤਲ ਲਾਇਸੈਂਸੀ ਪਿਸਤੌਲ ਨਾਲ ਕੀਤਾ ਗਿਆ। ਇਨ੍ਹਾਂ ਖ਼ਿਲਾਫ਼ ਖ਼ਿਲਾਫ਼ ਕਤਲ ਦਾ ਕੇਸ ਦਰਜ ਕੀਤਾ ਹੈ। ਸਬ-ਇੰਸਪੈਕਟਰ ਨਰੇਸ਼ ਕੁਮਾਰ ਨੇ ਦੱਸਿਆ ਕਿ ਪੁਲਿਸ ਨੇ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਵਾਰਿਸਾਂ ਨੂੰ ਸੌਂਪ ਦਿੱਤੀ ਹੈ। ਫਿਲਹਾਲ ਮੁਲਜ਼ਮ ਫਰਾਰ ਹਨ ਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਵੱਲੋਂ ਲਗਾਤਾਰ ਛਾਪੇਮਾਰੀ ਕੀਤੀ ਜਾ ਰਹੀ ਹੈ।

# ਪੰਜਾਬ ਦਾ ਨਸ਼ਾ ਸੰਕਟ: 74 ਲੱਖ ਲੋਕ ਡਰਗ ਦੀ ਦਲਦਲ ਵਿਚ ਫਸੇ

## ✪ 7 ਲੱਖ ਪੰਜਾਬੀ ਬੱਚੇ, ਜਿਨ੍ਹਾਂ ਦੀ ਉਮਰ ਮਹਿਜ਼ 10 ਤੋਂ 17 ਸਾਲ ਹੈ ਡਰਗ ਦੇ ਜੰਜਾਲ ਵਿਚ ਫਸੇ ✪ ਕੋਕੀਨ ਵਰਗੇ ਮਹਿੰਗੇ ਅਤੇ ਖ਼ਤਰਨਾਕ ਨਸ਼ਿਆਂ ਨੇ ਪੰਜਾਬ ਵਿੱਚ ਪੈਰ ਪਸਾਰੇ




ਪੰਜਾਬ ਦੀ ਧਰਤੀ, ਜੋ ਕਦੇ 'ਖੁਸ਼ਹਾਲੀ, ਅਣਖ ਅਤੇ ਹਰਿਆਵਲ' ਦੀ ਪ੍ਰਤੀਕ ਮੰਨੀ ਜਾਂਦੀ ਸੀ, ਅੱਜ 'ਨਸ਼ਿਆਂ ਦੀ ਦਲਦਲ' ਵਿੱਚ ਗ੍ਰਸਿਤ ਨਜ਼ਰ ਆ ਰਹੀ ਹੈ। ਇਹ ਕੋਈ ਆਮ ਸਮੱਸਿਆ ਨਹੀਂ, ਸਗੋਂ ਪੰਜਾਬ ਦੀ ਆਉਣ ਵਾਲੀ ਪੀੜ੍ਹੀ ਦੇ ਭਵਿੱਖ 'ਤੇ ਇੱਕ ਬਹੁਤ ਵੱਡਾ ਸਵਾਲੀਆ ਨਿਸ਼ਾਨ ਹੈ। ਤਾਜ਼ਾ ਰਿਪੋਰਟਾਂ ਅਤੇ ਅੰਕੜੇ ਦਰਸਾਉਂਦੇ ਹਨ ਕਿ ਸੂਬਾ ਇੱਕ ਅਜਿਹੇ ਮੋੜ 'ਤੇ ਖੜ੍ਹਾ ਹੈ ਜਿੱਥੇ ਦੇਰੀ ਕੀਤਾ ਗਿਆ ਹਰ ਇੱਕ ਕਦਮ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਨੂੰ ਹੋਰ ਕਮਜ਼ੋਰ ਕਰ ਸਕਦਾ ਹੈ। ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਦੇ ਜ਼ੋਨਲ ਡਾਇਰੈਕਟਰ ਅਮਨਜੀਤ ਸਿੰਘ ਨੇ ਹਾਲ ਹੀ ਵਿੱਚ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਦੀ ਕਮੇਟੀ ਦੀ 51ਵੀਂ ਰਿਪੋਰਟ ਦੇ ਹਵਾਲੇ ਨਾਲ ਇੱਕ ਖੌਫਨਾਕ ਤਸਵੀਰ ਪੇਸ਼ ਕੀਤੀ ਹੈ। ਇਸ ਰਿਪੋਰਟ ਅਨੁਸਾਰ, ਪੰਜਾਬ ਵਿੱਚ ਨਸ਼ਾ ਕਰਨ ਵਾਲਿਆਂ ਦੀ ਕੁੱਲ ਗਿਣਤੀ 74 ਲੱਖ ਹੈ, ਜਿਨ੍ਹਾਂ ਵਿੱਚੋਂ 7 ਲੱਖ ਅਜਿਹੇ ਬੱਚੇ ਹਨ ਜਿਨ੍ਹਾਂ ਦੀ ਉਮਰ ਮਹਿਜ਼ 10 ਤੋਂ 17 ਸਾਲਾਂ ਵਿੱਚ ਹੈ।

ਐੱਨਸੀਬੀ ਅਧਿਕਾਰੀ ਨੇ ਦੱਸਿਆ ਕਿ ਪੰਜਾਬ ਇਸ ਵੇਲੇ ਹੈਰੋਇਨ, ਓਪੀਔਡਜ਼, ਨੀਂਦ ਦੀਆਂ ਗੋਲੀਆਂ ਅਤੇ ਇਨਹੇਲੈਂਟਸ ਵਰਗੇ ਨਸ਼ਿਆਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਵੱਧ ਤੋਂ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਹੁਣ ਕੋਕੀਨ ਵਰਗੇ ਮਹਿੰਗੇ ਅਤੇ ਖ਼ਤਰਨਾਕ ਨਸ਼ੇ ਵੀ ਪੰਜਾਬ ਵਿੱਚ ਪੈਰ ਪਸਾਰ ਰਹੇ ਹਨ।

ਇਹ ਰਿਪੋਰਟ 2022-23 ਦੇ ਸੰਸਦੀ ਸਥਾਈ ਕਮੇਟੀ ਦੇ ਅੰਕੜਿਆਂ ਤੇ ਆਧਾਰਿਤ ਹੈ, ਜਿਸ ਅਨੁਸਾਰ 18 ਤੋਂ 75 ਸਾਲਾਂ ਦੇ ਬਾਲਗਾਂ ਵਿੱਚ 73.31 ਲੱਖ ਲੋਕ ਸ਼ਰਾਬ ਦੇ ਨਸ਼ੇ ਵਿੱਚ ਡੁੱਬੇ ਹਨ, 30.68 ਲੱਖ ਕੈਨਾਬਿਸ (ਭੰਗ) ਵਰਤਦੇ ਹਨ, ਅਤੇ 21.36 ਲੱਖ ਓਪੀਔਡ ਨਸ਼ੇ ਕਰਦੇ ਹਨ। ਬੱਚਿਆਂ ਬਾਰੇ ਗੱਲ ਕਰੀਏ ਤਾਂ 3.43 ਲੱਖ ਬੱਚੇ ਓਪੀਔਡ, 1.43 ਲੱਖ ਕੈਨਾਬਿਸ, 93 ਹਜ਼ਾਰ ਨੀਂਦ ਦੀਆਂ ਗੋਲੀਆਂ, ਅਤੇ 72 ਹਜ਼ਾਰ ਇਨਹੇਲੈਂਟਸ ਵਰਤ ਰਹੇ ਹਨ। ਇਸ ਤੋਂ ਇਲਾਵਾ, 28,800 ਬੱਚੇ ਐਮਫੈਟਾਮੀਨ ਟਾਈਪ ਸਟਿਮੁਲੈਂਟਸ ਅਤੇ 18,100 ਕੋਕੀਨ ਨਾਲ ਜੂਝ ਰਹੇ ਹਨ। ਇਹ ਅੰਕੜੇ ਪੰਜਾਬ ਨੂੰ ਭਾਰਤ ਦੇ ਸਭ ਤੋਂ ਵੱਧ ਨਸ਼ਾ ਪ੍ਰਭਾਵਿਤ ਸੂਬਿਆਂ ਵਿੱਚ ਸ਼ਾਮਲ ਕਰਦੇ ਹਨ, ਜਿੱਥੇ ਛਤੀਸਗੜ੍ਹ, ਤ੍ਰਿਪੁਰਾ ਅਤੇ ਅਰੁਣਾਚਲ ਪ੍ਰਦੇਸ਼ ਵਰਗੇ ਸੂਬੇ ਵੀ ਉੱਚ ਪੱਧਰ ਤੇ ਪ੍ਰਭਾਵਿਤ ਹਨ। ਪੰਜਾਬ ਸਰਕਾਰ ਨੇ ਨਸ਼ੇ ਨੂੰ ਕੰਟਰੋਲ ਕਰਨ ਲਈ ਕਈ ਕਦਮ ਚੁੱਕੇ ਹਨ, ਪਰ ਵਿਰੋਧੀ ਪਾਰਟੀਆਂ ਅਤੇ ਮਾਹਿਰਾਂ ਅਨੁਸਾਰ ਇਹ ਕਾਫ਼ੀ ਨਹੀਂ ਹਨ।



ਆਮ ਆਦਮੀ ਪਾਰਟੀ ਦੀ ਸਰਕਾਰ ਨੇ 'ਨਸ਼ੇ ਵਿਰੁੱਧ ਜੰਗ' ਮੁਹਿੰਮ ਚਲਾਈ ਹੈ, ਜਿਸ ਅਧੀਨ 36,178 ਐਫਆਈਆਰ ਦਰਜ ਕੀਤੀਆਂ ਗਈਆਂ ਹਨ ਅਤੇ 51,648 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸਰਕਾਰ ਨੇ ਹੈਰੋਇਨ, ਅਫੀਮ, ਗਾਂਜੇ ਅਤੇ ਸਿੰਥੈਟਿਕ ਨਸ਼ਿਆਂ ਦੀ ਵੱਡੀ ਮਾਤਰਾ ਜ਼ਬਤ ਕੀਤੀ ਹੈ ਅਤੇ 16.70 ਕਰੋੜ ਰੁਪਏ ਦੀ ਨਸ਼ਾ ਰਕਮ ਵੀ ਜ਼ਬਤ ਹੋਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਇਹ ਮੁਹਿੰਮ ਨਿਰੰਤਰ ਚੱਲ ਰਹੀ ਹੈ ਅਤੇ ਜ਼ੀਰੋ ਟਾਲਰੈਂਸ ਨੀਤੀ ਅਪਣਾਈ ਜਾ ਰਹੀ ਹੈ। ਪਰ ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਇਹ ਸਭ ਵਿਗਿਆਪਨੀ ਸਟੰਟ ਹਨ ਅਤੇ ਜ਼ਮੀਨੀ ਪੱਧਰ ਤੇ ਕੋਈ ਬਦਲਾਅ ਨਹੀਂ ਆ ਰਿਹਾ।

ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਅਤੇ ਬਠਿੰਡਾ ਐੱਮਪੀ ਹਰਸਿਮਰਤ ਕੌਰ ਬਾਦਲ ਨੇ ਐੱਨਸੀਬੀ ਦੇ ਅੰਕੜਿਆਂ ਨੂੰ ਹਵਾਲਾ ਦਿੰਦਿਆਂ ਏਏਪੀ ਸਰਕਾਰ ਤੇ ਤਿੱਖਾ ਹਮਲਾ ਬੋਲਿਆ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਤੇ ਪੋਸਟ ਕਰਦਿਆਂ ਕਿਹਾ, "ਐੱਨਸੀਬੀ ਦੇ ਅੰਕੜੇ ਸਾਬਤ ਕਰਦੇ ਹਨ ਕਿ ਏਏਪੀ ਦੀ 'ਨਸ਼ੇ ਵਿਰੁੱਧ ਜੰਗ' ਮੁਹਿੰਮ ਇੱਕ ਫਰਜ਼ੀ ਵਿਗਿਆਪਨ ਹੈ ਅਤੇ ਨਸ਼ਾ ਵਰਤੋਂ ਵਾਲੇ ਲੋਕਾਂ ਦੀ ਗਿਣਤੀ ਦਿਨੋਂ-ਦਿਨ ਵਧ ਰਹੀ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ 10 ਤੋਂ 17 ਸਾਲਾਂ ਦੇ ਬੱਚੇ ਵੀ ਨਸ਼ੇ ਵੱਲ ਧੱਕੇ ਜਾ ਰਹੇ ਹਨ ਅਤੇ ਕੋਕੀਨ ਵਰਗੇ ਨਸ਼ੇ ਸੂਬੇ ਵਿੱਚ ਪੈਰ ਪਸਾਰ ਰਹੇ ਹਨ। ਆਪ ਪੰਜਾਬੀਆਂ ਨੂੰ ਤਬਾਹ ਕਰ ਰਹੀ ਹੈ।"

ਉਨ੍ਹਾਂ ਨੇ ਸਰਕਾਰ ਨੂੰ ਮੰਗ ਕੀਤੀ ਕਿ ਨਸ਼ੇ ਵਿਰੋਧੀ ਮੁਹਿੰਮ ਨੂੰ ਸਿਰਫ਼ ਪ੍ਰਚਾਰ ਤੱਕ ਸੀਮਤ ਨਾ ਰੱਖ ਕੇ ਜ਼ਮੀਨੀ ਪੱਧਰ ਤੇ ਸਖ਼ਤ ਕਾਰਵਾਈ ਕੀਤੀ ਜਾਵੇ।

ਕਾਂਗਰਸ ਪਾਰਟੀ ਵੀ ਆਪ ਸਰਕਾਰ ਉਤੇ ਨਸ਼ੇ ਨੂੰ ਨਾ ਰੋਕ ਸਕਣ ਕਾਰਣ ਹਮਲਾਵਰ ਹੈ। ਪੰਜਾਬ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ "ਹਰ ਰੋਜ਼ ਨਸ਼ੇ ਕਾਰਨ ਇੱਕ ਜ਼ਿੰਦਗੀ ਗੁਆਚ ਰਹੀ ਹੈ ਅਤੇ ਮਾਨ ਸਰਕਾਰ ਦੀ ਅਯੋਗਤਾ ਸਾਫ਼ ਨਜ਼ਰ ਆ ਰਹੀ ਹੈ।" ਉਨ੍ਹਾਂ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ ਕਿਉਂਕਿ ਨਸ਼ੇ ਨੇ ਅਲਾਰਮਿੰਗ ਪੱਧਰ ਉਪਰ ਪਹੁੰਚ ਗਿਆ ਹੈ। ਬਾਜਵਾ ਨੇ ਇਕ ਅਖ਼ਬਾਰ ਦੀ ਰਿਪੋਰਟ ਨੂੰ ਸਾਂਝਾ ਕਰਦਿਆਂ ਕਿਹਾ ਸੀ ਕਿ 14 ਦਿਨਾਂ ਵਿੱਚ 14 ਨਸ਼ਾ ਓਵਰਡੋਜ਼ ਮੌਤਾਂ ਨੇ ਸਰਕਾਰ ਦੀ ਅਸਫਲਤਾ ਨੂੰ ਉਜਾਗਰ ਕੀਤਾ ਹੈ। ਇਸ ਤੋਂ ਇਲਾਵਾ, ਬੀਜੇਪੀ ਨੇ ਵੀ ਆਪ ਨੂੰ ਨਿਸ਼ਾਨੇ ਤੇ ਲਿਆ ਹੈ। ਬੀਜੇਪੀ ਆਗੂ ਅਸ਼ਵਨੀ ਸ਼ਰਮਾ ਨੇ ਕਿਹਾ ਕਿ ਆਪ ਸਰਕਾਰ ਨਸ਼ੇ ਨੂੰ ਖ਼ਤਮ ਨਹੀਂ ਕਰ ਸਕੀ ।

ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਪੁਰਾਣੀ ਹੈ ਅਤੇ ਇਸ ਦੇ ਕਈ ਕਾਰਨ ਹਨ। ਮਾਹਿਰਾਂ ਅਨੁਸਾਰ, ਪੰਜਾਬ ਪਾਕਿਸਤਾਨ ਨਾਲ ਲੱਗੀ ਸਰਹੱਦ ਕਾਰਨ ਨਸ਼ੇ ਦਾ ਟਰਾਂਜ਼ਿਟ ਪੁਆਇੰਟ ਬਣ ਗਿਆ ਹੈ। ਗੋਲਡਨ ਕ੍ਰਿਸੈਂਟ (ਪਾਕਿਸਤਾਨ, ਅਫਗਾਨਿਸਤਾਨ ਅਤੇ ਈਰਾਨ) ਨੇੜੇ ਹੋਣ ਕਾਰਨ ਹੈਰੋਇਨ ਅਤੇ ਅਫੀਮ ਵਰਗੇ ਨਸ਼ੇ ਆਸਾਨੀ ਨਾਲ ਉਪਲਬਧ ਹਨ। ਬੇਰੁਜ਼ਗਾਰੀ, ਖੇਤੀ ਸੰਕਟ ਕਾਰਨ ਵੀ ਨੌਜਵਾਨ ਨਸ਼ੇ ਵੱਲ ਧੱਕੇ ਜਾਂਦੇ ਹਨ। ਡਾ. ਡੀ ਬਸੂ, ਜੋ ਪੰਜਾਬ ਵਿੱਚ ਨਸ਼ੇ ਦੇ ਅਧਿਐਨ ਕਰ ਚੁੱਕੇ ਹਨ, ਕਹਿੰਦੇ ਹਨ ਕਿ "ਪੰਜਾਬ ਨੂੰ ਤਿੰਨ ਪੱਖੀ ਰਣਨੀਤੀ ਦੀ ਲੋੜ ਹੈ: ਸਪਲਾਈ ਘਟਾਉਣਾ, ਮੰਗ ਘਟਾਉਣਾ ਅਤੇ ਵਰਤੋਂ ਰੋਕਣਾ।" ਉਨ੍ਹਾਂ ਅਨੁਸਾਰ, ਵੱਧ ਰੀਹੈਬ ਸੈਂਟਰ ਬਣਾਉਣੇ ਚਾਹੀਦੇ ਹਨ ਅਤੇ ਸਿੱਖਿਆ ਰਾਹੀਂ ਨੌਜਵਾਨਾਂ ਨੂੰ ਜਾਗਰੂਕ ਕੀਤਾ ਜਾਵੇ। ਇੱਕ ਅਧਿਐਨ ਅਨੁਸਾਰ, ਪੰਜਾਬ ਵਿੱਚ 89% ਓਪੀਔਡ ਨਿਰਭਰ ਲੋਕ ਪੜ੍ਹੇ-ਲਿਖੇ ਅਤੇ ਰੁਜ਼ਗਾਰ ਵਾਲੇ ਹਨ, ਪਰ ਨਸ਼ੇ ਨੇ ਉਨ੍ਹਾਂ ਨੂੰ ਤਬਾਹ ਕਰ ਦਿੱਤਾ ਹੈ।

ਨਸ਼ੇ ਪਿੱਛੇ ਭ੍ਰਿਸ਼ਟ ਪੁਲੀਸ ਅਫ਼ਸਰਾਂ ਅਤੇ ਭ੍ਰਿਸ਼ਟ ਸੱਤਾਧਾਰੀਆਂ ਦਾ ਗਠਜੋੜ ਵੀ ਇੱਕ ਵੱਡਾ ਕਾਰਨ ਹੈ। ਇਹ ਸਭ ਤੋਂ ਵੱਡਾ ਅਤੇ ਕੌੜਾ ਸੱਚ ਹੈ। ਆਮ ਲੋਕਾਂ ਵਿੱਚ ਇਹ ਚਰਚਾ ਆਮ ਹੈ ਕਿ ਨਸ਼ੇ ਦਾ ਕਾਰੋਬਾਰ ਉਦੋਂ ਤੱਕ ਨਹੀਂ ਫਲ-ਫੁੱਲ ਸਕਦਾ ਜਦੋਂ ਤੱਕ ਇਸ ਨੂੰ ਉਪਰੋਂ 'ਸਿਆਸੀ ਸਰਪ੍ਰਸਤੀ' ਅਤੇ ਹੇਠਾਂ ਤੋਂ 'ਪੁਲਿਸ ਦੀ ਸ਼ਹਿ' ਨਾ ਹੋਵੇ। ਜਦੋਂ ਵੱਡੇ ਤਸਕਰਾਂ ਦੀ ਬਜਾਏ ਸਿਰਫ਼ ਛੋਟੇ ਨਸ਼ੇੜੀਆਂ ਨੂੰ ਫੜ ਕੇ ਖਾਨਾਪੂਰਤੀ ਕੀਤੀ ਜਾਂਦੀ ਹੈ, ਤਾਂ ਇਸ ਗੱਠਜੋੜ ਨੂੰ ਹੋਰ ਬਲ ਮਿਲਦਾ ਹੈ।ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜੇਕਰ ਪੁਲਿਸ ਅਤੇ ਸਿਆਸਤਦਾਨਾਂ 'ਤੇ ਹੀ ਉਂਗਲਾਂ ਉੱਠ ਰਹੀਆਂ ਹਨ, ਤਾਂ ਜਾਂਚ ਕੌਣ ਕਰੇਗਾ?

ਕਈ ਮਾਹਿਰ ਮੰਗ ਕਰਦੇ ਹਨ ਕਿ ਨਸ਼ਾ ਤਸਕਰੀ ਦੇ ਮਾਮਲਿਆਂ ਦੀ ਜਾਂਚ ਲਈ ਹਾਈਕੋਰਟ ਦੀ ਅਗਵਾਈ ਵਿਚ ਇੱਕ ਸੁਤੰਤਰ ਜਾਂਚ ਕਮੇਟੀ ਜਾਂ ਵਿਸ਼ੇਸ਼ ਟਾਸਕ ਫੋਰਸ ਦਾ ਗਠਨ ਕੀਤਾ ਜਾਵੇ ਜੋ ਸਿਆਸੀ ਦਖ਼ਲਅੰਦਾਜ਼ੀ ਤੋਂ ਮੁਕਤ ਹੋਵੇ।ਜਦੋਂ ਤੱਕ ਨਸ਼ਾ ਤਸਕਰੀ ਵਿੱਚ ਸ਼ਾਮਲ ਪਾਏ ਜਾਣ ਵਾਲੇ ਅਫਸਰਾਂ ਅਤੇ ਆਗੂਆਂ 'ਤੇ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਨਹੀਂ ਹੁੰਦੀ, ਉਦੋਂ ਤੱਕ ਕਨੂੰਨ ਦੇ ਡਰ ਦਾ ਮਾਹੌਲ ਪੈਦਾ ਨਹੀਂ ਹੋਵੇਗਾ।

ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਸਮਾਜ, ਸਰਕਾਰ ਅਤੇ ਪੁਲੀਸ ਨੂੰ ਇੱਕਜੁੱਟ ਹੋਣਾ ਪਵੇਗਾ। ਇਹ ਨਾ ਸਿਰਫ਼ ਸਿਹਤ ਸੰਕਟ ਹੈ ਬਲਕਿ ਰਾਸ਼ਟਰੀ ਸੁਰੱਖਿਆ ਮਾਮਲਾ ਵੀ ਹੈ। ਜੇ ਨਸ਼ੇ ਨੂੰ ਨਾ ਰੋਕਿਆ ਗਿਆ ਤਾਂ ਪੰਜਾਬ ਦੀ ਜਵਾਨੀ ਤਬਾਹ ਹੋ ਜਾਵੇਗੀ।

21 ਮਾਰਚ ਸ਼ਹੀਦੀ ਦਿਨ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ


Email:bhagwansinghjohal@gmail.com

# ਮਾਨਵੀ ਗੁਣਾਂ ਦਾ ਮੁਜੱਸਮਾ – ਦਸਮ ਪਿਤਾ ਦਾ ਲਾਡਲਾ ਪੀਰ ਬੁੱਧੂ ਸ਼ਾਹ

ਧਰਮ ਦੀਆਂ ਪੱਕੀਆਂ ਤੇ ਤੰਗ ਸੀਮਾਵਾਂ ਤੋਂ ਉਪਰ ਦੀ ਸੋਚ ਦੇ ਧਾਰਨੀ ਅਤੇ ਮਾਨਵੀ ਗੁਣਾਂ ਦੇ ਮੁਜੱਸਮੇ ਪੀਰ ਬੁੱਧੂ ਸ਼ਾਹ ਨੂੰ ਹਰ ਸਿੱਖ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦਾ ਹੈ। ਭੰਗਾਣੀ ਦੇ ਯੁੱਧ ਤੋਂ ਉਪਰੰਤ ਪੀਰ ਜੀ ਨੇ ਆਪਣੇ ਚਾਰ ਪੁੱਤਰਾਂ ਵਿੱਚੋਂ ਦੋ ਪੁੱਤਰ ਸੱਯਦ ਅਸ਼ਰਫ਼ ਸ਼ਾਹ ਅਤੇ ਸੱਯਦ ਮੁਹੰਮਦ ਸ਼ਾਹ ਅਤੇ ਸਕੇ ਭਾਈ ਭੂਰੇ ਸ਼ਾਹ ਨੂੰ ਅਤੇ ਸੱਤ ਸੌ ਮੁਰੀਦਾਂ ਵਿੱਚੋਂ ਅਨੇਕਾਂ ਮੁਰੀਦ ਸ਼ਹੀਦ ਕਰਵਾ ਕੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ। ਇਤਿਹਾਸਕ ਹਵਾਲਿਆਂ ਮੁਤਾਬਕ ਪੀਰ ਬੁੱਧੂ ਸ਼ਾਹ ਦਾ ਜਨਮ 13 ਜੂਨ, 1647 ਈ: ਨੂੰ ਸਯਦ ਗੁਲਾਮ ਸ਼ਾਹ ਦੇ ਘਰ ਅੰਬਾਲਾ ਜ਼ਿਲ੍ਹੇ ਦੇ ਸਢੌਰਾ ਕਸਬੇ ਵਿੱਚ ਹੋਇਆ। ਪੀਰ ਜੀ ਦਾ ਪੂਰਾ ਨਾਂਅ ਸਯਦ ਬਦਰੁੱਦੀਨ ਸ਼ਾਹ ਸੀ। ਪੀਰ ਜੀ ਬਚਪਨ ਤੋਂ ਹੀ ਘੱਟ ਬੋਲਣ ਵਾਲੇ, ਗੰਭੀਰ ਅਤੇ ਸਾਦੇ ਸੁਭਾਅ ਵਾਲੇ ਸਨ। ਇਸੇ ਕਰਕੇ ਲੋਕਾਂ ਨੇ ਪੀਰ ਜੀ ਨੂੰ ਬੁੱਧੂ ਕਹਿਣਾ ਸ਼ੁਰੂ ਕਰ ਦਿੱਤਾ। ਇਹ ਨਾਂਅ ਪੀਰ ਜੀ ਦੇ ਸੁਭਾਅ ਕਰਕੇ ਪੱਕੇ ਤੌਰ 'ਤੇ ਉਨ੍ਹਾਂ ਨਾਲ ਜੁੜ ਗਿਆ। ਪੀਰ ਜੀ ਦੇ ਵੱਡੇ-ਵਡੇਰੇ ਪਹਿਲਾਂ ਸਮਾਣੇ ਰਹਿੰਦੇ ਸਨ, ਪਰ ਇਸ ਤੋਂ ਪਿੱਛੋਂ ਸਢੌਰੇ ਆ ਵਸੇ। ਜਿਸ ਮੁਹੱਲੇ ਵਿੱਚ ਇਹ ਪਰਿਵਾਰ ਆ ਕੇ ਵਸਿਆ, ਉਹ ਬਾਅਦ ਵਿੱਚ ਸਯਦਾਂ ਵਾਲਾ ਮੁਹੱਲਾ ਕਰਕੇ ਪ੍ਰਸਿੱਧ ਹੋਇਆ।

ਪੀਰ ਜੀ ਦੀ ਸ਼ਾਦੀ ਮੁਗਲ ਸੈਨਾ ਦੇ ਇਕ ਵੱਡੇ ਜਰਨੈਲ ਸੈਦ ਖਾਨ ਦੀ ਭੈਣ ਨਸੀਰਾਂ ਨਾਲ ਹੋਈ। ਜਦੋਂ ਬਾਲ ਗੁਰੂ ਗੋਬਿੰਦ ਰਾਏ (ਸਿੰਘ) ਸ੍ਰੀ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਸਮੇਂ ਕੁਝ ਸਮੇਂ ਲਖਨੌਰ ਰੁਕੇ ਤਾਂ ਪੀਰ ਭੀਖਣ ਸ਼ਾਹ ਜਦੋਂ ਬਾਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਤਾਂ ਉਸ ਸਮੇਂ ਪੀਰ ਬੁੱਧੂ ਸ਼ਾਹ ਨੇ ਵੀ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਇਸ ਤੋਂ ਪਿੱਛੋਂ ਪੀਰ ਜੀ ਦਿੱਲੀ ਵਿਖੇ ਗੋਸ਼ਾ-ਨਸ਼ੀਨ ਰਹਿਣ ਤੋਂ ਉਪਰੰਤ ਜਦੋਂ ਵਾਪਸ ਸਢੌਰਾ ਆਏ ਤਾਂ ਪੀਰ ਜੀ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਾਉਂਟਾ ਸਾਹਿਬ ਦੀ ਆਮਦ ਬਾਰੇ ਪਤਾ ਲੱਗਾ। ਪਿਆਰ ਵਿੱਚ ਬਿਹਬਲ ਪੀਰ ਜੀ ਨੇ ਗੁਰੂ ਨਾਨਕ ਸਾਹਿਬ ਦੇ ਦੱਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਵਿਖੇ ਦਰਸ਼ਨ ਕੀਤੇ। ਆਪ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਤੋਂ ਅਜਿਹੇ ਪ੍ਰਭਾਵਿਤ ਹੋਏ ਕਿ ਰੱਬੀ ਗੁਣਾਂ ਦੇ ਮੁਜੱਸਮੇ ਦਸਮ ਪਿਤਾ ਜੀ ਹਮੇਸ਼ਾਂ ਅੰਗ-ਸੰਗ ਰਹਿਣ ਲਈ ਬੇਨਤੀ ਕਰਨ ਲਈ ਹੱਥ ਜੁੜ ਗਏ।

ਇਕ ਵਾਰ ਅਜਿਹਾ ਸਮਾਂ ਆਇਆ, ਜਦੋਂ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੇ ਆਪਣੀ ਫੌਜ ਦੇ ਬਹੁਤ ਸਾਰੇ ਪਠਾਣਾਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਉਹ ਸਾਰੇ ਪਠਾਣ ਪੀਰ ਜੀ ਕੋਲ ਆਪਣੇ ਦੁੱਖੜੇ ਰੋਣ ਲਈ ਪਹੁੰਚੇ। ਪੀਰ ਜੀ ਨੇ ਉਨ੍ਹਾਂ ਪਠਾਣਾਂ ਨੂੰ ਨੌਕਰੀ ਦਿਵਾਉਣ ਲਈ ਪਾਉਂਟਾ ਸਾਹਿਬ ਜਾ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ ਪੀਰ ਜੀ ਦੀ ਬੇਨਤੀ ਮੰਨਦਿਆਂ ਸਾਰੇ ਪਠਾਣਾਂ ਨੂੰ ਆਪਣੇ ਪਾਸ ਰੱਖ ਲਿਆ। ਪਰ ਜਦੋਂ ਪਹਾੜੀ ਰਾਜਿਆਂ ਵੱਲੋਂ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਮਜਬੂਰ ਕਰਕੇ ਲੜਾਈ ਛੇੜ ਦਿੱਤੀ ਗਈ ਤਾਂ ਇਨ੍ਹਾਂ ਪਠਾਣਾਂ ਵਿੱਚੋਂ ਇਕ ਪਠਾਣ ਜਰਨੈਲ ਕਾਲੇ ਖਾਨ ਤੋਂ ਬਿਨਾਂ ਬਾਕੀ ਤਿੰਨ ਜਰਨੈਲ ਤੀਖਨ ਖਾਨ, ਨਜਾਬਤ ਖਾਨ ਅਤੇ ਹਯਾਤ ਖਾਨ ਨਮਕ-ਹਰਾਮੀ ਕਰਕੇ ਗੁਰੂ ਸਾਹਿਬ ਨੂੰ ਛੱਡ ਕੇ ਚਲੇ ਗਏ। ਕੇਵਲ ਛੱਡਿਆ ਹੀ ਨਹੀਂ, ਸਗੋਂ ਪਹਾੜੀ ਰਾਜਿਆਂ ਦੀ ਫੌਜ ਨਾਲ ਜਾ ਰਲੇ। ਜਦੋਂ ਪੀਰ ਜੀ ਨੂੰ ਇਹ ਖ਼ਬਰ ਮਿਲੀ ਤਾਂ ਪੀਰ ਜੀ ਆਪਣੇ ਸੱਤ ਸੌ ਮੁਰੀਦਾਂ, ਚਾਰ ਪੁੱਤਰਾਂ ਅਤੇ ਇਕ ਭਰਾ ਸਮੇਤ ਭੰਗਾਣੀ ਦੇ ਮੈਦਾਨ ਵਿੱਚ ਪੁੱਜੇ ਅਤੇ ਇਸ ਗਹਿਗੱਚ




ਯੁੱਧ ਵਿੱਚ ਆਪਣਾ ਯੋਗਦਾਨ ਪਾਇਆ। ਇਸ ਯੁੱਧ ਵਿੱਚ ਪੀਰ ਜੀ ਦੇ ਅਨੇਕਾਂ ਮੁਰੀਦਾਂ, ਦੋ ਪੁੱਤਰਾਂ ਅਤੇ ਇਕ ਭਰਾ ਨੇ ਸ਼ਹਾਦਤ ਦਾ ਜਾਮ ਪੀਤਾ।

ਇਤਿਹਾਸਕ ਤੱਥ ਇਸ ਗੱਲ ਨੂੰ ਬਿਆਨ ਕਰਦੇ ਹਨ, ਜਦੋਂ ਕਲਗੀਧਰ ਪਾਤਸ਼ਾਹ ਨੇ ਯੁੱਧ ਤੋਂ ਉਪਰੰਤ ਬੇਸ਼ਕੀਮਤੀ ਵਸਤੂਆਂ, ਧਨ ਦੌਲਤ ਪੀਰ ਜੀ ਨੂੰ ਬਖ਼ਸ਼ਿਸ਼ ਵਜੋਂ ਲੈਣ ਲਈ ਕਿਹਾ ਤਾਂ ਪੀਰ ਜੀ ਨਿਮਾਣੇ ਸਿੱਖ ਸ਼ਰਧਾਲੂ ਵਜੋਂ ਹੱਥ ਜੋੜ ਕੇ ਗੁਰੂ ਸਾਹਿਬ ਦੇ ਸਨਮੁੱਖ ਖਲੋ ਗਏ, ਇਹ ਵਸਤਾਂ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਗੁਰੂ ਸਾਹਿਬ ਕੇਸ਼ਾਂ ਨੂੰ ਕੰਘੇ ਨਾਲ ਸੰਵਾਰ ਕੇ ਦਸਤਾਰ ਸਜਾਉਣ ਦੀ ਤਿਆਰੀ ਵਿੱਚ ਸਨ। ਪੀਰ ਜੀ ਨੇ ਬੜੀ ਅਧੀਨਗੀ ਨਾਲ ਕੰਘੇ ਵਿੱਚ ਫਸੇ ਗੁਰੂ ਸਾਹਿਬ ਦੇ ਰੋਮਾਂ (ਕੇਸ਼ਾਂ) ਨੂੰ ਆਪਣੀ ਝੋਲੀ ਫੈਲਾਅ ਕੇ ਪ੍ਰਵਾਨ ਕੀਤਾ। ਕੰਘੇ ਸਮੇਤ ਕੇਸ਼ਾਂ ਨੂੰ ਪ੍ਰਾਪਤ ਕਰਕੇ ਇਸ ਵੱਡਮੁੱਲੇ ਤੋਹਫ਼ੇ ਨੂੰ ਆਪਣੇ ਜੀਵਨ ਦੌਰਾਨ ਸੰਭਾਲ ਕੇ ਰੱਖਣ ਅਤੇ ਦਰਸ਼ਨ-ਦੀਦਾਰੇ ਕਰਨ ਦਾ ਸੁਭਾਗ ਜੀਵਨ ਭਰ ਨਿਭਾਇਆ। ਗੁਰੂ ਸਾਹਿਬ ਨੇ ਭਰੇ ਦੀਵਾਨ ਵਿੱਚ ਪਾਉਂਟਾ ਸਾਹਿਬ ਦੀ ਪਾਵਨ ਧਰਤੀ ਤੋਂ ਇਸ ਵੱਡਮੁੱਲੇ ਤੋਹਫੇ ਤੋਂ ਇਲਾਵਾ ਇਕ ਛੋਟੀ ਕ੍ਰਿਪਾਨ, ਦਸਤਾਰ ਅਤੇ ਹੁਕਮਨਾਮਾ ਵੀ ਪੀਰ ਜੀ ਨੂੰ ਬਖ਼ਸ਼ਿਆ, ਜੋ ਸਮਾਂ ਪੈ ਕੇ ਪੀਰ ਜੀ ਦੇ ਵਾਰਸਾਂ ਨੂੰ ਜਗੀਰ ਪ੍ਰਦਾਨ ਕਰਕੇ ਮਹਾਰਾਜਾ ਨਾਭਾ ਸ: ਭਰਪੂਰ ਸਿੰਘ ਨੇ ਸ਼ਰਧਾ ਸਹਿਤ ਆਪਣੇ ਮਹਿਲਾਂ ਵਿੱਚ ਇਨ੍ਹਾਂ ਵਸਤਾਂ ਨੂੰ ਸੁਸ਼ੋਭਿਤ ਕੀਤਾ। ਪਰ ਭਰੋਸੇਯੋਗ ਗਵਾਹੀ ਤੋਂ ਪਤਾ ਲੱਗਾ ਹੈ ਕਿ ਇਹ ਛੋਟੀ ਕ੍ਰਿਪਾਨ ਪੀਰ ਜੀ ਦੇ ਮੌਜੂਦਾ ਵਾਰਸਾਂ ਪਾਸ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿੱਚ ਸਤਿਕਾਰ ਨਾਲ ਸਾਂਭੀ ਹੋਈ ਹੈ।

ਪੀਰ ਜੀ ਵੱਲੋਂ ਗੁਰੂ ਸਾਹਿਬ ਦੀ ਭੰਗਾਣੀ ਦੇ ਯੁੱਧ ਵਿੱਚ ਸਹਾਇਤਾ ਕਰਕੇ ਬਾਦਸ਼ਾਹ ਔਰੰਗਜ਼ੇਬ ਦੇ ਕੰਨ ਭਰੇ ਗਏ। ਔਰੰਗਜ਼ੇਬ ਨੇ ਸਢੌਰੇ ਦੇ ਹਾਕਮ ਉਸਮਾਨ ਖਾਨ ਨੂੰ ਪੀਰ ਜੀ ਨੂੰ ਕਤਲ ਕਰਨ ਦਾ ਆਦੇਸ਼ ਦਿੱਤਾ। ਸਰਹਿੰਦ ਦੇ ਫੌਜਦਾਨ ਨੇ ਬਾਦਸ਼ਾਹ ਦੇ ਹੁਕਮ ਨੂੰ ਉਸਮਾਨ ਖਾਨ ਤੱਕ ਪਹੁੰਚਾਇਆ। ਪੀਰ ਜੀ ਨੂੰ ਇਹ ਖ਼ਬਰ ਪਹਿਲਾਂ ਹੀ ਮਿਲ ਚੁੱਕੀ ਸੀ, ਉਨ੍ਹਾਂ ਆਪਣਾ ਪਰਿਵਾਰ ਨਾਹਨ ਅਤੇ ਸਮਾਣਾ ਭੇਜ ਦਿੱਤਾ। ਸਢੌਰੇ ਦੇ ਹਾਕਮ ਉਸਮਾਨ ਖਾਨ ਨੇ 21 ਮਾਰਚ, 1704 ਨੂੰ ਪੀਰ ਬੁੱਧੂ ਸ਼ਾਹ ਨੂੰ ਬੜੀ ਬੇਦਰਦੀ ਨਾਲ ਟੋਟੇ-ਟੋਟੇ ਕਰਕੇ ਸ਼ਹੀਦ ਕੀਤਾ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵੱਲ ਵਧਿਆ ਤਾਂ ਸਭ ਤੋਂ ਪਹਿਲਾਂ ਉਸ ਨੇ ਸਢੌਰੇ ਦੀ ਇੱਟ ਨਾਲ ਇੱਟ ਖੜਕਾਈ ਅਤੇ ਉਸਮਾਨ ਖਾਨ ਨੂੰ ਮੌਤ ਦੇ ਘਾਟ ਉਤਾਰਿਆ। ਇਤਿਹਾਸ ਦੇ ਖੋਜੀ ਤੱਥਾਂ ਮੁਤਾਬਿਕ ਪੀਰ ਜੀ ਦੀ ਅੰਸ਼-ਵੰਸ਼ ਦੇ ਪਰਿਵਾਰ 1947 ਈ: ਵਿੱਚ ਦੇਸ਼ ਦੀ ਵੰਡ ਸਮੇਂ ਪੱਛਮੀ ਪੰਜਾਬ (ਪਾਕਿਸਤਾਨ) ਦੇ ਝੰਗ ਜ਼ਿਲ੍ਹੇ ਜਾ ਵਸੇ। ਪੀਰ ਜੀ ਦੇ ਜੱਦੀ ਘਰ ਦੀ ਖੋਜ ਕਰਕੇ ਹੁਣ ਇਸ ਅਸਥਾਨ ਨੂੰ ਗੁਰਦੁਆਰਾ ਸਾਹਿਬ ਵਿੱਚ ਬਦਲ ਦਿੱਤਾ ਗਿਆ ਹੈ। ਸਮੁੱਚਾ ਸਿੱਖ ਜਗਤ ਅੱਜ ਪੀਰ ਜੀ ਦੇ ਸ਼ਹੀਦੀ ਦਿਨ 'ਤੇ ਪੀਰ ਜੀ ਦੀ ਕੁਰਬਾਨੀ, ਸ਼ਰਧਾ, ਗੁਰੂ ਪਿਆਰ ਪ੍ਰਤੀ ਨਤਮਸਤਕ ਹੋ ਰਿਹਾ ਹੈ।

# ਈਰਾਨ ਟਕਰਾਅ ਦਾ ਬਰਤਾਨਵੀ ਅਰਥਚਾਰੇ 'ਤੇ ਅਸਰ ਪੈਣ ਦਾ ਖ਼ਦਸ਼ਾ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬਰਤਾਨੀਆ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਚੇਤਾਵਨੀ ਦਿੱਤੀ ਹੈ ਕਿ ਜੇ ਈਰਾਨ ਨਾਲ ਜੁੜਿਆ ਟਕਰਾਅ ਲੰਮਾ ਖਿੱਚਦਾ ਹੈ ਤਾਂ ਇਸ ਦਾ ਅਸਰ ਬਰਤਾਨਵੀ ਅਰਥਚਾਰੇ 'ਤੇ ਪੈ ਸਕਦਾ ਹੈ। ਲੰਡਨ ਦੇ ਇਕ ਕਮਿਊਨਿਟੀ ਸੈਂਟਰ ਵਿੱਚ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰ ਹਾਲਾਤਾਂ 'ਤੇ ਨਿਗਰਾਨੀ ਰੱਖ ਰਹੀ ਹੈ ਅਤੇ ਅੰਤਰਰਾਸ਼ਟਰੀ ਭਾਗੀਦਾਰਾਂ ਨਾਲ ਮਿਲ ਕੇ ਖ਼ਤਰੇ ਨੂੰ ਘਟਾਉਣ ਲਈ ਵਿਚਾਰ ਕਰ ਰਹੀ ਹੈ।

ਸਟਾਰਮਰ ਨੇ ਕਿਹਾ ਕਿ ਲੋਕਾਂ ਵਿੱਚ ਚਿੰਤਾ ਸੁਭਾਵਿਕ ਹੈ, ਕਿਉਂਕਿ ਜੰਗ ਜਿੰਨੀ ਲੰਮੀ ਚੱਲੇਗੀ, ਉੱਨਾ ਹੀ ਘਰੇਲੂ ਜੀਵਨ, ਕਾਰੋਬਾਰਾਂ ਅਤੇ ਦੇਸ਼ ਦੀ ਅਰਥਵਿਵਸਥਾ 'ਤੇ ਅਸਰ ਪੈਣ ਦੀ ਸੰਭਾਵਨਾ ਵਧੇਗੀ। ਉਨ੍ਹਾਂ ਦਲੀਲ ਦਿੱਤੀ ਕਿ ਬਰਤਾਨਵੀ ਅਰਥਚਾਰਾ ਹੁਣ ਸਾਲ 2022 ਦੇ ਮੁਕਾਬਲੇ ਊਰਜਾ ਸਪਲਾਈ ਦੇ ਝਟਕੇ ਨੂੰ ਝੱਲਣ ਲਈ ਬਿਹਤਰ ਸਥਿਤੀ ਵਿੱਚ ਹੈ, ਜਦੋਂ ਯੂਕਰੇਨ ਜੰਗ ਕਾਰਨ ਕੀਮਤਾਂ ਵਿੱਚ ਭਾਰੀ ਉਛਾਲ ਆਇਆ ਸੀ।

ਦੂਜੇ ਪਾਸੇ, ਈਰਾਨ ਸੰਬੰਧੀ ਟਕਰਾਅ ਕਾਰਨ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਦਰਜ ਕੀਤੀ ਗਈ ਹੈ। ਇਸ ਪ੍ਰਸਥਿਤੀ ਨੂੰ ਦੇਖਦਿਆਂ ਜੀ-7 ਦੇਸ਼ਾਂ ਵੱਲੋਂ ਐਮਰਜੈਂਸੀ ਬੈਠਕ ਕਰਕੇ ਆਰਥਿਕ ਪ੍ਰਭਾਵਾਂ 'ਤੇ ਵਿਚਾਰ ਕੀਤਾ ਗਿਆ ਹੈ। ਬਰਤਾਨੀਆ ਵਿੱਚ ਗੈਸ ਦੀ ਮਿਆਰੀ



ਕੀਮਤ ਵੀ ਦੋ ਹਫ਼ਤਿਆਂ ਦੌਰਾਨ 80 ਪੈਂਸ ਪ੍ਰਤੀ ਥਰਮ ਤੋਂ ਵਧ ਕੇ 158 ਪੈਂਸ ਪ੍ਰਤੀ ਥਰਮ ਹੋ ਗਈ ਹੈ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਮੌਜੂਦਾ ਊਰਜਾ ਕੀਮਤ ਸੀਮਾ ਕਾਰਨ ਇੰਗਲੈਂਡ, ਵੇਲਜ਼ ਅਤੇ ਸਕਾਟਲੈਂਡ ਦੇ ਘਰੇਲੂ ਉਪਭੋਗਤਾਵਾਂ ਨੂੰ ਤੁਰੰਤ ਵਾਧੇ ਤੋਂ ਕੁਝ ਰਾਹਤ ਮਿਲੇਗੀ ਅਤੇ ਘੱਟੋ-ਘੱਟ ਜੁਲਾਈ ਤੱਕ ਬਿੱਲਾਂ ਵਿੱਚ ਵਾਧਾ ਨਹੀਂ ਹੋਵੇਗਾ। ਹਾਲਾਂਕਿ ਉੱਤਰੀ ਆਇਰਲੈਂਡ ਅਤੇ ਪਿੰਡਾਂ ਵਿੱਚ ਵਰਤੇ ਜਾਣ ਵਾਲੇ ਹੀਟਿੰਗ ਆਇਲ ਦੀਆਂ ਕੀਮਤਾਂ ਵਿੱਚ ਸਿੱਧਾ ਅਸਰ ਵੇਖਿਆ ਜਾ ਰਿਹਾ ਹੈ।

ਉਧਰ, ਕਨਜ਼ਰਵੇਟਿਵ ਪਾਰਟੀ ਦੀ ਆਗੂ ਕੇਮੀ ਬੈਡਨੋਕ ਨੇ ਕਿਹਾ ਕਿ ਉਨ੍ਹਾਂ ਨੂੰ ਚਿੰਤਾ ਹੈ ਕਿ ਸਰਕਾਰ ਮਹਿੰਗਾਈ ਅਤੇ ਜੀਵਨ-ਯਾਪਨ ਸੰਕਟ 'ਤੇ ਕਾਰਵਾਈ ਕਰਨ ਵਿੱਚ ਦੇਰ ਕਰ ਸਕਦੀ ਹੈ। ਉਨ੍ਹਾਂ ਸਰਕਾਰ ਨੂੰ ਫਿਊਲ ਡਿਊਟੀ ਵਿੱਚ ਕਟੌਤੀ ਕਰਨ ਦੀ ਮੰਗ ਕੀਤੀ। ਐਸਐਨਪੀ ਦੇ ਵੈਸਟਮਿੰਸਟਰ ਆਗੂ ਸਟੀਫਨ ਫਲਿਨ ਨੇ ਵੀ ਮੰਗ ਕੀਤੀ ਕਿ ਪਰਿਵਾਰਾਂ ਦੀ ਮਦਦ ਲਈ ਐਮਰਜੈਂਸੀ ਆਰਥਿਕ ਪੈਕੇਜ ਦਾ ਐਲਾਨ ਕੀਤਾ।

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**671. ਵਣਜ/ਵਪਾਰ ਕਾਹਦਾ ਕਰਨਾ ਚਾਹੀਦਾ ਹੈ? ਕਿਹਨਾਂ ਨਾਲ਼ ਕਰਨਾ ਚਾਹੀਦਾ ਹੈ? ਕਿਉਂ ਕਰਨਾ ਚਾਹੀਦਾ ਹੈ?**

ਹੇ ਰਾਮ ਨਾਮ ਦਾ ਵਣਜ ਕਰਨ ਆਏ ਜੀਵੋ! ਨਾਮ ਦਾ ਵਪਾਰ ਕਰੋ, ਨਾਮ-ਸੌਦਾ ਸੰਭਾਲ ਲਵੋ । ਉਹੋ ਜਿਹਾ ਸੌਦਾ ਹੀ ਖ਼ਰੀਦਣਾ ਚਾਹੀਦਾ ਹੈ, ਜਿਹੜਾ ਸਾਥ ਨਿਬਹੇ; ਭਾਵ ਜਿਹੜਾ ਮੌਤ ਉਪਰੰਤ ਵੀ ਨਾਲ ਜਾਵੇ । ਪਰਲੋਕ ਵਿਚ ਬੈਠਾ ਸ਼ਾਹ ਪ੍ਰਭੂ ਸਿਆਣਾ ਹੈ ਉਹ ਨਾਮ ਦੇ ਸੌਦੇ ਨੂੰ ਸੰਭਾਲ ਲਏਗਾ, ਭਾਵ ਕਬੂਲ ਕਰੇਗਾ । "ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥ ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥ ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥1॥ ਅੰਗ 22" । ਗੁਰੂ ਦਾ ਹੁਕਮ ਨਾਮ ਦੇ ਵਪਾਰੀ ਸਤਸੰਗੀਆਂ ਨਾਲ਼ ਮਿਲ ਕੇ ਨਾਮ ਦਾ ਵਣਜ ਕਰਨ ਦਾ ਹੈ; ਗੁਰੂ ਅਨੁਸਾਰੀ ਹੋ ਕਿ ਪ੍ਰਭੂ (ਦੇ ਗੁਣਾਂ) ਦੀ ਵੀਚਾਰ ਕਰਨ ਦਾ ਹੈ । "ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮ ਬੀਚਾਰਿ ॥3॥ ਅੰਗ 56" । ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ ਉਹ ਜੀਵ-ਵਣਜਾਰੇ ਧੰਨ ਹਨ ਜਿਨ੍ਹਾਂ ਨੇ ਪ੍ਰਭੂ ਦੇ ਨਾਮ ਦਾ ਸੌਦਾ, ਨਾਮ ਦੀ ਰਾਸ ਪੂੰਜੀ (ਪ੍ਰਲੋਕ 'ਚ ਨਾਲ ਲਿਜਾਉਣ ਲਈ) ਲੱਦ ਲਿਆ/ਲਈ ਹੈ । "ਧਨੁ ਧਨੁ ਵਣਜੁ ਵਾਪਾਰੀਆ ਜਿਨ ਵਖਰੁ ਲਦਿਅੜਾ ਹਰਿ ਰਾਸਿ ॥ ਅੰਗ 82" । ਜਿਹੜਾ ਆਪਣੇ ਸਰੀਰ ਦੇ ਅੰਦਰ ਨਾਮ ਦਾ ਵਣਜ ਕਰਦਾ ਹੈ, ਉਹ (ਆਪਣੇ ਅੰਦਰ ਹੀ) ਨਾਮ ਦਾ ਖਜ਼ਾਨਾ ਤੇ ਸਦਾ ਥਿਰ ਪ੍ਰਭੂ ਨੂੰ ਪਾ ਲੈਂਦਾ ਹੈ। "ਕਾਇਆ ਅੰਦਰਿ ਵਣਜੁ ਕਰੇ ਵਾਪ-ਾਰਾ ਨਾਮੁ ਨਿਧਾਨੁ ਸਚੁ ਪਾਵਣਿਆ ॥6॥ ਅੰਗ 115" । ਜੇ ਪ੍ਰਭੂ ਆਪ ਦਇਆਲ ਹੋਵੇ ਤਾਂ ਜੀਵ ਪਿਆਰ ਨਾਲ ਪ੍ਰਭੂ ਦੇ ਨਾਮ ਦਾ ਵਣਜ ਕਰਦਾ ਹੈ । "ਹਰਿ ਨਾਮੁ ਵਣੰਜਹ ਰੰਗ ਸਿਉ ਜੇ ਆਪਿ ਦਇਆਲੁ ਹੋਇ ਦੇਹਿ ॥1॥ ਅੰਗ 165" । ਅਸੀਂ ਸਰਬ ਵਿਆਪਕ ਪ੍ਰਭੂ ਦੇ ਵਣਜਾਰੇ ਹਾਂ । ਪ੍ਰਭੂ ਆਪਣੇ ਨਾਮ ਦੀ ਰਾਸ ਪੂੰਜੀ ਦੇ ਕੇ ਸਾਥੋਂ ਨਾਮ ਦਾ ਵਣਜ ਕਰਾਉਂਦਾ ਹੈ । "ਹਮ ਵਣਜਾਰੇ ਰਾਮ ਕੇ ॥ ਹਰਿ ਵਣਜੁ ਕਰਾਵੈ ਦੇ ਰਾਸਿ ਰੇ ॥1॥ ਰਹਾਉ ॥ ਅੰਗ 165" । ਲੇਕਿਨ, ਪ੍ਰਭੂ ਦੇ ਨਾਮ ਦਾ ਵਪਾਰ ਉਹੀ ਮਨੁੱਖ ਕਰਦਾ ਹੈ ਜਿਸ ਨੂੰ ਪ੍ਰਭੂ ਆਪ ਮਿਹਰਵਾਨ ਹੋ ਕੇ ਇਹ ਦਾਤ ਦਿੰਦਾ ਹੈ । "ਹਰਿ ਹਰਿ ਵਣਜੁ ਸੋ ਜਨੁ ਕਰੇ ਜਿਸੁ ਕ੍ਰਿਪਾਲੁ ਹੋਇ ਪ੍ਰਭੁ ਦੇਈ ॥ ਅੰਗ 165"। ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ (ੳ) ਨਾਮ-ਸਿਮਰਨ ਦਾ ਵਣਜ-ਵਪਾਰ ਕਰੋ, ਜਿਸ ਤੋਂ ਜੀਵਨ ਮਨੋਰਥ ਦਾ ਲਾਭ ਖੱਟ ਸਕੋ, ਨਹੀਂ ਤਾਂ ਪਛਤਾਓਗੇ । ਅਵਗਣ (5 ਵਿਕਾਰ - ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਛੱਡੋ, (5 ਦੈਵੀ ਗੁਣ - ਦਯਾ, ਧਰਮ, ਸਤ, ਸੰਤੋਖ ਤੇ ਧੀਰਜ) ਗੁਣ ਗ੍ਰਹਣ ਕਰੋ । ਇਸ ਤਰ੍ਹਾਂ ਅਸਲ ਖੱਟੀ ਖੱਟੋ । ਧਰਮ ਨੂੰ ਧਰਤੀ ਬਣਾਵੋ, ਉਸ ਵਿਚ ਉੱਚੇ ਤੇ ਸੁੱਚੇ ਆਚਰਨ ਬੀਜ ਬੀਜੋ; ਇਹੋ ਜਿਹੀ ਖੇਤੀ ਕਰੋ । ਜੇ ਤੁਸੀਂ ਇਥੋਂ ਨਾਮ ਦਾ ਲਾਭ ਖੱਟ ਕੇ ਲੈ ਜਾਵੋਗੇ ਤਾਂ (ਸਹੀ) ਵਪਾਰੀ ਜਾਣੇ ਜਾਉਗੇ । "ਵਣਜੁ ਕਰਹੁ ਮਖਸੂਦੁ ਲੈਹੁ ਮਤ ਪਛੋਤਾਵਹੁ ॥ ਅਉਗਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥7॥ ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥ ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥8॥ ਅੰਗ 418" । ਅਤੇ (ਅ) ਨਾਮ-ਵਣਜ ਕਰਨ ਵਾਲ਼ੇ ਸਤਸੰਗੀ ਵਣਜਾਰਿਆਂ ਨਾਲ਼ ਹਰੀ-ਨਾਮ ਦਾ ਵਣਜ ਕਰ ਤੇ ਇਸ ਵਣਜ ਵਿਚੋਂ ਲਾਭ ਲੈ ਕੇ ਮਨ ਦਾ ਖਿੜਾਓ ਹਾਸਿਲ ਕਰ । "ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ ॥2॥ ਅੰਗ 595" । ਨਾਮ ਦੀ ਖੇਤੀ/ਵਣਜ ਸਭ ਪ੍ਰਭੂ ਦਾ ਹੁਕਮ ਹੈ, ਇਸ ਹੁਕਮ ਨੂੰ ਮੰਨ ਕੇ (ਲੋਕ ਪਰਲੋਕ ਵਿਚ) ਵਡਿਆਈ ਮਿਲਦੀ ਹੈ ।ਗੁਰੂ ਦੀ ਮਤਿ ਰਾਹੀਂ ਪ੍ਰਭੂ ਦੇ ਹੁਕਮ ਨੂੰ ਬੂਝੀਦਾ ਹੈ, ਹੁਕਮ ਵਿਚ ਰਿਹਾਂ ਹੀ ਪ੍ਰਭੂ ਜੀਵ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ । "ਖੇਤੀ ਵਣਜੁ ਸਭੁ ਹੁਕਮੁ ਹੈ ਹੁਕਮੇ ਮੰਨਿ ਵਡਿਆਈ ਰਾਮ ॥ ਗੁਰਮਤੀ ਹੁਕਮੁ ਬੂਝੀਐ ਹੁਕਮੇ ਮੇਲਿ ਮਿਲਾਈ ਰਾਮ ॥ ਅੰਗ 569" । ਇਸ ਸਰੀਰ ਨੂੰ ਧਰਤੀ ਬਣਾ ਕੇ ਇਸ ਵਿਚ ਬੇਅੰਤ ਪ੍ਰਭੂ ਦੀ ਸਿਫ਼ਤਿ-ਸਾਲਾਹ ਦਾ ਬੀਜ ਪਾ । ਸਦਾ-ਥਿਰ ਪ੍ਰਭੂ ਨਾਲ਼ ਉਸ ਦੇ ਨਾਮ ਦਾ ਵਣਜ ਵਪਾਰ ਕਰਿਆ ਕਰ । ਜਿਸ ਨਾਲ਼ ਸਦਾ ਕਾਇਮ ਰਹਿਣ ਵਾਲ਼ਾ ਅਖੁੱਟ ਨਾਮ ਧਨ ਪੈਦਾ ਹੁੰਦਾ ਹੈ ਤੇ ਅੰਤਰ ਆਤਮੇ ਪ੍ਰਭੂ ਦੇ ਨਾਮ ਦਾ ਵਾਸਾ ਹੁੰਦਾ ਹੈ । "ਇਹੁ ਤਨੁ ਧਰਤੀ ਸਬਦੁ ਬੀਜਿ ਅਪਾਰਾ ॥ ਹਰਿ ਸਾਚੇ ਸੇਤੀ ਵਣਜੁ ਵਾਪਾਰਾ ॥ ਸਚੁ ਧਨੁ ਜੰਮਿਆ ਤੋਟਿ ਨ ਆਵੈ ਅੰਤਰਿ ਨਾਮੁ ਨਿਵਾਸੀ ਹੇ ॥11॥ ਅੰਗ 1048" । ਹਰੀ ਦਾ ਨਾਮ ਸਾਡਾ ਵਣਜ, ਨਾਮ ਹੀ ਸਾਡਾ ਵਪਾਰ ਹੈ ਤੇ ਸਤਿਗੁਰੂ ਨੇ ਸਾਨੂੰ ਨਾਮ ਦੀ ਹੀ ਮੁਖ਼ਤਿਆਰੀ ਦਿੱਤੀ ਹੈ । ਹਰੀ ਦੇ ਨਾਮ ਦਾ ਹੀ ਅਸੀਂ ਲੇਖਾ ਲਿਖਿਆ ਹੈ, ਜਿਸ ਕਰਕੇ (ਪ੍ਰਲੋਕ ਵਿਚ) ਜਮ ਦੀ ਮੁਥਾਜੀ ਦੂਰ ਹੋ ਗਈ ਹੈ । "ਹਰਿ ਨਾਮੁ ਹਮਾਰਾ ਵਣਜੁ ਹਰਿ ਨਾਮੁ ਵਾਪਾਰੁ ਹਰਿ ਨਾਮੈ ਕੀ ਹਮ ਕੰਉ ਸਤਿਗੁਰਿ ਕਾਰਕੁਨੀ ਦੀਈ ॥ ਹਰਿ ਨਾਮੈ ਕਾ ਹਮ ਲੇਖਾ ਲਿਖਿਆ ਸਭ ਜਮ ਕੀ ਅਗਲੀ ਕਾਣਿ ਗਈ ॥ ਅੰਗ 593" । ਹੇ ਨਾਨਕ! ਗੁਰਮੁਖ ਆਪਣੇ ਸਰੀਰ ਨੂੰ ਸੋਹਣੀ ਜਿਹੀ ਹੱਟੀ, ਮਨ ਨੂੰ ਵਪਾਰੀ ਬਣਾਉਂਦਾ ਹੈ ਤੇ ਅਡੋਲਤਾ ਵਿਚ ਰਹਿ ਕੇ ਸਦਾ ਥਿਰ ਪ੍ਰਭੂ ਦੇ ਨਾਮ ਦਾ ਵਣਜ ਕਰਦਾ ਹੈ । "ਤਨੁ ਹਟੜੀ ਇਹੁ ਮਨੁ ਵਣਜਾਰਾ ॥ ਨਾਨਕ ਸਹਜੇ ਸਚੁ ਵਾਪਾਰਾ ॥39॥ ਅੰਗ 942"। ਗੁਰੂ ਅਨੁਸਾਰੀ ਪ੍ਰਭੂ ਦੇ ਨਾਮ ਦਾ ਵਣਜ ਕਰਦੇ ਹਨ ਤੇ ਆਪਣੇ ਪਰਾਏ ਨੂੰ ਪਛਾਣਦੇ ਹਨ । ਉਹ ਸਭ ਵਿਚ ਇਕ ਪ੍ਰਭੂ ਤੋਂ ਬਿਨਾ ਕਿਸੇ ਹੋਰ ਨੂੰ ਨਹੀਂ ਜਾਣਦੇ । ਪ੍ਰਭੂ ਸੱਚਾ (ਅਵਿਨਾਸ਼ੀ) ਸ਼ਾਹ ਹੈ, ਉਸਦੇ ਨਾਮ ਦਾ ਵਣਜ ਕਰਨ ਵਾਲ਼ੇ ਵੀ ਸੱਚੇ ਹਨ; ਉਹ ਪ੍ਰਭੂ ਪਾਸੋਂ ਨਾਮ ਦੀ ਪੂੰਜੀ ਲੈ ਕੇ ਨਾਮ ਦਾ ਵਣਜ ਕਰਦੇ ਹਨ । "ਗੁਰਮੁਖਿ ਵਣਜੁ ਕਰਹਿ ਪਰੁ ਆਪੁ ਪਛਾਣਹਿ ॥ ਏਕਸ ਬਿਨੁ ਕੋ ਅਵਰੁ ਨ ਜਾਣਹਿ ॥ ਸਚਾ ਸਾਹੁ ਸਚੇ ਵਣਜਾਰੇ ਪੂੰਜੀ ਨਾਮੁ ਵਿਸਾਹਾ ਹੇ ॥4॥ ਅੰਗ 1053" । ਸਤਿਗੁਰੂ ਜੀ ਨਾਮ ਦੇ ਵਣਜ ਦਾ ਸਿਹਰਾ ਪ੍ਰਭੂ ਦੇ ਸਿਰ ਤੇ ਹੀ ਬੰਨਦੇ ਹਨ । ਪ੍ਰਭੂ ਆਪ ਹੀ ਵਣਜ ਹੈ, ਆਪ ਹੀ ਵਪਾਰ ਕਰਨ ਵਾਲ਼ਾ ਹੈ, ਆਪ ਸਦਾ-ਥਿਰ ਰਹਿਣ ਵਾਲ਼ਾ ਸਰਮਾਇਆ ਹੈ। "ਆਪੇ ਵਣਜੁ ਵਾਪਾਰੀਆ ਪਿਆਰਾ ਆਪੇ ਸਚੁ ਵੇਸਾਹੁ ॥1॥ ਅੰਗ 604" । ਅਤੇ "ਆਪੇ ਸਾਹੁ ਆਪੇ ਵਣਜਾਰਾ ਆਪੇ ਵਣਜੁ ਕਰਾਇਆ ॥ ਅੰਗ 605" ।

ਚਲਦਾ...

## ਪੂਜਾ ਸੇਠੀ ਨੇ ਡੈਮੋਕਰੈਟਿਕ ਉਮੀਦਵਾਰ ਵਜੋਂ ਪ੍ਰਾਇਮਰੀ ਚੋਣ ਜਿੱਤੀ



**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਭਾਰਤੀ ਮੂਲ ਦੀ ਪੂਜਾ ਸੇਠੀ ਨੇ ਡੈਮੋਕਰੈਟਿਕ ਉਮੀਦਵਾਰ ਵਜੋਂ ਟੈਕਸਾਸ ਸਦਨ ਲਈ ਡਿਸਟ੍ਰਿਕਟ 47 ਤੋਂ ਪ੍ਰਾਇਮਰੀ ਚੋਣ ਜਿੱਤ ਲਈ ਹੈ। ਉਸ ਨੇ ਯੂ ਐਸ ਆਰਮੀ ਵੈਟਰਨ ਜੋਸਫ ਕੋਪਸਰ ਨੂੰ ਹਰਾਇਆ। ਨਵੰਬਰ ਵਿੱਚ ਪੂਜਾ ਦਾ ਮੁਕਾਬਲਾ ਰਿਪਬਲੀਕਨ ਉਮੀਦਵਾਰ ਜੈਨੀਫਰ ਮੁਸ਼ਟੇਲਰ ਨਾਲ ਹੋਵੇਗਾ। ਸੇਠੀ ਨੂੰ 76% ਵੋਟਾਂ ਮਿਲੀਆਂ ਜਦ ਕਿ ਕੋਪਸਰ ਕੇਵਲ 24% ਵੋਟਾਂ ਹੀ ਲਿਜਾ ਸਕਿਆ। ਕੋਪਸਰ ਨੇ ਪੂਜਾ ਦੇ ਭਾਰਤੀ ਹੋਣ ਦਾ ਮੁੱਦਾ ਉਭਾਰਿਆ ਸੀ ਜੋ ਉਸ ਦੇ ਵਿਰੁੱਧ ਗਿਆ। ਜਿੱਤ ਤੋਂ ਬਾਅਦ ਸੇਠੀ ਨੇ ਆਪਣੇ ਹਮਾਇਤੀਆਂ ਤੇ ਵਾਲੰਟੀਅਰਾਂ ਦਾ ਧੰਨਵਾਦ ਕੀਤਾ ਜਿਨਾਂ ਕਾਰਨ ਉਸ ਦੀ ਚੋਣ ਮੁਹਿੰਮ ਨੂੰ ਬਲ ਮਿਲਿਆ। ਉਸ ਨੇ ਇੰਸਟਾਗ੍ਰਾਮ ਉਪਰ ਪਾਈ ਇਕ ਪੋਸਟ ਵਿਚ ਕਿਹਾ ਹੈ ਕਿ ਉਹ ਆਪਣੇ ਪਰਿਵਾਰ, ਕੁਸ਼ਲ ਟੀਮ, ਵਾਲੰਟੀਅਰਾਂ ਤੇ ਸਮਰਥਕਾਂ ਦੀ ਰਿਣੀ ਹੈ ਜਿਨਾਂ ਦੀਆਂ ਅਣਥਕ ਕੋਸ਼ਿਸ਼ਾਂ ਨਾਲ ਉਸ ਦੀ ਜਿੱਤ ਹੋਈ ਹੈ।**

## ਪ੍ਰਵਾਸੀਆਂ ਬਾਰੇ ਬੇਬਾਕੀ ਨਾਲ ਲਿਖਣ ਵਾਲੀ ਪੱਤਰਕਾਰ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਦੀਆਂ ਪ੍ਰਵਾਸੀਆਂ ਵਿਰੁੱਧ ਕਾਰਵਾਈਆਂ ਬਾਰੇ ਬੇਬਾਕੀ ਨਾਲ ਲਿਖਣ ਵਾਲੀ ਨੈਸ਼ਵਿਲੇ ਪੱਤਰਕਾਰ ਈਸਟਫੈਨੀ ਰੌਡਰਿਗਜ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਉਸ ਦੇ ਪਤੀ ਅਲੇਜਾਂਡਰੋ ਮੈਡੀਨਾ ਨੇ ਦਸਿਆ ਕਿ ਜਦੋਂ ਉਨਾਂ ਦੀ ਕਾਰ ਨੂੰ ਟਰੱਕਾਂ ਦੁਆਰਾ ਘੇਰ ਲਿਆ ਗਿਆ ਤਾਂ ਇਕ ਵਾਰ ਤਾਂ ਉਹ ਹੈਰਾਨ ਰਹਿ ਗਏ ਪਰ ਛੇਤੀ ਹੀ ਮੈ ਸਮਝ ਗਿਆ ਇਹ ਆਈ ਸੀ ਈ ਅਧਿਕਾਰੀ ਹਨ । ਉਹ ਮੇਰੀ ਪਤਨੀ ਨੂੰ ਗ੍ਰਿਫਤਾਰ ਕਰਕੇ ਲੈ ਗਏ। ਮੈਡੀਨਾ ਅਨੁਸਾਰ ਆਈ ਸੀ ਈ ਦੀ ਇਸ ਕਾਰਵਾਈ ਤੋਂ ਉਨਾਂ ਨੂੰ ਬਹੁਤ ਧੱਕਾ ਵੱਜਾ ਹੈ। ਉਸ ਨੇ ਕਿਹਾ ਕਿ ਵਕੀਲ ਨੇ ਰੌਡਰਿਗਜ ਦੀ ਰਿਹਾਈ ਲਈ ਪਟੀਸ਼ਨ ਦਾਇਰ ਕੀਤੀ ਹੈ। ਕੋਲੰਬੀਆ ਵਿੱਚ ਪੈਦਾ ਹੋਈ ਰੌਡਰਿਗਜ ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਈ ਸੀ। ਉਹ ਸਪੈਨਿਸ਼ ਭਾਸ਼ਾ ਦੇ ਅਖਬਾਰ ਦੀ ਪੱਤਰਕਾਰ ਹੈ।**


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME..........................................................................
ADDRESS......................................................................
.......................................POST CODE...............................
TEL...............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388
www.panjabtimes.uk Email: Panjabtimes@aol.com

**ਲੜੀਵਾਰ ਨਾਵਲ**


ਸ਼ਿਵਚਰਨ ਜੱਗੀ (ਕੁੱਸਾ)



ਫੋਨ : 07853 317 891

Email: jaggikussa@yahoo.de


ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 63

# ਇੱਕ ਮੇਰੀ ਅੱਖ ਕਾਸ਼ਣੀ...

ਅਮਨ ਫ਼ਿਰ ਇਕੱਲੀ ਹੋ ਗਈ। ਪਰ ਹੁਣ ਉਸ ਨੂੰ 'ਧਰਵਾਸ' ਅਤੇ ਹੌਂਸਲਾ ਸੀ ਕਿ ਉਸ ਦਾ ਕੋਈ ਇਸ ਦੇਸ਼ ਵਿੱਚ ਸੀ। ਸੋਨੀ ਨੇ ਵੀ ਹਿੱਕ ਤਾਣ ਕੇ ਕਿਹਾ ਸੀ, "ਡੋਲਣ ਡਰਨ ਦੀ ਕੋਈ ਲੋੜ ਨੀ ਅਮਨ, ਇਸ ਦੇਸ਼ ਵਿੱਚ ਕਾਨੂੰਨ ਥੋਡੇ ਨਾਲ਼ ਹੁੰਦੈ..। ਹੌਂਸਲੇ ਨਾਲ਼ ਰਹਿਣੈ...। ਜਦ ਵੀ ਕਦੇ ਮੇਰੀ ਜ਼ਰੂਰਤ ਪਵੇ, ਬੱਸ ਇੱਕ ਘੰਟੀ ਮਾਰਨ ਦੀ ਲੋੜ ਐ, ਅੱਧੀ ਰਾਤੋਂ ਨੰਗੇ ਪੈਰੀਂ ਭੱਜੀ ਆਊਂਗੀ...।" ਇਹਨਾਂ ਬੋਲਾਂ ਨਾਲ਼ ਅਮਨ ਨੂੰ ਖ਼ੁਸ਼ੀ ਦੇ 'ਪਰ' ਲੱਗ ਗਏ। ਉਹ ਸੋਚ ਰਹੀ ਸੀ ਕਿ ਜੇ ਬੰਦਾ ਇੱਕ ਰਸਤਾ ਬੰਦ ਕਰਦਾ ਹੈ, ਤਾਂ ਰੱਬ ਅਗਲੇ ਦਸ ਦਰਵਾਜੇ ਹੋਰ ਖੋਲ੍ਹ ਦਿੰਦਾ ਹੈ...।

## ਕਾਂਡ 27

ਅਗਲੇ ਦਿਨ ਉਹ ਰਿਕਾਰਡਿੰਗ ਲੈ ਕੇ ਜਦ 'ਸੰਸਥਾ' ਦੇ ਦਫ਼ਤਰ ਗਈ ਤਾਂ ਉਹ ਪੰਜਾਬਣ ਅਤੀਅੰਤ ਖ਼ੁਸ਼ ਹੋ ਗਈ। ਸੱਸ ਦੀ ਰਿਕਾਰਡਿੰਗ ਸੁਣ ਕੇ ਤਾਂ ਉਸ ਦੀਆਂ ਹੋਰ ਬਾਛਾਂ ਖਿੜ ਗਈਆਂ। ਉਸ ਨੇ ਰਿਕਾਰਡਿੰਗ 'ਡਾਊਨਲੋਡ' ਕਰ ਲਈ ਅਤੇ ਹਫ਼ਤੇ ਬਾਅਦ ਆਉਣ ਬਾਰੇ ਕਿਹਾ, "ਤੁਸੀਂ ਹੁਣ ਬੇਫ਼ਿਕਰ ਹੋ ਕੇ ਘਰ ਜਾਓ, ਪੂਰੇ ਹਫ਼ਤੇ ਬਾਅਦ ਅਗਲੇ ਬੁੱਧਵਾਰ ਸਵੇਰੇ ਦਸ ਵਜੇ ਆ ਜਾਣਾ, ਓਦੋਂ ਤੱਕ ਮੈਂ ਤੁਹਾਡੀ ਸੱਸ ਨੂੰ ਬੁਲਾ ਕੇ ਗਧੀਗੇੜ 'ਚ ਪਾਊਨੀ ਆਂ...!" ਉਸ ਪੰਜਾਬਣ ਬੀਬੀ ਨੇ ਬੜ੍ਹਕ ਮਾਰੀ

-"ਪਰ ਮੈਡਮ ਅਜੇ ਉਹਨੂੰ ਇਹ ਨਾ ਦੱਸਿਓ, ਕਿ ਮੈਂ ਰਿਕਾਰਡਿੰਗ ਕੀਤੀ ਐ, ਤੇ ਸਬੂਤ ਵਜੋਂ ਥੋਡੇ ਕੋਲ਼ ਪਈ ਐ...।" ਮਾਣੋਂ ਨੇ ਤਰਲਾ ਲਿਆ।

-"ਲੈ ਹੈ ਕਮਲ਼ੀ, ਇਹ ਗੱਲਾਂ 'ਟੌਪ ਸੀਕਰੇਟ' ਤੇ 'ਕੌਂਫ਼ੀਡੈਂਸ਼ਲ' ਨੇ..। ਇਹ ਦੱਸਣ ਆਲ਼ੀਆਂ ਥੋੜ੍ਹੋ ਹੁੰਦੀਐਂ...? ਰਿਲੈਕਸ, ਐਂਡ ਡੋਂਟ ਵਰੀ...।"

ਮਾਣੋਂ ਨੂੰ ਖ਼ੁਸ਼ੀ ਦੇ ਖੰਭ ਲੱਗ ਗਏ।

ਉਹ ਬੱਦਲਾਂ ਦੇ ਪਰਾਂ 'ਤੇ ਉਡਦੀ ਵਾਪਸ ਆ ਗਈ।

ਜਦ ਹਫ਼ਤੇ ਬਾਅਦ ਉਹ ਮੁੜ ਦਫ਼ਤਰ ਗਈ ਤਾਂ ਉਸ ਪੰਜਾਬਣ ਬੀਬੀ ਦੇ ਤੌਰ ਤਰੀਕੇ ਬਦਲੇ ਹੋਏ ਸਨ। ਉਹ ਮਾਣੋਂ ਨਾਲ਼ ਸਿੱਧੀ ਤਰ੍ਹਾਂ ਗੱਲ ਹੀ ਨਹੀਂ ਕਰ ਰਹੀ ਸੀ। ਉਸ ਨੇ ਮਾਣੋਂ ਨੂੰ ਬਿਠਾਇਆ ਅਤੇ ਸਮਝਾਉਣ ਦੇ ਰੌਂਅ ਵਿੱਚ ਬੋਲੀ, "ਦੇਖ ਮਾਣੋਂ...! ਇੱਕ ਪੰਜਾਬਣ ਹੋਣ ਦੇ ਨਾਤੇ ਮੈਂ ਤੈਨੂੰ ਇੱਕ ਨੇਕ ਸਲਾਹ ਦਿਊਂਗੀ...।"

-"ਦੱਸੋ ਮੈਡਮ...?" ਮਾਣੋਂ ਉਸ ਦੇ ਨੇੜੇ ਹੋ ਕੇ ਬੈਠ ਗਈ। ਮਹਿਸੂਸ ਉਸ ਨੇ ਵੀ ਕਰ ਲਿਆ ਸੀ ਕਿ ਜਾਂ ਤਾਂ ਇਸ ਪੰਜਾਬਣ ਨੂੰ ਮੇਰੀ ਸੱਸ ਅਤੇ ਨਣਾਨ ਨੇ 'ਦਾਣਾ' ਪਾ ਕੇ ਖ਼ਰੀਦ ਲਿਆ ਅਤੇ ਜਾਂ ਕੋਈ ਹੋਰ 'ਉਂਗਲ਼' ਚਟਾ ਦਿੱਤੀ, ਜਿਸ ਕਾਰਨ ਇਸ ਦੇ ਤੌਰ ਤਰੀਕੇ ਪੁੱਠੇ ਵੱਜ ਗਏ।

-"ਆਪਾਂ ਸੁਣਦੇ ਹੀ ਆਏ ਆਂ ਕਿ ਜੇ ਸਮੁੰਦਰ ਵਿੱਚ ਰਹਿਣਾ ਹੈ, ਤਾਂ ਮਗਰਮੱਛ ਨਾਲ ਵੈਰ ਨਾ ਪਾਓ...!"

-"..............।"

-"ਓਹੀ ਸਲਾਹ ਤੈਨੂੰ ਮੈਂ ਦਿਊਂਗੀ, ਬਈ ਤੂੰ ਉਹਨਾਂ ਨਾਲ਼ ਕੋਈ ਪੰਗਾ ਨਾ ਲੈ, ਉਹ ਤੇਰੀ ਟਿਕਟ ਲਾਉਣ ਨੂੰ ਤਿਆਰ ਨੇ, ਤੂੰ ਚੁੱਪ ਚਾਪ ਆਪਣੇ ਮਾਂ ਬਾਪ ਕੋਲ਼ ਚਲੀ ਜਾਹ...। ਜੇ ਤੂੰ ਇਹ ਕੇਸ ਨਾ ਜਿੱਤ ਸਕੀ, ਤੇਰੇ ਉਪਰ ਇੱਜ਼ਤ ਹੱਤਕ ਦਾ ਕੇਸ ਹੋ ਜਾਣੈ, ਤੇ ਤੂੰ ਜੇਲ੍ਹ ਚਲੀ ਜਾਵੇਂਗੀ...! ਪਿਛਲੇ ਮਾਂ ਬਾਪ ਹੋਰ ਦੁਖੀ ਹੋਣਗੇ...। ਬੱਸ, ਮੇਰੀ ਤਾਂ ਇਹੀ ਸਲਾਹ ਐ ਬਈ ਇੱਕ ਚੁੱਪ ਤੇ ਸੌ ਸੁਖ...। ਟਿਕਟ ਚੱਕ ਤੇ ਇੰਡੀਆ ਵੱਜ...। ਸੋਹਣੀ ਸੁਨੱਖੀ ਤੂੰ ਕੁੜੀ ਐਂ, ਤੈਨੂੰ ਵੀਹ ਕਾਬਲ ਹੱਸਬੈਂਡ ਮਿਲ਼ ਜਾਣਗੇ, ਤੂੰ ਜ਼ਰੂਰ ਵਿੰਗੇ ਬਾਉਲ਼ਿਆਂ 'ਚ ਦਿਨ ਕਟੀ ਕਰਨੀ ਐਂ...? ਮਾਂ ਬਾਪ ਕੋਲ਼ ਜਾਹ ਤੇ ਐਸ਼ਾਂ ਕਰ...!"

-"ਪਰ ਮੈਡਮ, ਓਸ ਦਿਨ ਤਾਂ ਤੁਸੀਂ ਕਹਿੰਦੇ ਸੀ ਬਈ ਬਘੇਲੇ ਵਰਗੇ ਦੁਸ਼ਟ ਨੂੰ ਸਜ਼ਾ ਹੋਣੀ ਚਾਹੀਦੀ ਐ, ਉਹਨੂੰ ਆਹ ਕਰ ਦਿਆਂਗੇ, ਐਰਾ ਵਗੈਰਾ...। ਕਿੱਥੇ ਗਏ ਓਹ ਦਮਗੱਜੇ...?" ਮਾਣੋਂ ਥੋੜਾ ਤਲਖੀ ਵਿੱਚ ਆ ਗਈ।

-"ਗਰਮ ਖ਼ੂਨ ਤੇ ਗਰਮ ਸੁਭਾਅ ਨੇ ਕੁਛ ਨੀ ਕਰਨਾ ਮਾਣੋਂ...। ਅਦਾਲਤ ਨੂੰ ਸਬੂਤ ਚਾਹੀਦੇ ਨੇ, ਤੇ ਸਬੂਤ ਤੇਰੇ ਕੋਲ਼ ਹੈ ਨਹੀਂ..! ਫ਼ੋਨ ਰਿਕਾਰਡਿੰਗ ਕੋਈ ਠੋਸ ਸਬੂਤ ਨੀ ਹੁੰਦੇ...। ਪਤਾ ਤਾਂ ਓਦੋਂ ਲੱਗਦੈ, ਜਦੋਂ ਘੈਂਟ ਵਕੀਲਾਂ ਦਾ ਸਾਹਮਣਾ ਕਰਨਾ ਪੈਂਦੈ, ਤੇ ਉਹਨਾਂ ਦੇ ਸੁਆਲਾਂ ਦੇ ਉੱਤਰ ਦੇਣੇ ਪੈਂਦੇ ਐ...। ਓਥੇ ਤਾਂ ਵੱਡਿਆਂ ਵੱਡਿਆਂ ਦੇ ਮੁੜ੍ਹਕੇ ਨਿਕਲ਼ ਜਾਂਦੇ ਐ, ਤੂੰ ਤਾਂ ਕੱਲ੍ਹ ਦੀ ਕੁੜੀ ਐਂ..। ਹਾਂ, ਇੱਕ ਗੱਲ ਹੋਰ ਐ...!"

-"....................।" ਮਾਣੋਂ ਨੇ ਮੁੜ ਸਿਰ ਉਪਰ ਚੁੱਕਿਆ। ਉਹ ਸੋਚ ਰਹੀ ਸੀ ਕਿ ਕੋਈ ਹੋਰ ਰਸਤਾ ਦੱਸੇਗੀ।

-"ਜੇ ਤੂੰ ਚਾਹੇਂ, ਤਾਂ ਸਾਡੀ ਸੰਸਥਾ ਤੈਨੂੰ ਇੰਡੀਆ ਭੇਜਣ ਵਿੱਚ ਮੱਦਦ ਕਰ ਸਕਦੀ ਐ...।" ਉਸ ਨੇ ਇੱਲ੍ਹ ਵਰਗੀ ਨਜ਼ਰ ਮਾਣੋਂ ਦੇ ਚਿਹਰੇ 'ਤੇ ਗੱਡੀ ਹੋਈ ਸੀ।

-"..................।" ਮਾਣੋਂ ਨਿਰਾਸ਼ਾ ਵਿੱਚ ਉਠ ਕੇ ਤੁਰ ਆਈ।

ਉਸ ਦਾ ਦਿਲ ਕਰਦਾ ਸੀ ਕਿ ਉਹ ਉੱਚੀ-ਉੱਚੀ ਚੀਕਾਂ ਮਾਰ ਕੇ ਰੋਵੇ। ਦੁਹੱਥੜਾਂ ਮਾਰ-ਮਾਰ ਦੱਸੇ ਕਿ ਉਸ ਤੱਤੜੀ ਦਾ ਇੱਥੇ ਕੋਈ ਵੀ ਹਮਦਰਦ ਨਹੀਂ ਸੀ। ਇਸ ਪੰਜਾਬਣ ਕਰਮਚਾਰੀ ਵਾਂਗ ਸਭ 'ਹੱਡ' ਦੇ ਸ਼ੌਕੀਨ ਸਨ। ਮੂੰਹ 'ਚ ਹੱਡ ਦਿੱਤਾ, ਅਤੇ ਮੂੰਹ ਬੰਦ ਕਰ ਦਿੱਤਾ ਗਿਆ।

ਉਹ ਬਾਹਰ ਨਿਕਲ਼ ਕੇ ਡਰੇ ਊਠ ਵਾਂਗ ਸੜਕਾਂ ਉਪਰ ਦੌੜ ਪਈ।........

-"ਓਹ-ਹੋ....! ਐਨੀ ਦਰਦਨਾਕ ਘਟਨਾ...? ਫ਼ਿਰ ਕੀ ਹੋਇਆ...??" ਪਾਵੀ ਦੀ ਸੁਰਤੀ ਟੁੱਟੀ।

ਮਾਣੋਂ ਰੋ ਰਹੀ ਸੀ।

-"ਫ਼ਿਰ ਕੀ ਹੋਣਾਂ ਸੀ...? ਸੱਸ ਤੇ ਨਣਾਨ ਤਾਂ ਚਾਹੁੰਦੀਆਂ ਈ ਸੀ ਬਈ ਮਾਣੋਂ ਇੰਡੀਆ ਨੂੰ ਦਫ਼ਾ ਹੋ ਜਾਵੇ, ਬਈ ਜੇ ਐਥੇ ਰਹਿ ਗਈ ਤਾਂ ਕਾਰੋਬਾਰ ਵਿੱਚੋਂ ਕਾਨੂੰਨੀ ਤੌਰ 'ਤੇ 'ਅੱਧ ਦੀ' ਹੱਕਦਾਰ ਹੋਊਗੀ, ਤੇ ਅੱਧ ਵੰਡਾਊਗੀ ਵੀ...।"

-"....................।"

-"ਬੱਸ, ਜਬਰਜਨਾਂਹ ਦੇ ਕੇਸ 'ਚ ਬਘੇਲ ਸਿਉਂ ਅੰਦਰ ਹੋ ਗਿਆ ਸੀ, ਮੇਰੀ ਨਣਾਨ ਡਾਲੀ ਤੇ ਮੇਰੀ ਸੱਸ ਮਲਕੀਤ ਕੌਰ ਕਾਰੋਬਾਰ ਦੀਆਂ ਮਾਲਕ ਬਣ ਕੇ ਬੈਠ ਗਈਆਂ...।"


-"ਤੇ ਮਾਂ ਬਾਪ ਦਾ ਕੀ ਬਣਿਆਂ...?"

-"ਬਾਪੂ ਜੀ ਤਾਂ ਡੀ.ਜੀ.ਪੀ. ਦੇ ਦਫ਼ਤਰ ਗਏ, ਮੁੜ ਕਦੇ ਵਾਪਸ ਨਾ ਮੁੜੇ..। ਬਾਪੂ ਜੀ ਨੂੰ ਲੱਭਦੀ ਮੇਰੀ ਮਾਂ ਵਿਚਾਰੀ ਉਂ ਕਮਲ਼ੀ ਹੋਗੀ, ਤੇ ਇੱਕ ਦਿਨ ਦਿਲ ਦਾ ਐਸਾ ਦੌਰਾ ਪਿਆ, ਬੱਸ...।" ਮਾਣੋਂ ਦਾ ਫ਼ਿਰ ਰੋਣ ਨਿਕਲ਼ ਗਿਆ।

-"ਇਹ ਦੁਨੀਆਂ ਵੀ ਕਿੰਨੀ ਬੇਕਿਰਕ ਐ ਸਾਲ਼ੀ...? ਕਦੇ ਕਿਸੇ 'ਤੇ ਤਰਸ ਨੀ ਕਰਦੀ...।" ਪਾਵੀ ਨੂੰ ਹੁਣ ਬੀਅਰ ਕੌੜੀ ਜਿਹੀ ਲੱਗੀ ਅਤੇ ਉਸ ਨੇ ਰਹਿੰਦੀ ਬੀਅਰ ਵੇਟਰ ਦੀ ਟਰੇਅ ਵਿੱਚ ਰੱਖ ਦਿੱਤੀ ਅਤੇ ਆਪ ਅੱਖਾਂ ਬੰਦ ਕਰ ਕੇ ਸਿਰ ਪਿੱਛੇ ਨੂੰ ਸੁੱਟ ਕੁਝ ਸੋਚਣ ਲੱਗ ਪਿਆ।.......

.....ਅਥਾਹ ਮਾਨਸਿਕ ਪੀੜ ਨਾਲ਼ ਗ੍ਰਸੀਆਂ ਅਮਨ ਅਤੇ ਸੋਨੀ ਬਾਂਸਲ ਰੋਈ ਜਾ ਰਹੀਆਂ ਸਨ।

-"ਲੈ, ਚਾਹ ਪਾਣੀ ਤਾਂ ਮੈਂ ਤੈਨੂੰ ਪੁੱਛਿਆ ਈ ਨੀ...।" ਅਚਨਚੇਤ ਅਮਨ ਨੂੰ ਯਾਦ ਆਇਆ।



-"ਨਹੀਂ ਰਹਿਣ ਦੇ ਅਮਨ..। ਮਾਣੋਂ ਦੀ ਗੱਲ ਛੇੜ ਕੇ ਹੁਣ ਕਿਸੇ ਚੀਜ਼ ਨੂੰ ਵੱਢੀ ਰੂਹ ਨਹੀਂ ਕਰਦੀ..। ਵਿਚਾਰੀ ਦਾ ਸਾਰਾ ਪ੍ਰੀਵਾਰ ਉੱਜੜ ਗਿਆ..।"

-"ਪਰ ਇੱਕ ਗੱਲ ਤਾਂ ਚੰਗੀ ਹੋਈ, ਕਿ ਅਖੀਰ ਉਹਨੂੰ ਪਾਵੀ ਨੇ ਅਪਨਾ ਲਿਆ...।"

-"ਹਾਂ 'ਹੈਪੀ ਇੰਡ' ਹੋਇਆ...।"

ਸੋਨੀ ਦੇ "ਨਾਂਹ - ਨਾਂਹ" ਕਰਦਿਆਂ ਵੀ ਅਮਨ ਨੇ ਕੌਫ਼ੀ ਬਣਾ ਲਈ। ਦੋਹਾਂ ਨੇ 'ਪੀਪੇ ਵਾਲ਼ੇ ਬਿਸਕੁਟ' ਵੀ ਖਾਧੇ।

ਦਿਨ ਢਲਦੇ ਹੀ ਸੋਨੀ ਚਲੀ ਗਈ।

ਅਮਨ ਫ਼ਿਰ ਇਕੱਲੀ ਹੋ ਗਈ। ਪਰ ਹੁਣ ਉਸ ਨੂੰ 'ਧਰਵਾਸ' ਅਤੇ ਹੌਂਸਲਾ ਸੀ ਕਿ ਉਸ ਦਾ ਕੋਈ ਇਸ ਦੇਸ਼ ਵਿੱਚ ਸੀ। ਸੋਨੀ ਨੇ ਵੀ ਹਿੱਕ ਤਾਣ ਕੇ ਕਿਹਾ ਸੀ, "ਡੋਲਣ ਡਰਨ ਦੀ ਕੋਈ ਲੋੜ ਨੀ ਅਮਨ, ਇਸ ਦੇਸ਼ ਵਿੱਚ ਕਾਨੂੰਨ ਥੋਡੇ ਨਾਲ਼ ਹੁੰਦੈ..। ਹੌਂਸਲੇ ਨਾਲ਼ ਰਹਿਣੈ...। ਜਦ ਵੀ ਕਦੇ ਮੇਰੀ ਜ਼ਰੂਰਤ ਪਵੇ, ਬੱਸ ਇੱਕ ਘੰਟੀ ਮਾਰਨ ਦੀ ਲੋੜ ਐ, ਅੱਧੀ ਰਾਤੋਂ ਨੰਗੇ ਪੈਰੀਂ ਭੱਜੀ ਆਊਂਗੀ...।" ਇਹਨਾਂ ਬੋਲਾਂ ਨਾਲ਼ ਅਮਨ ਨੂੰ ਖ਼ੁਸ਼ੀ ਦੇ 'ਪਰ' ਲੱਗ ਗਏ। ਉਹ ਸੋਚ ਰਹੀ ਸੀ ਕਿ ਜੇ ਬੰਦਾ ਇੱਕ ਰਸਤਾ ਬੰਦ ਕਰਦਾ ਹੈ, ਤਾਂ ਰੱਬ ਅਗਲੇ ਦਸ ਦਰਵਾਜੇ ਹੋਰ ਖੋਲ੍ਹ ਦਿੰਦਾ ਹੈ...।

ਰੌਨੀਂ ਆਪਣੇ ਫ਼ੋਨ ਵਿੱਚ ਮਸਤ ਸੀ।

ਉਹ ਅਮਨ ਵੱਲੋਂ ਬੇਪ੍ਰਵਾਹ ਸੀ। ਹੁਣ ਅਮਨ ਨੂੰ ਵੀ ਆਦਤ ਜਿਹੀ ਪੈ ਗਈ ਸੀ ਕਿ ਨਾ ਕਿਸੇ ਨੂੰ ਕੁਝ ਪੁੱਛੇ ਅਤੇ ਨਾ ਕੋਈ ਝੋਰਾ ਕਰੇ। ਜਿਸ ਦਿਨ ਬੱਚਾ ਹੋ ਗਿਆ, ਮੈਂ ਉਸ ਬੱਚੇ ਵਿੱਚ ਹੀ ਪਰਚ ਜਾਵਾਂਗੀ...। ਇਸ ਗੱਲ ਦਾ ਅਮਨ ਨੂੰ ਪਰਬਤ ਜਿੱਡਾ ਆਸਰਾ ਸੀ। ਮਿੰਲੀ ਕਦੇ-ਕਦੇ ਗੇੜਾ ਮਾਰਦੀ। ਹੁਣ ਉਹ 'ਸਟੂਡੈਂਟ ਐਕੋਮੋਡੇਸ਼ਨ' ਵਿੱਚ ਰਹਿ ਰਹੀ ਸੀ। ਕਦੇ-ਕਦੇ ਹਫ਼ਤੇ ਦੇ ਅਖੀਰ ਵਿੱਚ ਹੀ ਫ਼ੇਰਾ ਪਾਉਂਦੀ। ਫ਼ੇਰਾ ਵੀ ਕਾਹਦਾ ਪਾਉਂਦੀ...? ਘਰ ਆਉਂਦੀ, 'ਲੁਤਰ-ਲੁਤਰ' ਕਰਦੀ ਅਤੇ ਫ਼ਿਰ ਆਪਣੇ ਦੋਸਤਾਂ ਮਿੱਤਰਾਂ ਨਾਲ਼ 'ਪੱਬ' ਜਾਂ ਕਿਸੇ 'ਕਲੱਬ' ਵਿੱਚ ਚਲੀ ਜਾਂਦੀ। ਰਾਤ ਨੂੰ ਦੋ ਜਾਂ ਤਿੰਨ ਵਜੇ ਆਉਂਦੀ ਅਤੇ ਦੁਪਹਿਰ ਦੇ ਦੋ ਜਾਂ ਤਿੰਨ ਵਜੇ ਤੱਕ ਸੁੱਤੀ ਰਹਿੰਦੀ। ਅਮਨ ਹੈਰਾਨ ਸੀ ਕਿ ਮਿੰਲੀ ਨੂੰ ਨਾ ਮਾਂ ਅਤੇ ਨਾ ਹੀ ਬਾਪ ਕੁਛ ਕਹਿੰਦਾ ਸੀ। ਮਿੰਲੀ ਜਦ ਵੀ ਸ਼ਾਮ ਨੂੰ ਅਮਨ ਕੋਲ਼ ਆਉਂਦੀ, ਉਸ ਦੇ ਮੂੰਹ 'ਚੋਂ 'ਦਾਰੂ' ਦੀ 'ਗੰਧ' ਆਉਂਦੀ।

(ਚਲਦਾ)....

**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ**

## ਅਗਲੇ ਦੋ ਹਫ਼ਤੇ ਤੋਂ ਗੁਰਨਾਮ ਬਾਵਾ ਦਾ ਨਾਵਲ "ਬੰਦੂਕ ਤੋਂ ਕਲਮ ਤੱਕ" ਪਾਠਕਾਂ ਦੀ ਨਜ਼ਰ ਕਰਾਂਗੇ

ਗੁਰਨਾਮ ਬਾਵਾ ਦਾ ਨਵਾਂ ਨਾਵਲ "ਬੰਦੂਕ ਤੋਂ ਕਲਮ ਤੱਕ" ਪੰਜਾਬ ਟਾਈਮਜ਼ ਵਿੱਚ ਅਗਲੇ ਹਫ਼ਤੇ ਤੋਂ ਲੜੀਵਾਰ ਛਾਪਿਆ ਜਾਵੇਗਾ । ਇਹ ਨਾਵਲ ਉਹਨਾਂ ਨੇ 1984 ਤੋਂ ਬਾਅਦ ਦੇ ਪੰਜਾਬ ਦੇ ਕਾਲੇ ਦੌਰ ਬਾਰੇ ਚਾਨਣਾ ਪਾਉਂਦਾ ਹੈ । ਉਮੀਦ ਹੈ ਪਾਠਕ ਪਸੰਦ ਕਰਨਗੇ । ਨਾਵਲ ਬਾਰੇ ਆਪਣੇ ਵਿਚਾਰ ਜ਼ਰੂਰ ਭੇਜੋ । ਧੰਨਵਾਦ ਸਹਿਤ,

ਨਾਵਲ ਮੰਗਵਾਉਣ ਲਈ ਸੰਪਰਕ :

ਲੇਖਕ ਗੁਰਨਾਮ ਬਾਵਾ: 91 830736430


ਵਿਰਾਸਤ ਪ੍ਰਕਾਸ਼ਨ: 91 7888929853

ਸ਼ਾਇਰ ਜਦੀਸ਼ ਰਾਣਾ: 91 7986207849

ਸੰਪਾਦਕ ਪੰਜਾਬ ਟਾਈਮਜ਼

# ਹਿੰਦੂ ਸਮਾਜ ਵਿਚ ਹੋਣ ਲੱਗਾ ਫਿਰਕੂ ਧਰੁਵੀਕਰਨ ਦਾ ਵਿਰੋਧ

**ਅਭੈ ਕੁਮਾਰ ਦੂਬੇ**




ਮੈਂ ਦੇਸ਼ ਵਿਚ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਦੀ ਸਰਕਾਰ ਸਮੇਂ 7 ਮਾਰਚ 2006 'ਚ ਵਾਰਾਣਸੀ ਵਿਖੇ ਵਾਪਰੀ ਇਕ ਘਟਨਾ ਦੀ ਯਾਦ ਦਿਵਾਉਣਾ ਚਾਹੁੰਦਾ ਹਾਂ, ਕਿਉਂਕਿ ਇਸ ਦਾ ਅੱਜ ਵਾਪਰ ਰਹੀਆਂ ਕਈ ਘਟਨਾਵਾਂ ਨਾਲ ਡੂੰਘਾ ਸਬੰਧ ਹੈ। ਕਾਸ਼ੀ ਗੋਸਵਾਮੀ ਤੁਲਸੀਦਾਸ ਦਾ ਸ਼ਹਿਰ ਹੈ ਅਤੇ ਪ੍ਰਚੱਲਿਤ ਮਾਨਤਾ ਅਨੁਸਾਰ ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਇਸ ਸ਼ਹਿਰ 'ਚ ਹਨੂੰਮਾਨ ਜੀ ਦੀਆਂ 11-12 ਮੂਰਤੀਆਂ ਸਥਾਪਿਤ ਕੀਤੀਆਂ ਸਨ, ਜਿਨ੍ਹਾਂ 'ਚੋਂ ਸੰਕਟ ਮੋਚਨ ਮੰਦਰ ਸਭ ਤੋਂ ਵੱਧ ਸਤਿਕਾਰਯੋਗ ਹੈ। ਅੱਤਵਾਦੀਆਂ ਨੇ 7 ਮਾਰਚ ਨੂੰ ਇਸ 500 ਸਾਲ ਪੁਰਾਣੇ ਸੰਕਟ ਮੋਚਨ ਮੰਦਰ ਵਿਚ ਬੰਬ ਧਮਾਕੇ ਕੀਤੇ। ਇਹ ਧਮਾਕੇ ਫਿਰਕੂ ਰਾਜਨੀਤੀ ਦੇ ਬਾਰੂਦ ਨਾਲ ਭਰੇ ਹੋਏ ਸਨ। ਸੰਘ ਪਰਿਵਾਰ ਉੱਤਰ ਪ੍ਰਦੇਸ਼ ਦੀ ਚੋਣ ਰਾਜਨੀਤੀ ਵਿਚ ਆਪਣੇ ਲਗਾਤਾਰ ਘਟਦੇ ਪ੍ਰਭਾਵ ਤੋਂ ਚਿੰਤਤ ਸੀ। ਬੰਬ ਧਮਾਕੇ ਹੋਣ 'ਤੇ ਸੰਘ ਪਰਿਵਾਰ ਦੇ ਦੋ ਪ੍ਰਮੁੱਖ ਨੇਤਾਵਾਂ- ਲਾਲ ਕ੍ਰਿਸ਼ਨ ਅਡਵਾਨੀ ਤੇ ਵਿਨੇ ਕਟਿਆਰ ਨੇ ਤੁਰੰਤ ਮੌਕਾ ਤਾੜਦਿਆਂ ਸੰਕਟ ਮੋਚਨ ਦੇ ਮਹੰਤ ਵੀਰਭੱਦਰ ਮਿਸ਼ਰਾ ਨੂੰ ਘੇਰ ਲਿਆ। ਮਹੰਤ ਅਨੁਸਾਰ ਹਨੂੰਮਾਨ ਜੀ ਦੇ ਨਾਮ 'ਤੇ ਬਣੇ ਸੰਘ ਪਰਿਵਾਰ ਦੇ ਇਕ ਹਮਲਾਵਰ ਸੰਗਠਨ 'ਬਜਰੰਗ ਦਲ' ਦੇ ਸੰਸਥਾਪਕ ਤੇ ਪ੍ਰਧਾਨ ਵਿਨੇ ਕਟਿਆਰ ਨੇ ਮੰਦਰ ਦੇ ਸਾਹਮਣੇ ਧਰਨਾ ਦੇਣ ਦੀ ਯੋਜਨਾ ਬਣਾਈ ਸੀ ਅਤੇ ਅਡਵਾਨੀ ਮੰਦਰ ਤੋਂ ਇਕ ਹੋਰ ਰੱਥ ਯਾਤਰਾ ਸ਼ੁਰੂ ਕਰਨਾ ਚਾਹੁੰਦੇ ਸਨ। ਪਰ ਵੀਰਭੱਦਰ ਮਿਸ਼ਰਾ ਨੇ ਇਨ੍ਹਾਂ ਨੇਤਾਵਾਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਇਸ ਦੌਰਾਨ ਬਨਾਰਸ ਦੇ ਮੁਫਤੀ ਮੌਲਾਨਾ ਅਬਦੁਲ ਬਾਤਿਨ ਨੋਮਾਨੀ ਨੇ ਧਮਾਕਿਆਂ ਦੀ ਨਿੰਦਾ ਕਰਦਿਆਂ ਤੁਰੰਤ ਘਟਨਾ ਸਥਾਨ ਦਾ ਦੌਰਾ ਕੀਤਾ। ਮੌਲਾਨਾ ਨੋਮਾਨੀ ਨੇ ਜ਼ਖਮੀਆਂ ਦੀ ਸਿਹਤਯਾਬੀ ਬਾਰੇ ਪੁੱਛਗਿੱਛ ਕਰਨ ਲਈ ਹਸਪਤਾਲਾਂ ਦਾ ਦੌਰਾ ਵੀ ਕੀਤਾ। ਇਸ ਤੋਂ ਬਾਅਦ ਨੋਮਾਨੀ ਤੇ ਮਿਸ਼ਰਾ ਵਿਚਕਾਰ ਇਕ



ਜ਼ੋਰਦਾਰ ਸਹਿਯੋਗ ਪੈਦਾ ਹੋਇਆ। ਰਾਮ ਨੌਮੀ ਮੌਕੇ ਹੋਣ ਵਾਲੀ ਰਾਮਕਥਾ ਮੰਦਾਕਿਨੀ ਸ਼ੋਭਾ ਯਾਤਰਾ ਲਈ ਚੁਣੇ ਗਏ ਦੋ ਮੁੱਖ ਮਹਿਮਾਨਾਂ 'ਚ ਮੌਲਾਨਾ ਨੋਮਾਨੀ ਤੇ ਪਿਛਲੇ ਸਾਲ ਸ਼ਹਿਰ 'ਚ ਇਕ ਮੰਦਰ ਬਣਾਉਣ ਵਾਲੀ ਵਕੀਲ ਨੂਰ ਫਾਤਿਮਾ ਵੀ ਸ਼ਾਮਿਲ ਹੋਈ ਸੀ, ਜਦਕਿ ਉਸਤਾਦ ਬਿਸਮਿੱਲ੍ਹਾ ਖਾਨ ਦੇ ਪੁੱਤਰ ਮੁਹੰਮਦ ਜਮੀਨ ਖਾਨ ਨੇ ਸ਼ੁਭ ਮੌਕੇ 'ਤੇ ਰਾਮਧੁਨ ਵਜਾਈ। ਜਲੂਸ ਖਤਮ ਹੋਣ 'ਤੇ ਬੁਰਕਾਧਾਰੀ ਮੁਸਲਿਮ ਔਰਤਾਂ- 'ਸਾਰਾ ਭਾਰਤ ਇਕ ਹੈ, ਵੱਖ ਨਹੀਂ ਹੋਣਗੇ ਹਿੰਦੂ ਤੇ ਮੁਸਲਮਾਨ', 'ਮੁਸਲਿਮ ਔਰਤਾਂ ਨੇ ਠਾਣਾ ਹੈ, ਅੱਤਵਾਦ ਮਿਟਾਣਾ ਹੈ' ਦੇ ਨਾਅਰੇ ਲਗਾਉਂਦਿਆ ਸੜਕਾਂ 'ਤੇ ਉਤਰ ਆਈਆਂ। ਇਸ ਰੈਲੀ ਦਾ ਅੰਤ ਉਸੇ ਸੰਕਟ ਮੋਚਨ ਮੰਦਰ 'ਚ ਹੋਇਆ ਅਤੇ ਬੰਬ ਫਟਣ ਵਾਲੀ ਥਾਂ 'ਤੇ ਹਨੂੰਮਾਨ ਚਾਲੀਸਾ ਦਾ ਪਾਠ ਹੋਣ ਬਾਅਦ ਪੂਰਾ ਸੰਕਟ ਮੋਚਨ ਮੰਦਰ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਨਾਲ ਗੂੰਜ ਉੱਠਿਆ ਸੀ।

ਪਿਛਲੇ ਕੁਝ ਹਫ਼ਤਿਆਂ ਦੌਰਾਨ ਦੇਸ਼ ਵਿਚ ਵਾਪਰੀਆਂ ਕੁਝ ਘਟਨਾਵਾਂ 'ਚ ਭਾਜਪਾ ਤੇ ਸੰਘ ਦੀ ਸਮਰਥਕ ਜਥੇਬੰਦੀ ਬਜਰੰਗ ਦਲ ਦੀ ਦਹਿਸ਼ਤ ਤੇ ਧੱਕੇਸ਼ਾਹੀ ਖ਼ਿਲਾਫ਼ ਲੋਕਾਂ ਨੇ ਜਵਾਬ ਦੇਣਾ ਸ਼ੁਰੂ ਕੀਤਾ ਹੈ। ਬਜਰੰਗ ਦਲ ਦੇ ਭਗਵੇਂ ਕੱਪੜਿਆਂ ਤੇ ਡੰਡਿਆਂ ਵਾਲੇ ਵਰਕਰ ਭੱਜਦੇ ਦਿਖਾਈ ਦੇ ਰਹੇ ਹਨ। ਇਸ ਕਹਾਣੀ ਦੀ ਖਾਸ ਗੱਲ ਇਹ ਰਹੀ ਕਿ ਵਿਰੋਧ ਕਰਨ ਵਾਲੇ ਮੁਸਲਮਾਨ ਨਹੀਂ, ਸਗੋਂ ਹਿੰਦੂ ਭਾਈਚਾਰੇ ਦੇ ਨੌਜਵਾਨ ਹਨ। ਕਿਸੇ ਜਗ੍ਹਾ ਹਿੰਦੂ ਨੌਜਵਾਨ ਇਕ-ਦੂਜੇ ਦਾ ਹੱਥ ਫੜ ਕੇ ਨਮਾਜ਼ ਪੜ੍ਹ ਰਹੇ ਮੁਸਲਮਾਨਾਂ ਦੁਆਲੇ ਸੁਰੱਖਿਆ ਜ਼ੰਜੀਰ ਬਣਾਉਂਦੇ ਹਨ ਤਾਂ ਕਿਤੇ ਵੈਲੇਨਟਾਈਨ ਡੇ ਮੌਕੇ ਪਾਰਕਾਂ 'ਚੋਂ ਬਜਰੰਗ ਦਲ ਦੇ ਵਰਕਰਾਂ ਨੂੰ ਹਿੰਦੂ ਲੜਕੇ-ਲੜਕੀਆਂ ਦੁਆਰਾ ਭਜਾਇਆ ਜਾਂਦਾ ਹੈ। ਦੀਪਕ ਕੁਮਾਰ ਵਰਗਾ ਨੌਜਵਾਨ ਇਨ੍ਹਾਂ ਅਨਸਰਾਂ ਤੋਂ ਇਕ ਮੁਸਲਿਮ ਦੁਕਾਨਦਾਰ ਨੂੰ ਬਚਾਉਂਦਿਆਂ ਆਪਣਾ ਨਾਂਅ ਪੁੱਛਣ 'ਤੇ ਮੁਹੰਮਦ ਦੀਪਕ ਦੱਸਦਾ ਹੈ। ਜੇਕਰ 2006 ਦੌਰਾਨ ਬਜਰੰਗ ਦਲ ਦੀਆਂ ਕਾਰਵਾਈਆਂ ਨੂੰ ਹਿੰਦੂ-ਮੁਸਲਿਮ ਏਕਤਾ ਨੇ ਨਾਕਾਮ ਕੀਤਾ ਸੀ ਤਾਂ ਅਜਿਹੀਆਂ ਕਹਾਣੀਆਂ ਹੁਣ ਹਰ ਜਗ੍ਹਾ ਚੱਲ ਰਹੀਆਂ ਹਨ। ਦਰਅਸਲ 2014 ਤੋਂ ਬਜਰੰਗ ਦਲ ਨੇ ਗਲੀਆਂ, ਮੁਹੱਲਿਆਂ, ਪਾਰਕਾਂ, ਚੌਰਾਹਿਆਂ ਤੇ ਹੋਰ ਜਨਤਕ ਥਾਵਾਂ 'ਤੇ ਆਪਣੀ ਧੱਕੇਸ਼ਾਹੀ 'ਤੇ ਮੋਹਰ ਲਗਾ ਦਿੱਤੀ ਤਾਂ ਲੋਕ ਉਨ੍ਹਾਂ ਤੋਂ ਡਰਨ ਤੇ ਬਚਣ ਲੱਗੇ ਸਨ। ਪਰ ਹੁਣ ਇਨ੍ਹਾਂ ਨੂੰ ਆਪਣੀ ਧੱਕੇਸ਼ਾਹੀ ਦਾ ਜਵਾਬ ਮਿਲਣ ਲੱਗ ਪਿਆ ਹੈ, ਜਵਾਬ ਮਿਲਣ ਨਾਲ ਮਾਹੌਲ ਬਦਲ ਰਿਹਾ ਹੈ। ਹੁਣ ਲੋਕ ਮੋਦੀ ਜੀ ਦੇ ਭਾਸ਼ਣਾਂ ਤੋਂ ਪ੍ਰਭਾਵਿਤ ਨਹੀਂ ਹੋ ਰਹੇ, ਉਨ੍ਹਾਂ ਦੀਆਂ ਚਾਲਾਂ ਨਾਕਾਮ ਹੋ ਰਹੀਆਂ ਹਨ। ਮੋਦੀ ਨੇ ਡੋਨਾਲਡ ਟਰੰਪ ਨੂੰ ਵਪਾਰ ਸੌਦੇ ਦਾ ਐਲਾਨ ਕਰਨ ਲਈ ਪ੍ਰੇਰਿਆ ਅਤੇ ਦਿੱਲੀ ਵਿਖੇ ਏ.ਆਈ. ਸੰਮੇਲਨ ਕਰਵਾਇਆ ਤਾਂ ਜੋ ਜਨਰਲ ਨਰਵਣੇ ਦੀ ਕਿਤਾਬ ਕਾਰਨ ਪੈਦਾ ਹੋਏ ਸੰਕਟ, ਯੂ.ਜੀ.ਸੀ. ਨਿਯਮਾਂ ਦੁਆਰਾ ਭਾਜਪਾ ਦੇ ਕੋਰ ਵੋਟ ਵਿਚ ਪੈਦਾ ਹੋਈ ਉਲਝਣ ਅਤੇ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਦੇ ਐਪਸਟਾਈਨ ਫਾਈਲ ਵਿਚ ਫਸਣ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਨੂੰ ਢਕਿਆ ਜਾ ਸਕੇ। ਮੋਦੀ ਆਪਣੇ ਬਣਾਏ ਜਾਲ 'ਚ ਫਸ ਗਏ ਹਨ ਤੇ ਰਾਸ਼ਟਰੀ ਰਾਜਨੀਤੀ ਦਾ ਬਿਰਤਾਂਤ ਮੋਦੀ ਦੇ ਹੱਥਾਂ ਤੋਂ ਤੇਜ਼ੀ ਨਾਲ ਖਿਸਕ ਰਿਹਾ ਹੈ।




ਦੀਪਕ ਮੁਹੰਮਦ ਨੇ ਰਾਹੁਲ ਗਾਂਧੀ ਦੇ ਸੱਦੇ 'ਤੇ ਦਿੱਲੀ ਆ ਕੇ ਮੁਲਾਕਾਤ ਕਰਨ ਤੋਂ ਬਾਅਦ ਪੱਤਰਕਾਰਾਂ ਨੂੰ ਦੱਸਿਆ ਕਿ ਰਾਹੁਲ ਗਾਂਧੀ ਨੇ ਉਸ ਦੇ ਪਰਿਵਾਰ ਨਾਲ ਗੱਲ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ; ਕਿਉਂਕਿ ਉਸ ਨੇ ਕੁਝ ਵੀ ਗਲਤ ਨਹੀਂ ਕੀਤਾ। ਰਾਹੁਲ ਗਾਂਧੀ ਨੇ ਸੋਸ਼ਲ ਮੀਡੀਆ 'ਤੇ ਪੋਸਟ ਪਾ ਕੇ ਦੱਸਿਆ ਕਿ ਉਹ ਉੱਤਰਾਖੰਡ ਦੇ ਮੁਹੰਮਦ ਦੀਪਕ ਨੂੰ ਮਿਲੇ ਹਨ, ਜਿਸ ਨੇ ਏਕਤਾ, ਭਾਈਚਾਰੇ ਤੇ ਹਿੰਮਤ ਦੀ ਇਕ ਉਦਾਹਰਨ ਕਾਇਮ ਕਰਦਿਆਂ ਦੇਸ਼ ਦੇ ਹਰ ਨੌਜਵਾਨ ਨੂੰ ਅਨਿਆਂ ਤੇ ਨਫ਼ਰਤ ਵਿਰੁੱਧ ਲੜਨ ਲਈ ਪ੍ਰੇਰਿਤ ਕੀਤਾ ਹੈ। ਦੀਪਕ 'ਪਿਆਰ ਦੀ ਦੁਕਾਨ' ਦਾ ਯੋਧਾ ਹੈ-ਪੂਰੇ ਦੇਸ਼ ਨੂੰ ਉਸ 'ਤੇ ਮਾਣ ਹੈ। ਮੇਰਾ ਮੰਨਣਾ ਹੈ ਕਿ ਜੇਕਰ ਬਦਾਯੂੰ ਵਿਖੇ ਕੁਝ ਦਲੇਰ ਹਿੰਦੂ ਨੌਜਵਾਨ ਮੌਜੂਦ ਹੁੰਦੇ ਤਾਂ ਬਜਰੰਗ ਦਲ ਦੇ ਵਰਕਰ ਅਕਸ਼ੈ ਨੂੰ ਸਬਕ ਸਿਖਾਇਆ ਜਾ ਸਕਦਾ ਸੀ, ਜੋ ਕੁਝ ਮੁਸਲਿਮ ਬਜ਼ੁਰਗਾਂ ਨੂੰ ਬੇਵਜ੍ਹਾ ਕੁੱਟਦਿਆਂ ਗਾਲਾਂ ਕੱਢ ਰਿਹਾ ਸੀ। ਭਾਵੇਂ ਪੁਲਿਸ ਨੇ ਇਸ ਨੂੰ ਗ੍ਰਿਫ਼ਤਾਰ ਕਰ ਲੈਣ ਦਾ ਦਾਅਵਾ ਕੀਤਾ ਹੈ। ਮੇਰਾ ਮੰਨਣਾ ਹੈ ਕਿ ਬਜਰੰਗ ਦਲ ਵਾਲੇ ਇਸ ਲਈ ਜ਼ਿਆਦਤੀ ਕਰਦੇ ਹਨ, ਕਿਉਂਕਿ ਉਨ੍ਹਾਂ ਨੂੰ ਲਗਦਾ ਹੈ ਕਿ ਸਮਾਜ ਉਨ੍ਹਾਂ ਦੇ ਅਜਿਹੇ ਕਾਰਿਆਂ ਦੀ ਪ੍ਰਸ਼ੰਸਾ ਕਰੇਗਾ। ਭਾਜਪਾ ਤੇ ਸੰਘ ਦੇ ਅੰਦਰ ਉਨ੍ਹਾਂ ਦਾ ਸਤਿਕਾਰ ਵਧੇਗਾ।

ਬਜਰੰਗ ਦਲ ਦੇ ਇਤਿਹਾਸ 'ਤੇ ਇਕ ਨਜ਼ਰ ਮਾਰੀਏ ਤਾਂ ਇਸ ਸੰਗਠਨ ਦੀ ਸਥਾਪਨਾ 1984 ਵਿਚ ਹੋਈ ਸੀ, ਜਦੋਂ ਸਰਕਾਰ ਨੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਰਾਮ-ਜਾਨਕੀ ਯਾਤਰਾ ਦੀ ਸੁਰੱਖਿਆ ਲਈ ਪੁਲਿਸ ਤਾਇਨਾਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਉਸ ਸਮੇਂ ਸੰਘ ਪਰਿਵਾਰ ਨੇ ਇਸ ਸੰਗਠਨ ਦੀ ਅਗਵਾਈ ਵਿਸ਼ੇਸ਼ ਤੌਰ 'ਤੇ ਓਬੀਸੀ ਭਾਈਚਾਰੇ ਦੇ ਨੌਜਵਾਨਾਂ ਨੂੰ ਸੌਂਪਦਿਆਂ ਵਿਨੈ ਕਟਿਆਰ ਇਕ ਕੁਰਮੀ ਨੂੰ ਇਸ ਦਾ ਪ੍ਰਧਾਨ ਨਿਯੁਕਤ ਕੀਤਾ ਸੀ। ਸ਼ੁਰੂਆਤੀ ਪੜਾਅ ਦੌਰਾਨ ਇਕ ਵਿਸ਼ੇਸ਼ ਰੁਝਾਨ ਤਹਿਤ ਸੰਗਠਨ ਦੇ ਲਗਭਗ ਸਾਰੇ ਨੇਤਾ ਤੇ ਕਾਰਕੁੰਨ ਪਛੜੀਆਂ ਜਾਤੀਆਂ ਤੋਂ ਲਏ ਗਏ ਅਤੇ ਉੱਚ-ਜਾਤੀ ਦੇ ਨੇਤਾਵਾਂ ਤੇ ਵਰਕਰਾਂ ਨੂੰ ਜਾਣਬੁੱਝ ਕੇ ਪਿੱਛੇ ਰੱਖਿਆ ਗਿਆ ਸੀ। ਭਾਜਪਾ ਦੇ ਨੇਤਾ ਡੂੰਘੀ ਗੱਲਬਾਤ ਦੌਰਾਨ ਕਹਿੰਦੇ ਹਨ ਕਿ ਉਨ੍ਹਾਂ ਨੇ ਇਹ ਸੰਗਠਨ ਸਿਰਫ਼ ਆਪਣੇ ਵਿਰੋਧੀਆਂ ਨੂੰ ਦਬਾਉਣ ਲਈ ਬਣਾਇਆ ਸੀ। ਭਾਜਪਾ ਤੇ ਆਰ.ਐੱਸ.ਐੱਸ ਦੇ ਉੱਚ-ਜਾਤੀ ਆਗੂਆਂ ਦੀ ਓ.ਬੀ.ਸੀ. ਨੌਜਵਾਨਾਂ ਨੂੰ ਧੱਕੇਸ਼ਾਹੀ ਲਈ ਵਰਤਣ ਦੀ ਇਸ ਸਿਆਸੀ ਤਕਨੀਕ ਵੱਲ ਆਲੋਚਕਾਂ ਦਾ ਧਿਆਨ ਬਹੁਤ ਦੇਰ ਬਾਅਦ ਗਿਆ। ਬਜਰੰਗ ਦਲ ਹਿੰਦੂਤਵ ਦੀ ਰਾਜਨੀਤੀ ਵਿਚ ਉੱਚ-ਜਾਤੀ ਦੀ ਰਾਜਨੀਤੀ ਦੇ ਅੰਦਰ ਜਾਤੀਵਾਦ ਤੇ ਦਬਦਬੇ ਦਾ ਪ੍ਰਮਾਣ ਹੈ। ਉੱਚ ਜਾਤੀਆਂ ਰਣਨੀਤੀਆਂ ਬਣਾ ਕੇ ਇਨਾਮ ਹਾਸਲ ਕਰਦੀਆਂ ਹਨ ਅਤੇ ਹਿੰਸਾ ਤੇ ਧੱਕੇਸ਼ਾਹੀ ਓ.ਬੀ.ਸੀ. ਜਾਤੀਆਂ ਤੋਂ ਕਰਵਾਈ ਜਾਂਦੀ ਹੈ। ਹੁਣ ਹਿੰਦੂਤਵ ਦੇ ਕੱਟੜਪੰਥੀਆਂ ਨੂੰ ਸਮਾਜ ਦੀਆਂ ਉਦਾਰਵਾਦੀ ਤੇ ਭਾਈਚਾਰਕ ਸਾਂਝ ਵਾਲੀਆਂ ਤਾਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਇਕ ਵਧੀਆ ਸੰਕੇਤ ਹੈ। ਅਜਿਹੀਆਂ ਕੁਝ ਹੋਰ ਕੋਸ਼ਿਸ਼ਾਂ ਨਾਲ ਸਮਾਜ ਬਜਰੰਗ ਦਲ ਜਿਹੇ ਸੰਗਠਨਾਂ ਦੇ ਡਰ ਦੀ ਪਕੜ ਤੋਂ ਪੂਰੀ ਤਰ੍ਹਾਂ ਮੁਕਤ ਹੋਣਾ ਸ਼ੁਰੂ ਹੋ ਜਾਵੇਗਾ।

*-ਲੇਖਕ ਅੰਬੇਡਕਰ ਯੂਨੀਵਰਸਿਟੀ, ਦਿੱਲੀ ਵਿਖੇ ਭਾਰਤੀ ਭਾਸ਼ਾਵਾਂ ਵਿਚ ਪੁਰਾਲੇਖ ਖੋਜ ਪ੍ਰੋਗਰਾਮ ਦੇ ਸਾਬਕਾ ਪ੍ਰੋਫੈਸਰ ਤੇ ਨਿਰਦੇਸ਼ਕ ਹਨ।*

# ਅਬਾਦੀ ਦਾ ਅੱਧ ਪਰ ਅਧੂਰੇ ਹੱਕ

ਗੁਰਮੀਤ ਸਿੰਘ ਪਲਾਹੀ
9815802070



ਦੇਸ਼ ਭਾਰਤ ਦੀ ਲਗਭਗ ਅੱਧੀ ਅਬਾਦੀ ਦੇਸ਼ ਦੀ ਅਜ਼ਾਦੀ ਦੇ 78 ਵਰ੍ਹਿਆਂ ਬਾਅਦ ਵੀ ਰੂੜ੍ਹੀਵਾਦੀ ਪਰੰਪਰਾਵਾਂ ਤੋਂ ਮੁਕਤੀ ਨਹੀਂ ਪਾ ਸਕੀ। ਅਜ਼ਾਦੀ ਦੀ ਪੌਣੀ ਸਦੀ ਬੀਤ ਜਾਣ ਬਾਅਦ ਵੀ ਭਾਰਤੀ ਸਮਾਜ ਵਿੱਚ ਔਰਤ ਨੂੰ ਬਰਾਬਰੀ, ਸੁਰੱਖਿਆ ਅਤੇ ਮੌਕਿਆਂ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਜਦੋਂ ਸਮਾਜ ਦੀ ਅੱਧੀ ਅਬਾਦੀ ਨੂੰ ਪੂਰੇ ਹੱਕ ਹੀ ਨਾ ਮਿਲ ਰਹੇ ਹੋਣ, ਤਾਂ ਉਹਨਾਂ ਦੇ ਹੱਕ ਹੀ ਨਹੀਂ ਬਲਕਿ ਅਜ਼ਾਦੀ ਵੀ ਅਧੂਰੀ ਹੀ ਰਹਿੰਦੀ ਹੈ। ਭਾਰਤੀ ਸਮਾਜ ਵਿੱਚ ਵਿਚਰਨ ਲਈ ਔਰਤ ਅੱਗੇ ਵੱਡੀਆਂ ਚੁਣੌਤੀਆਂ ਹਨ, ਜਿਨ੍ਹਾਂ ਨੂੰ ਸਵੀਕਾਰ ਕਰਨ ਦੇ ਬਾਵਜੂਦ ਵੀ ਉਹ ਮਰਦ ਪ੍ਰਧਾਨ ਸਮਾਜ ਵਿੱਚ ਆਪਣਾ ਬਣਦਾ ਰੁਤਬਾ ਅਤੇ ਸਥਾਨ ਪ੍ਰਾਪਤ ਕਰਨ ਦੇ ਯੋਗ ਨਹੀਂ ਹੋ ਰਹੀ। ਹਾਲਾਂਕਿ ਉਹ ਹਰ ਖੇਤਰ ਵਿੱਚ ਆਤਮ-ਵਿਸ਼ਵਾਸ ਅਤੇ ਹੌਸਲੇ ਨਾਲ ਪੁਲਾਂਘਾਂ ਪੁੱਟ ਰਹੀ ਹੈ ਤੇ ਅੱਗੇ ਵਧਣ ਲਈ ਯਤਨਸ਼ੀਲ ਹੈ।

ਸਿਆਸਤ ਦੇ ਖੇਤਰ ਵਿੱਚ ਉਸਦੀ ਭਾਗੀਦਾਰੀ ਮਸਾਂ 14 ਫ਼ੀਸਦੀ ਹੈ। 543 ਲੋਕ ਸਭਾ ਲਈ ਚੁਣੇ ਮੈਂਬਰਾਂ ਵਿੱਚ ਉਹਨਾਂ ਦੀ ਗਿਣਤੀ 78 ਹੈ, (ਸਿਰਫ਼ 13 ਫ਼ੀਸਦੀ) ਜਦਕਿ ਦੇਸ਼ ਦੇ ਸਾਰੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੇ 4600 ਤੋਂ ਵੱਧ ਮੈਂਬਰਾਂ ਵਿੱਚੋਂ ਮਸਾਂ 400 ਤੋਂ ਕੁਝ ਵੱਧ ਮੈਂਬਰ ਇਸਤਰੀਆਂ ਹਨ। ਇਹ ਪ੍ਰਤੀਸ਼ਤ ਨੌਂ ਫ਼ੀਸਦੀ ਤੋਂ ਵੱਧ ਨਹੀਂ।

ਹਰ ਖੇਤਰ ਵਿੱਚ ਔਰਤਾਂ ਦੀ ਹਿੱਸੇਦਾਰੀ ਅਤੇ ਉਸ ਦਾ ਹੱਕ ਵੱਡਾ ਹੈ, ਪਰ ਹਾਲੇ ਤੱਕ ਉਸ ਦੀ ਪ੍ਰਾਪਤੀ ਸਿਹਤ ਦੇ ਖੇਤਰ ਵਿੱਚ 29 ਫ਼ੀਸਦੀ, ਆਈ.ਟੀ. ਦੇ ਖੇਤਰ ਵਿੱਚ 23 ਫ਼ੀਸਦੀ, ਬੈਂਕਿੰਗ ਵਿੱਚ 17 ਫ਼ੀਸਦੀ, ਕਾਨੂੰਨ ਦੇ ਖੇਤਰ ਵਿੱਚ 14 ਫ਼ੀਸਦੀ, ਸਿੱਖਿਆ ਦੇ ਖੇਤਰ ਵਿੱਚ 13 ਫ਼ੀਸਦੀ, ਖੇਤੀ ਖੇਤਰ ਵਿੱਚ 13 ਫ਼ੀਸਦੀ ਹੈ; ਜਦਕਿ ਸਟਾਰਟਅਪ ਵਿੱਚ 5 ਫ਼ੀਸਦੀ, ਸੁਰੱਖਿਆ ਵਿੱਚ 4 ਫ਼ੀਸਦੀ ਅਤੇ ਮੈਨੂਫੈਕਚਰਿੰਗ ਵਿੱਚ ਤਿੰਨ ਫ਼ੀਸਦੀ ਤੋਂ ਵੱਧ ਨਹੀਂ ਟੱਪ ਸਕੀ। ਪਰ ਸਮਾਜਿਕ ਤਾਣੇ-ਬਾਣੇ ਅਤੇ ਪੁਰਸ਼ ਪ੍ਰਧਾਨ ਸਮਾਜ ਦੀ ਬਣਤਰ ਦੇ ਚਲਦਿਆਂ ਖੇਤੀ ਖੇਤਰ ਵਿੱਚ ਕਾਮੇ ਵਜੋਂ 64 ਫ਼ੀਸਦੀ ਔਰਤਾਂ ਹਨ।

ਔਰਤਾਂ, ਖ਼ਾਸ ਕਰ ਘਰੇਲੂ ਔਰਤਾਂ ਨੂੰ, ਜਿਹੜਾ ਹੱਕ ਅਤੇ ਆਦਰ-ਸਤਿਕਾਰ ਮਿਲਣਾ ਚਾਹੀਦਾ ਸੀ, ਉਹ ਹਾਲੇ ਤੱਕ ਵੀ ਨਹੀਂ ਮਿਲ ਸਕਿਆ। ਬਿਨਾਂ ਸ਼ੱਕ ਸਿੱਖਿਆ, ਬੈਂਕਿੰਗ, ਨਰਸਿੰਗ ਅਤੇ ਆਈ.ਟੀ. ਖੇਤਰ ਵਿੱਚ ਉਹਨਾਂ ਦੀ ਹਾਜ਼ਰੀ ਵੇਖਣ ਨੂੰ ਮਿਲਦੀ ਹੈ, ਪਰ ਕੀ ਇਹ ਹੈਰਾਨ ਕਰਨ ਵਾਲੀ ਗੱਲ ਨਹੀਂ ਕਿ ਖੇਤੀ ਖੇਤਰ ਵਿੱਚ ਉਸ ਦੀ ਇਕੱਲੀ ਮਾਲਕੀ 13 ਫ਼ੀਸਦੀ ਤੋਂ ਵੱਧ ਨਹੀਂ? ਭਾਵ ਮਰਦ ਪ੍ਰਧਾਨ ਸਮਾਜ ਦਾ ਪਰਛਾਵਾਂ ਲਗਭਗ ਹਰ ਥਾਂ ਦਿਖਾਈ ਦਿੰਦਾ ਹੈ। ਅਸਲ ਵਿੱਚ ਸਮਾਜ ਦਾ ਵੱਡਾ ਹਿੱਸਾ ਉਸ ਨੂੰ ਬਰਾਬਰੀ ਦੇ ਹੱਕ ਦੇਣੇ ਪ੍ਰਵਾਨ ਨਹੀਂ ਕਰ ਰਿਹਾ। ਭਾਵੇਂ ਕਿ ਸਰਕਾਰੀ ਤੌਰ 'ਤੇ ਵੱਡੇ ਕਾਨੂੰਨ ਔਰਤ ਦੇ ਹੱਕ ਵਿੱਚ ਬਣਾਏ ਹੋਏ ਹਨ, ਪਰ ਘਰ, ਦਫ਼ਤਰ ਅਤੇ ਪਬਲਿਕ ਥਾਵਾਂ ਉੱਤੇ ਔਰਤ ਲਈ ਬਣੇ ਕਾਨੂੰਨ ਜ਼ਮੀਨੀ ਪੱਧਰ 'ਤੇ ਸੁਖਾਵੇਂ ਨਹੀਂ ਹਨ।

ਅਜੋਕੇ ਸਮਾਜ ਵਿੱਚ ਘਰੇਲੂ ਹਿੰਸਾ ਵਿੱਚ ਲਗਾਤਾਰ ਵਾਧਾ ਹੋਇਆ ਹੈ। ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਘਰੇਲੂ ਹਿੰਸਾ ਕਾਨੂੰਨ ਆਈ.ਪੀ.ਸੀ. 498 ਅਤੇ ਹੁਣ ਬੀ.ਐਨ.ਐਸ. 85 ਦੇ ਤਹਿਤ 80 ਫ਼ੀਸਦੀ ਮਾਮਲਿਆਂ ਵਿੱਚ ਪੀੜ੍ਹਤ ਔਰਤਾਂ ਨੂੰ ਇਨਸਾਫ਼ ਹੀ ਨਹੀਂ ਮਿਲਦਾ। ਬਿਨਾਂ ਸ਼ੱਕ ਕਾਨੂੰਨ ਮਜ਼ਬੂਤ ਹੈ, ਪਰ ਇਨਸਾਫ਼ ਤੱਕ ਪਹੁੰਚ ਪੈਸੇ ਅਤੇ ਚੰਗੇ ਵਕੀਲ 'ਤੇ ਨਿਰਭਰ ਹੈ। ਪੇਂਡੂ ਔਰਤਾਂ ਲਈ ਇਨਸਾਫ਼ ਤਾਂ ਨਾ-ਬਰਾਬਰ ਹੀ ਹੈ।

ਘਰੇਲੂ ਹਿੰਸਾ ਵਰਤਾਰਾ ਔਰਤਾਂ ਲਈ ਇੱਕ ਹੋਰ ਸੰਕਟ ਹੈ। ਔਰਤਾਂ ਲਈ ਕੰਮ ਦੀ ਥਾਂ 'ਤੇ ਦੁਰਵਿਵਹਾਰ- "ਇਗਨੋਰ ਕਰੋ, ਸਮਝੌਤਾ ਕਰੋ, ਆਵਾਜ਼ ਨਾ ਚੁੱਕੋ"- ਜਿਹੀ ਪ੍ਰਵਿਰਤੀ ਵੀ ਵੱਡੀ ਸਮੱਸਿਆ ਹੈ। ਕੰਮ ਵਾਲੀਆਂ ਥਾਵਾਂ 'ਤੇ ਬਣੇ ਕਾਨੂੰਨ ਪੋਸ਼ ਐਕਟ 2013, ਅਰਥਾਤ ਸੈਕਸੁਅਲ ਹਰਾਸਮੈਂਟ ਆਫ਼ ਵੋਮੈਨ ਐਟ ਵਰਕਪਲੇਸ ਐਕਟ ਨੂੰ ਵੀ ਕਦੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਨਹੀਂ ਹੋਣ ਦਿੱਤਾ ਗਿਆ।

ਦੇਸ਼ ਵਿੱਚ 16.9 ਲੱਖ ਕੰਪਨੀਆਂ, 2.5 ਲੱਖ ਫੈਕਟਰੀਆਂ ਅਤੇ 6 ਲੱਖ ਮਾਲ-ਸ਼ੋਰੂਮ ਹਨ। ਪਰ ਇਹਨਾਂ ਥਾਵਾਂ ਉੱਤੇ ਔਰਤਾਂ ਅਤੇ ਲੜਕੀਆਂ ਨਾਲ ਹੋ ਰਹੇ ਮਾਨਸਿਕ ਅਤੇ ਸਰੀਰਕ ਦੁਰਵਿਵਹਾਰ, ਜਿਨਸੀ ਸ਼ੋਸ਼ਣ ਦੀ ਬਹੁਤਾਤ ਔਰਤਾਂ ਲਈ ਵੱਡੀ ਚੁਣੌਤੀ ਹੈ, ਜੋ ਸਮਾਜ ਨੂੰ ਕਲੰਕਿਤ ਕਰ ਰਹੀ ਹੈ।

ਰਾਸ਼ਟਰੀ ਮਹਿਲਾ ਕਮਿਸ਼ਨ ਨੂੰ 2018 ਤੋਂ 2023 ਦੇ ਵਿਚਕਾਰ ਸੈਂਕੜੇ ਸ਼ਿਕਾਇਤਾਂ ਕੰਮਕਾਜੀ ਥਾਵਾਂ ਉੱਤੇ ਦੁਰਵਿਵਹਾਰ ਦੀਆਂ ਮਿਲੀਆਂ, ਪਰ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲ ਸਕੀਆਂ। ਇਸ ਦੇ ਨਾਲ ਹੀ ਸਰਬਜਨਕ ਥਾਵਾਂ ਉੱਤੇ ਲੜਕੀਆਂ ਲਈ ਗੁੰਡਾ ਅਨਸਰਾਂ ਵੱਲੋਂ ਕੀਤੀ ਛੇੜਛਾੜ ਲਈ ਮਹਿਲਾ ਸੁਰੱਖਿਆ ਦੇ ਕਾਨੂੰਨ ਵੀ ਮੌਜੂਦ ਹਨ। ਬੀ.ਐਨ.ਐਸ. 74 ਅਤੇ 79 ਵਰਗੇ ਕਾਨੂੰਨ ਛੇੜਛਾੜ ਅਤੇ ਲੜਕੀਆਂ ਦਾ ਪਿੱਛਾ ਕਰਨ ਦੇ ਮਾਮਲਿਆਂ ਲਈ ਬਣੇ ਹਨ। ਫਰਵਰੀ 2025 ਵਿੱਚ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੀ ਇੱਕ ਰਿਪੋਰਟ ਅਨੁਸਾਰ ਪਿਛਲੇ ਕੁਝ ਸਾਲਾਂ ਵਿੱਚ ਇਹ ਮਾਮਲੇ ਪਹਿਲਾਂ ਨਾਲੋਂ 33 ਫ਼ੀਸਦੀ ਵਧੇ ਹਨ। ਮਾਮਲੇ ਦਰਜ ਵੀ ਹੋਏ ਹਨ, ਪਰ ਕੇਸ ਲੰਬੇ ਚੱਲਦੇ ਹਨ। ਦੇਰੀ ਅਤੇ ਦਬਾਅ ਪੀੜਤਾਂ ਲਈ ਇਨਸਾਫ਼ ਵਿੱਚ ਵੱਡਾ ਰੋੜਾ ਹੈ। ਔਰਤ ਨਾਲ ਕਰੂਰਤਾ ਹੁੰਦੀ ਹੈ, ਦਬਾਅ ਬਣਦਾ ਹੈ, ਨਵੇਂ ਕਾਨੂੰਨ ਬਣਦੇ ਹਨ, ਪਰ ਇਹ ਸਭ ਕੁਝ ਲੋਕਾਂ ਨੂੰ ਸ਼ਾਂਤ ਕਰਨ ਲਈ ਹੈ, ਔਰਤਾਂ ਦੀਆਂ ਸਮੱਸਿਆਵਾਂ ਦਾ ਹੱਲ ਨਹੀਂ।

ਦਾਜ-ਦਹੇਜ, ਦਹੇਜ ਲਈ ਔਰਤਾਂ ਨੂੰ ਮਾਰਨਾ, ਘਰੇਲੂ ਹਿੰਸਾ, ਕੰਨਿਆ ਭਰੂਣ ਹੱਤਿਆ, ਦੁਰਵਿਵਹਾਰ ਆਦਿ ਸੰਬੰਧੀ ਦੇਸ਼ ਵਿੱਚ ਬੇਅੰਤ ਕਾਨੂੰਨ ਹਨ। ਇਹਨਾਂ ਕਾਨੂੰਨਾਂ ਤਹਿਤ ਕੇਸ ਵੀ ਵੱਡੀ ਗਿਣਤੀ ਵਿੱਚ ਦਰਜ ਹੁੰਦੇ ਹਨ, ਪਰ ਇਹਨਾਂ ਅਪਰਾਧਾਂ ਵਿੱਚ ਦੋਸ਼ ਸਿੱਧ ਹੋਣ ਦੀ ਦਰ 20 ਤੋਂ 30 ਫ਼ੀਸਦੀ ਦੇ ਵਿਚਕਾਰ ਰਹਿੰਦੀ ਹੈ, ਜਦਕਿ ਆਮ ਮਾਮਲਿਆਂ ਵਿੱਚ ਦੋਸ਼ ਸਿੱਧੀ ਦੀ ਦਰ 54 ਫ਼ੀਸਦੀ ਰਹਿੰਦੀ ਹੈ। ਕੀ ਇਹ ਔਰਤ ਨਾਲ ਹੋ ਰਿਹਾ ਵੱਡਾ ਵਿਤਕਰਾ ਨਹੀਂ?

ਇਨ੍ਹੀਂ ਦਿਨੀਂ ਪਿੰਡ ਪੰਚਾਇਤਾਂ ਅਤੇ ਖਾਪਾਂ ਵਿੱਚ ਇਨਸਾਫ਼ ਦੇ ਮਾਮਲਿਆਂ ਵਿੱਚ ਔਰਤ ਨਾਲ ਬੇਇਨਸਾਫ਼ੀ ਵੇਖਣ ਨੂੰ ਮਿਲਦੀ ਹੈ। ਭਾਵੇਂ ਕਿ ਪਿੰਡਾਂ ਵਿੱਚ ਪੰਚਾਇਤਾਂ ਬਣੀਆਂ ਹਨ ਅਤੇ ਨਵੇਂ ਐਕਟ ਅਨੁਸਾਰ 50 ਫ਼ੀਸਦੀ ਔਰਤਾਂ ਨੂੰ ਸਰਪੰਚ ਤੇ ਪੰਚ ਬਣਾਇਆ ਜਾ ਰਿਹਾ ਹੈ, ਪਰ ਜ਼ਮੀਨੀ ਪੱਧਰ 'ਤੇ ਉਹਨਾਂ ਦੇ ਅਧਿਕਾਰ ਮਰਦਾਂ ਦੇ ਹੱਥ ਵਿੱਚ ਹਨ।

ਫ਼ੈਸਲਿਆਂ ਅਤੇ ਕਾਰਜਾਂ ਵਿੱਚ ਉਹਨਾਂ ਦੀ ਸ਼ਮੂਲੀਅਤ ਨਾ ਹੋਇਆਂ ਵੇਖਣ ਨੂੰ ਮਿਲਦੀ ਹੈ। ਸਥਾਨਕ ਸਰਕਾਰਾਂ ਵਿੱਚ ਹਾਲਾਂਕਿ ਉਹਨਾਂ ਨੂੰ ਚੁਣ ਕੇ ਅੱਗੇ ਲਿਆਂਦਾ ਜਾਂਦਾ ਹੈ, ਪਰ ਉਹਨਾਂ ਦੀ ਥਾਂ ਦਫ਼ਤਰਾਂ ਵਿੱਚ ਕੰਮ ਕਰਾਉਣ ਲਈ ਉਹਨਾਂ ਦੇ ਪਰਿਵਾਰਕ ਮਰਦ ਮੈਂਬਰ ਜਾਂਦੇ ਵੇਖੇ ਗਏ ਹਨ-ਭਾਵ ਪ੍ਰੌਕਸੀ ਦੇ ਤੌਰ 'ਤੇ ਉਹਨਾਂ ਦੇ ਹੱਕ ਦੀ ਵਰਤੋਂ ਕਰਦੇ ਹਨ।

ਸਮਾਜ ਦੇ ਬਣੇ ਭੈੜੇ ਰਸਮੋ-ਰਿਵਾਜ-ਕਿ ਬੇਟੀ ਆਪਣੇ ਪਿਤਾ ਦੀ ਅਰਥੀ ਨੂੰ ਮੋਢਾ ਨਹੀਂ ਦੇ ਸਕਦੀ, ਘਰ ਦੇ ਬਾਹਰ ਉਸ ਦੀ ਨੇਮ-ਪਲੇਟ ਨਹੀਂ ਲੱਗ ਸਕਦੀ, ਵਿਧਵਾ ਔਰਤਾਂ ਸਿਰਫ਼ ਸਫ਼ੈਦ ਸਾੜੀ ਪਹਿਨਣਗੀਆਂ-ਦਾਜ-ਦਹੇਜ ਦੀ ਵੱਧ ਰਹੀ ਪ੍ਰਥਾ, ਕੁੱਖ ਵਿੱਚ ਬੱਚੀਆਂ ਨੂੰ ਮਾਰਨਾ, ਲੜਕੀਆਂ ਨੂੰ ਬਚਪਨ ਵਿੱਚ ਕੁਪੋਸ਼ਣ ਦਾ ਸ਼ਿਕਾਰ ਬਣਾਈ ਰੱਖਣਾ-ਇਹ ਕੁਝ ਐਸੇ ਕਲੰਕ ਹਨ ਜਿਨ੍ਹਾਂ ਨੇ ਭਾਰਤੀ ਸਮਾਜ ਦੇ ਰੂੜ੍ਹੀਵਾਦੀ ਢਾਂਚੇ ਨੂੰ ਮਜ਼ਬੂਤ ਕੀਤਾ ਹੋਇਆ ਹੈ।

ਸਭ ਤੋਂ ਵੱਡੀ ਗੱਲ ਔਰਤ ਦੀ ਆਰਥਿਕ ਪੱਖੋਂ ਕਮਜ਼ੋਰੀ ਹੈ। ਜੇਕਰ ਉਹ ਮਰਦ ਦੇ ਬਰਾਬਰ ਕਮਾਈ ਕਰਦੀ ਹੈ ਅਤੇ ਰੁਜ਼ਗਾਰ ਜਾਂ ਸਵੈ-ਰੁਜ਼ਗਾਰ ਵਿੱਚ ਆਤਮ ਨਿਰਭਰ ਹੈ ਤਾਂ ਉਸਦਾ ਸਮਾਜਿਕ ਕੱਦ - ਕਾਠ ਵਧਦਾ ਹੈ, ਪਰ ਦੂਜੇ ਪਾਸੇ ਗ੍ਰਹਿਸਥ ਜੀਵਨ ਵਿੱਚ ਮਰਦ ਉੱਤੇ ਨਿਰਭਰਤਾ ਉਸ ਨੂੰ ਬੱਚੇ ਪਾਲਣ ਅਤੇ ਘਰੇਲੂ ਕੰਮਕਾਰ ਤੱਕ ਸੀਮਤ ਕਰ ਦਿੰਦੀ ਹੈ।

ਮਰਦ ਦੀ ਬਿਮਾਰ ਮਾਨਸਿਕਤਾ ਕਈ ਵਾਰ ਉਸ ਨੂੰ ਉਹਨਾਂ ਰਾਹਾਂ ਉੱਤੇ ਤੋਰ ਦਿੰਦੀ ਹੈ, ਜਿੱਥੇ ਉਸ ਦਾ ਜੀਵਨ ਨਰਕ ਬਣ ਜਾਂਦਾ ਹੈ। ਹੈਵਾਨੀਅਤ ਦੀਆਂ ਹੱਦਾਂ-ਬੰਨੇ ਤੋੜ ਕੇ ਮਰਦ ਪ੍ਰਧਾਨ ਸਮਾਜ ਵਿੱਚ ਉਸ ਦਾ ਜੀਵਨ ਦਲਦਲ ਵਿੱਚ ਫਸਾ ਦਿੱਤਾ ਜਾਂਦਾ ਹੈ। ਅਸਲ ਵਿੱਚ ਇਹ ਸਾਮਰਾਜੀ ਪ੍ਰਬੰਧ ਦੀ ਇੱਕ ਚਾਲ ਹੈ, ਜੋ ਫੈਸ਼ਨ ਦੇ ਨਾਮ 'ਤੇ ਔਰਤਾਂ ਦੇ ਜਿਸਮ ਦਾ ਦਿਖਾਵਾ ਕਰਵਾਉਂਦੀ ਹੈ, ਨੰਗੇਜ਼ਵਾਦ ਨੂੰ ਉਤਸ਼ਾਹਿਤ ਕਰਦੀ ਹੈ। ਇਸ਼ਤਿਹਾਰਾਂ ਅਤੇ ਮਨੋਰੰਜਨ ਵਿੱਚ ਉਸ ਦੇ ਜਿਸਮ ਨੂੰ ਸੌਦੇਬਾਜ਼ੀ ਲਈ ਵਰਤਿਆ ਜਾਂਦਾ ਹੈ।

ਇੱਕ ਤਾਕਤਵਰ ਵਰਗ, ਜਿਸ ਦੀ ਗਿਣਤੀ ਭਾਰਤ ਵਿੱਚ ਲਗਾਤਾਰ ਵੱਧ ਰਹੀ ਹੈ ਅਤੇ ਜਿਹੜਾ ਗ਼ਰੀਬ ਲੋੜਵੰਦਾਂ ਦੇ ਆਰਥਿਕ ਅਤੇ ਸਮਾਜਿਕ ਸ਼ੋਸ਼ਣ ਲਈ ਆਪਣਾ ਹਰ ਹਰਬਾ ਵਰਤਦਾ ਹੈ, ਉਸ ਦਾ ਸ਼ਿਕਾਰ ਵੀ ਸਮਾਜ ਦੀ ਇਹ ਅੱਧੀ ਅਬਾਦੀ ਵੱਧ ਹੁੰਦੀ ਹੈ। ਮਹਿੰਗਾਈ ਦੀ ਮਾਰ ਵੀ ਵੱਧ ਔਰਤ 'ਤੇ ਪੈਂਦੀ ਹੈ। ਸਮਾਜਿਕ ਤਾਣੇ-ਬਾਣੇ ਅਤੇ ਬੇਇਨਸਾਫ਼ੀ ਦੀ ਸ਼ਿਕਾਰ ਸਭ ਤੋਂ ਵੱਧ ਔਰਤ ਹੀ ਹੁੰਦੀ ਹੈ।

ਘਰੇਲੂ ਹਿੰਸਾ ਤੋਂ ਲੈ ਕੇ ਸਮਾਜਿਕ ਹਿੰਸਾ, ਜੰਗ ਅਤੇ ਹੋਰ ਆਫ਼ਤਾਂ ਵਿੱਚ ਸਭ ਤੋਂ ਵੱਧ ਪ੍ਰਭਾਵ ਔਰਤ 'ਤੇ ਪੈਂਦਾ ਹੈ। ਉਹ ਸਰੀਰਕ ਅਤੇ ਮਾਨਸਿਕ ਤੌਰ 'ਤੇ ਵਲੂੰਧਰੀ ਜਾਂਦੀ ਹੈ। ਦੇਵਦਾਸੀ ਪ੍ਰਥਾ, ਗ਼ਰੀਬ ਦਲਿਤ ਔਰਤਾਂ ਨੂੰ ਮੰਦਰਾਂ ਵਿੱਚ ਦੇਵੀ-ਦੇਵਤਿਆਂ ਦੇ ਚਰਨਾਂ ਵਿੱਚ ਅਰਪਿਤ ਕਰਨਾ, ਘਰੇਲੂ ਹਿੰਸਾ, ਬਲਾਤਕਾਰ, ਤੇਜ਼ਾਬੀ ਹਮਲੇ ਵਰਗੀਆਂ ਸਮੱਸਿਆਵਾਂ ਅੱਜ ਵੀ ਦੇਸ਼ ਵਿੱਚ ਪੂਰੇ ਜ਼ੋਰ 'ਤੇ ਹਨ ਅਤੇ ਕਈ ਹਾਲਤਾਂ ਵਿੱਚ ਇਹਨਾਂ ਮਾਮਲਿਆਂ ਵਿੱਚ ਕਾਨੂੰਨ ਅਤੇ ਸਮਾਜ ਬੇਬਸ ਦਿਖਾਈ ਦਿੰਦੇ ਹਨ। ਔਰਤਾਂ ਦੇ ਹੱਕਾਂ ਅਤੇ ਬਰਾਬਰੀ ਦਾ ਮਸਲਾ ਸਧਾਰਨ ਨਹੀਂ ਹੈ। ਇਹ ਅਜੋਕੇ ਸਿਆਸੀ ਅਤੇ ਸਮਾਜੀ ਪ੍ਰਬੰਧ ਨਾਲ ਜੁੜਿਆ ਹੋਇਆ ਹੈ, ਜਿੱਥੇ ਸਧਾਰਨ ਔਰਤ ਮਰਦ ਨਾਲੋਂ ਵੱਧ ਸਮਾਜਿਕ ਸ਼ੋਸ਼ਣ ਦਾ ਸ਼ਿਕਾਰ ਬਣਦੀ ਹੈ।

ਭਾਰਤ ਵਿੱਚ ਗ਼ਰੀਬ ਅਤੇ ਅਮੀਰ ਦਾ ਆਰਥਿਕ ਪਾੜਾ ਲਗਾਤਾਰ ਵੱਧ ਰਿਹਾ ਹੈ। ਮੁੱਠੀ ਭਰ ਲੋਕ ਭਾਰਤ ਦੇ ਕੁਦਰਤੀ ਸਾਧਨਾਂ ਅਤੇ ਜ਼ਮੀਨ-ਜਾਇਦਾਦ ਦੇ ਮਾਲਕ ਬਣ ਰਹੇ ਹਨ। ਅਰਬਪਤੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਕਈ ਵੱਡੇ ਘਰਾਣੇ ਦੇਸ਼ ਦੀ ਆਰਥਿਕਤਾ 'ਤੇ ਹਾਵੀ ਹੋ ਰਹੇ ਹਨ। ਹੈਰਾਨੀ ਵਾਲੀ ਗੱਲ ਨਹੀਂ ਮੰਨੀ ਜਾਣੀ ਚਾਹੀਦੀ ਕਿ ਪਿਛਲੇ 10 ਵਰ੍ਹਿਆਂ ਵਿੱਚ ਹੀ ਭਾਰਤ ਵਿੱਚ ਹੋਣ ਵਾਲੇ 308 ਅਰਬਪਤੀਆਂ ਵਿੱਚੋਂ 80 ਫ਼ੀਸਦੀ ਪਹਿਲਾਂ ਇਸ ਲਿਸਟ ਵਿੱਚ ਹੀ ਨਹੀਂ ਸਨ। ਇਹਨਾਂ ਦੀ ਸੰਪਤੀ ਲਗਾਤਾਰ ਵੱਧ ਰਹੀ ਹੈ ਅਤੇ ਆਮ ਜਨਤਾ ਦੋ ਡੰਗ ਦੀ ਰੋਟੀ ਤੋਂ ਵੀ ਆਤੁਰ ਹੋ ਰਹੀ ਹੈ। ਜਿਸ ਦਾ ਸਿੱਟਾ ਅਕਸਰ ਔਰਤ ਦੇ ਚੁੱਲ੍ਹੇ 'ਤੇ ਪੈਂਦਾ ਹੈ। ਪਹਿਲਾਂ ਅਤੇ ਆਖ਼ਰੀ ਅਸਰ ਘਰ ਦੀ ਗ੍ਰਹਿਣੀ 'ਤੇ ਹੀ ਪੈਂਦਾ ਹੈ, ਜਿਸ ਉੱਤੇ ਪੂਰੇ ਪਰਿਵਾਰ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਹੁੰਦੀ ਹੈ।

ਦੇਸ਼ ਦੀ ਔਰਤ ਸਮਾਜ ਵਿੱਚ ਦੋਹਰੀ ਮਾਰ ਝੱਲ ਰਹੀ ਹੈ। ਮੁੱਢਲੇ ਹੱਕ ਤਾਂ ਉਸ ਦੇ ਜਨਮ ਲੈਣ ਵੇਲੇ ਤੋਂ ਹੀ ਖੋਹੇ ਜਾਂਦੇ ਹਨ, ਪਰ ਉਸ ਦੇ ਪਾਲਣ-ਪੋਸ਼ਣ, ਪੜ੍ਹਾਈ ਅਤੇ ਕੰਮ ਦੇ ਸਥਾਨ 'ਤੇ ਮਜ਼ਦੂਰੀ ਤੱਕ ਵੀ ਵਿਤਕਰਾ ਕੀਤਾ ਜਾਂਦਾ ਹੈ। ਇਹ ਸਿਰਫ਼ ਸਮਾਜਕ ਸੋਚ ਦਾ ਨਤੀਜਾ ਨਹੀਂ, ਸਗੋਂ ਸਾਮਰਾਜੀ ਪੂੰਜੀਵਾਦ ਦੇ ਕੜੇ ਪੰਜਿਆਂ ਦੀ ਜਕੜ ਦਾ ਵੀ ਸਿੱਟਾ ਹੈ।

ਇਹ ਗੱਲ ਸਮਝਣ ਵਾਲੀ ਹੈ ਕਿ ਇਹ ਸਿਰਫ਼ ਔਰਤ ਦੇ ਹੱਕਾਂ ਦੀ ਗੱਲ ਨਹੀਂ, ਸਗੋਂ ਇਹ ਹੱਕ ਸਮਾਜ ਵਿੱਚ ਮਨੁੱਖ ਦੀ ਅਜ਼ਾਦੀ ਅਤੇ ਸਮਾਜਿਕ ਬਰਾਬਰਤਾ ਨਾਲ ਵੀ ਜੁੜੇ ਹੋਏ ਹਨ। ਇਹ ਵੀ ਸਮਝਣ ਵਾਲੀ ਗੱਲ ਹੈ ਕਿ ਸ਼ੋਸ਼ਣ ਉੱਤੇ ਅਧਾਰਿਤ ਸਮਾਜ ਵਿੱਚ ਔਰਤਾਂ ਦੀ ਬਰਾਬਰੀ ਦੀ ਕਲਪਨਾ ਨਿਰਾਰਥਕ ਹੈ।

ਔਰਤ ਵੱਲੋਂ ਅਰੰਭਿਆ ਹੱਕਾਂ ਲਈ ਸੰਘਰਸ਼ ਹੀ ਉਸ ਨੂੰ ਸਮਾਜਿਕ ਅਤੇ ਆਰਥਿਕ ਗੁਲਾਮੀ ਤੋਂ ਨਿਜਾਤ ਦਿਵਾ ਸਕਦਾ ਹੈ। ਇਤਿਹਾਸ ਗਵਾਹ ਹੈ ਕਿ ਔਰਤਾਂ ਨੇ ਇਕੱਠੇ ਹੋ ਕੇ ਪਹਿਲਾਂ ਬਰਾਬਰ ਦੀ ਤਨਖਾਹ ਅਤੇ ਵੋਟ ਪਾਉਣ ਦਾ ਅਧਿਕਾਰ ਪ੍ਰਾਪਤ ਕੀਤਾ। ਉਸ ਤੋਂ ਬਾਅਦ ਪੂੰਜੀਵਾਦੀ ਗੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ ਲਈ ਮਰਦਾਂ ਦੇ ਨਾਲ ਹਿਕ ਡਾਹ ਕੇ ਹਰ ਕਾਰਜ ਵਿੱਚ ਅਜ਼ਾਦੀ ਅਤੇ ਹੱਕਾਂ ਦੀ ਪ੍ਰਾਪਤੀ ਲਈ ਲੜਾਈ ਲੜੀ।

ਅਸਲ ਗੱਲ ਇਹ ਹੈ ਕਿ ਔਰਤਾਂ ਦੇ ਹੱਕਾਂ ਦਾ ਮਸਲਾ ਸਿਰਫ਼ ਔਰਤਾਂ ਦਾ ਮਸਲਾ ਨਹੀਂ, ਸਗੋਂ ਪੂਰੇ ਸਮਾਜ ਦੀ ਤਰੱਕੀ ਨਾਲ ਜੁੜਿਆ ਹੋਇਆ ਮਸਲਾ ਹੈ। ਜਿਸ ਸਮਾਜ ਵਿੱਚ ਅੱਧੀ ਅਬਾਦੀ ਨੂੰ ਬਰਾਬਰ ਦੇ ਹੱਕ, ਸੁਰੱਖਿਆ ਅਤੇ ਮੌਕੇ ਨਾ ਮਿਲਣ, ਉਹ ਸਮਾਜ ਕਦੇ ਵੀ ਅਸਲ ਤਰੱਕੀ ਨਹੀਂ ਕਰ ਸਕਦਾ। ਲੋੜ ਇਸ ਗੱਲ ਦੀ ਹੈ ਕਿ ਕਾਨੂੰਨਾਂ ਨੂੰ ਸਿਰਫ਼ ਕਾਗਜ਼ਾਂ ਤੱਕ ਸੀਮਿਤ ਨਾ ਰੱਖਿਆ ਜਾਵੇ, ਸਗੋਂ ਜ਼ਮੀਨੀ ਪੱਧਰ 'ਤੇ ਲਾਗੂ ਕੀਤਾ ਜਾਵੇ ਅਤੇ ਸਮਾਜਕ ਸੋਚ ਵਿੱਚ ਬਦਲਾਅ ਲਿਆਂਦਾ ਜਾਵੇ। ਜਦੋਂ ਔਰਤ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਤੌਰ 'ਤੇ ਮਜ਼ਬੂਤ ਹੋਵੇਗੀ, ਤਦੋਂ ਹੀ ਭਾਰਤ ਅਸਲ ਅਰਥਾਂ ਵਿੱਚ ਪ੍ਰਗਤੀਸ਼ੀਲ, ਅਗਾਂਹਵਧੂ ਅਤੇ ਸਮਾਨਤਾ ਵਾਲਾ ਸਮਾਜ ਬਣ ਸਕੇਗਾ। ਅੱਧੀ ਅਬਾਦੀ ਨੂੰ ਪੂਰੇ ਹੱਕ ਮਿਲਣਗੇ ਤਾਂ ਹੀ ਦੇਸ਼ ਦੀ ਤਰੱਕੀ ਪੂਰੀ ਹੋਵੇਗੀ।

*******

# ਲੈ: ਕਰਨਲ ਨਿਸ਼ਾਨ ਦਾ ਕੈਲੰਡਰ ਵਿਗਿਆਨ ਮੁੱਢਲੇ ਗਿਆਨ ਤੋਂ ਕੋਰਾ ਹੋਣ ਦਾ ਪ੍ਰਤੱਖ ਸਬੂਤ

**ਸਰਬਜੀਤ ਸਿੰਘ ਸੈਕਰਾਮੈਂਟੋ**



ਨਾਨਕਸ਼ਾਹੀ ਕੈਲੰਡਰ ਦਾ ਕੱਟੜ ਵਿਰੋਧੀ, ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਪਿਛਲੇ ਢਾਈ ਦਹਾਕਿਆਂ ਤੋਂ ਇਹ ਛੁਣਛਣਾ ਖੜਕਾ ਰਿਹਾ ਹੈ ਕਿ ਨਾਨਕਸ਼ਸਾਹੀ ਕੈਲੰਡਰ ਦੀਆਂ ਸਾਰੀਆਂ ਤਾਰੀਖਾਂ ਹੀ 4-7 ਦਿਨ੍ਹਾਂ ਦੇ ਫ਼ਰਕ ਨਾਲ ਗਲਤ ਹਨ। ਅਖੌਤੀ ਸੰਤ ਸਮਾਜ ਦਾ ਨੁਮਾਇਦਾ, ਆਪਣੇ ਇਸੇ ਦਾਵੇ ਤੇ ਵਿਚਾਰ ਕਰਨ ਤੋਂ ਹਰ ਵਾਰ ਮੁੱਖ ਮੋੜ ਜਾਂਦਾ ਰਿਹਾ ਹੈ। ਭਾਵੇ ਅੱਜ ਸਾਡਾ ਵਿਸ਼ਾ ਇਹ ਨਹੀਂ ਹੈ ਪਰ, ਪਾਠਕਾਂ ਦੀ ਜਾਣਕਾਰੀ ਲਈ ਇਕ ਉਦਾਹਰਣ ਦੇਣੀ ਕੁਥਾਂ ਨਹੀਂ ਹੋਵੇਗੀ।

ਕਰਨਲ ਨਿਸ਼ਾਨ ਦੇ ਬਚਨ, "23 ਪੋਹ ਨੂੰ 5 ਜਨਵਰੀ ਨਾਲ ਨੱਥੀ ਕਰ ਕੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪ੍ਰਕਾਸ਼ ਦਿਨ ਦੀ ਸੂਰਜੀ ਤਾਰੀਖ਼ 4 ਦਿਨ ਗਲਤ ਮਿਥ ਲਈ ਗਈ।.. ਇਸੇ ਤਰ੍ਹਾਂ ਬਾਕੀ ਸਾਰੇ ਗੁਰਪੁਰਬਾਂ ਦੀਆਂ ਤਾਰੀਖ਼ਾਂ ਵਿੱਚ ਵੀ 4 ਤੋਂ 7 ਦਿਨਾਂ ਤੱਕ ਦੀ ਗਲਤੀ ਕੀਤੀ ਗਈ ਹੈ"। (ਗੁਰਪੁਰਬ ਦਰਪਣ, ਪੰਨਾ 24) ਕਰਨਲ ਨਿਸ਼ਾਨ ਨੇ, ਆਪਣੇ ਇਸ ਦਾਵੇ ਤੇ ਵਿਚਾਰ ਕਰਨ ਲਈ ਕਦੇ ਵੀ ਹੁੰਗਾਰਾ ਨਹੀਂ ਭਰਿਆ।

ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀ ਤਾਰੀਖ 23 ਪੋਹ, ਪੋਹ ਸੁਦੀ 7, ਸੰਮਤ 1723 ਬਿਕ੍ਰਮੀ ਸਬੰਧੀ ਕੋਈ ਵੀ ਮੱਤ-ਭੇਦ ਨਹੀਂ ਹੈ। ਪੰਜਾਬ ਉੱਪਰ ਅੰਗਰੇਜਾਂ ਦਾ ਕਬਜਾ ਹੋਣ ਤੋਂ ਪਿਛੋਂ, ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ ਤਾਰੀਖ 22 ਦਸੰਬਰ 1666 ਈ: (ਜੂਲੀਅਨ) ਲਿਖੀ ਗਈ। ਕੈਲੰਡਰ ਕਮੇਟੀ ਵੱਲੋਂ ਕੀਤੇ ਫੈਸਲੇ ਮੁਤਾਬਕ, ਇਤਿਹਾਸਿਕ ਤਾਰੀਖਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲੀ ਕਰਨ ਵੇਲੇ ਅੰਗਰੇਜੀ ਤਾਰੀਖਾਂ ਨੂੰ ਨਹੀਂ, ਪ੍ਰਵਿਸ਼ਟਿਆ ਨੂੰ ਮੁੱਖ ਰੱਖਿਆ ਜਾਵੇਗਾ", ਇਸ ਕਾਰਨ 23 ਪੋਹ ਨੂੰ ਮੁੱਖ ਰੱਖਿਆ ਗਿਆ ਹੈ। ਜੋ ਨਾਨਕਸ਼ਾਹੀ ਕੈਲੰਡਰ ਮੁਤਾਬਕ 23 ਪੋਹ, 5 ਜਨਵਰੀ ਬਣਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ, "ਚੰਦਰ-ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਮੁਤਾਬਕ, 23 ਪੋਹ ਇਸ ਸਾਲ 6 ਜਨਵਰੀ ਨੂੰ ਆਈ ਸੀ। ਪਰ, ਕਰਨਲ ਨਿਸ਼ਾਨ ਦਾ ਮੰਨਣਾ ਹੈ ਕਿ ਇਹ 1 ਜਨਵਰੀ ਬਣਦੀ ਹੈ, 5 ਜਨਵਰੀ, 4 ਦਿਨਾਂ ਦੇ ਫ਼ਰਕ ਨਾਲ ਗਲਤ ਹੈ। ਜਦੋਂ ਮੋੜਵਾਂ ਸਵਾਲ ਕੀਤਾ ਗਿਆ ਗਿਆ ਕਿ ਜਿਹੜੇ ਫਾਰਮੂਲੇ ਨਾਲ 23 ਪੋਹ 1723 ਬਿ: (22 ਦਸੰਬਰ 1666ਈ: ਜੂਲੀਅਨ) 1 ਜਨਵਰੀ ਬਣਦੀ ਹੈ, ਉਸ ਫਾਰਮੂਲੇ ਨਾਲ, 1 ਵੈਸਾਖ ਸੰਮਤ 1756 ਬਿ: (29 ਮਾਰਚ 1699 ਈ: ਜੂਲੀਅਨ) ਦੀ, ਅੱਜ ਕਿੰਨੀ ਤਾਰੀਖ ਬਣਦੀ ਹੈ ? ਤਾਂ ਕਰਨਲ ਨਿਸ਼ਾਨ '8 ਅਪ੍ਰੈਲ' ਕਹਿਣ ਦਾ ਹੌਸਲਾ ਨਹੀਂ ਸੀ ਕਰ ਸਕਿਆ। ਪਾਠਕਾਂ ਦੀ ਜਾਣਕਾਰੀ ਲਈ ਬੇਨਤੀ ਹੈ ਕਿ 29 ਮਾਰਚ 1699 ਈ: (ਜੂਲੀਅਨ) ਦੀ 8 ਅਪ੍ਰੈਲ (ਗ੍ਰੈਗੋਰੀਅਨ) ਬਣਦੀ ਹੈ। ਅਗਲਾ ਸਵਾਲ, ਕੀ ਸਾਨੂੰ ਵੈਸਾਖੀ (1 ਵੈਸਾਖ) 8 ਅਪ੍ਰੈਲ ਨੂੰ ਪ੍ਰਵਾਨ ਹੈ ? ਜੇ ਜਵਾਬ ਹਾਂ ਵਿੱਚ ਹੈ ਤਾਂ ਚੇਤ ਦਾ ਆਰੰਭ ਵੀ 8 ਮਾਚਰ ਨੂੰ ਕਰਨਾ ਪਵੇਗਾ ਅਤੇ ਜੇਠ ਦਾ ਆਰੰਭ 9 ਮਈ ਨੂੰ ਕਰਨਾ ਪਵੇਗਾ। ਕਰਨਲ ਨਿਸ਼ਾਨ ਨੂੰ ਵਾਰ-ਵਾਰ ਬੇਨਤੀਆਂ ਕਰਨ ਤੇ, ਕਿ 12 ਮਹੀਨਿਆ ਦੇ ਆਰੰਭ ਦੀਆਂ ਤਾਰੀਖਾਂ (ਸੰਗਰਾਂਦ) ਲਿਖਤੀ ਰੂਪ ਵਿੱਚ ਭੇਜੀਆਂ ਜਾਣ, ਸਾਡੀ ਇਹ ਬੇਨਤੀ ਕਦੇ ਵੀ ਪ੍ਰਵਾਨ ਨਹੀਂ ਕੀਤੀ।

ਅੱਜ ਦਾ ਵਿਸ਼ਾ ਹੈ; ਮਲ-ਮਾਸ।

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿੱਚ, ਚੰਦ ਦੇ ਮਹੀਨੇ ਅਤੇ ਸੂਰਜੀ ਮਹੀਨੇ ਇਕੱਠੇ ਚਲਦੇ ਹਨ। ਚੰਦ ਦਾ ਸਾਲ (354.37 ਦਿਨ) ਸੂਰਜੀ ਸਾਲ (365.2563 ਦਿਨ) ਤੋਂ ਲੱਗ-ਭੱਗ 11 ਦਿਨ ਛੋਟਾ ਹੁੰਦਾ ਹੈ। ਜਦੋਂ ਇਕ ਸਾਲ ਵਿੱਚ 11 ਦਿਨ, ਦੂਜੇ ਸਾਲ 22 ਦਿਨ ਅਤੇ ਤੀਜੇ ਸਾਲ 33 ਦਿਨ, ਸੂਰਜੀ ਸਾਲ ਤੋਂ ਪਿਛੇ ਰਹਿ ਜਾਂਦਾ ਹੈ ਤਾਂ, ਚੰਦ ਦੇ ਸਾਲ ਨੂੰ, ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ, ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਨੂੰ ਮਲ-ਮਾਸ ਕਹਿੰਦੇ ਹਨ। ਇਸ ਮਹੀਨੇ ਵਿੱਚ ਕੋਈ ਵੀ ਸ਼ੁੱਭ ਕੰਮ ਨਹੀਂ ਕੀਤਾ ਜਾਂਦਾ। ਇਸ ਸਾਲ ਵਿੱਚ ਸਾਲ ਦੇ 13 ਮਹੀਨੇ ਅਤੇ 384/385 ਦਿਨ ਹੋ ਜਾਂਦੇ ਹਨ। ਨਵੇਂ ਸਾਲ ਭਾਵ ਸੰਮਤ 2083 ਬਿ: ਵਿੱਚ ਚੰਦ ਦੇ ਸਾਲ ਵਿੱਚ 13 ਮਹੀਨੇ ਹੋਣਗੇ। ਜੇਠ ਦਾ ਮਹੀਨਾ ਦੋ ਵਾਰ ਆਵੇਗਾ। ਜੇਠ ਦਾ ਆਰੰਭ 2 ਮਈ (2026) ਤੋਂ ਹੋਵੇਗਾ ਅਤੇ ਅੰਤ 29 ਜੂਨ ਨੂੰ ਹੋਵੇਗਾ। ਇਸ ਸਮੇ ਵਿੱਚੋਂ 17 ਮਈ ਤੋਂ 15 ਜੂਨ ਤਾਈ ਮਲ ਮਾਸ ਹੋਵੇਗਾ। ਇਨ੍ਹਾਂ ਦਿਨ੍ਹਾਂ ਵਿੱਚ ਕੋਈ ਵੀ ਸ਼ੁੱਭ ਦਿਹਾੜਾ ਨਹੀਂ ਮਨਾਇਆ ਜਾ ਸਕਦਾ। ਪਹਿਲੇ ਜੇਠ ਦੇ ਸੁਦੀ ਪੱਖ ਵਿੱਚ ਆਉਂਣ ਵਾਲੇ ਦਿਹਾੜੇ, ਦੂਜੇ ਜੇਠ ਦੇ ਸੁਦੀ ਪੱਖ ਵਿੱਚ ਮਨਾਏ ਜਾਣਗੇ।

ਲੈ: ਕਰਨਲ ਨਿਸ਼ਾਨ , ਆਪਣੀ ਕਿਤਾਬ (ਗੁਰਪੁਰਬ ਦਰਪਣ) ਵਿੱਚ ਆਪ ਹੀ ਸਵਾਲ ਕਰਕੇ, " ਜੇ ਕਰ ਕੋਈ ਗੁਰਪੁਰਬ ਮਲਮਾਸ ਵਿਚ ਆ ਜਾਏ ਤਾਂ ਕੀ ਉਹ ਗੁਰਪੁਰਬ ਨਹੀਂ ਮਨਾਇਆ ਜਾਣਾ ਚਾਹੀਦਾ ਜਾਂ ਕਿ ਇੱਕ ਮਹੀਨਾ ਲੇਟ ਮਨਾਇਆ ਚਾਹੀਦਾ ਹੈ"? (ਸਵਾਲ# 27 ,ਪੰਨਾ 35), ਆਪਣੇ ਜਵਾਬ ਵਿੱਚ ਲਿਖਦੇ ਹਨ, "ਜਿਵੇਂ ਪਹਿਲਾਂ ਕਿਹਾ ਜਾ ਚੁੱਕਿਆ ਹੈ ਗੁਰਸਿੱਖ ਲਈ ਕੋਈ ਮਹੀਨਾ ਮਲਮਾਸ ਜਾਂ ਗੰਦਾ ਮਹੀਨਾ ਨਹੀਂ ਸਾਰੇ ਮਹੀਨੇ ਭਲੇ ਹਨ, "ਮਾਹ ਦਿਵਸ ਮੂਰਤ ਭਲੇ"। ਇਸ ਲਈ ਇਤਿਹਾਸ ਮੁਤਾਬਿਕ ਹੀ ਸਾਰੇ ਗੁਰਪੁਰਬ ਅਗਲੇ ਪੰਨਿਆਂ ਤੇ ਦਿੱਤੇ ਗਏ ਹਨ। ਗੁਰਪੁਰਬਾਂ ਦੀਆਂ ਤਿੱਥਾਂ ਨਿਰਧਾਰਤ ਕਰਨ ਲਈ ਇਤਿਹਾਸ ਨੂੰ ਮੁੱਖ ਰੱਖਿਆ ਹੈ ਨਾ ਕਿ ਮਲ ਮਾਸ ਨੂੰ । ਇਤਿਹਾਸਿਕ ਘਟਨਾ ਨੂੰ ਕਿਸੇ ਮਲਮਾਸ ਦੇ ਭਰਮ ਭੁਲੇਖੇ ਕਾਰਨ ਅੱਗੇ ਪਿੱਛੇ ਨਹੀਂ ਕੀਤਾ ਜਾ ਸਕਦਾ"। (ਪੰਨਾ 35)

ਜਿਵੇਂ ਕਿ ਪਾਠਕ ਉੱਪਰ ਪੜ੍ਹ ਚੁੱਕੇ ਹਨ ਕਿ ਸੰਮਤ 2083 ਬਿਕ੍ਰਮੀ ਵਿੱਚ ਜੇਠ ਦਾ ਮਹੀਨਾ ਦੋ ਵਾਰ ਆ ਰਿਹਾ ਹੈ। ਪਹਿਲੇ ਜੇਠ ਦਾ ਪਹਿਲਾ ਪੱਖ (ਵਦੀ ਪੱਖ, 2 ਮਈ ਤੋਂ 16 ਮਈ) ਸ਼ੁੱਭ ਹੋਵੇਗਾ, ਪਹਿਲੇ ਜੇਠ ਦਾ ਦੂਜਾ ਪੱਖ (ਸੁਦੀ ਪੱਖ, 17 ਮਈ ਤੋਂ 31 ਮਈ) ਅਸ਼ੁੱਭ ਹੋਵੇਗਾ। ਦੂਜੇ ਜੇਠ ਦਾ ਪਹਿਲਾ ਪੱਖ (ਵਦੀ ਪੱਖ , 1 ਜੂਨ ਤੋਂ 15 ਜੂਨ) ਅਸ਼ੁੱਭ ਹੋਵੇਗਾ। ਦੂਜੇ ਜੇਠ ਦਾ ਦੂਜਾ ਪ ( ਸੁਦੀ ਪੱਖ 15 ਜੂਨ ਤੋਂ 29 ਜੂਨ) ਸ਼ੁੱਭ ਹੋਵੇਗਾ। ਭਾਵ 17 ਮਈ ਤੋਂ 15 ਜੂਨ ਤੱਕ ਦਾ ਸਮਾਂ ਅਸ਼ੁੱਭ ਹੋਵੇਗਾ। ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਅਨੁਸਾਰ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 ਨੂੰ ਮਨਾਇਆ ਜਾਂਦਾ ਹੈ। ਸੰਮਤ 2083 ਬਿ: ਦੇ ਕੈਲੰਡਰ ਵਿੱਚ ਜੇਠ ਸੁਦੀ 4, 20 ਮਈ ਨੂੰ ਦਰਜ ਹੈ। ਪਰ ਇਹ ਪਹਿਲੇ ਜੇਠ ਦਾ ਸੁਦੀ ਪੱਖ ਹੋਣ ਕਾਰਨ ਅਸ਼ੁੱਭ ਹੈ। ਇਸ ਲਈ 20 ਮਈ ਨੂੰ ਗੁਰੂ ਜੀ ਦਾ ਸ਼ਹੀਦੀ ਦਿਹਾੜਾ ਨਹੀਂ ਮਨਾਇਆ ਜਾਵੇਗਾ। ਦੂਜੀ ਜੇਠ ਸੁਦੀ 4 ,18 ਜੂਨ ਨੂੰ ਆਵੇਗੀ। ਇਹ ਦੂਜੇ ਜੇਠ ਦਾ ਸ਼ੁੱਭ ਪੱਖ ਹੈ । ਇਸ ਕਾਰਨ ਗੁਰੂ ਜੀ ਦਾ ਸ਼ਹੀਦੀ ਦਿਹਾੜਾ 18 ਜੂਨ ਨੂੰ ਮਨਾਇਆ ਜਾਵੇਗਾ। ਇਸ ਲਈ ਕਰਨਲ ਨਿਸ਼ਾਨ ਦਾ ਇਹ ਲਿਖਣਾ, "ਇਤਿਹਾਸਿਕ ਘਟਨਾ ਨੂੰ ਕਿਸੇ ਮਲਮਾਸ ਦੇ ਭਰਮ ਭੁਲੇਖੇ ਕਾਰਨ ਅੱਗੇ ਪਿੱਛੇ ਨਹੀਂ ਕੀਤਾ ਜਾ ਸਕਦਾ", ਕੈਲੰਡਰ ਸਬੰਧੀ ਮੁੱਢਲੇ ਗਿਆਨ ਤੋਂ ਕੋਰਾ ਹੋਣ ਦਾ ਪ੍ਰਤੱਖ ਸਬੂਤ ਹੈ।

ਲੈ: ਕਰਨਲ ਨਿਸ਼ਾਨ ਵੱਲੋਂ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਦੀਆਂ ਦਰਜ ਤਾਰੀਖਾਂ (ਪੰਨਾ 54) ਵਿੱਚੋ 19 ਮਈ 2018 ਈ: ਗਲਤ ਸਾਬਿਤ ਹੋ ਚੁੱਕੀ ਹੈ। ਇਸ ਸਾਲ ਦੀ ਤਾਰੀਖ 20 ਮਈ 2026 ਈ: ਵੀ ਗਲਤ ਹੈ। 19 ਮਈ 2037 ਈ:, 20 ਮਈ 2045 ਈ:, 20 ਮਈ 2064 ਈ: ਅਤੇ 20 ਮਈ 2083 ਈ: ਵੀ ਗਲਤ ਸਾਬਿਤ ਹੋਣਗੀਆਂ। ਇਹ ਹੈ, ਅਖੌਤੀ ਸੰਤ ਸਮਾਜ ਦੇ ਮੁੱਖ ਸਲਾਹਕਾਰ, ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਦਾ ਕੈਲੰਡਰ ਵਿਗਿਆਨ।

## ਕੈਲੀਫੋਰਨੀਆ ਵਿੱਚ ਕੁੱਤਿਆਂ ਦੇ ਹਮਲੇ ਵਿੱਚ ਔਰਤ ਦੀ ਮੌਤ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਦੱਖਣੀ ਕੈਲੀਫੋਰਨੀਆ ਵਿੱਚ ਕੁੱਤਿਆਂ ਨੇ ਇੱਕ ਔਰਤ 'ਤੇ ਹਮਲਾ ਕਰਕੇ ਉਸ ਨੂੰ ਬੁਰੀ ਤਰਾਂ ਜਖਮੀ ਕਰ ਦਿੱਤਾ ਜਿਸ ਉਪਰੰਤ ਉਸ ਦੀ ਮੌਤ ਹੋ ਗਈ। ਏਮਿਲੀ ਪਾਨੁਕੋ ਨਾਮੀ 26 ਸਾਲਾ ਔਰਤ ਆਪਣੇ 5 ਸਾਲ ਦੇ ਪੁੱਤਰ ਸਮੇਤ ਬਿੱਗ ਰਿਵਰ ਖੇਤਰ ਵਿੱਚ ਆਪਣੀ ਮਾਂ ਨੂੰ ਮਿਲਣ ਗਈ ਸੀ ਜਿਥੇ 3 ਕੁੱਤਿਆਂ ਨੇ ਉਸ ਦੇ ਪੁੱਤਰ ਉਪਰ ਹਮਲਾ ਕਰ ਦਿੱਤਾ। ਪਾਨੁਕੋ ਨੇ ਆਪਣੇ ਪੁੱਤਰ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਿਸ ਦੌਰਾਨ ਕੁੱਤਿਆਂ ਨੇ ਉਸ ਉਪਰ ਹਮਲਾ ਕਰਕੇ ਉਸ ਨੂੰ ਬੁਰੀ ਤਰਾਂ ਵੱਢ ਖਾਧਾ ਜਿਸ 'ਤੇ ਉਸ ਦੀ ਮੌਤ ਹੋ ਗਈ। ਇਹ ਜਾਣਕਾਰੀ ਸੈਨ ਬਰਨਾਰਡਿਨੋ ਕਾਊਂਟੀ ਸ਼ੈਰਿਫ ਵਿਭਾਗ ਨੇ ਦਿੰਦਿਆਂ ਕਿਹਾ ਹੈ ਕਿ ਕੁੱਤਿਆਂ ਨੂੰ ਮਾਰ ਦਿੱਤਾ ਗਿਆ ਹੈ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਪੁਲਿਸ ਉਪਰ ਗੋਲੀ ਚਲਾ ਕੇ ਭੱਜੇ ਡਰਾਈਵਰ ਨੂੰ ਪੁਲਿਸ ਨੇ ਕੀਤਾ ਢੇਰ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਐਲ ਪਾਸੋ ਤੋਂ ਤਕਰੀਬਨ 90 ਮੀਲ ਦੂਰ ਸੀਏਰਾ ਬਲੰਕਾ ਨਾਕੇ 'ਤੇ ਪੁਲਿਸ ਉਪਰ ਗੋਲੀ ਚਲਾਉਣ ਉਪਰੰਤ ਇੱਕ ਡਰਾਈਵਰ ਆਪਣੀ ਗੱਡੀ ਨੂੰ ਤੇਜ ਰਫਤਾਰ ਨਾਲ ਭਜਾ ਕੇ ਲੈ ਗਿਆ। ਕਲਬਰਸਨ ਕਾਊਂਟੀ ਸ਼ੈਰਿਫ ਦਫਤਰ ਦੇ ਇੱਕ ਬੁਲਾਰੇ ਨੇ ਕਿਹਾ ਹੈ ਕਿ ਪੁਲਿਸ ਵੱਲੋਂ ਪਿੱਛਾ ਕਰਕੇ ਤਕਰੀਬਨ 70 ਮੀਲ ਦੂਰ ਕੈਂਟ ਨੇੜੇ ਉਸ ਨੂੰ ਘੇਰ ਲਿਆ ਗਿਆ। ਜਿਥੇ ਪੁਲਿਸ ਨੇ ਉਸ ਨੂੰ ਗੱਡੀ ਵਿਚੋਂ ਬਾਹਰ ਆਉਣ ਲਈ ਕਿਹਾ। ਡਰਾਈਵਰ ਨੇ ਬਾਹਰ ਆਉਣ ਦੀ ਬਜਾਏ ਪੁਲਿਸ ਉਪਰ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਪੁਲਿਸ ਅਫਸਰਾਂ ਵੱਲੋਂ ਉਸ ਦੀ ਇਹ ਕੋਸ਼ਿਸ਼ ਨਾਕਾਮ ਕਰ ਦਿੱਤੀ ਗਈ ਤੇ ਇਸ ਤੋਂ ਪਹਿਲਾਂ ਹੀ ਉਸ ਉਪਰ ਗੋਲੀ ਚਲਾ ਦਿੱਤੀ ਜਿਸ ਕਾਰਨ ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ।

## ਦੀਆ ਵਿਜ ਸਭਿਆਚਾਰ ਮਾਮਲਿਆਂ ਦੇ ਵਿਭਾਗ ਵਿਚ ਕਮਿਸ਼ਨਰ ਨਿਯੁਕਤ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ)-ਨਿਊਯਾਰਕ ਦੇ ਮੇਅਰ ਜ਼ੌਹਰਾਨ ਮਮਦਾਨੀ ਨੇ ਭਾਰਤੀ ਮੂਲ ਦੀ ਦਿਆ ਵਿਜ ਨੂੰ ਨਿਊਯਾਰਕ ਸ਼ਹਿਰ ਦੇ ਸਭਿਆਚਾਰਕ ਮਾਮਲਿਆਂ ਦੇ ਵਿਭਾਗ ਵਿਚ ਕਮਿਸ਼ਨਰ ਨਿਯੁਕਤ ਕੀਤਾ ਹੈ। ਉਹ ਪਹਿਲੀ ਦੱਖਣ ਏਸ਼ੀਆ ਔਰਤ ਹੈ ਜਿਸ ਦੀ ਕਮਿਸ਼ਨਰ ਵਜੋਂ ਨਿਯੁਕਤੀ ਹੋਈ ਹੈ। ਚਾਲੀ ਸਾਲਾ ਵਿਜ ਕਲਾ ਖੇਤਰ ਵਿਚ ਸਹਿਣਯੋਗ ਲਾਗਤਾਂ 'ਤੇ ਧਿਆਨ ਕੇਂਦ੍ਰਿਤ ਕਰਨ ਸਮੇਤ ਕਲਾਕਾਰਾਂ ਤੇ ਸਭਿਆਚਾਰਕ ਸੰਸਥਾਵਾਂ ਦੀ ਮੱਦਦ ਕਰਨ ਸਬੰਧੀ ਵਿਭਾਗ ਦੀਆਂ ਕੋਸ਼ਿਸ਼ਾਂ ਨੂੰ ਉਤਸ਼ਾਹਿਤ ਕਰੇਗੀ। ਵਿਜ ਨੂੰ ਇਸ ਖੇਤਰ ਵਿਚ ਚੰਗਾ ਤਜ਼ਰਬਾ ਹੈ। ਉਸ ਦਾ ਵਿਸ਼ਵਾਸ਼ ਹੈ ਕਿ ਕਲਾ ਆਮ ਲੋਕਾਂ ਲਈ ਹੈ ਨਾ ਕਿ ਇਹ ਕੁਝ ਲੋਕਾਂ ਤੱਕ ਸੀਮਿਤ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਵਿਜ ਦੀ ਅਗਵਾਈ ਵਿਚ ਉਹ ਨਿਊਯਾਰਕ ਨੂੰ ਇਕ ਅਜਿਹਾ ਸਥਾਨ ਬਣਾਉਣ ਦੇ ਸਮਰਥ ਹੋ ਜਾਵੇਗਾ ਜਿਥੇ ਕਲਾਕਾਰ ਰਹਿ ਸਕਣਗੇ ਤੇ ਆਪਣਾ ਰਚਨਾਤਮਿਕ ਕੰਮ ਕਰ ਸਕਣਗੇ। ਵਿਜ ਨੇ ਕਿਹਾ ਹੈ ਕਿ ਪ੍ਰਸ਼ਾਸਨ ਨੇ ਮੇਰੇ ਵਿਚ ਜੋ ਵਿਸ਼ਵਾਸ਼ ਪ੍ਰਗਟਾਇਆ ਹੈ, ਉਹ ਉਸ ਉਪਰ ਪੂਰਾ ਉਤਰਨ ਦੀ ਕੋਸ਼ਿਸ਼ ਕਰੇਗੀ।

# ਇਰਾਨ ਉੱਤੇ ਅਮਰੀਕੀ ਇਸਰਾਈਲੀ ਹਮਲਾ ਦੁਨੀਆਂ ਲਈ ਘਾਤਕ

ਡਾ. ਸੁਰਿੰਦਰ ਮੰਡ
94173 24543



ਜੂਨ 2025 ਤੋਂ ਬਾਅਦ ਫਿਰ ਦੂਜੀ ਵਾਰ ਇਸਰਾਈਲ ਅਮਰੀਕਾ ਨੇ ਇਰਾਨ ਨੂੰ ਗੱਲਬਾਤ ਦੇ ਭੁਲਾਵੇ ਵਿਚ ਲਿਆ ਕੇ 28 ਫਰਵਰੀ ਨੂੰ ਮਾਰੂ ਹਮਲਾ ਕਰਕੇ ਸਰਵਉਚ ਲੀਡਰ ਖੁਮੇਨਈ, ਰੱਖਿਆ ਮੰਤਰੀ, ਫੌਜ ਮੁਖੀ, ਖੁਮੇਨਾਈ ਦੀ ਪਤਨੀ ਧੀ ਜਵਾਈ ਪੋਤਾ ਦੋਹਤੀ ਅਤੇ ਅਨੇਕਾਂ ਹੋਰ ਵੱਡੇ ਅਫ਼ਸਰ ਮਾਰ ਦਿੱਤੇ ਹਨ।

ਐਸਾ ਕਰਨ ਲਈ ਟਰੰਪ ਦਾ ਹੋਰ ਹੌਸਲਾ ਵਧਿਆ ਵੈਨਜ਼ੁਏਲਾ ਦੇ ਰਾਸ਼ਟਰਪਤੀ ਮਾਦੂਰੋ ਨੂੰ ਬੰਦੀ ਬਣਾ ਲੈਣ ਉਪਰੰਤ। ਅਮਰੀਕੀ ਰਾਸ਼ਟਰਪਤੀ ਟਰੰਪ ਅਤੇ ਇਸਰਾਈਲੀ ਪ੍ਰਧਾਨ ਮੰਤਰੀ ਨੇਤਨਯਾਹੂ ਨੇ ਇਰਾਨ ਦੇ ਲੋਕਾਂ ਨੂੰ ਸਿੱਧੀਆਂ ਹੀ ਅਪੀਲਾਂ ਵੀ ਕਰ ਦਿੱਤੀਆਂ ਕਿ ਸਰਕਾਰ ਉੱਤੇ ਕਬਜਾ ਕਰ ਲਓ, ਅਸੀਂ ਆ ਰਹੇ ਆਂ। ਅੱਜ ਕੱਲ ਵਿਸ਼ਵ ਲੋਕਤੰਤਰ ਦਾ ਨਵਾਂ ਚਲਨ ਏਧਰ ਨੂੰ ਚੱਲ ਪਿਆ।

ਪੰਜਤਾਲੀ ਸਾਲਾਂ ਤੋਂ ਅਮਰੀਕੀ ਸਖਤ ਪਾਬੰਦੀਆਂ ਨੇ ਖੁਦ ਪਹਿਲਾਂ ਇਰਾਨ ਨੂੰ ਆਰਥਕ ਸੰਕਟ ਵਿਚ ਧੱਕਿਆ। ਭਾਰਤ ਨੂੰ ਵੀ ਇਰਾਨ ਤੋਂ ਤੇਲ ਖਰੀਦਣ ਤੋਂ ਵਰਜਿਆ। ਤੇ ਫਿਰ ਅਮਰੀਕਾ ਇਸਰਾਈਲ ਨੇ ਲੋਕਾਂ ਵਿਚ ਪ੍ਰਚਾਰਿਆ ਕਿ ਇਸ ਆਰਥਕ ਸੰਕਟ ਲਈ ਇਰਾਨ ਸਰਕਾਰ/ਲੀਡਰਸ਼ਿਪ ਦੋਸ਼ੀ ਹੈ। ਏਜੰਸੀਆਂ ਰਾਹੀਂ ਮੁਜਾਹਰੇ ਸ਼ੁਰੂ ਕਰਵਾਏ। ਬੰਦੇ ਮਰੇ ਮਰਾਏ।

ਜਦ ਅਮਰੀਕਾ ਇਸਰਾਈ ਨੇ ਜੂਨ 2025 ਵਿਚ ਐਲਾਨ ਕਰ ਦਿੱਤਾ ਸੀ ਕਿ ਅਸੀਂ ਇਰਾਨ ਉੱਤੇ ਹਮਲਾ ਕਰਕੇ ਉਸਦਾ ਪ੍ਰਮਾਣੂੰ ਬੰਬ ਬਣਾਉਣ ਦਾ ਸੁਪਨਾ ਚਕਨਾਚੂਰ ਕਰ ਦਿੱਤਾ ਹੈ, ਤਾਂ ਹੁਣ ਫਿਰ ਕਾਹਤੋਂ ਦੁਬਾਰਾ ਕਹਿਣ ਲੱਗ ਪਏ ਕਿ ਇਰਾਨ ਨੇ ਦਸ ਦਿਨਾਂ ਵਿਚ ਪ੍ਰਮਾਣੂ ਬੰਬ ਬਣਾ ਲੈਣਾ ਸੀ, ਅਸੀਂ ਇਸ ਕਰਕੇ ਹਮਲਾ ਕੀਤਾ। ਪਹਿਲਾਂ ਖੁਮੈਨਈ ਦਾ ਵਕਾਰ ਖ਼ਰਾਬ ਕਰਨ ਲਈ ਪ੍ਰਚਾਰਿਆ ਕਿ ਉਹ ਡਰਦਾ ਮਾਰਾ ਬੰਕਰਾਂ ਵਿਚ ਲੁਕ ਗਿਆ ਹੈ। ਪਰ ਖੁਮੈਨਈ ਨੇ ਤਾਂ ਐਲਾਨ ਕੀਤਾ ਸੀ ਕਿ ਜੇ 9 ਕਰੋੜ ਇਰਾਨੀ ਬੰਕਰਾਂ ਵਿਚ ਨਹੀਂ ਤਾਂ ਮੈਂ ਵੀ ਨਹੀਂ ਕਿਤੇ ਲੁਕਾਂਗਾ। ਉਹ ਸੂਰਮਿਆਂ ਦੀ ਮੌਤ ਮਰਿਆ ਤੇ ਮੁਲਕ ਵਿਚ ਨਵੀਂ ਰੂਹ ਫੂਕ ਗਿਆ। ਕੁਰਬਾਨੀ ਕਮੀਆਂ ਨੂੰ ਵੀ ਕੱਜ ਲੈਂਦੀ ਹੈ। ਉਸਦੇ ਸ਼ਾਸਨ ਦੀਆਂ ਕਮੀਆਂ ਨੂੰ ਵੀ ਭੁੱਲ ਕੇ ਮੁਲਕ ਆਪਣੇ ਦਲੇਰ ਆਗੂਆਂ ਪਿੱਛੇ ਇਕਜੁੱਟ ਹੋ ਗਿਆ ਹੈ। ਸਾਰੀ ਲੀਡਰਸ਼ਿਪ ਤੇ ਫੌਜ ਘਬਰਾਈ ਨਹੀਂ, ਡਟ ਗਈ ਹੈ। ਹਜ਼ਾਰਾਂ ਸਾਲ ਪੁਰਾਣੀ ਸੱਭਿਅਤਾ ਵਾਲੇ ਬਹਾਦਰ ਇਰਾਨੀ ਲੋਕ, 3-4 ਸੌ ਸਾਲ ਪਹਿਲਾਂ ਅਮਰੀਕੀ ਧਰਤੀ ਉੱਤੇ ਆ ਕੇ ਜਬਰੀ ਕਾਬਜ ਹੋਏ ਉਹਨਾਂ ਯੂਰਪੀ ਧਾੜਵੀਆਂ ਸਾਹਮਣੇ ਡਟ ਗਏ ਹਨ, ਜੋ ਅੱਜ ਕੱਲ ਅਮਰੀਕੀ ਸਦਾਉਂਦੇ ਹਨ।

ਟਰੰਪ ਸਭ ਹੱਦਾਂ ਛੇਤੀ ਲੰਘਣ 'ਤੇ ਉਤਾਰੂ ਹੈ। ਪਹਿਲਾਂ ਉਸਨੇ ਭਾਰਤ ਸਮੇਤ ਸਭ ਦੁਨੀਆਂ ਉੱਤੇ ਟੈਰਿਫ਼ ਵਾਰ ਕੀਤਾ। ਨਾਟੋ ਦੇ ਮੈਂਬਰ ਅਤੇ ਯੂਰਪੀ ਮੁਲਕ ਗਰੀਨਲੈਂਡ ਉੱਤੇ ਜਬਰੀ ਕਬਜਾ ਕਰ ਲੈਣ ਦਾ ਐਲਾਨ ਕੀਤਾ। ਇਹ ਵੀ ਆਖਿਆ ਕਿ ਅਮਰੀਕਾ ਤੋਂ ਵੀ ਵੱਡੇ ਦੇਸ਼ ਕਨੇਡਾ ਨੂੰ ਮੈਂ ਅਮਰੀਕਾ ਦੇ ਇਕ ਸੂਬੇ ਵਜੋਂ ਨਾਲ ਮਿਲਾ ਲਵਾਂਗਾ। ਤੇਲ ਦੌਲਤ ਨਾਲ ਮਾਲਾਮਾਲ ਮੁਲਕ ਵੈਨਜ਼ੁਏਲਾ ਉੱਤੇ ਨਸ਼ੇ ਦੇ ਵਪਾਰੀ ਹੋਣ ਦਾ ਇਲਜ਼ਾਮ ਲਾ ਕੇ ਉਹਨਾਂ ਦੇ ਰਾਸ਼ਟਰਪਤੀ ਮਾਦੁਰੋ ਨੂੰ ਘਰੋਂ ਜਬਰੀ ਚੁੱਕ ਕੇ ਗ੍ਰਿਫ਼ਤਾਰ ਕਰ ਕੇ ਅਮਰੀਕਾ ਲੈ ਆਂਦਾ, ਉਹਨਾਂ ਦੇ ਤੇਲ ਉੱਤੇ ਕਬਜੇ ਦਾ ਐਲਾਨ ਕੀਤਾ। ਕਿਊਬਾ ਮੈਕਸੀਕੋ ਕੋਲੰਬੀਆ ਉੱਤੇ ਵੀ ਛੇਤੀ ਹਮਲੇ ਕਰਕੇ ਮਰਜ਼ੀ ਦੀਆਂ ਸਰਕਾਰਾਂ ਬਣਾ ਲੈਣ ਦੀ ਫੜ੍ਹ ਮਾਰੀ। ਇਹ ਵੀ ਪ੍ਰਚਾਰਿਆ ਗਿਆ ਕਿ ਹੁਣ ਇਰਾਨੀ ਖੁਮੇਨਈ ਨੂੰ ਵੀ ਵੈਨਜ਼ੁਏਲਾ ਵਾਂਗ ਹੀ ਚੁੱਕ ਲਿਜਾਣਾ। ਟਰੰਪ ਦਾ ਤਾਜ਼ਾ ਬਿਆਨ ਕਿ "ਮੈਂ ਇਰਾਨ ਤੋਂ ਬਾਅਦ ਕਿਊਬਾ ਦਾ ਨੰਬਰ ਲਾਵਾਂਗਾ।"

ਅਸਲ ਵਿਚ ਇਸਰਾਈਲ ਦੀ ਲੰਮੇ ਸਮੇਂ ਤੋਂ ਯੋਜਨਾ ਸੀ ਕਿ ਅਮਰੀਕਾ ਕਿਸੇ ਬਹਾਨੇ ਇਰਾਨ ਉੱਤੇ ਆਪ ਤਬਾਹਕੁਨ ਹਮਲਾ ਕਰੇ। ਦੂਜੇ ਬੰਨੇ ਅਮਰੀਕਾ ਵੀ ਇਸ ਖਿੱਤੇ ਵਿਚ ਸਿਰਫ ਇਰਾਨ ਨੂੰ ਹੀ ਸਮਝਦਾ ਕਿ ਇਹ ਅਮਰੀਕੀ ਧੌਂਸ ਮੰਨਣ ਤੋਂ ਇਨਕਾਰੀ ਹੈ। ਇਕ ਅਮਰੀਕੀ ਪੱਤਰਕਾਰ ਜੋ ਟਰੰਪ ਦਾ ਨਜ਼ਦੀਕੀ ਰਿਹਾ, ਨੇ ਵੀ ਦੁਹਾਈ ਪਾਈ ਹੈ ਕਿ ਇਸ ਹਮਲੇ ਨਾਲ ਇਸਰਾਈਲ ਨੇ ਅਮਰੀਕਾ ਨੂੰ ਚੁੱਕਣਾ/ਫ਼ਸੇ ਵਿਚ ਲਿਆ ਕੇ ਆਪਣਾ ਹਿੱਤ ਸਾਧਿਆ ਹੈ। ਇਸਰਾਈਲ ਦੀ ਪੂਰੇ ਫਲਸਤੀਨ ਅਤੇ ਖਿੱਤੇ ਦੇ ਹੋਰ ਇਲਾਕਿਆਂ ਉੱਤੇ ਕਬਜੇ ਦੀ ਮੰਸ਼ਾ ਵੀ ਹੈ। ਇਸਨੂੰ ਨੇਤਨਯਾਹੂ 'ਗਰੇਟਰ ਇਸਰਾਈਲ' ਬਣਾਉਣਾ ਕਹਿੰਦਾ। ਪਰ ਇਰਾਨ ਦੀ ਮਜਬੂਤੀ ਨੂੰ ਇਸ ਵਿਚ ਰੁਕਾਵਟ ਸਮਝਦਾ। ਮੇਰਾ ਖਿਆਲ ਕਿ ਇਸ ਯੁੱਧ ਦੀ ਆੜ ਵਿਚ ਵੀ ਇਸਰਾਈਲ ਲਿਬਨਾਨ ਦੇ ਕੁਛ ਇਲਾਕੇ ਨੂੰ ਇਸਰਾਈਲ ਵਿਚ ਮਿਲਾ ਲੈਣ ਦੀ ਕੋਸ਼ਿਸ਼ ਕਰੇਗਾ। ਕਤਰ, ਸੰਯੁਕਤ ਅਰਬ ਅਮੀਰਾਤ, ਜਾਰਡਨ, ਬਹਿਰੀਨ, ਇਰਾਕ, ਕੁਵੈਤ, ਸਊਦੀ ਅਰਬ, ਉਮਾਨ, ਤੁਰਕੀ ਵਿਚ ਵੱਡੇ ਅਮਰੀਕੀ ਫੌਜੀ ਅੱਡੇ ਹਨ ਅਤੇ ਇਸ ਤੇਲ ਖਿੱਤੇ ਉੱਤੇ ਕਬਜੇ ਵਰਗਾ ਦਬਦਬਾ ਹੈ। ਇਹ ਡਰੀਆਂ ਹੋਈਆਂ ਬੇ.ਗੈਰਤ ਅਰਬ ਹਕੂਮਤਾਂ ਹਨ ਜਿਹੜੀਆਂ 1950 ਤੋਂ ਹੀ ਇਸਰਾਈਲੀ ਜਬਰ, ਤੇ ਹੁਣ ਗਾਜ਼ਾ ਵਿਚ 80000 ਮੌਤਾਂ, ਡੇਢ੍ਹ ਲੱਖ ਜ਼ਖ਼ਮੀ ਅਤੇ ਤਬਾਹੀ ਵੇਖ ਕੇ ਵੀ ਚੁੱਪ ਤੇ ਅਮਰੀਕਾ ਨਾਲ ਹੀ ਰਹੀਆਂ ਤੇ ਹੁਣ ਇਰਾਨ ਉੱਤੇ ਹਮਲੇ ਮਗਰੋਂ ਵੀ ਅਮਰੀਕਾ ਇਸਰਾਈਲ ਦੇ ਨਾਲ ਖੜੀਆਂ ਹਨ, ਆਹ ਬੇਸ਼ਰਮ ਪਾਕਿਸਤਾਨ ਵੀ। 'ਇਕ ਧਰਮ' ਵਾਲੀ ਸਾਂਝ ਹੋਣ ਦਾ ਭਰਮ ਸੰਸਾਰ ਭਰ ਵਿਚ ਹਰ ਪਾਸੇ ਟੁੱਟ ਚੁੱਕਾ। ਸਗੋਂ ਮਜ਼ਹਬੀ ਕੱਟੜਤਾ ਇਨਸਾਨੀ ਸੋਚ ਦੀ ਸਭ ਤੋਂ ਵੱਡੀ ਦੁਸ਼ਮਣ ਬਣ ਗਈ ਦਿੱਸ ਰਹੀ ਹੈ।

ਇਸ ਪਰਖ ਦੇ ਮੌਕੇ ਸਾਡੀ ਭਾਰਤ ਸਰਕਾਰ ਇਰਾਨ ਉੱਤੇ ਹਮਲੇ ਅਤੇ ਕਤਲਾਂ ਬਾਰੇ 8 ਦਿਨ ਤਕ ਚੁੱਪ ਰਹੀ। ਸਗੋਂ ਹਮਲੇ ਤੋਂ ਇਕ ਦਿਨ ਪਹਿਲਾਂ ਮੋਦੀ ਜੀ ਨੇਤਨਯਾਹੂ ਨੂੰ 'ਮੇਰਾ ਪੱਕਾ ਯਾਰ' ਕਹਿਣ ਲਈ ਇਸਰਾਈਲ ਦੌਰੇ ਤੇ ਗਏ। ਭਾਰਤੀ ਲੋਕ ਸ਼ਰਮਸਾਰ ਅਤੇ ਹੈਰਾਨ ਹਨ ਕਿ ਇਸ ਨਾਜ਼ੁਕ ਮੌਕੇ ਮੋਦੀ ਨੇ ਇੰਜ ਕਿਉਂ ਕੀਤਾ ! ਕੀ ਸਾਡੀ ਕੋਈ ਕਮਜ਼ੋਰ ਨਸ ਅਮਰੀਕਾ ਦੇ ਹੱਥ ਆਈ ਹੈ ? ਸਸਤੀ ਤੇਲ ਗੈਸ ਤਾਂ ਅਸੀਂ ਇਰਾਨ ਅਤੇ ਰੂਸ ਤੋਂ ਲੈਂਦੇ ਰਹੇ ਆਂ। ਅਮਰੀਕਾ ਤਾਂ ਸਾਡੀ ਸੰਘੀ ਮਲਣ ਨੂੰ ਪੈਂਦਾ ਆ ਰਿਹਾ ਹਮੇਸ਼ਾਂ। ਮੇਰੀ ਜਾਚੇ ਇਸ ਦੌਰੇ ਦਾ ਸਾਡੀ ਵਿਦੇਸ਼ ਨੀਤੀ/ਸਬੰਧਾਂ ਅਤੇ ਦੇਸ਼ ਦੇ ਅਕਸ ਉੱਤੇ ਮਾੜਾ ਅਸਰ ਪਵੇਗਾ। ਏਥੋਂ ਤਕ ਕਿ ਭਾਰਤੀ ਸੱਦੇ ਉੱਤੇ ਇਕ ਪ੍ਰੋਗਰਾਮ ਵਿਚ ਹਿਸਾ ਲੈਣ ਆਏ ਮਹਿਮਾਨ ਇਰਾਨੀ ਸਮੁੰਦਰੀ ਜਹਾਜ ਨੂੰ ਵਾਪਿਸ ਜਾਂਦਿਆਂ ਅਮਰੀਕਾ ਨੇ ਸਾਡੇ ਹਿੰਦ ਮਹਾਂਸਾਗਰ ਵਿਚ ਹੀ ਡੁਬੋ ਕੇ 150 ਦੇ ਕਰੀਬ ਸਵਾਰ ਵੀ ਮਾਰ ਦਿੱਤੇ ਹਨ। ਸਾਡੀ ਸਰਕਾਰ ਅਤੇ ਮੀਡੀਆ ਪਤਾ ਨੀ ਕਿਸ ਡਰੋਂ ਚੁੱਪ ਰਿਹਾ ? ਕੋਈ ਅਫਸੋਸ ਨਿੰਦਾ ਤਾਂ ਕਰਦੇ।

ਇਰਾਨ ਹੌਸਲੇ ਨਾਲ ਹਮਲੇ ਦਾ ਮੁਕਾਬਲਾ ਕਰ ਰਿਹਾ। ਸਭ ਅਮਰੀਕੀ ਇਸਰਾਈਲੀ ਤੇ ਹੋਰ ਅਮਰੀਕੀ ਮਦਦਗਾਰਾਂ ਉੱਤੇ ਮੋੜਵਾਂ ਵਾਰ ਕਰ ਰਿਹਾ। ਇਰਾਨ ਦਾ ਐਲਾਨ ਹੈ ਕਿ ਉਹ ਮਿੱਤਰ ਅਰਬ ਦੇਸ਼ਾਂ ਉੱਤੇ ਨਹੀਂ ਸਗੋਂ ਇਹਨਾਂ ਦੇਸ਼ਾਂ ਵਿਚ ਸਿਰਫ਼ ਅਮਰੀਕੀ ਹਿੱਤਾਂ ਨੂੰ ਨਿਸ਼ਾਨਾ ਬਣਾ ਰਿਹਾ। ਜਿਸ ਸਊਦੀ ਅਰਬ ਵਿਚਲੀ ਬਹੁਤ ਵੱਡੀ ਤੇਲ ਕੰਪਨੀ 'ਰਾਸ ਤਨੂਰਾ (ਅਰਾਮਕੋ) ਉੱਤੇ ਬਾਰ ਬਾਰ ਹਮਲੇ ਹੋਣ ਦੀਆਂ ਖ਼ਬਰਾਂ ਹਨ, ਇਹ ਵੀ ਅਸਲ ਵਿਚ ਅਮਰੀਕੀ ਕੰਪਨੀ(ਰਿਫਾਈਨਰੀ) ਹੈ। ਇਹ 1933 ਵਿਚ ਬਣੀ ਸੀ। ਇਸਦਾ ਪਹਿਲਾ ਨਾਮ 'ਸਟੈਂਡਰਡ ਆਇਲ ਕੰਪਨੀ ਆਫ ਕੈਲੇਫੋਰਨੀਆਂ'(ਸੋਕਾਲ) ਸੀ। ਇਸਦਾ 1988 ਵਿਚ ਨਾਮ ਬਦਲ ਕੇ 'ਸਾਊਦੀ ਅਰਾਮਕੋ' ਰੱਖ ਦਿੱਤਾ ਗਿਆ। ਇਸਦਾ ਸਾਊਦੀ ਤੇਲ ਤੰਤਰ ਉੱਤੇ ਸਭ ਤੋਂ ਵੱਡਾ ਕੰਟਰੋਲ ਹੈ। ਭਾਰਤ 20% ਦੇ ਕਰੀਬ ਤੇਲ ਇਸਤੋਂ ਖਰੀਦਦਾ।

ਅਮਰੀਕਾ ਇਸਰਾਈਲ ਵੱਲੋਂ ਇਰਾਨ ਨੂੰ ਮਲੀਆਮੇਟ ਕਰਨ ਲਈ ਬਹੁਤ ਵੱਡੇ ਹਮਲੇ ਜਾਰੀ ਹਨ। ਇਰਾਨ ਮੋੜਵੇਂ ਮਿਸਾਈਲ ਹਮਲੇ ਕਰ ਰਿਹਾ ਤੇ ਝੁਕਣ ਤੋਂ ਇਨਕਾਰੀ ਹੈ। ਪੱਛਮ, ਪੂਰਬ ਦੀ ਅਣਖੀ ਸੋਚ ਨੂੰ ਸਮਝਣ ਤੋਂ ਅਸਮਰੱਥ ਹੈ। ਨੁਕਸਾਨ ਦੋਨੀ ਪਾਸੀਂ ਹੈ।

ਅਮਰੀਕਾ ਇਸਰਾਈਲ ਹਮਲਿਆਂ ਨਾਲ ਇਰਾਨ ਸਰਕਾਰ ਨੂੰ ਨਹੀਂ ਬਦਲ ਸਕੇ, ਸਕਦੇ ਵੀ ਨਹੀਂ। ਪਹਿਲੇ ਦਿਨ ਦੇ ਹਮਲੇ ਵਿਚ 165 ਸਕੂਲੀ ਬੱਚੀਆਂ ਅਤੇ ਮੁੱਖ ਲੀਡਰਸ਼ਪ ਮਾਰਨ ਨਾਲ ਇਰਾਨ ਸਗੋਂ ਹੋਰ ਇਕਜੁੱਟ ਹੋ ਗਿਆ ਹੈ। ਖੁਮੇਨਈ ਦੇ ਪੁੱਤਰ ਨੂੰ ਅਗਲਾ ਸਰਵਉੱਚ ਲੀਡਰ ਬਣਾ ਦਿੱਤਾ ਗਿਆ ਹੈ। ਸਰਕਾਰ ਕਮਜ਼ੋਰ ਹੋਣ ਦੀ ਬਜਾਏ ਮਜਬੂਤ ਹੋਈ ਹੈ। ਸਰਕਾਰ ਵਿਰੋਧੀ ਅੰਦਰਲੀਆਂ ਸੁਰਾਂ ਮੱਧਮ ਹੋ ਗਈਆਂ ਹਨ। ਪ੍ਰਮਾਣੂ ਰੋਕ ਅਤੇ ਮਿਸਾਈਲ ਵਿਕਾਸ ਮੁੱਦਿਆਂ ਉੱਤੇ ਗੱਲਬਾਤ ਬੰਦ ਹੋ ਗਈ ਹੈ। ਫਿਲਹਾਲ ਸਿਰਫ ਫੌਜੀ ਮੁਕਾਬਲਾ ਹੋ ਰਿਹਾ ਹੈ। ਡੇਢ੍ਹ ਹਜ਼ਾਰ ਦੇ ਕਰੀਬ ਇਰਾਨੀ ਮੌਤਾਂ ਦੀ ਖ਼ਬਰ ਹੈ। ਕੁਝ ਅਮਰੀਕੀ ਮੌਤਾਂ ਵੀ ਹੋਈਆਂ ਹਨ।

ਅਮਰੀਕਾ ਨੂੰ ਉਮੀਦ ਨਹੀਂ ਸੀ ਕਿ ਜ਼ੋਰਦਾਰ ਮੋੜਵੇਂ ਇਰਾਨੀ ਹਮਲਿਆਂ ਕਾਰਨ ਉਸਨੂੰ ਏਨੀ ਜਲਦੀ ਸਾਰੇ ਅਰਬ ਮੁਲਕਾਂ ਵਿਚਲੀਆਂ ਆਪਣੀਆਂ ਅੰਬੈਸੀਆਂ ਲਗਭਗ ਬੰਦ ਕਰਨੀਆਂ ਪੈਣਗੀਆਂ ਅਤੇ ਫੌਜ ਤੇ ਆਪਣੇ ਨਾਗਰਿਕ ਏਥੋਂ ਕੱਢਣ ਦੇ ਲਾਲੇ ਪੈ ਜਾਣਗੇ। ਤੇਲ-ਅਵੀਵ ਸਮੇਤ ਪੰਜ ਅਮਰੀਕੀ ਦੂਤਾਵਾਸਾਂ ਉੱਤੇ ਮਿਸਾਈਲਾਂ ਡਿੱਗੀਆਂ ਹਨ। ਇਸਰਾਈਲ ਆਪਣੀ ਉਮੀਦ ਅਨੁਸਾਰ ਇਰਾਨੀ ਮੋੜਵੇਂ ਵਾਰ ਨੂੰ ਰੋਕਣ ਵਿਚ ਸਫਲ ਨਹੀਂ ਹੋਇਆ। ਪਰ ਦੂਜੇ ਬੰਨੇ ਇਰਾਨ ਦਾ ਡਿਫੈਂਸ ਵੀ ਪਹਿਲਾਂ ਵਾਂਗ ਕਮਜ਼ੋਰ ਹੀ ਸਾਬਤ ਹੋਇਆ ਹੈ। ਪਰ ਜੋ ਹੋਣਾ ਅਟੱਲ ਹੈ ਉਹ ਇਹ ਕਿ ਏਸ਼ੀਆ ਦਾ ਇਹ ਪੂਰਾ ਖਿੱਤਾ ਜੰਗ ਵਿਚ ਝੁਲਸੇਗਾ। ਮਹਿੰਗਾਈ ਵਧੇਗੀ। ਆਰਥਕਤਾ ਚਰਮਰਾਏਗੀ। ਹਥਿਆਰਾਂ ਦੀ ਬੇਲੋੜੀ ਦੌੜ ਤੇਜ ਹੋਵੇਗੀ। ਅਮਰੀਕਾ ਵੱਲੋਂ ਇਸਰਾਈਲ ਦੀ ਚੁੱਕਣਾ ਵਿਚ ਆ ਕੇ ਆਪਣੇ ਪੈਰਾਂ ਉੱਤੇ ਆਪ ਮਾਰੀ ਕੁਹਾੜੀ ਦਾ ਜ਼ਖਮ ਦੇਰ ਤਕ ਰਿਸਦਾ ਰਹੂ। ਅਮਰੀਕਾ ਇਸਰਾਈਲ ਨੂੰ ਹਾਸਲ ਕੁਛ ਨੀ ਹੋਣਾ, ਸਗੋਂ ਵਕਾਰ ਅਤੇ ਵਿਸ਼ਵਾਸ ਘਟੂ। ਮੁਸ਼ਕਲਾਂ ਵਧਣਗੀਆਂ। ਲਗਦਾ ਕਿ ਅਖੀਰੀ ਜੰਗ ਉਪਰੰਤ ਇਰਾਨ ਦਾ ਅਧਾਰ/ਆਰਥਕ ਢਾਂਚਾ ਵੱਡਾ ਨੁਕਸਾਨ ਤਾਂ ਉਠਾਵੇਗਾ ਪਰ ਉਸਦਾ ਸਿਆਸੀ ਤੇ ਫੌਜੀ ਵਕਾਰ ਹੋਰ ਬੁਲੰਦ ਹੋਵੇਗਾ।

ਉਂਜ ਅਮਰੀਕੀ ਟਰੰਪ ਦੇ ਟੈਰਿਫ/ਵੈਨਜ਼ੁਏਲਾ/ਗਰੀਨਲੈਂਡ/ਕਨੇਡਾ/ਇਰਾਨ ਨਾਲ ਸਬੰਧਤ ਤੇ ਹੋਰ ਧਾਕੜ ਚਾਲਿਆਂ ਨੇ ਅਮਰੀਕਾ ਨੂੰ ਯੂਰਪ ਅਤੇ ਨਾਟੋ ਸਹਿਯੋਗੀਆਂ ਤੋਂ ਵੀ ਅੰਦਰੋਂ/ਮਨੋ ਦੂਰ ਕਰ ਦਿੱਤਾ ਹੈ। ਘੋਰ ਨਿੱਜ ਸਵਾਰਥ ਕਿਸੇ ਨੂੰ ਜ਼ਾਲਮ ਅਤੇ ਬੇ.ਗੈਰਤ ਬਣਾ ਦਿੰਦਾ ਹੈ। ਨਾਟੋ ਯੂਰਪ ਸਮੇਤ ਕੁੱਲ ਸੰਸਾਰ ਵਿਚ ਅਮਰੀਕਾ ਉੱਤੇ ਸੰਪੂਰਨ ਬੇਵਿਸ਼ਵਾਸੀ ਦਾ ਆਲਮ ਹੈ। ਵੇਖ ਲਓ ਕੋਈ ਨਾਟੋ/ਯੂਰਪੀ ਦੇਸ਼ ਇਰਾਨ ਵਿਰੁੱਧ ਇਹਨਾਂ ਦੋਵਾਂ ਨਾਲ ਨਹੀਂ ਆਇਆ। ਭਾਰਤ ਦੀ ਮੋਦੀ ਸਰਕਾਰ ਨਾਲ ਵੀ ਘੁਟ ਘੁਟ ਜੱਫੀਆਂ ਪਾਉਣ ਵਾਲੀ ਹੁਣ ਓਹ ਗੱਲ ਨਹੀਂ ਰਹੀ। ਭਾਰਤ ਬਚ ਬਚਾ ਕੇ ਚੱਲ ਰਿਹਾ ਲਗਦਾ। ਯਨੀ ਕਿ ਇਸ ਵਕਤ ਅਮਰੀਕਾ ਅਤੇ ਇਸਰਾਈਲ ਦਾ ਇਕ ਵੀ ਹੋਰ ਮੁਲਕ ਤਨੋ ਮਨੋ ਪੱਕਾ ਬੇਲੀ ਨਹੀਂ ਜਾਪਦਾ। ਇਹ ਅਮਰੀਕੀ ਕੂਟਨੀਤੀ ਦੀ ਵੱਡੀ ਹਾਰ ਹੈ। ਜਿਸਦੇ ਨਤੀਜੇ ਆਉਣ ਵਾਲੇ ਸਮੇਂ ਵਿਚ ਦਿੱਸਣਗੇ। ਸਾਰੀ ਦੁਨੀਆਂ ਵਿਚ ਤੇਜੀ ਨਾਲ ਨਵੇਂ ਸਿਰਿਉਂ ਸਮੀਕਰਨ ਗਠਜੋੜ ਬਣ ਰਹੇ ਹਨ।

ਅਮਰੀਕਾ ਇਸਰਾਈਲ ਇਰਾਨ ਦੀ ਸਰਕਾਰ ਉੱਤੇ ਕਬਜਾ ਕਰਨ ਦਾ ਕਮਲ ਘੋਟਣ ਤੁਰੇ ਸਨ, ਉਹ ਤਾਂ ਕਰ ਨਹੀ ਸਕੇ। ਪਰ ਫੌਜੀ ਬੜਤ ਵਖਾਉਣ ਲਈ ਇਹ ਕੋਈ ਨਾ ਕੋਈ ਬਹਾਨਾ ਬਣਾ ਕੇ ਹੋਰ ਅਵੱਲੀ ਵੱਡੀ ਭੈੜੀ ਹਰਕਤ ਕਰ ਸਕਦੇ।

ਇਰਾਨ ਉੱਤੇ ਮੌਜੂਦਾ ਹਮਲੇ ਦੇ ਸਾਰੇ ਬਹਾਨੇ ਝੂਠੇ ਹਨ। ਸੱਚ ਉਹ ਹੈ ਜੋ ਇਕ ਅਮਰੀਕੀ ਪੱਤਰਕਾਰ ਦੇ ਸਵਾਲ ਦੇ ਜਵਾਬ ਵਿਚ ਟਰੰਪ ਦੇ ਮੂੰਹੋਂ ਸੁਭੈਕੀਂ ਨਿਕਲ ਗਿਆ "ਕਿ ਤੁਸੀਂ ਫਿਕਰ ਨਾ ਕਰੋ, ਥੋੜੇ ਦਿਨਾਂ ਬਾਅਦ ਵੈਨਜ਼ੁਏਲਾ ਦੀ ਤਰਾਂ ਇਰਾਨੀ ਤੇਲ ਵੀ ਸਾਡਾ ਹੋਵੇਗਾ"। ਪਰ ਦੁਨੀਆਂ ਤਾਂ ਇਸ ਗੱਲੋਂ ਵੀ ਫ਼ਿਕਰਮੰਦ ਹੈ ਕਿ ਇਹਨਾਂ ਬੌਰੇ ਜਿਹੇ ਸਵਾਰਥੀ ਅਨਸਰਾਂ ਦੀਆਂ ਅਜਿਹੀਆਂ ਹਰਕਤਾਂ ਕਿਤੇ ਸੰਸਾਰ ਜੰਗ ਵੱਲ ਨਾ ਤੋਰ ਦੇਣ।

148, ਸੁੰਦਰ ਵਿਹਾਰ ਤਲਵਾੜਾ
ਹੁਸ਼ਿਆਰਪੁਰ

# ਕੀ ਅਸੀਂ ਸੱਚਮੁੱਚ ਭਾਰਤ ਦਾ ਹਿੱਸਾ ਹਾਂ... ?

ਸੰਦੀਪ ਕੁਮਾਰ
7009807121



ਭਾਰਤ ਵਿੱਚ ਵੱਸਦੇ ਲੋਕਾਂ ਵਿੱਚ ਰਾਸ਼ਟਰੀ ਏਕਤਾ ਅਤੇ ਵਫ਼ਾਦਾਰੀ ਦਾ ਸਵਾਲ ਅਕਸਰ ਉੱਠਦਾ ਰਹਿੰਦਾ ਹੈ, ਖਾਸ ਕਰਕੇ ਜਦੋਂ ਵਿਦੇਸ਼ੀ ਘਟਨਾਵਾਂ ਨੂੰ ਲੈ ਕੇ ਦੇਸ਼ ਅੰਦਰ ਵੱਖ-ਵੱਖ ਵਰਗਾਂ ਵੱਲੋਂ ਪ੍ਰਤੀਕਿਰਿਆਵਾਂ ਵਿਖਾਈਆਂ ਜਾਂਦੀਆਂ ਹਨ। ਹਾਲ ਹੀ ਵਿੱਚ ਇਰਾਨ ਦੇ ਸੁਪਰੀਮ ਲੀਡਰ ਅਲੀ ਖਾਮਨਈ ਦੀ ਮੌਤ ਨੇ ਇੱਕ ਵਾਰ ਫਿਰ ਇਸ ਸਵਾਲ ਨੂੰ ਤਾਜ਼ਾ ਕਰ ਦਿੱਤਾ ਹੈ।

ਖਾਮਨਈ ਦੀ ਮੌਤ ਇੱਕ ਅੰਤਰਰਾਸ਼ਟਰੀ ਸੰਘਰਸ਼ ਵਿੱਚ ਹੋਈ, ਜਿੱਥੇ ਅਮਰੀਕਾ ਅਤੇ ਇਜ਼ਰਾਈਲ ਨੇ ਇਰਾਨ ਉੱਤੇ ਹਮਲੇ ਕੀਤੇ। ਇਹ ਘਟਨਾ ਇਰਾਨ ਵਿੱਚ ਵਾਪਰੀ, ਪਰ ਭਾਰਤ ਵਿੱਚ ਇੱਕ ਵਿਸ਼ੇਸ਼ ਵਰਗ, ਖਾਸ ਕਰਕੇ ਸ਼ੀਆ ਮੁਸਲਿਮ ਭਾਈਚਾਰੇ ਵੱਲੋਂ ਇਸ ਨੂੰ ਲੈ ਕੇ ਵੱਡੇ ਪੱਧਰ ਉੱਤੇ ਸੋਗ ਅਤੇ ਰੋਸ ਪ੍ਰਦਰਸ਼ਨ ਕੀਤੇ ਗਏ। ਨਵੀਂ ਦਿੱਲੀ ਵਿੱਚ ਇਰਾਨ ਕਲਚਰਲ ਹਾਊਸ ਵਿਖੇ ਹਜ਼ਾਰਾਂ ਲੋਕਾਂ ਨੇ ਮੋਮਬੱਤੀਆਂ ਨਾਲ ਸ਼ਰਧਾਂਜਲੀ ਦਿੱਤੀ, ਜਦਕਿ ਹੈਦਰਾਬਾਦ ਦੇ ਪੁਰਾਣੇ ਸ਼ਹਿਰ ਵਿੱਚ ਸੈਂਕੜੇ ਲੋਕ ਕਾਲੇ ਕੱਪੜੇ ਪਾ ਕੇ ਇਬਨੇ ਖਾਤੂਨ ਦੀ ਕਬਰ ਨੇੜੇ ਇਕੱਠੇ ਹੋਏ ਅਤੇ ਅਮਰੀਕਾ ਵਿਰੋਧੀ ਨਾਅਰੇ ਲਗਾਏ। ਲਖਨਊ ਵਿੱਚ ਵੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਸੋਗ ਸਭਾ ਕੀਤੀ, ਜਿੱਥੇ ਸੁੰਨੀ ਅਤੇ ਸ਼ੀਆ ਇੱਕਠੇ ਨਜ਼ਰ ਆਏ। ਇਹ ਸੋਗ ਨਾ ਸਿਰਫ਼ ਉੱਤਰ ਪ੍ਰਦੇਸ਼ ਅਤੇ ਤੇਲੰਗਾਨਾ ਵਿੱਚ ਸੀ, ਸਗੋਂ ਮਹਾਰਾਸ਼ਟਰ, ਬਿਹਾਰ ਅਤੇ ਕੇਰਲ ਅਤੇ ਪੰਜਾਬ ਵਰਗੇ ਸੂਬਿਆਂ ਵਿੱਚ ਵੀ ਵਿਖਾਈ ਦਿੱਤਾ। ਪਰ ਇਸ ਸੋਗ ਨੂੰ ਵੇਖ ਕੇ ਸਵਾਲ ਉੱਠਦਾ ਹੈ ਕਿ ਕੀ ਇਹ ਵਰਗ ਭਾਰਤ ਨੂੰ ਆਪਣਾ ਦੇਸ਼ ਮੰਨਦਾ ਵੀ ਹੈ ਜਾਂ ਨਹੀਂ?

ਖਾਮਨਈ ਦੀ ਮੌਤ ਤਾਂ ਇੱਕ ਯੁੱਧ ਵਿੱਚ ਹੋਈ, ਜਿੱਥੇ ਇਰਾਨ ਨੇ ਇਜ਼ਰਾਈਲ ਅਤੇ ਅਮਰੀਕਾ ਨਾਲ ਟਕਰਾਅ ਵਧਾਇਆ। ਇਹ ਦੋ ਦੇਸ਼ਾਂ ਦੀ ਆਪਸੀ ਲੜਾਈ ਸੀ, ਪਰ ਭਾਰਤ ਵਿੱਚ ਇਸ ਨੂੰ ਲੈ ਕੇ ਅਜਿਹਾ ਸੋਗ ਮਨਾਇਆ ਗਿਆ ਜਿਵੇਂ ਕੋਈ ਨਿੱਜੀ ਨੁਕਸਾਨ ਹੋਇਆ ਹੋਵੇ। ਇਸ ਵਰਗ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਖਾਮਨਈ ਦੁਆਰਾ, ਇਰਾਨ ਇੱਕ ਪ੍ਰਾਚੀਨ ਦੇਸ਼ ਪਰਸ਼ੀਆ ਉੱਤੇ ਜ਼ਬਰਦਸਤੀ ਕਬਜ਼ਾ ਕੀਤਾ ਅਤੇ ਇਸਲਾਮ ਨੂੰ ਜ਼ਬਰੀ ਥੋਪ ਕੇ ਰੱਖਿਆ। ਖਾਮਨਈ ਦੇ ਰਾਜ ਵਿੱਚ ਅਜਿਹੇ ਕਾਨੂੰਨ ਬਣਾਏ ਗਏ ਜੋ ਇਨਸਾਨੀ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦੇ ਸਨ। ਔਰਤਾਂ ਉੱਤੇ ਸਖ਼ਤ ਪਾਬੰਦੀਆਂ, ਵਿਰੋਧੀਆਂ ਨੂੰ ਫਾਂਸੀਆਂ ਅਤੇ ਅੱਤਿਆਚਾਰ ਜੋ ਸਮਾਜ ਨੂੰ ਡਰ ਵਿੱਚ ਰੱਖਦੇ ਸਨ। ਇਰਾਨ ਵਿੱਚ ਖੁਦ ਲੋਕ ਖਾਮਨਈ ਦੇ ਵਿਰੋਧ ਵਿੱਚ ਉੱਠ ਖੜ੍ਹੇ ਹੋਏ ਸਨ, ਪਰ ਭਾਰਤ ਵਿੱਚ ਇਸ ਵਰਗ ਵੱਲੋਂ ਉਸ ਨੂੰ ਇੱਕ ਨਾਇਕ ਵਾਂਗ ਮਨਾਇਆ ਜਾ ਰਿਹਾ ਹੈ। ਇਹ ਕਿਸ ਤਰ੍ਹਾਂ ਦੀ ਵਫ਼ਾਦਾਰੀ ਹੈ ਜਿੱਥੇ ਦੂਰ ਵੱਸਦੇ ਧਾਰਮਿਕ ਨੇਤਾ ਦੀ ਮੌਤ ਉੱਤੇ ਅਜਿਹਾ ਸੋਗ ਹੋਵੇ, ਪਰ ਆਪਣੇ ਦੇਸ਼ ਦੇ ਮਸਲਿਆਂ ਉੱਤੇ ਚੁੱਪੀ?




ਖਾਮਨਈ ਦੀ ਮੌਤ ਤਾਂ ਇੱਕ ਯੁੱਧ ਵਿੱਚ ਹੋਈ, ਜਿੱਥੇ ਇਰਾਨ ਨੇ ਇਜ਼ਰਾਈਲ ਅਤੇ ਅਮਰੀਕਾ ਨਾਲ ਟਕਰਾਅ ਵਧਾਇਆ। ਇਹ ਦੋ ਦੇਸ਼ਾਂ ਦੀ ਆਪਸੀ ਲੜਾਈ ਸੀ, ਪਰ ਭਾਰਤ ਵਿੱਚ ਇਸ ਨੂੰ ਲੈ ਕੇ ਅਜਿਹਾ ਸੋਗ ਮਨਾਇਆ ਗਿਆ ਜਿਵੇਂ ਕੋਈ ਨਿੱਜੀ ਨੁਕਸਾਨ ਹੋਇਆ ਹੋਵੇ। ਇਸ ਵਰਗ ਨੂੰ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਖਾਮਨਈ ਦੁਆਰਾ, ਇਰਾਨ ਇੱਕ ਪ੍ਰਾਚੀਨ ਦੇਸ਼ ਪਰਸ਼ੀਆ ਉੱਤੇ ਜ਼ਬਰਦਸਤੀ ਕਬਜ਼ਾ ਕੀਤਾ ਅਤੇ ਇਸਲਾਮ ਨੂੰ ਜ਼ਬਰੀ ਥੋਪ ਕੇ ਰੱਖਿਆ। ਖਾਮਨਈ ਦੇ ਰਾਜ ਵਿੱਚ ਅਜਿਹੇ ਕਾਨੂੰਨ ਬਣਾਏ ਗਏ ਜੋ ਇਨਸਾਨੀ ਅਧਿਕਾਰਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦੇ ਸਨ। ਔਰਤਾਂ ਉੱਤੇ ਸਖ਼ਤ ਪਾਬੰਦੀਆਂ, ਵਿਰੋਧੀਆਂ ਨੂੰ ਫਾਂਸੀਆਂ ਅਤੇ ਅੱਤਿਆਚਾਰ ਜੋ ਸਮਾਜ ਨੂੰ ਡਰ ਵਿੱਚ ਰੱਖਦੇ ਸਨ। ਇਰਾਨ ਵਿੱਚ ਖੁਦ ਲੋਕ ਖਾਮਨਈ ਦੇ ਵਿਰੋਧ ਵਿੱਚ ਉੱਠ ਖੜ੍ਹੇ ਹੋਏ ਸਨ, ਪਰ ਭਾਰਤ ਵਿੱਚ ਇਸ ਵਰਗ ਵੱਲੋਂ ਉਸ ਨੂੰ ਇੱਕ ਨਾਇਕ ਵਾਂਗ ਮਨਾਇਆ ਜਾ ਰਿਹਾ ਹੈ। ਇਹ ਕਿਸ ਤਰ੍ਹਾਂ ਦੀ ਵਫ਼ਾਦਾਰੀ ਹੈ ਜਿੱਥੇ ਦੂਰ ਵੱਸਦੇ ਧਾਰਮਿਕ ਨੇਤਾ ਦੀ ਮੌਤ ਉੱਤੇ ਅਜਿਹਾ ਸੋਗ ਹੋਵੇ, ਪਰ ਆਪਣੇ ਦੇਸ਼ ਦੇ ਮਸਲਿਆਂ ਉੱਤੇ ਚੁੱਪੀ?

ਇਹ ਪਹਿਲੀ ਵਾਰ ਨਹੀਂ ਹੋਇਆ। ਇਸ ਤੋਂ ਪਹਿਲਾਂ 2025 ਵਿੱਚ ਜਦੋਂ ਭਾਰਤ ਨੇ ਆਪਰੇਸ਼ਨ ਸਿੰਦੂਰ ਰਾਹੀਂ ਪਾਕਿਸਤਾਨ ਉੱਤੇ ਹਮਲਾ ਕੀਤਾ, ਜੋ ਕਿ ਪਹਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਜਵਾਬ ਸੀ, ਤਾਂ ਇਸ ਵਰਗ ਨਾਲ ਸੰਬੰਧਿਤ ਕਈ ਲੋਕਾਂ ਅਤੇ ਨੇਤਾਵਾਂ ਨੇ ਇਸ ਨੂੰ ਵਿਰੋਧ ਕੀਤਾ। ਉਸ ਹਮਲੇ ਵਿੱਚ 26 ਨਿਰਦੋਸ਼ ਸੈਲਾਨੀ ਮਾਰੇ ਗਏ ਸਨ, ਜਿਸ ਨੂੰ ਪਾਕਿਸਤਾਨੀ ਅੱਤਵਾਦੀ ਸੰਗਠਨਾਂ ਨੇ ਅੰਜਾਮ ਦਿੱਤਾ। ਭਾਰਤ ਨੇ ਨੌਂ ਅੱਤਵਾਦੀ ਕੈਂਪਾਂ ਉੱਤੇ ਮਿਜ਼ਾਈਲ ਹਮਲੇ ਕੀਤੇ, ਪਰ ਇਸ ਵਰਗ ਵਿੱਚੋਂ ਕਈਆਂ ਨੇ ਇਸ ਨੂੰ 'ਯੁੱਧ ਦੀ ਸਾਜ਼ਿਸ਼' ਕਹਿ ਕੇ ਵਿਰੋਧ ਕੀਤਾ ਅਤੇ ਸ਼ਾਂਤੀ ਦੀ ਅਪੀਲ ਕੀਤੀ, ਜਿਵੇਂ ਭਾਰਤ ਨੇ ਕੋਈ ਗਲਤੀ ਕੀਤੀ ਹੋਵੇ। ਪਾਕਿਸਤਾਨ ਨੇ ਵੀ ਜਵਾਬੀ ਹਮਲੇ ਕੀਤੇ, ਜਿਸ ਨਾਲ ਸੰਘਰਸ਼ ਵਧਿਆ, ਪਰ ਇਸ ਵਰਗ ਨੇ ਭਾਰਤ ਦੇ ਫੈਸਲੇ ਨੂੰ ਹੀ ਨਿਸ਼ਾਨਾ ਬਣਾਇਆ। ਇਹ ਵੀ ਨੋਟ ਕੀਤਾ ਗਿਆ ਕਿ ਕਈ ਮੁਸਲਿਮ ਨੇਤਾਵਾਂ ਨੇ ਭਾਰਤ-ਪਾਕਿਸਤਾਨ ਸੰਘਰਸ਼ ਨੂੰ 'ਮੁਸਲਿਮ ਵਿਰੋਧੀ' ਕਹਿ ਕੇ ਪੇਸ਼ ਕੀਤਾ, ਜਦਕਿ ਇਹ ਅੱਤਵਾਦ ਵਿਰੋਧੀ ਕਾਰਵਾਈ ਸੀ।

ਪਰ ਜਦੋਂ ਗੁਆਂਢੀ ਮੁਲਕਾਂ ਵਿੱਚ ਘੱਟ ਗਿਣਤੀਆਂ ਨਾਲ ਅਮਾਨਵੀ ਵਿਹਾਰ ਹੁੰਦਾ ਹੈ, ਤਾਂ ਇਹ ਵਰਗ ਚੁੱਪ ਰਹਿੰਦਾ ਹੈ। ਪਾਕਿਸਤਾਨ ਵਿੱਚ ਹਿੰਦੂ ਘੱਟ ਗਿਣਤੀ ਨੂੰ ਨਿੱਤ ਦੇ ਅੱਤਿਆਚਾਰਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਜ਼ਬਰੀ ਧਰਮ ਪਰਿਵਰਤਨ, ਅਗਵਾ ਅਤੇ ਵਿਆਹ, ਮੰਦਰਾਂ ਉੱਤੇ ਹਮਲੇ। ਬੰਗਲਾਦੇਸ਼ ਵਿੱਚ ਵੀ ਹਿੰਦੂਆਂ ਉੱਤੇ ਹਿੰਸਾ ਅਤੇ ਜ਼ਮੀਨਾਂ ਖੋਹਣ ਦੇ ਮਾਮਲੇ ਆਮ ਹਨ, ਖਾਸ ਕਰਕੇ ਸ਼ੇਖ ਹਸੀਨਾ ਦੇ ਸੱਤਾ ਤੋਂ ਜਾਣ ਤੋਂ ਬਾਅਦ। ਅੰਤਰਰਾਸ਼ਟਰੀ ਰਿਪੋਰਟਾਂ ਅਨੁਸਾਰ, ਬੰਗਲਾਦੇਸ਼ ਵਿੱਚ ਹਿੰਦੂਆਂ ਨੂੰ ਨਿਸ਼ਾਨਾ ਬਣਾਉਣ ਵਾਲੀਆਂ ਘਟਨਾਵਾਂ ਵਧੀਆਂ ਹਨ, ਜਿੱਥੇ ਉਨ੍ਹਾਂ ਨੂੰ ਵਿਸਥਾਪਿਤ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਦੇ ਅਧਿਕਾਰ ਛਿੱਕੇ ਉੱਤੇ ਟੰਗੇ ਹਨ। ਪਾਕਿਸਤਾਨ ਵਿੱਚ ਹਿੰਦੂ ਔਰਤਾਂ ਨੂੰ ਅਗਵਾ ਕਰਕੇ ਇਸਲਾਮ ਕਬੂਲ ਕਰਵਾਉਣ ਦੇ ਮਾਮਲੇ ਰੋਜ਼ਾਨਾ ਵਾਪਰਦੇ ਹਨ ਅਤੇ ਅਧਿਕਾਰੀ ਇਸ ਨੂੰ ਨਜ਼ਰਅੰਦਾਜ਼ ਕਰਦੇ ਹਨ। ਪਰ ਭਾਰਤ ਵਿੱਚ ਇਸ ਵਰਗ ਵੱਲੋਂ ਇਨ੍ਹਾਂ ਘਟਨਾਵਾਂ ਉੱਤੇ ਕੋਈ ਵੱਡਾ ਰੋਸ ਜਾਂ ਪ੍ਰਦਰਸ਼ਨ ਨਹੀਂ ਵਿਖਾਈ ਦਿੰਦਾ। ਉਹ ਆਪਣੇ ਬੁੱਲ ਸੀਲ ਲੈਂਦੇ ਹਨ, ਜਿਵੇਂ ਉਨ੍ਹਾਂ ਨਾਲ ਕੋਈ ਲੈਣਾ-ਦੇਣਾ ਨਹੀਂ। ਇਹ ਕਿਸ ਤਰ੍ਹਾਂ ਦਾ ਭਾਈਚਾਰਾ ਹੈ?

ਹੋਰ ਮੁਲਕਾਂ ਵਿੱਚ ਵੱਸਦੇ ਭਾਰਤੀਆਂ ਉੱਤੇ ਤਸ਼ੱਦਦ ਹੋਵੇ ਤਾਂ ਵੀ ਇਹ ਵਰਗ ਚੁੱਪ ਰਹਿੰਦਾ ਹੈ। ਉਦਾਹਰਨ ਵਜੋਂ, ਅਫਗਾਨਿਸਤਾਨ ਜਾਂ ਪਾਕਿਸਤਾਨ ਵਿੱਚ ਭਾਰਤੀ ਨਾਗਰਿਕਾਂ ਜਾਂ ਹਿੰਦੂਆਂ ਉੱਤੇ ਹਮਲੇ ਹੁੰਦੇ ਹਨ, ਪਰ ਇਸ ਵਰਗ ਵੱਲੋਂ ਕੋਈ ਸੋਗ ਜਾਂ ਰੋਸ ਨਹੀਂ ਪ੍ਰਗਟ ਕੀਤਾ ਜਾਂਦਾ। ਪਰ ਜਦੋਂ ਸੱਤ ਸਮੁੰਦਰ ਪਾਰ ਆਪਣੇ ਧਾਰਮਿਕ ਵਰਗ ਨਾਲ ਜੁੜੇ ਵਿਅਕਤੀ ਦੀ ਮੌਤ ਹੋ ਜਾਵੇ, ਤਾਂ ਅਜਿਹਾ ਸੋਗ ਮਨਾਇਆ ਜਾਂਦਾ ਹੈ ਜਿਵੇਂ ਆਪਣਾ ਕੋਈ ਨਿੱਜੀ ਵਿਛੋੜਾ ਹੋਇਆ ਹੋਵੇ। ਖਾਮਨਈ ਦੀ ਮੌਤ ਉੱਤੇ ਨਵੀਂ ਦਿੱਲੀ ਅਤੇ ਹੈਦਰਾਬਾਦ ਵਿੱਚ ਵਿਖਾਈ ਗਈ ਭਾਵਨਾਤਮਕ ਪ੍ਰਤੀਕਿਰਿਆ ਨੇ ਇਹ ਸਵਾਲ ਖੜ੍ਹਾ ਕੀਤਾ ਹੈ ਕਿ ਇਹ ਦੋਗਲਾ ਵਿਹਾਰ ਕਿੱਥੋਂ ਆਉਂਦਾ ਹੈ? ਕੀ ਇਹ ਧਾਰਮਿਕ ਨਿਸ਼ਠਾ ਹੈ ਜਾਂ ਰਾਸ਼ਟਰੀ ਵਫ਼ਾਦਾਰੀ ਵਿੱਚ ਕਮੀ?

ਇਸ ਵਿਹਾਰ ਨੂੰ ਵਿਰੋਧ ਕਰਨ ਉੱਤੇ ਇਹ ਵਰਗ ਤੁਰੰਤ ਘੱਟ ਗਿਣਤੀ ਵਾਲਾ ਕਾਰਡ ਖੇਡਦਾ ਹੈ। ਉਹ ਕਹਿੰਦੇ ਹਨ ਕਿ ਭਾਰਤ ਵਿੱਚ ਉਨ੍ਹਾਂ ਨਾਲ ਬੇਗਾਨਿਆਂ ਵਾਂਗ ਵਿਹਾਰ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ। ਪਰ ਇੱਥੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ 1947 ਵਿੱਚ ਦੇਸ਼ ਦਾ ਬਟਵਾਰਾ ਧਰਮ ਦੇ ਅਧਾਰ ਉੱਤੇ ਹੋਇਆ ਸੀ। ਪਾਕਿਸਤਾਨ ਬਣਨ ਤੋਂ ਬਾਅਦ ਵੀ ਜੋ ਲੋਕ ਭਾਰਤ ਵਿੱਚ ਰਹੇ, ਉਨ੍ਹਾਂ ਨੂੰ ਪੂਰੀ ਆਜ਼ਾਦੀ ਅਤੇ ਅਧਿਕਾਰ ਮਿਲੇ। ਭਾਰਤ ਨੇ ਆਪਣੇ ਸੰਵਿਧਾਨ ਵਿੱਚ ਧਰਮ ਨਿਰਪੱਖਤਾ ਨੂੰ ਅਪਣਾਇਆ, ਪਰ ਇਸ ਵਰਗ ਨੇ ਬਾਕੀ ਭਾਰਤੀਆਂ ਨੂੰ ਪੂਰੀ ਤਰ੍ਹਾਂ ਅਪਣਾਇਆ ਨਹੀਂ। ਸ਼ਾਇਦ ਇਹੀ ਕਾਰਨ ਹੈ ਕਿ ਜਦੋਂ ਭਾਰਤ ਵਿੱਚ ਕੋਈ ਘਟਨਾ ਵਾਪਰੇ, ਜਿਵੇਂ ਕਸ਼ਮੀਰ ਵਿੱਚ ਅੱਤਵਾਦ ਵਰਗੇ ਦੁਖਾਂਤ, ਤਾਂ ਇਸ ਵਰਗ ਨੂੰ ਉਸ ਨਾਲ ਕੋਈ ਲੈਣਾ-ਦੇਣਾ ਨਹੀਂ ਲੱਗਦਾ। ਉਹ ਆਪਣੇ ਧਾਰਮਿਕ ਨੇਤਾਵਾਂ ਅਤੇ ਮੁਲਕਾਂ ਨੂੰ ਪਹਿਲ ਦਿੰਦੇ ਹਨ, ਜਿੱਥੇ ਉਨ੍ਹਾਂ ਦਾ ਵਰਗ ਬਹੁਮਤ ਵਿੱਚ ਹੈ। ਇਹ ਦੋਹਰੀ ਮਾਨਸਿਕਤਾ ਕਿੱਥੋਂ ਆਉਂਦੀ ਹੈ? ਕੀ ਇਹ ਧਾਰਮਿਕ ਸਿੱਖਿਆਵਾਂ ਕਰਕੇ ਹੈ ਜਾਂ ਰਾਜਨੀਤਿਕ ਲਾਭ ਲਈ? ਭਾਰਤ ਵਿੱਚ ਰਹਿੰਦੇ ਹੋਏ ਵੀ ਇਸ ਵਰਗ ਨੇ ਆਪਣੇ ਆਲੇ-ਦੁਆਲੇ ਨੂੰ ਧਾਰਮਿਕ ਨਜ਼ਰੀਏ ਨਾਲ ਵੇਖਿਆ ਹੈ, ਜਿਸ ਕਰਕੇ ਰਾਸ਼ਟਰੀ ਮਸਲਿਆਂ ਉੱਤੇ ਉਨ੍ਹਾਂ ਦੀ ਪ੍ਰਤੀਕਿਰਿਆ ਵੱਖਰੀ ਰਹਿੰਦੀ ਹੈ। ਪਰ ਖਾਮਨਈ ਦੀ ਮੌਤ ਉੱਤੇ ਭਾਰਤ ਸਰਕਾਰ ਨੇ ਚੁੱਪੀ ਅਪਣਾਈ, ਜਿਸ ਨੂੰ ਕਈ ਨੇ ਭਾਰਤ ਦੇ ਰਾਜਨੀਤਿਕ ਹਿੱਤਾਂ ਨਾਲ ਜੋੜ ਕੇ ਵੇਖਿਆ। ਪਰ ਇਸ ਵਰਗ ਨੇ ਆਪਣੇ ਪੱਧਰ ਉੱਤੇ ਵੱਡੇ ਪ੍ਰਦਰਸ਼ਨ ਕੀਤੇ, ਜੋ ਰਾਸ਼ਟਰੀ ਏਕਤਾ ਨੂੰ ਪ੍ਰਭਾਵਿਤ ਕਰਦੇ ਹਨ।

ਅੰਤ ਵਿੱਚ, ਇਹ ਸਵਾਲ ਆਉਂਦਾ ਹੈ ਕਿ ਕੀ ਅਸੀਂ ਸੱਚਮੁੱਚ ਭਾਰਤ ਦਾ ਹਿੱਸਾ ਹਾਂ? ਜੇਕਰ ਹਾਂ, ਤਾਂ ਪਹਿਲੀ ਪ੍ਰਾਥਮਿਕਤਾ ਭਾਰਤ ਨੂੰ ਹੋਣੀ ਚਾਹੀਦੀ ਹੈ। ਪਰ ਜੇਕਰ ਹਰ ਘਟਨਾ ਨੂੰ ਧਾਰਮਿਕ ਚਸ਼ਮੇ ਨਾਲ ਵੇਖ ਕੇ ਪ੍ਰਤੀਕਿਰਿਆ ਦਿੱਤੀ ਜਾਂਦੀ ਹੈ ਅਤੇ ਵਿਦੇਸ਼ੀ ਮੁਲਕਾਂ ਨੂੰ ਪਹਿਲ ਦਿੱਤੀ ਜਾਂਦੀ ਹੈ, ਤਾਂ ਇਹ ਦੇਸ਼ ਨੂੰ ਸ਼ਰਮਸਾਰ ਕਰਨ ਵਾਲੀ ਗੱਲ ਹੈ। ਭਾਰਤ ਨੂੰ ਏਕਤਾ ਦੀ ਲੋੜ ਹੈ, ਜਿੱਥੇ ਹਰ ਵਰਗ ਰਾਸ਼ਟਰ ਨੂੰ ਸਭ ਤੋਂ ਉੱਪਰ ਰੱਖੇ। ਜੇਕਰ ਇਹ ਨਹੀਂ ਹੁੰਦਾ, ਤਾਂ ਸਵਾਲ ਬਣਦਾ ਹੈ ਕਿ ਅਸਲ ਵਿੱਚ ਅਸੀਂ ਕਿਸ ਦੇ ਵਫ਼ਾਦਾਰ ਹਾਂ, ਧਰਮ ਜਾਂ ਦੇਸ਼? ਇਹ ਵਿਚਾਰ ਵਟਾਂਦਰੇ ਦੀ ਲੋੜ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਦੋਗਲੀਆਂ ਪ੍ਰਤੀਕਿਰਿਆਵਾਂ ਨੂੰ ਰੋਕਿਆ ਜਾ ਸਕੇ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕੀਤਾ ਜਾ ਸਕੇ।

ਐਮ.ਸੀ.ਏ, ਐਮ.ਏ ਮਨੋਵਿਗਿਆਨ, ਰੂਪਨਗਰ
liberalthinker1621@gmail.com


– ਲੇਖਕ –
ਰਣਧੀਰ ਸਿੰਘ ਸੰਭਲ
ਯੂ ਕੇ
ਫੋਨ :07417443300



# 10 ਮਾਰਚ ਤੋਂ 12 ਮਾਰਚ ਸਾਲਾਨਾ ਗੁਰਮਤਿ ਸਮਾਗਮ 'ਤੇ ਵਿਸ਼ੇਸ਼

# ਸੰਤ ਮੁਹਿੰਦਰ ਸਿੰਘ ਜੀ ਹਰਖੋਵਾਲੀਏ ਅਤੇ ਸ੍ਰੀ ਹਜ਼ੂਰ ਸੰਤ ਦੀਦਾਰ ਸਿੰਘ ਜੀ ਹਰਖੋਵਾਲ ਵਾਲੇ

ਸਿੱਖ ਜਗਤ ਵਿਚ ਹਰਖੋਵਾਲ ਸੰਪ੍ਰਦਾਇ ਦਾ ਨਾਮ ਬਹੁਤ ਉਜਾਗਰ ਹੈ ਇਸ ਸੰਪ੍ਰਦਾਇ ਦੇ ਮੁਖੀ ਅਥਾਹ ਗੁਣਾਂ ਦੇ ਸਾਗਰ ਕਿਰਪਾ ਨਿਧਾਨ, ਮਧੁਰਬਨ, ਜਪੀ-ਤਪੀ, ਗੁਰੂ ਘਰ ਦੇ ਪ੍ਰੀਤਵਾਨ, ਗੁਰੂ ਚਰਨ ਰੱਜ ਦੇ ਭਉਰੇ, ਦ੍ਰਿੜ ਵਿਸ਼ਵਾਸੀ, ਰਹਿਣੀ-ਬਹਿਣੀ-ਕਹਿਣੀ ਤੇ ਸਹਿਣੀ ਦੇ ਪੂਰਨ ਧਨੀ, ਵਿਦਿਆ ਦੇ ਭੰਡਾਰ, ਨਾਮ ਰਸੀਏ, ਸ੍ਰੀ ਹਜੂਰ ਪਰਮ ਪੂਜਯ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲੇ ਹੋਏ ਹਨ। ਜਿਨਾਂ ਤੋਂ ਵਰਸਾਏ ਸੰਤ ਬਾਬਾ ਮੁਹਿੰਦਰ ਸਿੰਘ ਜੀ ਹਰਖੋਵਾਲੀਏ ਹੋਏ ਹਨ, ਜਿਨਾਂ ਨੇ ਆਪਣਾ ਸਾਰਾ ਹੀ ਜੀਵਨ ਭਜਨ ਬੰਦਗੀ ਗੁਰਬਾਣੀ ਕੀਰਤਨ ਕਰਨ ਵਿੱਚ ਅਤੇ ਨਾਮ ਸਿਮਰਨ ਜਪ-ਤਪ, ਪਰਉਪਕਾਰ ਅਤੇ ਗੁਰਧਾਮਾਂ ਨੂੰ ਨਿਰਮਾਣ ਕਰਦਿਆਂ ਬਤੀਤ ਕੀਤਾ। ਆਪ ਜੀ ਦਾ ਜਨਮ ਜ਼ਿਲਾ ਫਤਿਹਗੜ੍ਹ ਸਾਹਿਬ ਜੀ ਦੇ ਪਿੰਡ ਲੱਖਣਪੁਰ ਵਿਖੇ ਪਿਤਾ ਸਰਦਾਰ ਸੁੰਦਰ ਸਿੰਘ ਜੀ ਦੇ ਗ੍ਰਹਿ ਮਾਤਾ ਇੰਦਰ ਕੌਰ ਜੀ ਦੀ ਕੁੱਖ ਤੋਂ 28 ਮਾਰਚ ਸਨ 1926 ਈਸਵੀ ਦਿਨ ਐਤਵਾਰ ਨੂੰ ਹੋਇਆ ਸਕੂਲ ਦੀ ਪੜ੍ਹਾਈ ਉਪਰੰਤ ਸ਼ਹੀਦਾਂ ਦੇ ਅਸਥਾਨ ਦੇ ਮੁਖੀ ਬਾਬਾ ਬੱਗਾ ਸਿੰਘ ਜੀ ਤੋਂ ਕੀਰਤਨ ਦੀ ਦਾਤ ਪ੍ਰਾਪਤ ਕਰਕੇ ਧਾਰਮਿਕ ਵਿਦਿਆ ਡੇਰਾ ਸੰਤਗੜ੍ਹ ਹਰਖੋਵਾਲ ਤੋਂ ਹਾਸਲ ਕੀਤੀ। ਯੁਗ ਪੁਰਸ਼ ਸੰਤ ਬਾਬਾ ਜਵਾਲਾ ਸਿੰਘ ਜੀ ਦੀ ਸੇਵਾ ਵਿੱਚ ਕਈ ਸਾਲ ਸੇਵਾ ਕੀਤੀ। ਸੰਤ ਬਾਬਾ ਜਵਾਲਾ ਸਿੰਘ ਜੀ 13 ਨਵੰਬਰ 1957 ਈਸਵੀ ਨੂੰ ਡੇਰਾ ਝੰਬੇਲੀ ਵਿਖੇ ਪ੍ਰਭੂ ਚਰਨਾਂ ਚ ਲੀਨ ਹੋ ਗਏ ਉਹਨਾਂ ਤੋਂ ਬਾਅਦ ਹਰਖੋਵਾਲ ਸੰਪ੍ਰਦਾਇ ਦਾ ਸੰਤ ਬਾਬਾ ਮੁਹਿੰਦਰ ਸਿੰਘ ਜੀ ਨੂੰ ਮੁਖੀ ਸਥਾਪਿਤ ਕੀਤਾ ਗਿਆ। ਭਾਰਤ ਪਾਕਿ-ਸਤਾਨ ਦੀ ਜੰਗ ਸਮੇਂ 1965 ਈਸਵੀ ਨੂੰ ਸਰਬੱਤ ਦੀ ਰਖਵਾਲੀ ਲਈ ਆਪ ਜੀ ਨੇ ਡੇਰਾ ਸੰਤਗੜ੍ਹ ਸਿੰਘਪੁਰਾ ਵਿਖੇ ਸ੍ਰੀ ਸੰਪਟ ਅਖੰਡ ਪਾਠ ਸਾਹਿਬ ਕਰਵਾਇਆ। ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਤੋਂ ਸਾਧੂਆਂ ਦੀ ਮੰਡਲੀ ਸਹਿਤ ਗੁਰਮਤਿ ਪ੍ਰਚਾਰ ਰਾਹੀਂ ਪੈਦਲ ਯਾਤਰਾ ਕਰਕੇ ਬੇਅੰਤ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੋੜਿਆ। ਜਲੰਧਰ ਵਿਖੇ ਕਪੂਰਥਲਾ ਰੋਡ ਤੇ ਸੰਤ ਬਾਬਾ ਦੀਦਾਰ ਸਿੰਘ ਜੀ ਹਰਖੋਵਾਲਿਆਂ ਦੇ ਸਾਥ ਨਾਲ ਬਾਬਾ ਭਗਤ ਸਿੰਘ ਜੀ ਮਸਤ ਤੇ ਸੰਗਤਾਂ ਦੇ ਸਹਿਯੋਗ ਨਾਲ ਪੁਰਾਤਨ ਅਸਥਾਨ ਨੂੰ ਪ੍ਰਗਟ ਕਰਕੇ ਧਰਮ ਪ੍ਰਚਾਰ ਨੂੰ ਸਮਰਪਿਤ ਨਿਸ਼ਾਨ ਸਾਹਿਬ ਝੁਲਾ ਕੇ ਪਾਵਨ ਅਸਥਾਨ ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਜਲੰਧਰ ਸਰਬਤ ਦੇ ਭਲੇ ਲਈ ਸਥਾਪਿਤ ਕੀਤਾ ਕਰਵਾਇਆ। ਸ੍ਰੀ ਅਨੰਦਪੁਰ ਸਾਹਿਬ ਵਿਖੇ ਸੰਤ ਬਾਬਾ ਜਵਾਲਾ ਸਿੰਘ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸੰਤ ਬਾਬਾ ਦੀਦਾਰ ਸਿੰਘ ਜੀ ਨਾਲ ਮਿੱਲ ਕੇ ਗੁਰਦੁਆਰਾ ਡੇਰਾ ਸੰਤਗੜ੍ਹ ਦੀ ਉਸਾਰੀ ਕਰਵਾਈ। ਆਪ ਜੀ ਦੇ


ਸੰਤ ਮੁਹਿੰਦਰ ਸਿੰਘ ਜੀ ਹਰਖੋਵਾਲ, ਸੰਤ ਦੀਦਾਰ ਸਿੰਘ ਜੀ ਹਰਖੋਵਾਲ, ਹਰਖੋਵਾਲ ਸੰਪ੍ਰਦਾਇ ਦੇ ਮੌਜੂਦਾ ਮੁੱਖੀ ਸ੍ਰੀਮਾਨ ਸੰਤ ਭਗਵਾਨ ਸਿੰਘ ਜੀ ਹਰਖੋਵਾਲੀਏ

ਮਹਾਨ ਪਰਉਪਕਾਰੀ ਕਾਰਜਾਂ ਦੀ ਸੇਵਾ ਨੂੰ ਮੁੱਖ ਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਸਰੋਵਰ ਦੀ 3 ਮਾਰਚ ਸੰਨ 1973 ਈਸਵੀ ਨੂੰ ਕਾਰ ਸੇਵਾ ਲਈ ਆਪ ਜੀ ਨੂੰ ਪੰਜਾਂ ਪਿਆਰਿਆਂ ਵਿੱਚ ਸ਼ਾਮਿਲ ਕਰਕੇ ਪੰਥ ਨੇ ਮਹਾਨ ਸਨਮਾਨ ਬਖਸ਼ਿਆ। ਸੰਤ ਭਿੰਡਰਾਂ ਵਾਲਿਆਂ ਦੇ ਜੱਥੇ ਵਿੱਚ ਪਹੁੰਚ ਕੇ 8 ਅਗਸਤ 1959 ਤੋਂ ਕੀਰਤਨ ਰਾਹੀਂ ਹਾਜ਼ਰੀ ਭਰਦੇ ਰਹੇ। ਸ੍ਰੀ ਆਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਅਸਥਾਨ ਦੀ ਆਪ ਜੀ ਨੇ ਸਨ 1969 ਈਸਵੀ ਨੂੰ ਆਰੰਭਤਾ ਕਰਵਾਈ। ਸੰਤ ਬਾਬਾ ਮੁਹਿੰਦਰ ਸਿੰਘ ਜੀ ਨੇ ਮਨੁੱਖਤਾ ਦੇ ਭਲੇ ਲਈ ਪੰਜਾਬ ਸਰਕਾਰ ਦੇ ਸਹਿਯੋਗ ਨਾਲ 13 ਅਪ੍ਰੈਲ 1982 ਈਸਵੀ ਨੂੰ ਸਤਲੁਜ ਦਰਿਆ ਤੇ ਨੀਹ ਪੱਥਰ ਰੱਖ ਕੇ ਪੁੱਲ ਦੀ ਉਸਾਰੀ ਕਰਵਾਈ। ਆਪ ਜੀ ਦਾ ਜੀਵਨ ਸੰਸਾਰ ਦੇ ਜੀਵਾਂ ਲਈ ਭਲੇ ਵਾਸਤੇ ਸੀ। ਸਿੱਖ ਪ੍ਰੰਪਰਾਵਾਂ ਦੀ ਪਹਿਰੇਦਾਰੀ ਕਰਦਿਆਂ ਹਜ਼ਾਰਾਂ ਪ੍ਰਾਣੀਆਂ ਨੂੰ ਗੁਰੂ ਨਾਲ ਜੋੜਦਿਆਂ ਚੜ੍ਹਦੀ ਕਲਾ ਦੇ ਅਨੂਠੇ ਮੁਜਸਮੇ, ਆਪ ਜੀ ਅੰਤ ਸਮੇਂ ਸੰਗਤਾਂ ਦੀ ਬੇਨਤੀ ਪ੍ਰਵਾਨ ਕਰਕੇ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਲਖੀਮਪੁਰ ਖੀਰੀ ਦੇ ਨਗਰ ਭੀਰਾ ਵਿਖੇ ਸੰਗਤਾਂ ਨੂੰ ਨਾਮ ਜਪਾਉਂਦਿਆਂ ਇਹ ਮਹਾਨ ਨਾਮਵਰ ਸ਼ਖਸੀਅਤ 12 ਮਾਰਚ ਸਨ 1984 ਈਸਵੀ ਨੂੰ ਪ੍ਰਭੂ ਚਰਨਾਂ ਚ ਲੀਨ ਹੋ ਗਏ ਇਸ ਲਈ ਆਪ ਜੀ ਦਾ ਪਰਉਪਕਾਰੀ ਜੀਵਨ ਸਿੱਖ ਸੰਗਤਾਂ ਲਈ ਪ੍ਰੇਰਨਾ ਸਰੋਤ ਦਾ ਸੋਮਾ ਸੀ। "ਸ਼ਾਂਤੀ ਦੇ ਸੋਮੇ ਤੇ ਸੇਵਾ ਦੇ ਪੁੰਜ ਸੰਤ ਬਾਬਾ ਦੀਦਾਰ ਸਿੰਘ ਜੀ ਹਰਖੋਵਾਲੀਏ" ਮਾਝਾ ਖੇਤਰ ਵਿੱਚ ਸਥਿੱਤ ਗੁਰਦਾਸਪੁਰ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਵੈਰੋਨੰਗਲ ਨੂੰ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੋਣ ਦਾ ਸੁਭਾਗ ਪ੍ਰਾਪਤ ਹੈ। ਇੱਥੇ ਇਸ ਨਗਰ ਵਿੱਚ ਸੰਤ ਬਾਬਾ ਮਹਿੰਦਰ ਸਿੰਘ ਜੀ ਹਰਖੋਵਾਲੀਏ ਤੋਂ ਵਰੋਸਾਏ ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਜਲੰਧਰ ਅਤੇ ਹਰਖੋਵਾਲ ਸੰਪ੍ਰਦਾਇ ਦੇ ਮੁਖੀ ਸੰਤ ਬਾਬਾ ਦੀਦਾਰ ਸਿੰਘ ਜੀ ਹਰਖੋਵਾਲੀਏ ਹੋਏ ਹਨ, ਜਿਨਾਂ ਦਾ ਜਨਮ ਪਿੰਡ ਵੈਰੋਨੰਗਲ ਵਿਖੇ ਪਿਤਾ ਬਾਬਾ ਮੁਹਿੰਦਰ ਸਿੰਘ ਜੀ ਅਤੇ ਮਾਤਾ ਹਰਬੰਸ ਕੌਰ ਜੀ ਦੀ ਕੁੱਖੋਂ 15 ਮਈ ਸਨ 1947 ਈਸਵੀ ਨੂੰ ਹੋਇਆ ਬਚਪਨ ਤੋਂ ਹੀ ਸੇਵਾ ਸਿਮਰਨ ਦੀ ਲਗਨ ਲੱਗ ਗਈ ਸੀ। ਮਹਾਂਪੁਰਖਾਂ ਨਾਲ ਮਿਲ ਕੇ ਧਰਮ ਪ੍ਰਚਾਰ ਦੇ ਮਹਾਨ ਕੇਂਦਰ ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਜਲੰਧਰ ਦਾ ਨਿਰਮਾਣ ਕਰਵਾ ਕੇ ਸੰਤ ਬਾਬਾ ਮੁਹਿੰਦਰ ਸਿੰਘ ਜੀ ਹਰਖੋਵਾਲਿਆਂ ਵੱਲੋਂ ਆਰੰਭ ਕੀਤੀਆਂ ਸੇਵਾਵਾਂ ਦੀ ਜਿੰਮੇਵਾਰੀ ਨੂੰ ਸਿੱਖੀ ਦੇ ਅਸੂਲਾਂ ਤੇ ਚਲਦਿਆਂ, ਆਪ ਨਾਮ ਜਪਦਿਆਂ ਅਤੇ ਸੰਗਤਾਂ ਨੂੰ ਨਾਮ ਜਪਾਉਂਦਿਆਂ ਬਾਖੂਬੀ ਨਿਭਾਈ। ਹਰਖੋਵਾਲ ਸੰਪ੍ਰਦਾਇ ਦੇ ਪਾਵਨ ਅਸਥਾਨ ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਜਲੰਧਰ ਦਾ ਨਾਮ ਸੰਸਾਰ ਭਰ ਵਿੱਚ ਰੌਸ਼ਨ ਕੀਤਾ। ਆਪ ਜੀ ਨੇ ਪ੍ਰਭੂ ਬੰਦਗੀ ਵਿੱਚ ਲੀਨ ਹੋ ਕੇ ਆਪਣੇ ਮਹਾਂਪੁਰਖਾਂ ਸੰਤ ਬਾਬਾ ਮਹਿੰਦਰ ਸਿੰਘ ਜੀ ਵੱਲੋਂ ਬਖਸ਼ੀ ਭਾਉ ਭਗਤੀ ਦੀ ਰੱਬੀ ਦਾਤ ਰੂਪੀ ਖੁਸ਼ਬੂ ਨੂੰ ਸੰਸਾਰ ਸਾਗਰ ਦੇ ਜੀਵਾਂ ਨੂੰ ਸੁਗੰਧੀਆਂ ਵਰਤਾਉਂਦਿਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਨਦਰੀ ਨਦਰਿ ਨਿਹਾਲ ਕਰਦਿਆਂ ਅਧਿਆਤਮਕ ਮੁਜੱਸਮੇ ਦੇ ਭੰਡਾਰੇ ਬਖਸ਼ੇ। ਆਪ ਜੀ ਨੇ ਇੱਕ ਦਰਜਨ ਗੁਰਧਾਮ ਡੇਰਿਆਂ ਤੋਂ ਇਲਾਵਾ ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਕਪੂਰਥਲਾ ਰੋਡ ਜਲੰਧਰ, ਗੁਰਦੁਆਰਾ ਡੇਰਾ ਸੰਤਗੜ੍ਹ ਸ੍ਰੀ ਅਨੰਦਪੁਰ ਸਾਹਿਬ, ਗੁਰਦੁਆਰਾ ਜਨਮ ਅਸਥਾਨ ਸੰਤ ਬਾਬਾ ਜਵਾਲਾ ਸਿੰਘ ਜੀ ਡੇਰਾ ਸੰਤਗੜ੍ਹ ਪਿੰਡ ਲੰਗੇਰੀ ਦੇ ਅਸਥਾਨਾਂ ਦੀ ਸੇਵਾ ਕਰਵਾਈ। ਇਸ ਦੇ ਨਾਲ ਹੀ ਆਪ ਜੀ ਨੇ ਸੰਗਤਾਂ ਦੇ ਸਹਿਯੋਗ ਨਾਲ ਸੰਤ ਬਾਬਾ ਮੁਹਿੰਦਰ ਸਿੰਘ ਜੀ ਦੇ ਜਨਮ ਨਗਰ ਗੁਰਦੁਆਰਾ ਡੇਰਾ ਸੰਤਗੜ੍ਹ ਲੱਖਣਪੁਰ ਵਿਖੇ ਬਹੁਤ ਹੀ ਰਮਣੀਕ ਆਲੀਸ਼ਾਨ ਇਮਾਰਤ ਦੀ ਉਸਾਰੀ ਕਰਵਾਈ ਹੈ। ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਜਲੰਧਰ ਵਿਖੇ ਵੀ ਆਪ ਜੀ ਨੇ ਬਹੁਤ ਹੀ ਆਲੀਸ਼ਾਨ ਵਿਸ਼ਾਲ ਇਮਾਰਤਾਂ ਦੀ ਉਸਾਰੀ ਕਰਵਾ ਕੇ ਸਿੱਖ ਜਗਤ ਲਈ ਮਹਾਨ ਪਰਉਪਕਾਰ ਕੀਤਾ ਹੈ। ਸਿੱਖ ਜਗਤ ਦੀ ਇਹ ਨਾਮਵਰ ਅਦੁੱਤੀ ਸ਼ਖਸੀਅਤ ਸਿੱਖ ਸੰਗਤਾਂ ਦੀ ਸੇਵਾ ਤੇ ਨਾਮ ਜਪਦੇ ਜਪਾਉਂਦਿਆਂ 11 ਜਨਵਰੀ 2019 ਈਸਵੀ ਨੂੰ ਪ੍ਰਭੂ ਚਰਨਾਂ ਚ ਅਭੇਦ ਹੋ ਗਏ।

ਆਪ ਜੀ ਦੀ ਪਾਵਨ ਸਲਾਨਾ ਮਿੱਠੀ ਯਾਦ ਅਤੇ ਸੰਤ ਬਾਬਾ ਮੁਹਿੰਦਰ ਸਿੰਘ ਜੀ ਹਰਖੋਵਾਲਿਆਂ ਦੀ ਸਲਾਨਾ ਬਰਸੀ ਹਰਖੋਵਾਲ ਸੰਪ੍ਰਦਾਇ ਦੇ ਮੁਖੀ ਅਤੇ ਸਾਰੇ ਡੇਰਿਆਂ ਦੀ ਸੇਵਾ ਸੰਭਾਲ ਕਰ ਰਹੇ ਮਹਾਨ ਪਰਉਪਕਾਰੀ ਸੰਤ ਬਾਬਾ ਭਗਵਾਨ ਸਿੰਘ ਜੀ ਹਰਖੋਵਾਲਿਆਂ ਦੀ ਅਗਵਾਈ ਹੇਠ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਪਾਵਨ ਅਸਥਾਨ ਗੁਰਦੁਆਰਾ ਡੇਰਾ ਸੰਤਗੜ੍ਹ ਹਰਖੋਵਾਲ ਕਪੂਰਥਲਾ ਰੋਡ ਜਲੰਧਰ ਵਿਖੇ 10 ਤੋਂ 12 ਮਾਰਚ ਤੱਕ ਬੜੀ ਸ਼ਰਧਾ ਤੇ ਸਤਿਕਾਰ ਸਹਿਤ ਮਨਾਈ ਜਾ ਰਹੀ ਹੈ। ਤਿੰਨ ਰੋਜ਼ਾ ਗੁਰਮਤਿ ਸਮਾਗਮਾਂ ਦੇ ਮੌਕੇ 'ਤੇ ਨਿਰੰਤਰ ਪੰਥਕ ਵਿਦਵਾਨ ਸੰਤ ਮਹਾਂਪੁਰਸ਼, ਪੰਥਕ ਰਾਗੀ, ਢਾਡੀ ਜੱਥੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ।

# ਟਰੱਕ ਹਾਦਸੇ 'ਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ




ਵੈਨਕੂਵਰ- (ਮਲਕੀਤ ਸਿੰਘ)- ਕਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਨੈਲਸਨ ਸ਼ਹਿਰ ਨੇੜੇ ਵਾਪਰੇ ਇੱਕ ਭਿਆਨਕ ਟਰੱਕ ਹਾਸੇ ਚ ਦੋ ਪੰਜਾਬੀ ਨੌਜਵਾਨਾਂ ਦੀ ਮੌਤ ਹੋਣ ਦੀ ਦੁਖਦਾਈ ਸੂਚਨਾ ਮਿਲੀ ਹੈ ਪ੍ਰਾਪਤ ਵੇਰਵਿਆਂ ਮੁਤਾਬਿਕ ਕਨੇਡਾ ਦੇ ਐਡਮਿੰਟਨ ਸ਼ਹਿਰ ਨਾਲ ਸੰਬੰਧਿਤ ਉਕਤ ਦੋਵੇਂ ਨੌਜਵਾਨ ਟਰੱਕ ਰਾਹੀਂ ਜਾ ਰਹੇ ਸਨ ਤਾਂ ਰਸਤੇ ਵਿੱਚ ਅਲਾਸਕਾ ਹਾਈਵੇ ਤੇ ਉਹਨਾਂ ਦਾ ਟਰੱਕ ਬੇਕਾਬੂ ਹੋ ਗਏ ਡੂੰਘੀ ਖੱਡ ਵਿੱਚ ਡਿੱਗ ਪਿਆ ਜਿਸ ਦੇ ਸਿੱਟੇ ਵਜੋਂ ਟਰੱਕ ਸਵਾਰ ਉਕਤ ਦੋਵੇਂ ਨੌਜਵਾਨਾਂ ਦੀ ਮੌਤ ਹੋ ਗਈ ਇਸ ਹਾਦਸੇ ਵਿੱਚ ਮਰਨ ਵਾਲੇ ਉਕਤ ਨੌਜਵਾਨਾਂ ਦੀ ਸ਼ਨਾਖਤ ਤਲਵਿੰਦਰ ਸਿੰਘ ਅਤੇ ਜਸਬੀਰ ਸਿੰਘ ਵਜੋਂ ਹੋਈ ਹੈ ਦੋਵੇਂ ਨੌਜਵਾਨ ਤਰਨ ਤਾਰਨ ਜਿਲੇ ਦੇ ਪਿੰਡ ਮਾੜੀ ਗੌਰ ਸਿੰਘ ਵਾਲੀ ਅਤੇ ਪਿੰਡ ਆਲੋਵਾਲ ਨਾਲ ਸੰਬੰਧਿਤ ਸਨ ਜ਼ਿਕਰਯੋਗ ਹੈ ਕਿ ਇਸ ਹਾਦਸੇ ਚ ਮਰਨ ਵਾਲੇ ਦੋਵੇਂ ਨੌਜਵਾਨ ਰਿਸ਼ਤੇ ਚ ਮਸੇਰੇ ਭਰਾ ਲੱਗਦੇ ਸਨ

# ਇੱਕ ਨਵੇਂ ਇਤਿਹਾਸ ਦੀ ਰਚਨਾ-ਟੀ20 ਵਿਸ਼ਵ ਕੱਪ 2026


**ਸੰਦੀਪ ਕੁਮਾਰ**
7009807121
ਐਮ.ਸੀ.ਏ, ਐਮ.ਏ
ਮਨੋਵਿਗਿਆਨ ਰੂਪਨਗਰ
liberalthinker1621@gmial.com






ਮਿਤੀ 8 ਮਾਰਚ 2026 ਦੀ ਰਾਤ, ਕ੍ਰਿਕਟ ਦੀ ਦੁਨੀਆ ਵਿੱਚ ਇੱਕ ਨਵਾਂ ਇਤਿਹਾਸ ਰਚਿਆ ਗਿਆ ਹੈ। ਟੀ20 ਵਿਸ਼ਵ ਕੱਪ 2026 ਦੇ ਫਾਈਨਲ ਵਿੱਚ ਭਾਰਤ ਨੇ ਨਿਊਜ਼ੀਲੈਂਡ ਨੂੰ ਬੁਰੀ ਤਰ੍ਹਾਂ ਹਰਾ ਕੇ ਆਪਣਾ ਤੀਜਾ ਖਿਤਾਬ ਜਿੱਤ ਲਿਆ ਹੈ। ਨਰਿੰਦਰ ਮੋਦੀ ਸਟੇਡੀਅਮ, ਅਹਿਮਦਾਬਾਦ ਵਿੱਚ ਖੇਡੇ ਗਏ ਇਸ ਮੈਚ ਵਿੱਚ ਭਾਰਤ ਨੇ ਨਿਊਜ਼ੀਲੈਂਡ ਨੂੰ 96 ਰਨਾਂ ਨਾਲ ਹਰਾਇਆ, ਜੋ ਕਿ ਟੀ20 ਵਿਸ਼ਵ ਕੱਪ ਦੇ ਇਤਿਹਾਸ ਵਿੱਚ ਭਾਰਤ ਦੀ ਸਭ ਤੋਂ ਵੱਡੀ ਜਿੱਤਾਂ ਵਿੱਚੋਂ ਇੱਕ ਹੈ। ਇਸ ਜਿੱਤ ਨਾਲ ਭਾਰਤ ਇਕਲੌਤੀ ਟੀਮ ਬਣ ਗਈ ਹੈ ਜਿਸ ਨੇ ਟੀ20 ਵਿਸ਼ਵ ਕੱਪ ਤਿੰਨ ਵਾਰ ਜਿੱਤਿਆ ਹੈ, 2007 ਵਿੱਚ ਐਮ.ਐਸ. ਧੋਨੀ ਦੀ ਅਗਵਾਈ ਵਿੱਚ, 2024 ਵਿੱਚ ਰੋਹਿਤ ਸ਼ਰਮਾ ਦੀ ਅਗਵਾਈ ਵਿੱਚ ਅਤੇ ਹੁਣ 2026 ਵਿੱਚ ਸੂਰਿਆ ਕੁਮਾਰ ਯਾਦਵ ਦੀ ਕਪਤਾਨੀ ਹੇਠ ਟੀ20 ਵਿਸ਼ਵ ਕੱਪ ਜਿੱਤਿਆ ਹੈ । ਇਹ ਪਹਿਲੀ ਵਾਰ ਹੈ ਜਦੋਂ ਕਿਸੇ ਟੀਮ ਨੇ ਟਾਈਟਲ ਡਿਫੈਂਡ ਕੀਤਾ ਹੈ ਅਤੇ ਘਰੇਲੂ ਮੈਦਾਨ 'ਤੇ ਜਿੱਤਿਆ ਹੈ।

ਟੂਰਨਾਮੈਂਟ ਦੀ ਸ਼ੁਰੂਆਤ ਫਰਵਰੀ 2026 ਵਿੱਚ ਹੋਈ ਸੀ ਅਤੇ ਭਾਰਤ ਨੇ ਪੂਰੇ ਸਫ਼ਰ ਵਿੱਚ ਅਸਾਧਾਰਣ ਪ੍ਰਦਰਸ਼ਨ ਕੀਤਾ। ਓਪਨਿੰਗ ਮੈਚ ਵਿੱਚ ਅਮਰੀਕਾ ਵਿਰੁੱਧ ਸੂਰਿਆ ਕੁਮਾਰ ਯਾਦਵ ਨੇ 84 ਰਨਾਂ ਦੀ ਸ਼ਾਨਦਾਰ ਪਾਰੀ ਖੇਡ ਕੇ ਟੀਮ ਨੂੰ ਮਜ਼ਬੂਤ ਅਧਾਰ ਦਿੱਤਾ। ਗਰੁੱਪ ਸਟੇਜ ਅਤੇ ਸੁਪਰ 8 ਵਿੱਚ ਭਾਰਤ ਨੇ ਆਪਣੀ ਬੱਲੇਬਾਜ਼ੀ ਅਤੇ ਗੇਂਦਬਾਜ਼ੀ ਦੋਵਾਂ ਵਿੱਚ ਦਬਦਬਾ ਬਣਾਇਆ। ਵੈਸਟ ਇੰਡੀਜ਼, ਇੰਗਲੈਂਡ ਅਤੇ ਹੋਰ ਮਜ਼ਬੂਤ ਟੀਮਾਂ ਵਿਰੁੱਧ ਜਿੱਤਾਂ ਨੇ ਭਾਰਤ ਨੂੰ ਸੈਮੀਫਾਈਨਲ ਤੱਕ ਪਹੁੰਚਾਇਆ। ਸੈਮੀਫਾਈਨਲ ਵਿੱਚ ਇੰਗਲੈਂਡ ਵਿਰੁੱਧ ਵੀ ਭਾਰਤ ਨੇ ਆਪਣੀ ਫਾਰਮ ਨੂੰ ਬਰਕਰਾਰ ਰੱਖਿਆ ਅਤੇ ਫਾਈਨਲ ਵਿੱਚ ਜਗ੍ਹਾ ਬਣਾਈ। ਪੂਰੇ ਟੂਰਨਾਮੈਂਟ ਵਿੱਚ ਭਾਰਤ ਦੀ ਬੱਲੇਬਾਜ਼ੀ ਨੇ ਰਿਕਾਰਡ ਤੋੜੇ, ਕਈ ਵਾਰ 250 ਤੋਂ ਵੱਧ ਸਕੋਰ ਬਣਾਏ ਅਤੇ ਗੇਂਦਬਾਜ਼ੀ ਵਿੱਚ ਜਸਪ੍ਰੀਤ ਬੁਮਰਾਹ, ਅਕਸ਼ਰ ਪਟੇਲ ਅਤੇ ਹੋਰਾਂ ਨੇ ਅਹਿਮ ਭੂਮਿਕਾ ਨਿਭਾਈ। ਇਹ ਸਫ਼ਰ ਭਾਰਤੀ ਟੀਮ ਦੀ ਡੂੰਘਾਈ, ਯੋਜਨਾਬੱਧੀ ਅਤੇ ਜੇਤੂ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਫਾਈਨਲ ਮੈਚ ਵਿੱਚ ਨਿਊਜ਼ੀਲੈਂਡ ਨੇ ਟਾਸ ਜਿੱਤ ਕੇ ਭਾਰਤ ਨੂੰ ਪਹਿਲਾਂ ਬੱਲੇਬਾਜ਼ੀ ਲਈ ਸੱਦਾ ਦਿੱਤਾ। ਭਾਰਤ ਨੇ ਇਸ ਮੌਕੇ ਨੂੰ ਸ਼ਾਨਦਾਰ ਤਰੀਕੇ ਨਾਲ ਵਰਤਿਆ ਅਤੇ 20 ਓਵਰਾਂ ਵਿੱਚ 255/5 ਦਾ ਵਿਸ਼ਵ ਰਿਕਾਰਡ ਸਕੋਰ ਬਣਾਇਆ, ਜੋ ਕਿ ਟੀ20 ਵਿਸ਼ਵ ਕੱਪ ਫਾਈਨਲ ਵਿੱਚ ਸਭ ਤੋਂ ਵੱਡਾ ਸਕੋਰ ਹੈ। ਓਪਨਰ ਅਭਿਸ਼ੇਕ ਸ਼ਰਮਾ ਨੇ ਤੇਜ਼ੀ ਨਾਲ 52 ਰਨ ਬਣਾਏ, ਜਿਸ ਵਿੱਚ ਉਸ ਨੇ ਟੂਰਨਾਮੈਂਟ ਦਾ ਸਭ ਤੋਂ ਤੇਜ਼ ਅੱਧ ਸੈਂਕੜਾ ਲਗਾਇਆ। ਸੰਜੂ ਸੈਮਸਨ ਨੇ 46 ਗੇਂਦਾਂ 'ਤੇ 89 ਰਨਾਂ ਦੀ ਸ਼ਾਨਦਾਰ ਪਾਰੀ ਖੇਡੀ, ਜੋ ਫਾਈਨਲ ਵਿੱਚ ਕਿਸੇ ਵਿਅਕਤੀਗਤ ਸਕੋਰ ਵਜੋਂ ਸਭ ਤੋਂ ਵੱਡੀ ਸੀ। ਈਸ਼ਾਨ ਕਿਸ਼ਨ ਨੇ 25 ਗੇਂਦਾਂ 'ਤੇ 54 ਰਨ ਬਣਾ ਕੇ ਤੇਜ਼ ਰਫ਼ਤਾਰ ਨੂੰ ਬਣਾਈ ਰੱਖੀ। ਸੂਰਿਆ ਕੁਮਾਰ ਯਾਦਵ ਨੂੰ ਗੋਲਡਨ ਡੱਕ ਮਿਲਿਆ ਪਰ ਟੀਮ ਨੇ ਇਸ ਨੂੰ ਪ੍ਰਭਾਵਿਤ ਨਹੀਂ ਹੋਣ ਦਿੱਤਾ। ਅੰਤ ਵਿੱਚ ਸ਼ਿਵਮ ਦੂਬੇ ਨੇ 8 ਗੇਂਦਾਂ 'ਤੇ 26 ਰਨ ਬਣਾ ਕੇ ਆਖਰੀ ਓਵਰਾਂ ਵਿੱਚ ਤੂਫਾਨ ਲਿਆਂਦਾ ਅਤੇ ਟੀਮ ਨੂੰ 250 ਦੇ ਪਾਰ ਲੈ ਗਿਆ। ਨਿਊਜ਼ੀਲੈਂਡ ਵੱਲੋਂ ਜੇਮਜ਼ ਨੀਸ਼ਮ ਨੇ 3 ਵਿਕਟਾਂ ਲਈਆਂ ਪਰ ਭਾਰਤੀ ਬੱਲੇਬਾਜ਼ਾਂ ਨੂੰ ਇਸ ਦਾ ਕੋਈ ਫਰਕ ਨਹੀਂ ਪਿਆ।

ਟਿੱਚੇ ਦਾ ਪਿਛਾ ਕਰਨ ਉਤਰੀ ਨਿਊਜ਼ੀਲੈਂਡ ਨੂੰ ਭਾਰਤੀ ਗੇਂਦਬਾਜ਼ਾਂ ਨੇ ਬਿਲਕੁਲ ਵੀ ਮੌਕਾ ਨਹੀਂ ਦਿੱਤਾ। ਟਿਮ ਸੇਫਰਟ ਨੇ 52 ਰਨ ਬਣਾਏ ਪਰ ਬਾਕੀ ਬੱਲੇਬਾਜ਼ ਲੜਖੜਾਏ। ਜਸਪ੍ਰੀਤ ਬੁਮਰਾਹ ਨੇ 4 ਵਿਕਟਾਂ ਲੈ ਕੇ ਮੈਚ ਵਿੱਚ ਸਭ ਤੋਂ ਵੱਡੀ ਭੂਮਿਕਾ ਨਿਭਾਈ ਅਤੇ ਆਪਣੀ ਕਲਾਸ ਨੂੰ ਸਾਬਤ ਕੀਤਾ। ਅਕਸ਼ਰ ਪਟੇਲ ਨੇ 3 ਵਿਕਟਾਂ ਨਾਲ ਮਿਡਲ ਓਵਰਾਂ ਵਿੱਚ ਦਬਦਬਾ ਬਣਾਇਆ। ਹਾਰਦਿਕ ਪੰਡਿਆ ਅਤੇ ਅਭਿਸ਼ੇਕ ਸ਼ਰਮਾ ਨੇ ਵੀ ਵਿਕਟਾਂ ਲਈਆਂ। ਨਿਊਜ਼ੀਲੈਂਡ 19 ਓਵਰਾਂ ਵਿੱਚ 159 ਰਨਾਂ 'ਤੇ ਆਲ ਆਊਟ ਹੋ ਗਿਆ। ਇਹ ਜਿੱਤ ਭਾਰਤੀ ਟੀਮ ਦੇ ਸੰਪੂਰਨ ਪ੍ਰਦਰਸ਼ਨ ਦਾ ਨਤੀਜਾ ਸੀ ਜਿੱਥੇ ਹਰ ਖਿਡਾਰੀ ਨੇ ਆਪਣੀ ਭੂਮਿਕਾ ਨਿਭਾਈ। ਬੱਲੇਬਾਜ਼ਾਂ ਨੇ ਰਨ ਬਣਾਏ, ਗੇਂਦਬਾਜ਼ਾਂ ਨੇ ਰੋਕਿਆ ਅਤੇ ਫੀਲਡਿੰਗ ਵਿੱਚ ਵੀ ਕੋਈ ਕਮੀ ਨਹੀਂ ਰਹੀ।

ਇਸ ਜਿੱਤ ਨਾਲ ਭਾਰਤ ਨੇ ਨਾ ਸਿਰਫ਼ ਤੀਜਾ ਟੀ20 ਵਿਸ਼ਵ ਕੱਪ ਜਿੱਤਿਆ ਸਗੋਂ ਕ੍ਰਿਕਟ ਇਤਿਹਾਸ ਵਿੱਚ ਆਪਣਾ ਨਾਂ ਅਮਰ ਕਰ ਲਿਆ। ਸੂਰਿਆ ਕੁਮਾਰ ਯਾਦਵ ਦੀ ਅਗਵਾਈ ਵਿੱਚ ਟੀਮ ਨੇ ਡਿਫੈਂਸਿਵ ਖਿਤਾਬ ਅਤੇ ਘਰੇਲੂ ਜਿੱਤ ਦੇ ਰਿਕਾਰਡ ਬਣਾਏ। ਪੂਰੇ ਦੇਸ਼ ਵਿੱਚ ਜਸ਼ਨ ਮਨਾਏ ਜਾ ਰਹੇ ਹਨ ਅਤੇ ਇਹ ਪਲ ਹਰ ਭਾਰਤੀ ਲਈ ਗਰਵ ਵਾਲਾ ਹੈ। ਟੀ20 ਵਿਸ਼ਵ ਕੱਪ 2026 ਦਾ ਇਹ ਫਾਈਨਲ ਭਾਰਤੀ ਕ੍ਰਿਕਟ ਦੇ ਸੁਨਹਿਰੀ ਅਧਿਆਇ ਵਜੋਂ ਯਾਦ ਰੱਖਿਆ ਜਾਵੇਗਾ। ਜੈ ਹਿੰਦ! ਜੈ ਭਾਰਤ!

## ਰਿਸਕ ਫੈਕਟਰ

ਪਤਾ ਨਹੀਂ ਉਸ ਕੋਲ ਕਿਹੜੀ ਗਿੱਦੜ-ਸਿੰਙੀ ਸੀ ਕਿ ਉਹ ਹਰ ਮਹਿਕਮੇ 'ਚ ਹੀ ਚੂਹੇ ਵਾਂਗ ਜਾ ਵੜਦਾ ਸੀ। ਕਿਸੇ ਵੀ ਮਹਿਕਮੇ 'ਚੋਂ ਕੰਮ ਕਰਵਾ ਕੇ ਦੇਣਾ ਉਸ ਦੇ ਖੱਬੇ ਹੱਥ ਦਾ ਕੰਮ ਸੀ ਤੇ ਹਰੇਕ ਕੰਮ ਦੇ ਉਸ ਨੇ ਰੇਟ ਬੰਨ੍ਹੇ ਹੋਏ ਸਨ, ਜਿਸ ਤਰ੍ਹਾਂ ਕਈ ਦੁਕਾਨਾਂ ਉੱਪਰ ਲਿਖਿਆ ਹੋਇਆ ਹੁੰਦਾ ਹੈ, 'ਇਕ ਮੁੱਲ' ਜਾਂ ਅੰਗਰੇਜ਼ੀ ਵਿਚ 'ਫਿਕਸਡ ਰੇਟ'। ਰੇਟ ਵਾਸਤੇ ਸੌਦੇਬਾਜ਼ੀ ਕਰਨ ਵਾਲੇ ਦੀ ਤਾਂ ਉਹ ਛੋਈ ਹੀ ਲਾਹ ਦਿੰਦਾ ਸੀ ਤੇ ਅਗਲਾ ਦੁਬਾਰਾ ਹੌਸਲਾ ਹੀ ਨਹੀਂ ਸੀ ਕਰਦਾ ਕਹਿਣ ਦਾ।

ਨਵੀਂ ਆਈ ਇਸ ਸਰਕਾਰ ਨੇ ਦਿਨ ਰਾਤ ਭ੍ਰਿਸ਼ਟਾਚਾਰ ਦੇ ਖ਼ਾਤਮੇ ਦਾ ਰਾਗ਼ ਅਲਾਪਿਆ ਹੋਇਆ ਸੀ। ਸਰਕਾਰ ਨੇ ਤਾਂ ਸਗੋਂ ਆਉਂਦਿਆਂ ਹੀ ਆਪਣਾ ਹੀ ਇਕ ਮੰਤਰੀ ਰਿਸ਼ਵਤ ਦੇ ਦੋਸ਼ ਵਿਚ ਟੰਗ ਦਿਤਾ ਸੀ। ਕੁਝ ਲੋਕ ਇਸ ਨੂੰ ਸਰਕਾਰ ਦਾ ਮਹਿਜ਼ ਇਕ ਡਰਾਮਾ ਕਹਿ ਰਹੇ ਸਨ ਪਰ ਇਸ ਡਰਾਮੇ ਨੇ ਸਾਰੇ ਮਹਿਕਮੇ ਬਹੁਤ ਚੁਕੰਨੇ ਕਰ ਦਿਤੇ ਸਨ।ਸਰਕਾਰੀ ਕਰਮਚਾਰੀਆਂ ਸਮੇਤ ਇਹ ਸੱਜਣ ਵੀ ਅੱਜ ਕਲ ਪਾਣੀ ਨੂੰ ਵੀ ਪੁਣ ਕੇ ਪੀਣ ਲੱਗ ਪਿਆ ਸੀ। ਇਕ ਦਿਨ ਇਕ ਵਿਅਕਤੀ ਇਸ ਪਾਸ ਕਿਸੇ ਕੰਮ ਆਇਆ ਜਿਸ ਕੰਮ ਲਈ ਇਹ ਦਸ ਹਜ਼ਾਰ ਲੈਂਦਾ ਸੀ ਪਰ ਅੱਜ ਇਸ ਨੇ ਬਾਰਾਂ ਹਜ਼ਾਰ ਮੰਗੇ ਤਾਂ ਉਸ ਵਿਅਕਤੀ ਨੇ ਦਸ ਦੀ ਬਜਾਇ ਬਾਰਾਂ ਮੰਗਣ ਦਾ ਕਾਰਨ ਪੁੱਛਿਆ ਤਾਂ ਕਹਿੰਦਾ, " ਓ ਭਰਾਵਾ ਹੁਣ ਰਿਸਕ ਫੈਕਟਰ ਵੀ ਤਾਂ ਵਧ ਗਿਐ ਅੱਗੇ ਨਾਲੋਂ, ਖ਼ਤਰਾ ਬਹੁਤ ਐ ਭਾਈ ਹੁਣ।"

*ਨਿਰਮਲ ਸਿੰਘ ਕੰਧਾਲਵੀ*

## 16 ਸਾਲ ਤੋਂ ਘੱਟ ਬੱਚਿਆਂ ਲਈ ਸਮਾਜਿਕ ਮੀਡੀਆ 'ਤੇ ਪਾਬੰਦੀ ਦਾ ਪ੍ਰਸਤਾਵ ਸੰਸਦ 'ਚ ਰੱਦ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੀ ਸੰਸਦ ਵਿੱਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸਮਾਜਿਕ ਮੀਡੀਆ 'ਤੇ ਪੂਰੀ ਪਾਬੰਦੀ ਲਗਾਉਣ ਸਬੰਧੀ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਗਿਆ ਹੈ। ਸੰਸਦ ਮੈਂਬਰਾਂ ਨੇ ਇਸ ਦੀ ਬਜਾਇ ਸਰਕਾਰ ਨੂੰ ਲਚਕੀਲੇ ਅਧਿਕਾਰ ਦੇਣ ਦੇ ਹੱਕ ਵਿੱਚ ਵੋਟ ਦਿੱਤੀ ਹੈ, ਤਾਂ ਜੋ ਭਵਿੱਖ ਵਿੱਚ ਲੋੜ ਪੈਣ 'ਤੇ ਕੁਝ ਸੇਵਾਵਾਂ ਜਾਂ ਵਿਸ਼ੇਸ਼ਤਾਵਾਂ 'ਤੇ ਰੋਕ ਲਗਾਈ ਜਾ ਸਕੇ।

ਇਹ ਸੋਧ ਬੱਚਿਆਂ ਦੀ ਭਲਾਈ ਅਤੇ ਸਕੂਲਾਂ ਨਾਲ ਸੰਬੰਧਤ ਬਿੱਲ ਵਿੱਚ ਸ਼ਾਮਲ ਕਰਨ ਲਈ ਉੱਚ ਸਦਨ ਵੱਲੋਂ ਪੇਸ਼ ਕੀਤੀ ਗਈ ਸੀ। ਇਸ ਦੇ ਤਹਿਤ ਟਿਕਟਾਕ, ਇੰਸਟਾਗ੍ਰਾਮ ਅਤੇ ਸਨੈਪਚੈਟ ਵਰਗੀਆਂ ਸਮਾਜਿਕ ਮੀਡੀਆ ਸਾਈਟਾਂ 'ਤੇ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਪੂਰੀ ਪਾਬੰਦੀ ਲਗਾਉਣ ਦੀ ਮੰਗ ਕੀਤੀ ਗਈ ਸੀ। ਆਸਟ੍ਰੇਲੀਆ ਵਿੱਚ ਇਸ ਤਰ੍ਹਾਂ ਦੀ ਪਾਬੰਦੀ ਪਿਛਲੇ ਸਾਲ ਲਾਗੂ ਕੀਤੀ ਜਾ ਚੁੱਕੀ ਹੈ ਅਤੇ ਬ੍ਰਿਟੇਨ ਵਿੱਚ ਵੀ ਇਸੇ ਤਰ੍ਹਾਂ ਦੇ ਕਦਮ ਦੀ ਮੰਗ ਕੀਤੀ ਜਾ ਰਹੀ ਸੀ।

ਸੰਸਦ ਵਿੱਚ ਚਰਚਾ ਦੌਰਾਨ ਸਿੱਖਿਆ ਮੰਤਰੀ ਓਲਿਵੀਆ ਬੇਲੀ ਨੇ ਕਿਹਾ ਕਿ ਸਰਕਾਰ ਇਸ ਮਸਲੇ ਨੂੰ ਗੰਭੀਰਤਾ ਨਾਲ ਦੇਖ ਰਹੀ ਹੈ, ਪਰ ਪੂਰੀ ਪਾਬੰਦੀ ਲਗਾਉਣ ਤੋਂ ਪਹਿਲਾਂ ਮਾਪਿਆਂ, ਮਾਹਿਰਾਂ ਅਤੇ ਸੰਸਥਾਵਾਂ ਦੀ ਰਾਏ ਲੈਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਇਕ ਸਲਾਹ-ਮਸ਼ਵਰਾ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਇਹ ਵੀ ਵਿਚਾਰਿਆ ਜਾਵੇਗਾ ਕਿ ਸਮਾਜਿਕ ਮੀਡੀਆ ਮੰਚਾਂ ਲਈ ਘੱਟੋ-ਘੱਟ ਉਮਰ ਦੀ ਸ਼ਰਤ ਲਾਗੂ ਕੀਤੀ ਜਾਵੇ ਅਤੇ ਬੱਚਿਆਂ ਨੂੰ ਆਦੀ ਬਣਾਉਣ ਵਾਲੀਆਂ ਕੁਝ ਵਿਸ਼ੇਸ਼ਤਾਵਾਂ ਨੂੰ ਬੰਦ ਕੀਤਾ ਜਾਵੇ।ਉਨ੍ਹਾਂ ਇਹ ਵੀ ਕਿਹਾ ਕਿ ਨਵੀਂ ਯੋਜਨਾ ਅਧੀਨ ਵਿਗਿਆਨ ਵਿਭਾਗ ਦੀ ਮੰਤਰੀ ਲਿਜ਼ ਕੈਂਡਲ ਨੂੰ ਇਹ ਅਧਿਕਾਰ ਦਿੱਤੇ ਜਾਣਗੇ ਕਿ ਉਹ ਕੁਝ ਉਮਰ ਦੇ ਬੱਚਿਆਂ ਲਈ ਸਮਾਜਿਕ ਮੀਡੀਆ ਸੇਵਾਵਾਂ ਜਾਂ ਗੱਲਬਾਤ ਕਰਨ ਵਾਲੇ ਤਕਨੀਕੀ ਪ੍ਰੋਗਰਾਮਾਂ ਤੱਕ ਪਹੁੰਚ 'ਤੇ ਰੋਕ ਲਗਾ ਸਕਣ। ਇਸ ਤੋਂ ਇਲਾਵਾ ਬੱਚਿਆਂ ਵੱਲੋਂ ਵਰਤੇ ਜਾਣ ਵਾਲੇ ਕੁਝ ਖ਼ਤਰਨਾਕ ਜਾਂ ਆਦਤ ਬਣਾਉਣ ਵਾਲੇ ਤਰੀਕਿਆਂ 'ਤੇ ਪਾਬੰਦੀ ਲਗਾਉਣ ਅਤੇ ਇੰਟਰਨੈਟ ਦੀ ਲੁਕਵੀਂ ਵਰਤੋਂ ਦੇ ਸਾਧਨਾਂ ਨੂੰ ਵੀ ਸੀਮਿਤ ਕਰਨ ਦੇ ਅਧਿਕਾਰ ਦਿੱਤੇ ਜਾ ਸਕਦੇ ਹਨ।ਇਸ ਮਸਲੇ 'ਤੇ ਸੰਸਦ ਵਿੱਚ ਹੋਈ ਵੋਟਿੰਗ ਦੌਰਾਨ 307 ਮੈਂਬਰਾਂ ਨੇ ਪੂਰੀ ਪਾਬੰਦੀ ਦੇ ਪ੍ਰਸਤਾਵ ਦੇ ਵਿਰੁੱਧ ਅਤੇ 173 ਮੈਂਬਰਾਂ ਨੇ ਹੱਕ ਵਿੱਚ ਵੋਟ ਦਿੱਤੀ। ਹਾਲਾਂਕਿ 100 ਤੋਂ ਵੱਧ ਲੇਬਰ ਪਾਰਟੀ ਦੇ ਮੈਂਬਰਾਂ ਨੇ ਵੋਟਿੰਗ ਵਿੱਚ ਭਾਗ ਨਹੀਂ ਲਿਆ। ਚਰਚਾ ਦੌਰਾਨ ਕੁਝ ਸੰਸਦ ਮੈਂਬਰਾਂ ਨੇ ਕਿਹਾ ਕਿ ਸਮਾਜਿਕ ਮੀਡੀਆ ਬੱਚਿਆਂ ਦੇ ਮਨੋਵਿਗਿਆਨ ਅਤੇ ਸਿਹਤ 'ਤੇ ਨੁਕਸਾਨਦਾਇਕ ਅਸਰ ਪਾ ਸਕਦਾ ਹੈ ਅਤੇ ਇਸ 'ਤੇ ਸਖ਼ਤ ਨਿਯਮ ਲਾਗੂ ਕਰਨ ਦੀ ਲੋੜ ਹੈ। ਨਾਰਥ ਸਮਰਸੈਟ ਦੇ ਮੈਂਬਰ ਸਾਦਿਕ ਅਲ-ਹਸਨ ਨੇ ਕਿਹਾ ਕਿ ਜੇਕਰ ਕੋਈ ਦਵਾਈ ਇੰਨਾ ਨੁਕਸਾਨ ਕਰ ਰਹੀ ਹੋਵੇ ਤਾਂ ਉਸਨੂੰ ਤੁਰੰਤ ਬਾਜ਼ਾਰ ਤੋਂ ਹਟਾ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਮਾਜਿਕ ਮੀਡੀਆ ਦੇ ਨੁਕਸਾਨਾਂ ਬਾਰੇ ਕਾਫ਼ੀ ਸਬੂਤ ਮੌਜੂਦ ਹਨ ਅਤੇ ਇਸ ਮਸਲੇ 'ਤੇ ਕੜੇ ਕਦਮ ਚੁੱਕਣ ਦੀ ਲੋੜ ਹੈ।

ਦੂਜੇ ਪਾਸੇ ਕੁਝ ਬਾਲ ਭਲਾਈ ਸੰਸਥਾਵਾਂ ਅਤੇ ਮਾਹਿਰਾਂ ਨੇ ਚੇਤਾਵਨੀ ਦਿੱਤੀ ਕਿ ਪੂਰੀ ਪਾਬੰਦੀ ਲਗਾਉਣ ਨਾਲ ਬੱਚੇ ਇੰਟਰਨੈਟ ਦੇ ਹੋਰ ਘੱਟ ਨਿਯੰਤਰਿਤ ਅਤੇ ਹੋਰ ਖ਼ਤਰਨਾਕ ਹਿੱਸਿਆਂ ਵੱਲ ਰੁਖ ਕਰ ਸਕਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬੱਚਿਆਂ ਨੂੰ ਸੁਰੱਖਿਅਤ ਢੰਗ ਨਾਲ ਇੰਟਰਨੈਟ ਵਰਤਣ ਬਾਰੇ ਸਿੱਖਿਆ ਦੇਣਾ ਵੀ ਉਤਨਾ ਹੀ ਜ਼ਰੂਰੀ ਹੈ।ਵਿਰੋਧੀ ਪਾਰਟੀ ਨੇ ਸਰਕਾਰ 'ਤੇ ਦੋਸ਼ ਲਗਾਇਆ ਕਿ ਉਹ ਇਸ ਮਸਲੇ 'ਤੇ ਤੁਰੰਤ ਕਦਮ ਚੁੱਕਣ ਦੀ ਬਜਾਇ ਦੇਰੀ ਕਰ ਰਹੀ ਹੈ। ਵਿਰੋਧੀ ਪੱਖ ਦੀ ਸਿੱਖਿਆ ਬੁਲਾਰੇ ਲੌਰਾ ਟਰਾਟ ਨੇ ਕਿਹਾ ਕਿ ਸਕੂਲ ਸਮੇਂ ਦੌਰਾਨ ਕਈ ਬੱਚਿਆਂ ਨੂੰ ਅਣਸ਼ਲੀਲ ਸਮੱਗਰੀ ਵੇਖਣ ਨੂੰ ਮਿਲਦੀ ਹੈ ਜੋ ਚਿੰਤਾ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਇਹ ਮਸਲਾ ਬਹੁਤ ਗੰਭੀਰ ਹੈ ਅਤੇ ਸਰਕਾਰ ਨੂੰ ਸਿਰਫ਼ ਸਲਾਹ-ਮਸ਼ਵਰੇ ਦੀ ਬਜਾਇ ਕਾਨੂੰਨੀ ਕਦਮ ਚੁੱਕਣੇ ਚਾਹੀਦੇ ਹਨ। ਉੱਚ ਸਦਨ ਵਿੱਚ ਇਹ ਸੋਧ ਪੇਸ਼ ਕਰਨ ਵਾਲੇ ਸਾਬਕਾ ਸਿੱਖਿਆ ਮੰਤਰੀ ਲਾਰਡ ਨੈਸ਼ ਨੇ ਸੰਸਦ ਦੇ ਨਤੀਜੇ 'ਤੇ ਨਿਰਾਸ਼ਾ ਜਤਾਈ ਹੈ। ਉਨ੍ਹਾਂ ਕਿਹਾ ਕਿ ਸੰਸਦ ਮੈਂਬਰਾਂ ਨੇ ਇੱਕ ਐਸੀ ਪ੍ਰਕਿਰਿਆ 'ਤੇ ਭਰੋਸਾ ਕੀਤਾ ਹੈ ਜਿਸ ਨਾਲ ਸ਼ਾਇਦ ਅਧੂਰੇ ਕਦਮ ਹੀ ਸਾਹਮਣੇ ਆਉਣ ਅਤੇ ਉਹ ਇਸ ਸੋਧ ਨੂੰ ਦੁਬਾਰਾ ਲਿਆਉਣ ਲਈ ਕੋਸ਼ਿਸ਼ ਜਾਰੀ ਰੱਖਣਗੇ।

# ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਸੀ ਕਿ ਬ੍ਰਾਹਮਣਾਂ 'ਤੇ ਇਤਬਾਰ ਨਹੀਂ ਕਰਨਾ ਇਨ੍ਹਾਂ ਨੇ ਮੇਰੇ ਚਾਰ ਪੁੱਤ ਮਰਵਾਏ ਹਨ




**ਇਸ ਲਈ ਇਸ ਵਿੱਚ ਚਾਰੇ ਸਾਹਿਬਜ਼ਾਦਿਆਂ ਦੇ ਬ੍ਰਾਹਮਣਾਂ ਦੇ ਕਾਰੇ ਨਾਲ ਮਾਰੇ ਜਾਣ ਦਾ ਜ਼ਿਕਰ ਸ਼ੱਕ ਦੀ ਗੁੰਜਾਇਸ਼ ਨਹੀਂ ਛੱਡਦਾ। ਚੌਹਾਂ ਹੀ ਸਾਹਿਬਜ਼ਾਦਿਆਂ ਦਾ ਮਾਰਿਆ ਜਾਣਾ ਬ੍ਰਾਹਮਣਾਂ ਦੇ ਮੱਥੇ ਇਸ ਤਰ੍ਹਾਂ ਲੱਗਦਾ ਹੈ ਕਿ ਵੱਡੇ ਦੋਨੋਂ ਸਾਹਿਬਜ਼ਾਦੇ ਬ੍ਰਾਹਮਣਾਂ ਦੇ ਉਕਸਾਏ ਹੋਏ ਪਹਾੜੀ ਰਾਜਿਆਂ ਦੀ ਸੱਦੀ ਹੋਈ ਮੁਗ਼ਲ ਫੌਜ ਨਾਲ ਚਮਕੌਰ ਦੀ ਜੰਗ ਵਿੱਚ ਲੜਦੇ ਮਾਰੇ ਗਏ ਸਨ (ਸ਼ਹੀਦ ਹੋ ਗਏ ਸਨ) ਤੇ ਛੋਟੇ ਸਾਹਿਬਜ਼ਾਦੇ ਸਹੇੜੀ ਦੇ ਗੰਗੂ ਬ੍ਰਾਹਮਣ ਨੇ ਮੁਰਿੰਡੇ ਦੇ ਪਠਾਣਾਂ ਦੇ ਹਵਾਲੇ ਕਰ ਦਿੱਤੇ ਜੋ ਸਰਹੰਦ ਵਿੱਚ ਵਜ਼ੀਰ ਖਾਨ ਫੌਜਦਾਰ ਨੇ ਮਰਵਾ ਦਿੱਤੇ (ਸ਼ਹੀਦ ਕਰਵਾ ਦਿੱਤੇ)। ਹਵਾਲਾ ਓਹੀ ਅਮਰਨਾਮਾ ਵਿਆਖਿਆ ਡਾ: ਗੰਡਾ ਸਿੰਘ।**

*(ਲੜੀ ਜੋੜਨ ਲਈ ਵੇਖੋ ਪਿਛਲੇ ਹਫ਼ਤੇ ਦਾ ਪੰਜਾਬ ਟਾਈਮਜ਼ ਅੰਕ 3120)*

ਡਾ. ਗੰਡਾ ਸਿੰਘ ਨੇ ਨੱਥ ਮਲ ਢਾਡੀ ਤੇ ਉਸ ਦੇ ਪੁੱਤਰਾਂ ਦੀ ਰਚਨਾ ਅਮਰਨਾਮਾ 1953 ਵਿੱਚ ਸੰਪਾਦਿਤ ਕੀਤੀ ਸੀ ਜਿਸ ਨੂੰ ਸਿੱਖ ਹਿਸਟਰੀ ਸੋਸਾਇਟੀ ਪਟਿਆਲਾ ਨੇ ਛਾਪਿਆ। ਡਾ. ਗੰਡਾ ਸਿੰਘ ਵੱਲੋਂ ਸੰਪਾਦਿਤ ਕੀਤੇ ਅਮਰਨਾਮੇ ਦੇ ਕੁਝ ਬੰਦਾਂ ਦਾ ਸਾਰ ਅੰਸ਼ ਜਿਨ੍ਹਾਂ ਦਾ ਸੰਬੰਧ ਹੱਥਲੇ ਲੇਖ ਨਾਲ ਹੈ ਕਿ ਖ਼ਾਲਸਾ ਸਾਜਣ ਵੇਲੇ ਗੁਰੂ ਗੋਬਿੰਦ ਸਿੰਘ ਨੇ ਪੁਰਾਣੇ ਸਾਰੇ ਭਰਮ ਮਿਟਾ ਦਿੱਤੇ ਅਤੇ ਖ਼ਾਲਸਾ ਪੰਥ ਵਿੱਚੋਂ ਬ੍ਰਾਹਮਣਾਂ ਨੂੰ ਉੱਕਾ ਹੀ ਖਾਰਜ ਕਰ ਦਿੱਤਾ। (ਨੋਟ- ਖ਼ਾਲਸੇ ਦੀ ਸਾਜਨਾ ਗੁਰੂ ਨਾਨਕ ਦੇ ਨਿਰਮਲ ਪੰਥ ਦੀ ਸੰਪੂਰਨਤਾ ਹੀ ਸੀ, ਭਾਵ-ਚਰਨ ਪਾਹੁਲ ਤੋਂ ਖੰਡੇ ਦੀ ਪਾਹੁਲ

**ਲੇਖਕ - ਜਥੇਦਾਰ ਮਹਿੰਦਰ ਸਿੰਘ ਯੂ ਕੇ**
**ਮੋਬਾਈਲ ਫੋਨ:**
**07989 927477**



ਉੱਤੇ ਨਿਰਮਲ ਪੰਥ ਤੋਂ ਖ਼ਾਲਸਾ ਪੰਥ। ਗੁਰੂ ਨਾਨਕ ਸਾਹਿਬ ਨੇ ਆਪਣੇ ਮਿਸ਼ਨ ਦੇ ਤਿੰਨ ਨਿਸ਼ਾਨੇ ਮਿੱਥੇ ਸਨ: (1) ਪਹਿਲਾ ਨਿਸ਼ਾਨਾ ਸੀ ਬ੍ਰਾਹਮਣ ਦੀ ਸਰਵ-ਉੱਚਤਾ ਵਾਲੇ ਮਨੂੰ ਸਿਮਰਤੀ ਦੇ ਵਿਧੀ ਵਿਧਾਨ ਨੂੰ ਮੁੱਢੋਂ ਰੱਦ ਕਰਕੇ ਮਨੁੱਖਤਾ ਜਾਤੀ ਦੀ ਮੁਕੰਮਲ ਅਜ਼ਾਦੀ ਤੇ ਬਰਾਬਦੀ ਦੇ ਆਦਰਸ਼ ਦਾ ਪ੍ਰਚਾਰ ਕਰਨਾ। ਦੂਸਰਾ ਨਿਸ਼ਾਨਾ ਸੀ ਇਸ ਆਦਰਸ਼ ਦੀ ਨੀਹਾਂ ਉੱਤੇ ਨਿਰਮਲ ਪੰਥ, ਤੀਸਰਾ ਪੰਥ ਉਸਾਰ-ਨਾ। ਤੀਸਰਾ ਨਿਸ਼ਾਨਾ ਸੀ ਇਸ ਨਵੇਂ ਪੰਥ ਨੂੰ ਰਾਜਸੀ ਇਨਕਲਾਬ ਲਿਆਉਣ ਦਾ ਵਸੀਲਾ ਬਣਾਉਣਾ। ਇਹ ਨੋਟ ਇਸ ਕਰਕੇ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਨੇ ਗੁਰੂ ਨਾਨਕ ਸਾਹਿਬ ਦੇ ਚਲਾਏ ਨਿਰਮਲ ਪੰਥ ਤੋਂ ਕੋਈ ਵੱਖਰਾ ਪੰਥ ਨਹੀਂ ਚਲਾਇਆ, ਸਗੋਂ 1699 ਦੀ ਵੈਸਾਖੀ ਨੂੰ ਸੀਸ ਭੇਟ ਕੌਤਕ ਵਰਤਾਕੇ ਚਰਨ ਪਹੁਲ ਦੀ ਰਸਮ ਨੂੰ ਖੰਡੇ ਦੀ ਪਾਹੁਲ ਵਿੱਚ ਬਦਲਕੇ ਗੁਰੂ ਨਾਨਕ ਸਾਹਿਬ ਦੇ ਨਿਰਮਲ ਪੰਥ ਤੋਂ ਖ਼ਾਲਸਾ ਪੰਥ ਦੇ ਮਿਸ਼ਨ ਦੀ ਹੀ ਸੰਪੂਰਨਤਾ ਕੀਤੀ ਹੈ) ਅਤੇ ਕਰਮ-ਕਾਂਡੀ ਬ੍ਰਾਹਮਣਾਂ ਪਾਸੋਂ ਜੰਜੂ ਪੁਆਉਣ ਦੀ ਥਾਂ ਪੰਜ ਸ਼ਸ਼ਤਰ-ਧਾਰੀ ਸਿੰਘਾਂ ਪਾਸੋਂ ਖੰਡੇ ਦੇ ਅੰਮ੍ਰਿਤ ਲੈਣ ਦੀ ਰਸਮ ਜਾਰੀ ਕਰ ਦਿੱਤੀ। ਬ੍ਰਾਹਮਣੀ ਜਾਤ-ਪਾਤ ਮਿਟਾਉਣ ਲਈ ਹਰ ਵਰਣ ਅਤੇ ਹਰ ਕਿੱਤੇ ਦੇ ਲੋਕਾਂ ਨੂੰ ਬਿਨਾਂ ਊਚ-ਨੀਚ ਦੇ ਭਿੰਨ-ਭੇਦ ਦੇ ਇਕੱਠੇ ਇਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਉਣਾ ਆਰੰਭ ਕਰ ਦਿੱਤਾ। ਆਪਣੇ ਸਜਾਏ ਸਿੰਘਾਂ (ਪੰਜਾਂ ਪਿਆਰਿਆਂ ਪਾਸੋਂ ਖ਼ੁਦ ਅੰਮ੍ਰਿਤ ਛੱਕਕੇ ਗੁਰੂ ਚੇਲੇ ਦਾ ਫਰਕ ਮਿਟਾ ਦਿੱਤਾ (ਜਦਕਿ ਹਿੰਦੂ ਗੁਰੂ-ਪਰੰਪਰਾ ਅਨੁਸਾਰ ਗੁਰੂ-ਚੇਲੇ ਦਾ ਸਿਧਾਂਤ ਵੈਦਿਕ ਧਰਮ ਦੀ ਰੀੜ ਦੀ ਹੱਡੀ ਹੈ) ਇਸ ਖਿਆਲ ਨਾਲ ਕਿ ਸਿੰਘ ਕਿਧਰੇ ਮੁੜ ਪੁਰਾਣੇ ਬ੍ਰਾਹਮਣੀ ਧਰਮ-ਕਰਮ ਵਿੱਚ ਹੀ ਨਾ ਅੜੇ ਰਹਿ ਜਾਣ ਜਾਂ ਮੁੜ ਉਥੇ ਹੀ ਜਾ ਫਸਣ, ਇਸ ਕਰਕੇ ਗੁਰੂ ਗੋਬਿੰਦ ਸਿੰਘ ਨੇ ਸਿੰਘਾਂ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਉਪਦੇਸ਼ ਦਿੱਤਾ ਕਿ ਅੰਮ੍ਰਿਤ ਛਕਣ ਤੋਂ ਬਾਅਦ ਉਨ੍ਹਾਂ ਦਾ ਨਵੇਂ ਧਰਮ ਵਿੱਚ ਜਨਮ ਹੁੰਦਾ ਹੈ, ਨਵਾਂ ਨਾਂਅ ਰੱਖਿਆ ਜਾਂਦਾ ਹੈ, ਪਿਛਲਾ ਸਭ ਧਰਮ ਨਾਸ਼, ਕਰਮ ਨਾਸ਼, ਕੁਲ ਜਾਸ਼ ਤੇ ਕਿਰਤ ਨਾਸ਼ ਹੋ ਗਿਆ ਹੈ ਅਤੇ ਇਹ ਹਿੰਦੂ-ਮੁਸਲਮਾਨ ਤੋਂ ਵੱਖਰਾ ਤੀਸਰਾ ਖ਼ਾਲਸਾ ਪੰਥ ਹੈ। ਉਪਰ ਲਿਖੀਆਂ ਗੱਲਾਂ ਗੁਰਵਾਕਾਂ, ਰਹਿਤਨਾਮਿਆਂ ਤੇ ਸਿੱਖ ਇਤਿਹਾਸ ਤੋਂ ਸਪੱਸ਼ਟ ਹਨ। ਡਾ. ਗੰਡਾ ਸਿੰਘ ਲਿਖਦੇ ਹਨ, ਪਰ ਕੁਝ ਸਮੇਂ ਤੋਂ ਬ੍ਰਾਹਮਣ-ਮਤੀਆਂ ਨੇ ਇਹ ਕਹਿਣਾ ਅਰੰਭ ਕੀਤਾ ਹੋਇਆ ਹੈ ਕਿ ਪ੍ਰਚਾਰ ਅੰਗ੍ਰੇਜ਼ਾਂ ਦੀ ਸ਼ਹਿ 'ਤੇ ਕੀਤਾ ਗਿਆ ਹੈ ਅਤੇ ਇਸ ਦੀ ਜ਼ਿੰਮੇਵਾਰੀ ਸਿੱਖ ਰਿਲੀਜਨ ਦੇ ਕਰਤਾ ਮਿਸਟਰ ਮੈਕਾਲਿਫ਼ 'ਤੇ ਸੁੱਟੀ ਜਾਂਦੀ ਹੈ। ਅਮਰਨਾਮਾ ਸੰਮਤ 1765 ਬਿਕਰਮੀ ਮੁਤਾਬਕ ਸੰਨ 1708 ਈਸਵੀ ਵਿੱਚ ਰਚਿਆ ਗਿਆ ਸੀ ਜਿਸ ਨੂੰ ਢਾਈ ਸੌ ਸਾਲ (1953 ਤੋਂ 1708) ਵਾਲਾ ਹੈ ਅਤੇ ਅੰਗ੍ਰੇਜ਼ਾਂ ਦੇ ਪੰਜਾਬ ਵਿੱਚ ਆਉਣ ਤੋਂ ਇਕ ਸੌ ਇਕਤਾਲੀ ਵਰ੍ਹੇ ਪਹਿਲਾਂ ਦੀ ਗੱਲ ਹੈ (1708 ਤੋਂ 1849)

ਢਾਡੀਆਂ ਦੀਆਂ ਵਾਰਾਂ ਸੁਣਨ ਵਾਲਾ ਪ੍ਰੇਰਨਾ ਕਰਦਾ ਹੋਇਆ ਬਜ਼ੁਰਗ ਨੱਥ ਮਲ ਢਾਡੀ ਬ੍ਰਾਹਮਣਾਂ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਦਾ ਜ਼ਿਕਰ ਇਸ ਤਰ੍ਹਾਂ ਕਰਦਾ ਹੈ:- ਹਯਾ ਅਜ਼ ਬ੍ਰਹਮਨ-ਪ੍ਰਸਤੀ ਕੁਨੰਦ ਕਿ ਈਂ ਚਾਰ ਫਰਜ਼ੰਦਿ ਮਨ ਕੁਸ਼ਤਾ ਅੰਦ। (ਬੰਦ 140)

ਮਕੁਨ ਹਰਚਿ ਗੋਬਿੰਦ ਕਿਰਆ ਕਰਮ। ਸਦਾ ਮੀ-ਦਿਹੰਦ ਸ਼ਿਘਿ ਮਾਰਾ ਖਸਮ (ਬੰਦ 141)

ਅਰਥਾਤ-ਬ੍ਰਾਹਮਣਾਂ ਦੀ ਪੂਜਾ ਸੇਵਾ ਤੋਂ (ਸਿੰਘ) ਸ਼ਰਮ ਕਰਨ ਕਿਉਂਕਿ ਇਨ੍ਹਾਂ ਨੇ ਮੇਰੇ ਚਾਰ ਪੁੱਤਰ ਮਾਰੇ ਹਨ (ਬੰਦ 140)

ਜੋ ਵੀ ਇਹ (ਬ੍ਰਾਹਮਣ) ਕਿਰਿਆ-ਕਰਮ ਕਰਨ ਨੂੰ ਕਹਿੰਦੇ ਹਨ, ਨਾ ਕਰੋ, ਕਿਉਂਕਿ ਇਹ ਸਦਾ ਸਾਡੇ ਸਿੰਘਾਂ ਨੂੰ ਦੁੱਖ ਦਿੰਦੇ ਹਨ, ਭਾਵ ਸਿੰਘਾਂ ਲਈ ਬਿਪਤਾ ਦਾ ਕਾਰਨ ਬਣਦੇ ਹਨ। (ਬੰਦ 141) ਇਸ ਤੋਂ ਬਾਅਦ ਅੰਤ ਵਿੱਚ ਢਾਡੀ ਸਿੰਘਾਂ ਨੂੰ ਅੰਮ੍ਰਿਤ ਛਕਣ ਸੰਬੰਧੀ ਸਤਿਗੁਰੂ ਜੀ ਦਾ ਉਪਦੇਸ਼ ਦਿੰਦਾ ਹੋਇਆ ਅਮਰਨਾਮੇ ਨੂੰ ਸਮਾਪਤ ਕਰਦਾ ਹੈ। ਅੰਮ੍ਰਿਤ ਨਾਲ ਬ੍ਰਾਹਮਣੀ ਧਰਮ, ਕੁੱਲ ਤੇ ਕਿਰਤ ਨਾਸ਼ ਹੋ ਕੇ ਮਾਨਸੁ ਕੀ ਜਾਤ ਇਕ ਹੋ ਜਾਂਦਾ ਹੈ, ਵਿਤਕਰੇ ਮਿੱਟ ਜਾਂਦੇ ਹਨ ਤੇ ਨਾਮ ਦੀ ਚੜ੍ਹਦੀਕਲਾ ਵਿੱਚ ਖ਼ਾਲਸਾ ਸਰਬੱਤ ਦਾ ਭਲਾ ਲੋਚਦਾ ਹੈ। (ਹਵਾਲਾ ਸਰੋਤ ਅਮਰਨਾਮਾ ਫਾਰਸੀ ਮੂਲ, ਪੰਜਾਬੀ ਉਤਾਰਾ ਤੇ ਅਰਥ ਡਾ. ਗੰਡਾ ਸਿੰਘ)

ਅਮਰਨਾਮੇ ਦੀ ਭੂਮਿਕਾ ਵਿੱਚ ਹੀ ਸਫ਼ਾ 10 ਉੱਤੇ ਡਾ. ਗੰਡਾ ਸਿੰਘ ਜੀ ਲਿਖਦੇ ਹਨ:- ਜ਼ਫਰਨਾਮੇ ਵਿੱਚ ਭੀ ਭਾਵੇਂ ਚਾਰੋਂ ਸਾਹਿਬਜ਼ਾਦਿਆਂ ਦੇ ਸ਼ਹੀਦ ਹੋ ਜਾਣ ਦਾ ਜ਼ਿਕਰ ਗੁਰੂ ਸਾਹਿਬ ਨੇ ਕੀਤਾ ਹੈ ਪਰ ਉਹ ਗੁਰੂ ਜੀ ਦੇ ਦੱਖਣ ਨੂੰ ਤੁਰਨ ਤੋਂ ਪਹਿਲਾਂ ਦਾ ਲਿਖਿਆ ਹੋਇਆ ਸੀ। ਅਮਰਨਾਮਾ ਰਾਜਪੂਤਾਨੇ ਦੇ ਸਫ਼ਰ ਤੋਂ ਬਾਅਦ ਦੱਖਣ ਵਿੱਚ ਰਚਿਆ ਗਿਆ ਸੀ। ਇਸ ਲਈ ਇਸ ਵਿੱਚ ਚਾਰੇ ਸਾਹਿਬਜ਼ਾਦਿਆਂ ਦੇ ਬ੍ਰਾਹਮਣਾਂ ਦੇ ਕਾਰੇ ਨਾਲ ਮਾਰੇ ਜਾਣ ਦਾ ਜ਼ਿਕਰ ਸ਼ੱਕ ਦੀ ਗੁੰਜਾਇਸ਼ ਨਹੀਂ ਛੱਡਦਾ। ਚੌਹਾਂ ਹੀ ਸਾਹਿਬਜ਼ਾਦਿਆਂ ਦਾ ਮਾਰਿਆ ਜਾਣਾ ਬ੍ਰਾਹਮਣਾਂ ਦੇ ਮੱਥੇ ਇਸ ਤਰ੍ਹਾਂ ਲੱਗਦਾ ਹੈ ਕਿ ਵੱਡੇ ਦੋਨੋਂ ਸਾਹਿਬਜ਼ਾਦੇ ਬ੍ਰਾਹਮਣਾਂ ਦੇ ਉਕਸਾਏ ਹੋਏ ਪਹਾੜੀ ਰਾਜਿਆਂ ਦੀ ਸੱਦੀ ਹੋਈ ਮੁਗ਼ਲ ਫੌਜ ਨਾਲ ਚਮਕੌਰ ਦੀ ਜੰਗ ਵਿੱਚ ਲੜਦੇ ਮਾਰੇ ਗਏ ਸਨ (ਸ਼ਹੀਦ ਹੋ ਗਏ ਸਨ) ਤੇ ਛੋਟੇ ਸਾਹਿਬਜ਼ਾਦੇ ਸਹੇੜੀ ਦੇ ਗੰਗੂ ਬ੍ਰਾਹਮਣ ਨੇ ਮੁਰਿੰਡੇ ਦੇ ਪਠਾਣਾਂ ਦੇ ਹਵਾਲੇ ਕਰ ਦਿੱਤੇ ਜੋ ਸਰਹੰਦ ਵਿੱਚ ਵਜ਼ੀਰ ਖਾਨ ਫੌਜਦਾਰ ਨੇ ਮਰਵਾ ਦਿੱਤੇ (ਸ਼ਹੀਦ ਕਰਵਾ ਦਿੱਤੇ)। ਹਵਾਲਾ ਓਹੀ ਅਮਰਨਾਮਾ ਵਿਆਖਿਆ ਡਾ. ਗੰਡਾ ਸਿੰਘ।

ਅਸੀਂ ਗੱਲ ਕਰ ਰਹੇ ਸੀ ਕਿ ਜੇ ਸ਼ੇਰ-ਏ-ਪੰਜਾਬ ਰਣਜੀਤ ਸਿੰਘ ਸਾਜਿਸ਼ੀ ਬ੍ਰਾਹਮਣਾਂ ਤੇ ਡੋਗਰਿਆਂ 'ਤੇ ਇਤਬਾਰ ਨਾ ਕਰਦਾ ਤਾਂ ਅੱਜ ਵੀ ਪੰਜਾਬ ਉੱਤੇ ਖ਼ਾਲਸਾ ਰਾਜ ਦੇ ਝੰਡੇ ਝੂਲਦੇ ਹੋਣੇ ਸੀ। ਮੇਰਠ ਦੇ ਬ੍ਰਾਹਮਣ ਦੁਕਾਨਦਾਰ ਦਾ ਪੁੱਤਰ ਖ਼ੁਸ਼ਹਾਲ ਸਿੰਘ ਜੋ ਜਮਾਂਦਾਰ ਖ਼ੁਸ਼ਹਾਲ ਸਿੰਘ ਦੇ ਨਾਂ ਨਾਲ ਵਧੇਰੇ ਜਾਣਿਆ ਜਾਂਦਾ ਹੈ ਅਤੇ ਜਿਸ ਨੂੰ ਤੇਜਾ ਸਿੰਘ ਗ਼ੱਦਾਰ ਦਾ ਚਾਚਾ ਹੋਣ ਕਰਕੇ ਇਸ ਨੂੰ ਨਫ਼ਰਤ ਦੀ ਨਿਗਾਹ ਨਾਲ ਵੇਖਿਆ ਜਾਂਦਾ ਹੈ ਅਤੇ ਆਪਣੇ ਆਪ ਵੀ ਇਹ ਬਹੁਤ ਵੱਡੇ ਗ਼ੱਦਾਰੀ ਰੁਤਬੇ ਦਾ ਅਧਿਕਾਰੀ ਸੀ। ਇਹ ਰਣਜੀਤ ਸਿੰਘ ਦੀ ਫੌਜ ਵਿੱਚ ਪੰਜ ਰੁਪਏ ਮਹੀਨੇ ਉੱਤੇ ਭਰਤੀ ਹੋਇਆ ਸੀ ਅਤੇ ਉਸ ਦੀ ਮਿਹਰਬਾਨੀ ਨਾਲ ਡਿਉੜੀਦਾਰ ਦੀ ਪਦਵੀ ਉੱਤੇ 1810 ਤੋਂ 1817 ਤੱਕ ਤਾਇਨਾਤ ਰਿਹਾ। ....... ਇਹ ਸਰਦਾਰਾਂ, ਰਾਜਿਆਂ, ਦੂਸਰੇ ਮੁਲਕਾਂ ਦੇ ਨੁਮਾਇੰਦਿਆਂ ਅਤੇ ਵੱਡੇ ਆਦਮੀਆਂ ਦੀਆਂ ਅਹਿਮ ਮੁਲਾਕਾਤਾਂ ਆਦਿ (ਵੱਢੀ ਲੈ ਕੇ) ਲੈ ਕੇ ਕਰਵਾਉਂਦਾ ਹੁੰਦਾ ਸੀ। ...... ਰਣਜੀਤ ਸਿੰਘ ਦਾ ਇਹ ਨੌਕਰ, ਇਹ ਜਮਾਂਦਾਰ (ਬ੍ਰਾਹਮਣ) ਨਾਲੋਂ ਨਾਲ ਪੂਨਾ ਦੇ ਪੇਸ਼ਵਾ ਦਾ ਜ਼ਰ ਖ਼ਰੀਦ ਜਾਸੂਸ ਵੀ ਸੀ ਅਤੇ ਹਰ ਅਹਿਮ ਮੁਲਾਕਾਤ ਦਾ ਸਾਰ ਉਸ ਕੋਲ ਵੇਚਦਾ ਹੁੰਦਾ ਸੀ। (ਹਵਾਲਾ ਸਿੰਘ ਨਾਦ ਪੰਨਾ 79-80 ਲੇਖਕ ਸ: ਗੁਰਤੇਜ ਸਿੰਘ) ਬ੍ਰਾਹਮਣ ਗ਼ਦਾਰ ਤੇਜਾ ਸਿੰਘ ਤੇ ਬ੍ਰਾਹਮਣ ਲਾਲ ਸਿੰਘ ਇਸੇ ਬ੍ਰਾਹਮਣ ਖ਼ੁਸ਼ਹਾਲ ਸਿੰਘ ਦੇ ਰਿਸ਼ਤੇਦਾਰ ਸਨ ਤੇ ਇਸ ਨੇ ਹੀ ਰਣਜੀਤ ਸਿੰਘ ਦੀ ਫੌਜ ਵਿੱਚ ਭਰਤੀ ਕਰਵਾਏ ਸਨ, ਫੌਜ ਵਿੱਚ ਉੱਚੇ ਆਹੁਦਿਆਂ 'ਤੇ ਪਹੁੰਚ ਕੇ ਇਨ੍ਹਾਂ ਬ੍ਰਾਹਮਣਾਂ ਨੇ ਸਰਕਾਰ-ਏ-ਖ਼ਾਲਸਾ ਦੀਆਂ ਫੌਜਾਂ ਨਾਲ ਗ਼ਦਾਰੀ ਕਰਕੇ ਅੰਗ੍ਰੇਜ਼ਾਂ ਦੀਆਂ ਫੌਜਾਂ ਦਾ ਪੰਜਾਬ ਉੱਤੇ ਕਬਜ਼ਾ ਕਰਵਾਇਆ ਸੀ।

**ਬਾਕੀ ਹਿਸਾ ਅਗਲੇ ਸਫ਼ਾ 36 ਤੇ ਪੜ੍ਹੋ** →

# ਰਾਸ਼ਟਰਮੰਡਲ ਦਿਵਸ ਮੌਕੇ ਵਿਸ਼ਵ ਯੁੱਧ ਵਿੱਚ ਹਿੱਸਾ ਲੈਣ ਵਾਲੀ ਭਾਰਤੀ ਮਹਿਲਾ ਨੂਰ ਇਨਾਇਤ ਖਾਨ ਨੂੰ ਕੀਤਾ ਯਾਦ





**ਵੈਸਟਮਿੰਸਟਰ ਐਬੇ ਸਮਾਗਮ ਵਿੱਚ ਮਹਾਰਾਜਾ ਚਾਰਲਸ, ਰਾਜਕੁਮਾਰ ਵਿਲੀਅਮ ਅਤੇ ਕੇਟ, ਮੈਮੋਰੀਅਲ ਗੇਟਸ ਤੇ ਸ਼ਰਧਾਂਜਲੀ ਭੇਂਟ ਕਰਦੇ ਹੋਏ ਹੋਰ ਨੇਤਾ**

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਯੁੱਧਾਂ ਵਿੱਚ ਭਾਰਤੀਆਂ ਦੇ ਯੋਗਦਾਨ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਹੈ। ਲੰਡਨ ਵਿੱਚ ਰਾਸ਼ਟਰਮੰਡਲ ਦਿਵਸ ਸਮਾਰੋਹਾਂ ਮੌਕੇ ਮਹਾਰਾਜਾ ਚਾਰਲਸ, ਰਾਣੀ ਕੈਮਿਲਾ, ਪ੍ਰਿੰਸ ਵਿਲੀਅਮ, ਕੇਟ ਮਿਡਲਟਨ ਸਮੇਤ ਬਰਤਾਨਵੀ ਨੇਤਾਵਾਂ ਨੇ ਵੈਸਟਮਿੰਸਟਰ ਐਬੇ ਵਿਖੇ ਰਾਸ਼ਟਰ ਮੰਡਲ ਦੇਸ਼ਾਂ ਦੀ ਆਪਸੀ ਸਾਂਝ ਅਤੇ ਇਤਿਹਾਸ ਨੂੰ ਯਾਦ ਕੀਤਾ। ਲੰਡਨ ਮੈਮੋਰੀਅਲ ਗੇਟਸ ਸਮਾਗਮ ਵਿੱਚ ਦੂਜੇ ਵਿਸ਼ਵ ਯੁੱਧ ਦੌਰਾਨ ਭਾਰਤੀ ਮੂਲ ਦੀ ਬਰਤਾਨਵੀ ਜਾਸੂਸ ਨੂਰ ਇਨਾਇਤ ਖਾਨ ਦੀ ਬਹਾਦਰੀ ਅਤੇ ਕੁਰਬਾਨੀ ਨੂੰ ਯਾਦ ਕੀਤਾ ਗਿਆ। ਇਸ ਸਮਾਗਮ ਵਿੱਚ ਯੁੱਧ ਵਿੱਚ ਔਰਤਾਂ ਦੇ ਯੋਗਦਾਨ, ਏਕਤਾ, ਧਾਰਮਿਕ ਸਹਿਣਸ਼ੀਲਤਾ ਅਤੇ ਜ਼ੁਲਮ ਵਿਰੁੱਧ ਸ਼ਾਂਤੀ ਦੇ ਮੁੱਲਾਂ ਨੂੰ ਉਤਸ਼ਾਹਿਤ ਕਰਨ ਤੇ ਜ਼ੋਰ ਦਿੱਤਾ ਗਿਆ।

ਲੰਡਨ ਵਿੱਚ ਇਸ ਸਾਲ ਦੇ ਰਾਸ਼ਟਰਮੰਡਲ ਦਿਵਸ ਸਮਾਰੋਹਾਂ ਵਿੱਚ ਭਾਰਤੀ ਮੂਲ ਦੀ ਬ੍ਰਿਟਿਸ਼ ਜਾਸੂਸ ਨੂਰ ਇਨਾਇਤ ਖਾਨ ਦੀ ਬਹਾਦਰੀ ਦੀ ਕਹਾਣੀ ਮੁੱਖ ਤੌਰ ਤੇ ਖਿਚ ਦਾ ਕੇਂਦਰ ਰਹੀ। ਮੈਮੋਰੀਅਲ ਗੇਟਸ ਲੰਡਨ ਵਿੱਚ ਹੋਏ ਸਮਾਗਮ "ਯੁੱਧ ਵਿੱਚ ਔਰਤਾਂ" 'ਤੇ ਕੇਂਦਰਿਤ ਸਨ, ਜਿਸ ਵਿੱਚ ਵਿਸ਼ਵ ਯੁੱਧਾਂ ਵਿੱਚ ਔਰਤਾਂ ਦੀ ਨਿਭਾਈ ਭੂਮਿਕਾ ਨੂੰ ਯਾਦ ਕੀਤਾ ਗਿਆ। ਸਪਾਈ ਪ੍ਰਿੰਸਸ: ਦ ਲਾਈਫ ਆਫ ਨੂਰ ਇਨਾਇਤ ਖਾਨ ਦੀ ਲੇਖਿਕਾ ਅਤੇ ਇਤਿਹਾਸਕਾਰਾ ਸ਼ਰਬਾਨੀ ਬਾਸੂ ਨੇ ਨੂਰ ਇਨਾਇਤ ਖਾਨ ਦੀ ਸ਼ਾਂਤੀ ਅਤੇ ਸਹਿਣਸ਼ੀਲਤਾ ਪ੍ਰਤੀ ਸਮਰਪਣ ਨੂੰ ਦਰਸਾਇਆ। ਉਹਨਾਂ ਕਿਹਾ ਕਿ ਇੱਕ ਸੂਫੀ ਸੰਗੀਤਕਾਰ ਨੂੰ ਨਾਜ਼ੀਆਂ ਦੁਆਰਾ ਫਾਂਸੀ ਦਿੱਤੀ ਗਈ ਸੀ ਪਰ ਉਹ ਫਾਸ਼ੀਵਾਦ ਦੇ ਵਿਰੁੱਧ ਖੜ੍ਹੀ ਹੋਈ, ਸੱਭਿਆਚਾਰਾਂ ਵਿੱਚ ਏਕਤਾ ਦੀ ਤਾਕਤ ਨੂੰ ਸਾਬਤ ਕਰਨ ਲਈ ਬਹਾਦਰੀ ਦਾ ਪ੍ਰਤੀਕ ਬਣੀ। ਇਸ ਸਮਾਰੋਹ ਵਿੱਚ ਬੇਗਮ ਪਾਸ਼ਾ ਸ਼ਾਹ ਵਰਗੀਆਂ ਔਰਤਾਂ ਦੀਆਂ ਕੁਰਬਾਨੀਆਂ ਅਤੇ ਯੁੱਧਾਂ ਦੌਰਾਨ ਭਾਰਤੀ ਉਪ ਮਹਾਂਦੀਪ ਦੇ ਵੱਡੇ ਯੋਗਦਾਨ ਨੂੰ ਉਜਾਗਰ ਕੀਤਾ। ਇਸ ਮੌਕੇ ਸੰਸਦ ਦੇ ਸਪੀਕਰ ਸਰ ਲਿੰਡਸੇ ਹੌਲੇ, ਲਾਰਡ ਬਿਲਮੋਰੀਆ, ਲਾਰਡ ਬੋਟੇਂਗ ਚੇਅਰਪਰਸਨ ਮੈਮੋਰੀਅਲ ਗੇਟਸ ਕੌਂਸਲ, ਅਚਾਰੀਆ ਕ੍ਰਿਸ਼ਨ ਕੇ ਅਤਰੀ, ਸ਼ਰਲੀ ਬੋਚਵੇ, ਫਿਲਿਪਾ ਸਾਵਲਿਨਸਨ ਆਦਿ ਹਾਜ਼ਰ ਸਨ।

# ਸੜਕ ਹਾਦਸੇ ਚ ਪੰਜਾਬੀ ਲੜਕੀ ਦੀ ਮੌਤ



ਵੈਨਕੂਵਰ-(ਮਲਕੀਤ ਸਿੰਘ)- ਕਨੇਡਾ ਦੇ ਮਹਾਨਗਰ ਟੋਰਾਂਟੋ ਵਿੱਚ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਦੌਰਾਨ ਇੱਕ ਨੌਜਵਾਨ ਪੰਜਾਬੀ ਲੜਕੀ ਦੀ ਮੌਤ ਹੋਣ ਦੀ ਦੁਖਦਾਈ ਸੂਚਨਾ ਮਿਲੀ ਹੈ। ਮ੍ਰਿਤਕਾ ਦੀ ਪਛਾਣ ਅਰਸ਼ਪ੍ਰੀਤ ਕੌਰ ਵਜੋਂ ਹੋਈ ਹੈ ਅਤੇ ਉਹ ਪੰਜਾਬ ਦੇ ਜਿਲਾ ਫਤਿਹਗੜ੍ਹ ਸਾਹਿਬ ਨਾਲ ਸੰਬੰਧਿਤ ਦੱਸੀ ਜਾ ਰਹੀ ਹੈ ਪ੍ਰਾਪਤ ਵੇਰਵਿਆਂ ਮੁਤਾਬਕ ਉਚੇਰੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਅਰਸ਼ਪ੍ਰੀਤ ਕੌਰ ਵਰਕ ਪਰਮਿਟ ਤੇ ਕਨੇਡਾ ਰਹਿ ਰਹੀ ਸੀ ਇਸ ਦੌਰਾਨ ਸੜਕ ਤੇ ਜਾਂਦਿਆਂ ਉਸ ਦੀ ਕਾਰ ਦੀ ਇੱਕ ਡੰਪ ਟਰੱਕ ਨਾਲ ਜਬਰਦਸਤ ਟੱਕਰ ਹੋਣ ਮਗਰੋਂ ਵਾਪਰੇ ਉਕਤ ਹਾਦਸੇ ਵਿੱਚ ਉਸਦੀ ਮੌਕੇ ਤੇ ਮੌਤ ਹੋ ਗਈ ਪੰਜਾਬੀ ਭਾਈਚਾਰੇ ਚ ਇਸ ਸਬੰਧੀ ਸੋਗ ਦੀ ਲਹਿਰ ਪਾਈ ਜਾ ਰਹੀ ਹੈ।

**35 ਸਫ਼ੇ ਦੀ ਬਾਕੀ**

ਇਨ੍ਹਾਂ ਤਿੰਨਾਂ ਗ਼ਦਾਰਾਂ ਦਾ ਵਰਨਣ ਡਾ. ਗੰਡਾ ਸਿੰਘ ਨੇ ਪੰਜਾਬ ਉੱਤੇ ਅੰਗ੍ਰੇਜ਼ਾਂ ਦਾ ਕਬਜ਼ਾ ਪੁਸਤਕ ਵਿੱਚ ਹੇਠ ਲਿਖੇ ਅਨੁਸਾਰ ਕੀਤਾ ਹੈ: (1) ਮਿਸਰ (ਬ੍ਰਾਹਮਣ) ਤੇਜ ਸਿੰਘ, ਮਿਸਰ ਤੇਜ ਸਿੰਘ ਸਤੰਬਰ 1845 ਵਿੱਚ ਪੰਜਾਬ ਦੀਆਂ ਫੌਜਾਂ ਦਾ ਕਮਾਂਡਰ-ਇਨ-ਚੀਫ਼ ਬਣਿਆ ਸੀ। ਜਦਕਿ ਸਰਦਾਰ ਜਵਾਹਰ ਸਿੰਘ ਦੇ ਮਾਰੇ ਜਾਣ ਪਿੱਛੋਂ ਮਿਸਰ (ਬ੍ਰਾਹਮਣ) ਲਾਲ ਸਿੰਘ ਵਜ਼ੀਰ ਬਣਿਆ ਸੀ। ਪੰਜਾਬ ਦਾ ਰਹਿਣ ਵਾਲਾ ਨਾ ਹੋਣ ਕਰਕੇ ਨਾਂ ਇਹ ਦੇਸ਼ ਭਗਤ ਸੀ (ਪੰਜਾਬ ਦੇਸ਼) ਤੇ ਨਾ ਹੀ ਰਾਜ-ਭਗਤ। ਇਹ ਪੂਰਬ ਤੋਂ ਨੌਕਰੀ ਲਈ ਆਇਆ ਹੋਇਆ ਮਤਲਬੀ ਬੰਦਾ ਸੀ। ਇਸ ਦਾ ਘਰ-ਘਾਟ ਤੇ ਰਿਸ਼ਤੇਦਾਰ ਅੰਗ੍ਰੇਜ਼ੀ ਇਲਾਕੇ ਦੇ ਮੇਰਠ ਜ਼ਿਲ੍ਹੇ ਦੇ ਸਰਧਨਾ ਪਰਗਣੇ ਦੇ ਪਿੰਡ ਏਕੜੀ ਵਿੱਚ ਸਨ।

ਇਸ ਲਈ ਇਹ ਸੌਖੇ ਹੀ ਅੰਗ੍ਰੇਜ਼ਾਂ ਦੇ ਹੱਥੀਂ ਚੜ੍ਹ ਗਿਆ। ਰੁਪਈਏ, ਜਾਇਦਾਦ ਤੇ ਅਹੁਦੇ ਦੇ ਲਾਲਚ ਵਿੱਚ ਅੰਨ੍ਹਾ ਹੋ ਕੇ ਜਿਸ ਬਿਰਛ ਦੀ ਛਤਰ ਛਾਇਆ ਹੇਠਾਂ ਪਲਿਆ ਅਤੇ ਜਿਸ ਦੇ ਫੱਲ ਖਾ ਕੇ ਵਧਿਆ ਫੁੱਲਿਆ ਸੀ, ਉਸੇ ਦੀਆਂ ਹੀ ਜੜ੍ਹਾਂ ਵੱਢਣ ਲਈ ਵੈਰੀਆਂ ਨਾਲ ਰਲ ਗਿਆ। ਇਹ ਲੁਧਿਆਣੇ ਦੇ ਪੋਲੀਟੀਕਲ ਏਜੰਟ ਜਾਰਜ ਬਰੋਡਫੁਟ ਅਤੇ ਫਿਰੋਜ਼ਪੁਰ ਬੈਠੇ ਉਸ ਦੇ ਸਹਾਇਕ ਏਜੰਟ ਪੀਟਰ ਨਿਕਲਸਨ ਨਾਲ ਲਿਖਾ-ਪੜ੍ਹੀ ਕਰਨ ਲੱਗ ਪਿਆ ਅਤੇ ਉਸ ਨੂੰ ਲਾਹੌਰ ਸਰਕਾਰ ਦੀਆਂ ਖ਼ਬਰਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਇਹ ਬ੍ਰਾਹਮਣ ਤੇਜ ਸਿੰਘ ਦੀ ਗਿਣੀ ਮਿੱਥੀ ਗ਼ਦਾਰੀ ਦਾ ਹੀ ਨਤੀਜਾ ਸੀ ਕਿ ਫੇਰੂ ਸ਼ਹਿਰ ਦੀ ਲੜਾਈ ਵਿੱਚ ਅੰਗ੍ਰੇਜ਼ ਆਪਣੀ ਇਕ ਨਾ ਭੁੱਲਣ ਵਾਲੀ ਤਬਾਹੀ ਤੋਂ ਬੱਚ ਗਏ ਅਤੇ ਸਭਰਾਵਾਂ ਦੀ ਆਖਰੀ ਲੜਾਈ ਵਿੱਚ ਜਿੱਤ ਗਏ। (2) ਮਿਸਰ (ਬ੍ਰਾਹਮਣ) ਗ਼ਦਾਰ ਲਾਲ ਸਿੰਘ, ਮਿਸਰ ਲਾਲ ਸਿੰਘ ਰੋਹਤਾਸ ਦਾ ਬ੍ਰਾਹਮਣ ਵੀ ਉਸੇ ਮਿੱਟੀ ਦਾ ਘੜਿਆ ਹੋਇਆ ਜਿਸ ਦਾ ਤੇਜ ਸਿੰਘ ਸੀ। ਇਹ ਦੋਨੋਂ ਹੀ ਗਿਣ ਮਿੱਥ ਕੇ ਅੰਗ੍ਰੇਜ਼ਾਂ ਨਾਲ ਰਲੇ ਸਨ। ਸਾਜਿਸ਼ ਸੁਭਾਉ ਦਾ ਹੋਣ ਕਰਕੇ ਇਸ ਨੂੰ ਰਾਜਾ ਧਿਆਨ ਸਿੰਘ ਡੋਗਰੇ ਨੇ ਮਿਸਰ (ਬ੍ਰਾਹਮਣ) ਬੇਲੀ ਰਾਮ ਤੋਸ਼ਾਖਾਨੀਏ ਦੇ ਵਿਰੁੱਧ ਖੜ੍ਹਾ ਕਰਨ ਲਈ ਚੁਣਿਆ ਸੀ। ਧਿਆਨ ਸਿੰਘ ਦੀ ਮੌਤ ਪਿੱਛੋਂ ਛਲ ਬਲ ਨਾਲ ਕਦੀ ਇਹ ਗੁਲਾਬ ਸਿੰਘ ਡੋਗਰੇ ਦਾ ਸੰਗੀ ਬਣ ਜਾਂਦਾ ਤੇ ਕਦੀ ਵਜ਼ੀਰ ਹੀਰਾ ਸਿੰਘ ਦਾ। ਇਸ ਲਈ ਦੋਹਾਂ ਪੱਖਾਂ ਵਿੱਚ ਇਸ ਨੇ ਆਪਣਾ ਅਸਰ ਰਸੂਖ ਬਣਾ ਲਿਆ। ਸਰਦਾਰ ਜਵਾਹਰ ਸਿੰਘ ਦੀ ਮੌਤ ਤੋਂ ਬਾਅਦ ਵਜ਼ੀਰ ਬਣ ਜਾਣ ਕਰਕੇ ਇਸ ਨੇ ਅੰਗ੍ਰੇਜ਼ਾਂ ਨਾਲ ਗੰਢ-ਤੁਪ ਕਰ ਲਈ ਅਤੇ ਅੰਦਰੋ-ਅੰਦਰ ਆਪਣੀ ਵਜ਼ੀਰੀ ਦਾ ਫਾਇਦਾ ਲੈ ਕੇ ਅੰਗ੍ਰੇਜ਼ਾਂ ਦਾ ਪੰਜਾਬ ਉੱਤੇ ਕਬਜ਼ਾ ਕਰਵਾ ਦੇਣਾ ਪ੍ਰਵਾਣ ਕਰ ਲਿਆ। ਪਰ ਜੰਗ ਤੋਂ ਬਾਅਦ ਜਦ ਇਸ ਦੀ ਮਰਜੀ ਅਨੁਸਾਰ ਇਸ ਨੂੰ ਇਨਾਮ ਨਾ ਮਿਲਿਆ ਤਾਂ ਇਹ ਅੰਗ੍ਰੇਜ਼ਾਂ ਅਤੇ ਉਨ੍ਹਾਂ ਦੇ ਸਰਨਾਗਤ ਗੁਲਾਬ ਸਿੰਘ ਦੇ ਵਿਰੁੱਧ ਹੋ ਗਿਆ, ਜਿਸ ਦਾ ਨਤੀਜਾ ਇਹ ਹੋਇਆ ਕਿ ਅੰਗ੍ਰੇਜ਼ਾਂ ਨੇ ਇਸ ਨੂੰ ਕੈਦ ਕਰਕੇ ਦੇਸ਼-ਨਿਕਾਲਾ ਦੇ ਦਿੱਤਾ। ਤੀਸਰਾ ਗ਼ਦਾਰ, ਰਾਜਾ ਗੁਲਾਬ ਸਿੰਘ-ਰਾਜਾ ਗੁਲਾਬ ਸਿੰਘ ਨੂੰ, ਅੰਗ੍ਰੇਜ਼ਾਂ ਨੇ ਪੰਜਾਬ ਦੇ ਪਹਾੜੀ ਇਲਾਕੇ ਦਾ ਜਾਇਆ ਕਰਕੇ ਪਹਿਲੇ ਹੀ ਗੰਢ ਲਿਆ ਹੋਇਆ ਸੀ। ਇਕ ਢੀਠ ਗ਼ਦਾਰ ਦੀ ਤਰ੍ਹਾਂ ਰਾਜਾ ਗੁਲਾਬ ਸਿੰਘ ਵੀ ਬ੍ਰਾਹਮਣ ਤੇਜ ਸਿੰਘ ਅਤੇ ਬ੍ਰਾਹਮਣ ਲਾਲ ਸਿੰਘ ਵਾਂਗੂ ਰਣਜੀਤ ਸਿੰਘ ਦੀਆਂ ਸਾਰੀਆਂ ਮਿਹਰਬਾਨੀਆਂ ਨੂੰ ਇਕ ਦਮ ਭੁੱਲ ਗਿਆ ਅਤੇ ਸਿੱਖ ਰਾਜ ਦੇ ਵਿਰੁੱਧ ਅੰਗ੍ਰੇਜ਼ਾਂ ਦੀ ਸਾਜਿਸ਼ ਨੂੰ ਸਿਰੇ ਚੜ੍ਹਾਉਣ ਲਈ ਉਨ੍ਹਾਂ ਦਾ ਹਥਿਆਰ ਬਣ ਗਿਆ। ਲਾਹੌਰ ਦੇ ਲੋਕ ਉਸ (ਗੁਲਾਬ ਸਿੰਘ) ਨੂੰ ਗਊ ਸਾਹਿਬ ਕਹਿਕੇ ਸੱਦਦੇ ਸਨ। ਅੰਗ੍ਰੇਜ਼ਾਂ ਦੀ ਸ਼ਹਿ ਉੱਤੇ ਗੁਲਾਬ ਸਿੰਘ ਨੇ ਪਹਾੜੀ ਇਲਾਕੇ ਵਿੱਚ ਇਸ ਆਸ ਨਾਲ ਆਪਣੀ ਤਾਕਤ ਬਣਾਉਣੀ ਸ਼ੁਰੂ ਕੀਤੀ ਹੋਈ ਸੀ ਕਿ ਜਦ ਅੰਗ੍ਰੇਜ਼ਾਂ ਨੇ ਪੰਜਾਬ ਉੱਤੇ ਕਬਜ਼ਾ ਕੀਤਾ ਤਾਂ ਉਹ ਆਪਣਾ ਰਾਜ ਬਣਾ ਲਵੇਗਾ ਅਗਸਤ 1845 ਵਿੱਚ ਗੁਲਾਬ ਸਿੰਘ ਆਪਣੀ ਤੇ ਹੋਰ ਪਹਾੜੀ ਰਾਜਿਆਂ ਦੀ ਸੇਵਾ ਅੰਗ੍ਰੇਜ਼ਾਂ ਨੂੰ ਪੇਸ਼ ਕੀਤੀ ਅਤੇ ਸਿੱਖਾਂ ਉੱਤੇ ਹੱਲਾ ਕਰਨ ਦਾ ਵਾਅਦਾ ਕੀਤਾ ਤਾਂ ਕਿ ਲਾਹੌਰ ਸਰਕਾਰ, ਫੌਜ ਅਤੇ ਲੋਕਾਂ ਵਿੱਚ ਪਾਟੋ ਧਾੜ ਪੈ ਜਾਏ ਅਤੇ ਅੰਗ੍ਰੇਜ਼ਾਂ ਦਾ ਬਿਨਾਂ ਗੋਲੀ ਦਾਗੇ ਹੀ ਪੰਜਾਬ ਅਤੇ ਲਾਹੌਰ ਉੱਤੇ ਕਬਜ਼ਾ ਹੋ ਸਕੇ, ਪਿਛਲਾ ਵਾਅਦਾ ਲੜਾਈ ਤੋਂ ਬਾਅਦ ਉਸ ਨੇ ਅੱਖਰੋਂ ਅੱਖਰੀ ਪੂਰਾ ਕਰਵਾਇਆ ਅਤੇ ਇਸਦੇ ਬਦਲੇ ਅੰਗ੍ਰੇਜ਼ਾਂ ਪਾਸੋਂ ਜੰਮੂ ਤੇ ਕਸ਼ਮੀਰ ਦਾ ਰਾਜ ਇਨਾਮ ਵਜੋਂ ਲਿਆ। (ਉਕਤ ਤਿੰਨੇ ਡੋਗਰੇ ਤੇ ਬ੍ਰਾਹਮਣ ਗ਼ਦਾਰਾਂ ਦੇ ਹਵਾਲੇ, ਪੁਸਤਕ, ਪੰਜਾਬ ਉੱਤੇ ਅੰਗ੍ਰੇਜ਼ਾਂ ਦਾ ਕਬਜ਼ਾ, ਕ੍ਰਿਤ ਡਾ. ਗੰਡਾ ਸਿੰਘ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿੱਚੋਂ ਲਏ ਗਏ ਹਨ)

ਸਿੱਖ ਸਾਮਰਾਜ ਨਾਲ ਗ਼ਦਾਰੀ ਦੇ ਇਵਜ਼ਾਨੇ ਵਜੋਂ ਅੰਗ੍ਰੇਜ਼ਾਂ ਨੇ ਰਣਜੀਤ ਸਿੰਘ ਦੇ ਨੌਕਰ ਗੁਲਾਬ ਸਿੰਘ ਨੂੰ ਮਹਾਰਾਜੇ ਦਾ ਖ਼ਿਤਾਬ ਤੇ ਜੰਮੂ-ਕਸ਼ਮੀਰ ਦਾ ਰਾਜ ਬਖ਼ਸ਼ਿਆ। ਸਿੱਖਾਂ ਦੀ ਗੁਰੂ ਪ੍ਰਤੀ ਵਫ਼ਾਦਾਰੀ ਦੇ ਪ੍ਰਤੀਕ ਸ੍ਰੀ ਅੰਮ੍ਰਿਤਸਰ ਵਰਗੇ ਪਵਿੱਤਰ ਸਥਾਨ 'ਤੇ ਗ਼ਦਾਰ ਦੀ ਤਾਜਪੋਸ਼ੀ ਦੀ ਰਸਮ ਅਦਾ ਕੀਤੀ ਗਈ। ਇਸ ਮੌਕੇ 'ਤੇ ਗੁਲਾਬ ਸਿੰਘ ਡੋਗਰੇ ਨੇ ਅੰਗ੍ਰੇਜ਼ਾਂ ਪ੍ਰਤੀ ਵਫ਼ਾਦਾਰੀ ਦੀ ਕਸਮ ਖਾਂਦਿਆਂ ਕਿਹਾ ਮੈਂ ਅੰਗ੍ਰੇਜ਼ ਸਰਕਾਰ ਦਾ ਜ਼ਰ-ਖਰੀਦ ਗੁਲਾਮ ਹਾਂ (ਹਵਾਲਾ ਪੁਸਤਕ ਸਿੰਘ ਨਾਦ, ਲੇਖਕ ਸ: ਗੁਰਤੇਜ ਸਿੰਘ)

**ਹਵਾਲੇ** – (1) ਸਿੱਖ ਇਨਕਲਾਬ, ਲੇਖਕ ਜਗਜੀਤ ਸਿੰਘ (2) ਪੰਜਾਬ ਉੱਤੇ ਅੰਗ੍ਰੇਜ਼ਾਂ ਦਾ ਕਬਜ਼ਾ, ਲੇਖਕ ਡਾ. ਗੰਡਾ ਸਿੰਘ (3) ਸਿੰਘ ਨਾਦ, ਲੇਖਕ ਸ: ਗੁਰਤੇਜ ਸਿੰਘ (4) ਅਮਰਨਾਮਾ, ਲੇਖਕ ਨੱਥ ਮਲ ਢਾਡੀ, ਫ਼ਾਰਸੀ ਮੂਲ, ਪੰਜਾਬੀ ਉਤਾਰਾ ਤੇ ਅਰਥ – ਸੰਪਾਦਤ, ਡਾ. ਗੰਡਾ ਸਿੰਘ।

(ਸਮਾਪਤ)

ਭੁੱਲਾਂ ਚੁੱਕਾਂ ਦੀ ਖਿਮਾਂ

# ਨਵਾਂ ਸਿੱਖ ਸਾਲ ਨਵੀਂ ਆਸ ਨਾਲ

**ਡਾ. ਸਤਿੰਦਰ ਪਾਲ ਸਿੰਘ**



**ਸਿੱਖ ਕੌਮ ਨੂੰ ਆਸ ਰੱਖਣੀ ਚਾਹੀਦੀ ਹੈ ਕਿ ਵਰਤਮਾਨ ਸਥਿਤੀ ਤੋਂ ਨਿਪਟਣ ਲਈ ਵਾਹਿਗੁਰੂ ਦੀ ਕੋਈ ਨਾ ਕੋਈ ਕਲਾ ਜਰੂਰ ਵਰਤੇਗੀ।ਲੋੜ ਹੈ ਤਾਂ ਸਥਿਤੀ ਦੀ ਗੰਭੀਰਤਾ ਨੂੰ ਸਮਝਣ ਤੇ ਮਸਲਿਆਂ ਦੇ ਨਿਦਾਨ ਲਈ ਇੱਛਾ ਸ਼ਕਤੀ ਪੈਦਾ ਕਰਨ ਦੀ। ਇੱਕ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਉਚਿਤ ਸਮੇਂ ਅੰਦਰ ਸਵਾਲਾਂ ਦੇ ਵਿਵੇਕ ਜਨਿਤ ਹੱਲ ਲੱਭਣ ਲਈ ਜਤਨਸ਼ੀਲ ਤੋਂ ਅਲਾਵਾ ਕੋਈ ਰਾਹ ਨਾ ਬਚੇ। ਇਸ ਨਾਲ ਹੀ ਪਰਮਾਤਮਾ ਭਗਤੀ ਦੀ ਰਾਹ ਨਿਰਵਿਘਨ, ਦੁਵਿਧਾ, ਭਰਮ ਤੋਂ ਰਹਿਤ ਹੋ ਸਕਦੀ ਹੈ "ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ " । ਪਰਮਾਤਮਾ ਦੇ ਦਰਸ਼ਨ ਦੀ ਮਨ ਅੰਦਰ ਪਿਆਸ ਹੀ ਗੁਰਸਿੱਖ ਦੀ ਭਗਤੀ ਹੈ, ਗੁਰਸਿੱਖੀ ਦੀ ਰਹਿਤ ਹੈ। ਜਿਸ ਕਰਮ ਅੰਦਰ ਇਹ ਭਾਵਨਾ ਨਹੀਂ ਹੈ ਉਹ ਕਰਮਕਾਂਡ ਹੈ, ਭਰਮ ਹੈ। ਉਸ ਤੋਂ ਮੁਕਤ ਹੋਣਾ ਹੈ।**

ਨਾਨਕਸ਼ਾਹੀ ਸੰਮਤ ੫੫੭ ਵਿੱਚ ਪੰਥਕ ਮਸਲੇ ਗੁੰਝਲਦਾਰ ਹੁੰਦੇ ਵੇਖੇ ਗਏ ਹਨ। ਕੋਈ ਵੀ ਧਰਮ, ਸਮਾਜ, ਸੰਸਥਾ ਮਸਲਿਆਂ ਤੋਂ ਮੁਕਤ ਨਹੀਂ। ਅਸਹਿਮਤੀ ਜਾਗਰੂਕ ਚੇਤਨਾ ਦੀ ਨਿਸ਼ਾਨੀ ਹੁੰਦੀ ਹੈ। ਵਿਚਾਰ ਸ਼ੀਲਤਾ ਹੈ ਤਾਂ ਸਹਿਮਤੀ - ਅਸਹਿਮਤੀ ਹੋਣਾ ਸੁਭਾਵਕ ਹੈ। ਅਸਹਿਮਤੀ ਚਿੰਤਾ ਦਾ ਕਾਰਨ ਨਹੀਂ ਹੁੰਦੀ, ਚਿੰਤਾ ਤਾਂ ਹੁੰਦੀ ਹੈ ਜਦੋਂ ਅਸਹਿਮਤੀ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ ਤੇ ਗੰਭੀਰਤਾ ਨਾਲ ਉਸ ਦੇ ਨਿਦਾਨ ਲਈ ਜਤਨ ਨਹੀਂ ਕੀਤੇ ਜਾਂਦੇ। ਵਿਵੇਕ ਹੋਵੇ ਤਾਂ ਮਸਲੇ ਸਮੱਸਿਆ ਨਹੀਂ ਰਹਿੰਦੇ। ਸਿੱਖ ਪੰਥ ਦੇ ਮਸਲੇ ਸਮੱਸਿਆ ਬਣਦੇ ਜਾ ਰਹੇ ਹਨ। ਸਿੱਖ ਨਿਤ ਅਰਦਾਸ ਕਰਦਾ ਹੈ ਵਿਵੇਕ ਦਾਨ ਦੀ ਪਰ ਵਿਵੇਕ ਜਾਗ੍ਰਤ ਨਹੀਂ ਹੋ ਰਿਹਾ। ਚੈਤ ਤੋਂ ਆਰੰਭ ਹੋਣ ਵਾਲੇ ਨਵੇਂ ਸਾਲ ਵਿੱਚ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਅਕਾਲ ਪੁਰਖ ਸਿੱਖ ਕੌਮ ਨੂੰ ਵਿਵੇਕ ਦਾਨ ਬਖਸ਼ੇ। ਮਸਲੇ ਹੱਲ ਕਰਨ ਲਈ ਹਿੰਮਤ ਚਾਹੀਦੀ ਹੈ। ਵਿਵੇਕ ਦੀ ਘਾਟ ਨੇ ਮਸਲਿਆਂ ਨੂੰ ਅਣਦੇਖਿਆਂ ਕਰਨ ਤੇ ਸਵਾਲਾਂ ਤੋਂ ਬਚਣ ਦੀ ਪ੍ਰਵ੍ਰਿਤੀ ਨੂੰ ਜਨਮ ਦਿੱਤਾ ਹੈ। ਸੰਨ ੧੯੩੬ ਵਿੱਚ ਸਿੱਖ ਰਹਿਤ ਮਰਯਾਦਾ ਪ੍ਰਵਾਨ ਕਰਨ ਤੋਂ ਬਾਅਦ ਅੱਜ ਤੱਕ ਪੰਥਕ ਸਵਾਲਾਂ ਪ੍ਰਤੀ ਨਿਰੰਤਰ ਉਦਾਸੀਨਤਾ ਵਰਤੀ ਗਈ ਹੈ। ਵਿਵੇਕ ਧਾਰਕ ਹੀ ਸਵਾਲਾਂ ਨਾਲ ਆਰ ਪਾਰ ਕਰ ਸਕਦਾ ਹੈ। ਕੋਈ ਪੱਖ ਸੰਤੁਸ਼ਟ ਕੋਈ ਅਸੰਤੁਸ਼ਟ ਹੋ ਸਕਦਾ ਹੈ ਪਰ ਅੰਤਮ ਨਿਦਾਨ ਭਵਿੱਖ ਦੀਆਂ ਬਹੁਤ ਸਾਰੀਆਂ ਪੀੜਾਂ ਤੋਂ ਬਚਾ ਲੈਂਦਾ ਹੈ। ਦਸਮ ਗ੍ਰੰਥ ਦੀ ਪ੍ਰਮਾਣਿਕਤਾ, ਤਖਤਾਂ ਦੀ ਭਿੰਨ ਭਿੰਨ ਮਰਿਆਦਾ, ਸਿੱਖ ਇਤਿਹਾਸ ਦੇ ਅੰਤਰ ਵਿਰੋਧ, ਸਾਖੀਆਂ ਵਿੱਚ ਗੁਰ ਸ਼ਬਦ ਦੇ ਵਿਪਰੀਤ ਭਾਵਨਾ, ਸਿੱਖ ਸੰਸਥਾਵਾਂ ਦੀ ਸੰਗਠਨ ਰਚਨਾ ਤੇ ਕਾਰਜ ਸ਼ੈਲੀ, ਪੁਰਾਤਨ ਰਹਿਤਨਾਮੇ ਤੇ ਸਿੱਖ ਰਹਿਤ ਮਰਯਾਦਾ ਵਿੱਚ ਅੰਤਰ ਸਬੰਧ, ਸਰਬਤ ਖਾਲਸਾ ਦਾ ਸਵਰੂਪ ਤੇ ਅਜੋਕੇ ਸਮੇਂ ਵਿੱਚ ਮਹੱਤਤਾ ਆਦਿਕ ਕਈ ਸਵਾਲ ਹਨ ਜਿਨ੍ਹਾਂ ਤੋਂ ਸਦਾ ਹੀ ਬਚਿਆ ਗਿਆ ਹੈ। ਅੱਜ ਇਹ ਸਵਾਲ ਵੱਡੀ ਚੁਣੌਤੀ ਬਣ ਗਏ ਹਨ। ਨਵੀਂ ਪੀੜ੍ਹੀ ਕੋਲ ਨਾ ਪੜ੍ਹਨ ਦਾ ਸਮਾਂ ਹੈ ਨਾਂ ਹੀ ਵਿਚਾਰਨ ਦਾ। ਸਿੱਖ ਕੌਮ ਦੇ ਅਖੌਤੀ ਹਿੱਤ ਚਿੰਤਕ ਤੇ ਪੱਖ ਕਾਰ ਆਪੋ ਆਪਣੀ ਵਿਆਖਿਆ ਕਰੀ ਜਾ ਰਹੇ ਹਨ ਜਿਸ ਨਾਲ ਭਰਮ ਦੇ ਸੰਘਣੇ ਬੱਦਲ ਛਾਂਦੇ ਜਾ ਰਹੇ ਹਨ। ਪੰਥ ਵਿੱਚ ਧੜੇਬੰਦੀ ਤੇ ਵਿਅਕਤੀਗਤ ਵੈਰ ਵਿਰੋਧ ਦਾ ਮਾਹੌਲ ਬਣ ਗਿਆ ਹੈ।ਵਿਵੇਕ ਦਾਨ ਦੇ ਨਾਲ ਹੀ ਵਿਸਾਹ ਦਾਨ ਤੇ ਭਰੋਸਾ ਦਾਨ ਮੰਗਣ ਵਾਲੀ ਕੌਮ ਅੰਦਰ ਇਹ ਸਥਿਤੀ ਸ਼ਰਮਸਾਰ ਕਰਨ ਵਾਲੀ ਹੈ। ਅਕਾਲ ਪੁਰਖ ਅੱਗੇ ਅਰਦਾਸ ਹੈ ਕਿ ਨਵੇਂ ਸਿੱਖ ਸੰਮਤ ੫੫੮ ਵਿੱਚ ਸਥਿਤੀਆਂ ਬਦਲਣੀਆਂ ਸ਼ੁਰੂ ਹੋਣ। ਵਿਵੇਕ ਨਾਲ ਮਸਲੇ ਹੱਲ ਹੁੰਦੇ ਹਨ ਪਰ ਇਸ ਲਈ ਵਿਸਾਹ ਤੇ ਭਰੋਸਾ ਹੋਣਾ ਪਹਿਲੀ ਲੋੜ ਹੈ।

ਸਵਾਲ ਹੈ ਕਿ ਅੱਜ ਕਿਸ ਤੇ ਭਰੋਸਾ ਕੀਤਾ ਜਾਵੇ। ਜਿਸ ਤੋਂ ਵੀ ਆਸ ਸੀ ਉਸ ਨੇ ਨਿਰਾਸ਼ ਕੀਤਾ ਹੈ। ਇਹ ਬੇਵਿਸਾਹੀ ਦਾ ਦੌਰ ਹੈ ਜੋ ਅਤਿ ਘਾਤਕ ਸਿੱਧ ਹੋ ਰਿਹਾ ਹੈ। ਪਿੱਛਲੇ ਅਨੁਭਵ ਧਿਆਨ ਵਿੱਚ ਰੱਖ ਕੇ ਕੌਮ ਨੂੰ ਇਹ ਤੈ ਕਰਨਾ ਪਵੇਗਾ ਕਿ ਆਸ ਦੇ ਜੋਗ ਕੌਣ ਹੈ, ਕਿਸ ਤੇ ਭਰੋਸਾ ਹੋਣਾ ਚਾਹੀਦੇ। ਸੰਨ ੧੯੪੭ ਵਿੱਚ ਭਾਰਤ ਦੀ ਵੰਡ ਤੋਂ ਬਾਅਦ ਸਿੱਖ ਪੂਰੇ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਹੀ ਨਹੀਂ ਬਾਹਰਲੇ ਦੇਸ਼ਾਂ ਵਿੱਚ ਵੀ ਜਾ ਵੱਸੇ।ਗੁਰਦੁਆਰੇ ਬਹੁ ਗਿਣਤੀ ਵਿੱਚ ਹੋਂਦ 'ਚ ਆਏ। ਗੁਰਦੁਆਰਿਆਂ ਦੇ ਪ੍ਰਬੰਧ ਤੇ ਮੁੱਖ ਰੂਪ ਨਾਲ ਧਨਵਾਨ, ਸਿਆਸਤਦਾਨ ਕਾਬਿਜ ਹੁੰਦੇ ਗਏ। ਅਜਿਹੇ ਲੋਗਾਂ ਦੇ ਆਪਣੇ ਨਿਜੀ ਸੁਆਰਥ ਹੁੰਦੇ ਹਨ ਜੋ ਸਦਾ ਹੀ ਅੱਗੇ ਰਹਿੰਦੇ ਹਨ। ਪੰਥ ਹਿੱਤ ਦੇ ਨਾਮ ਤੇ ਅਜਿਹੇ ਪ੍ਰਬੰਧਕਾਂ ਨੇ ਗੁਰੂ ਘਰ ਦੀ ਮਰਿਆਦਾ ਨੂੰ ਤਾਰ ਤਾਰ ਕੀਤਾ ਹੈ ਤੇ ਸਟੇਜ ਦੀ ਦੁਰਵਰਤੋਂ ਨੂੰ ਆਪਣਾ ਹੱਕ ਸਮਝ ਲਿਆ ਹੈ। ਇੱਕ ਦੋ ਦਹਾਕਿਆਂ ਤੋਂ ਘੱਟ ਰਹੀਆਂ ਘਟਨਾਵਾਂ ਨੇ ਆਮ ਸਿੱਖ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਨੇ ਵੀ ਉਦਾਸ ਕੀਤਾ ਹੈ। ਕੀ ਪੜ੍ਹੀ ਲਿਖੀ ਨਵੀਂ ਸਿੱਖ ਪੀੜ੍ਹੀ ਨੂੰ ਅੱਗੇ ਨਹੀਂ ਆਉਣਾ ਚਾਹੀਦਾ ਹੈ ਜਿਸ ਵਿੱਚ ਨਿਸ਼ਕਾਮ ਸੇਵਾ ਤੇ ਸਮਰਪਣ ਦਾ ਜਜਬਾ ਹੋਵੇ. ਜਿਸ ਅੰਦਰ ਕੌਮ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਫੈਸਲੇ ਲੈਣ ਦੀ ਹਿੰਮਤ ਹੋਵੇ। ਨਿਰਾਸ਼ ਕਰਨ ਵਾਲਾ ਪਰਿਦ੍ਰਿਸ਼ ਜੋ ਲੰਮੇ ਸਮੇਂ ਤੋਂ ਚੱਲ ਰਿਹਾ ਹੈ ਉਸ ਨੂੰ ਬਦਲਣ ਦਾ ਸਮਾਂ ਆ ਗਿਆ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਵਕਤ ਦੀ ਨਬਜ ਪਛਾਣੀ ਤੇ ਗੁਰੂ ਅਮਰਦਾਸ ਸਾਹਿਬ ਦੇ ਕਾਲ ਤੋਂ ਚੱਲ ਰਹੀ ਮਸੰਦ ਪ੍ਰਣਾਲੀ ਖਤਮ ਕਰਨ 'ਚ ਦੇਰ ਨਹੀਂ ਲਈ ਸੀ। ਗੁਰੂ ਸਾਹਿਬ ਨੇ ਗੁਰੂ ਪਰੰਪਰਾ ਨੂੰ ਵੀ ਵਿਰਾਮ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਦੀਵੀ ਗੁਰੂ ਥਾਪ ਦਿੱਤਾ ਸੀ। ਦਸਮ ਪਿਤਾ ਨੇ ਕਰੜੇ ਫੈਸਲਿਆਂ ਦੀ ਇੱਕ ਮਿਸਾਲ ਕਾਇਮ ਕੀਤੀ। ਇਨ੍ਹਾਂ ਦੁਹਾਂ ਫੈਸਲਿਆਂ ਨੇ ਸਿੱਖ ਪੰਥ ਨੂੰ ਅਣਗਿਣਤ ਮੁਸ਼ਕਿਲਾਂ ਤੋਂ ਉਬਾਰ ਲਿਆ। ਇਹ ਵਿਵੇਕ ਸੰਮਤ ਫੈਸਲੇ ਸਨ। ਸਿੱਖ ਕੌਮ ਗੁਰੂਆਂ ਦੇ ਦੱਸੇ ਮਾਰਗ ਤੇ ਚੱਲਣ ਵਾਲੀ ਕੌਮ ਹੈ। ਕੋਈ ਸੁਪਨੇ ਵਿੱਚ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਜਿਹਾ ਨਹੀਂ ਹੋ ਸਕਦਾ ਪਰ ਉਨ੍ਹਾਂ ਫੈਸਲਿਆਂ ਦੀ ਭਾਵਨਾ ਨੂੰ ਕੌਮ ਦੇ ਮਾਰਗ ਦੀ ਰੋਸ਼ਨੀ ਤਾਂ ਬਣਾਇਆ ਹੀ ਜਾ ਸਕਦਾ ਹੈ।

ਗੁਰਸਿੱਖ ਸਦਾ ਹੀ ਆਸ ਵਿੱਚ ਜੀਉਂਦਾ ਹੈ। ਉਸ ਦਾ ਅਕਾਲ ਪੁਰਖ ਤੇ ਅਡੋਲ ਭਰੋਸਾ ਉਸ ਨੂੰ ਕਦੇ ਡੋਲਣ ਨਹੀਂ ਦਿੰਦਾ। ਨਵੇਂ ਸਾਲ ਦਾ ਆਰੰਭ ਉਹ ਆਨੰਦ ਦੀ ਮਨੋ ਸਥਿਤੀ ਵਿੱਚ ਹੀ ਕਰਦਾ ਹੈ " ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ " । ਗੁਰਸਿੱਖ ਦਾ ਨਿਤਨੇਮ, ਉਸ ਦੀ ਅਰਦਾਸ ਅੰਤਰ ਮਨ ਵਿੱਚ ਭਰੋਸਾ ਪੈਦਾ ਕਰਦੀ ਹੈ।ਗੁਰੂ ਘਰ ਵਿੱਚ ਸਾਧ ਸੰਗਤ ਕਰ, ਗੁਰ ਸ਼ਬਦ ਨਾਲ ਜੁੜ ਗੁਰਸਿੱਖ ਦਾ ਮਨ ਚਿੰਤਾ ਮੁਕਤ ਹੋ ਜਾਂਦਾ ਹੈ। ਗੁਰੂ ਅੱਗੇ ਕੀਤੀ ਅਰਦਾਸ ਉਸ ਨੂੰ ਕਦੇ ਵੀ ਬੇ ਆਸ ਨਹੀਂ ਹੋਣ ਦਿੰਦੀ। ਕੌਮ ਨਵਾਂ ਸਾਲ ਇਸ ਆਸ ਨਾਲ ਸ਼ੁਰੂ ਕਰੇ ਕਿ ਉਹ ਸਾਰੇ ਸਵਾਲ ਜੋ ਦਹਾਕਿਆਂ ਤੋਂ ਭਰਮ ਤੇ ਦੁਵਿਧਾ ਦਾ ਵਿਸ਼ਾ ਬਣੇ ਹੋਏ ਹਨ ਆਪਣੇ ਅੰਤਮ ਨਿਦਾਨ ਨੂੰ ਪ੍ਰਾਪਤ ਹੋਣ। ਇੱਕ ਸਮਾਂ ਸੀ ਜਦੋਂ ਸਿੱਖ ਗਿਣਤੀ ਦੇ ਕੁਲ ਦੱਸ ਹਜਾਰ ਰਹਿ ਗਏ ਸਨ ਤੇ ਰਾਜਸਥਾਨ ਅਤੇ ਸ਼ਿਵਾਲਿਕ ਦੀਆਂ ਪਹਾੜੀਆਂ ਤੇ ਚਲੇ ਗਏ ਸਨ। ਪਰ ਉਸ ਵੇਲੇ ਵੀ ਬਾਬਾ ਬੋਤਾ ਸਿੰਘ ਤੇ ਬਾਬਾ ਗਰਜਾ ਸਿੰਘ ਜਿਹੇ ਸਿਦਕੀ ਸਿੱਖ ਵਾਹਿਗੁਰੂ ਨੇ ਪੰਥ ਦੀ ਝੋਲੀ ਵਿੱਚ ਪਾਏ। ਸਮਾਂ ਬਿਖਮ ਸੀ ਤਾਂ ਬਾਬਾ ਜੱਸਾ ਸਿੰਘ ਆਹਲੂਵਾਲੀਆ, ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਾਬਾ ਬਘੇਲ ਸਿੰਘ ਜਿਹੇ ਜਰਨੈਲ ਉਭਰੇ। ਗੁਰਦੁਆਰਿਆਂ ਨੂੰ ਮਹੰਤਾਂ ਤੋਂ ਮੁਕਤ ਕਰਾਉਣ ਲਈ ਅਣਗਿਣਤ ਸਿੱਖ ਸਾਹਮਣੇ ਆ ਗਏ। ਸਿੱਖ ਕੌਮ ਨੂੰ ਆਸ ਰੱਖਣੀ ਚਾਹੀਦੀ ਹੈ ਕਿ ਵਰਤਮਾਨ ਸਥਿਤੀ ਤੋਂ ਨਿਪਟਣ ਲਈ ਵਾਹਿਗੁਰੂ ਦੀ ਕੋਈ ਨਾ ਕੋਈ ਕਲਾ ਜਰੂਰ ਵਰਤੇਗੀ।ਲੋੜ ਹੈ ਤਾਂ ਸਥਿਤੀ ਦੀ ਗੰਭੀਰਤਾ ਨੂੰ ਸਮਝਣ ਤੇ ਮਸਲਿਆਂ ਦੇ ਨਿਦਾਨ ਲਈ ਇੱਛਾ ਸ਼ਕਤੀ ਪੈਦਾ ਕਰਨ ਦੀ। ਇੱਕ ਅਜਿਹਾ ਮਾਹੌਲ ਸਿਰਜਿਆ ਜਾਵੇ ਕਿ ਉਚਿਤ ਸਮੇਂ ਅੰਦਰ ਸਵਾਲਾਂ ਦੇ ਵਿਵੇਕ ਜਨਿਤ ਹੱਲ ਲੱਭਣ ਲਈ ਜਤਨ ਸ਼ੀਲ ਤੋਂ ਅਲਾਵਾ ਕੋਈ ਰਾਹ ਨਾ ਬਚੇ। ਇਸ ਨਾਲ ਹੀ ਪਰਮਾਤਮਾ ਭਗਤੀ ਦੀ ਰਾਹ ਨਿਰਵਿਘਨ, ਦੁਵਿਧਾ, ਭਰਮ ਤੋਂ ਰਹਿਤ ਹੋ ਸਕਦੀ ਹੈ "ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ " । ਪਰਮਾਤਮਾ ਦੇ ਦਰਸ਼ਨ ਦੀ ਮਨ ਅੰਦਰ ਪਿਆਸ ਹੀ ਗੁਰਸਿੱਖ ਦੀ ਭਗਤੀ ਹੈ, ਗੁਰਸਿੱਖੀ ਦੀ ਰਹਿਤ ਹੈ। ਜਿਸ ਕਰਮ ਅੰਦਰ ਇਹ ਭਾਵਨਾ ਨਹੀਂ ਹੈ ਉਹ ਕਰਮਕਾਂਡ ਹੈ, ਭਰਮ ਹੈ। ਉਸ ਤੋਂ ਮੁਕਤ ਹੋਣਾ ਹੈ।

ਸਮਾਂ ਆਪਣੀਆਂ ਭੁੱਲਾਂ ਨੂੰ ਸਵੀਕਾਰ ਕਰਨ ਦਾ ਹੈ। ਸੰਦਰਭ ਬਦਲ ਚੁਕੇ ਹਨ, ਲੋੜਾਂ ਬਦਲ ਗਈਆਂ ਹਨ ਪਰ ਗੁਰ ਸ਼ਬਦ ਹਰ ਯੁਗ, ਹਰ ਕਾਲ ਵਿੱਚ ਪ੍ਰਾਸੰਗਿਕ ਹੈ। ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹੁਕਮ ਅੰਦਰ, ਗੁਰ ਸ਼ਬਦ ਦੀ ਸੇਧ ਅਨੁਸਾਰ ਚੱਲੇ। ਜੋ ਗੁਰ ਸ਼ਬਦ ਤੋਂ ਉਲਟ ਹੈ ਉਸ ਨੂੰ ਅਪ੍ਰਵਾਨ ਕੀਤਾ ਜਾਵੇ। ਗੁਰੂ ਅਤੇ ਗੁਰਸਿੱਖ ਦਾ ਸਿੱਧਾ ਸਬੰਧ ਹੈ । ਕੋਈ ਮਰਿਆਦਾ, ਕੋਈ ਸੰਸਥਾ, ਕੋਈ ਰੀਤ ਜੋ ਇਸ ਮਾਰਗ ਵਿੱਚ ਆਉਂਦੀ ਹੋਵੇ, ਇਸ ਸਬੰਧ ਨੂੰ ਪ੍ਰਭਾਵਿਤ ਕਰਦੀ ਹੋਵੇ ਉਸ ਤੋਂ ਦੂਰ ਹੋ ਜਾਣਾ ਹੀ ਪੰਥ ਦੇ ਹਿੱਤ ਵਿੱਚ ਹੈ।

ਈ ਮੇਲ - akaalpurkh.7@gmial.com

## ਯੂ ਕੇ ਨੇ ਅਫਗਾਨਿਸਤਾਨ ਸਮੇਤ 4 ਦੇਸ਼ਾਂ 'ਤੇ ਵਿਦਿਆਰਥੀ ਵੀਜ਼ਾ ਤੇ ਲਾਈ ਪਾਬੰਦੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਨੇ ਅਫਗਾਨਿਸਤਾਨ ਸਮੇਤ 4 ਦੇਸ਼ਾਂ ਦੇ ਵਿਦਿਆਰਥੀਆਂ ਨੂੰ ਵੀਜ਼ਾ ਦੇਣ 'ਤੇ ਪਾਬੰਦੀ ਲਗਾ ਦਿੱਤੀ ਹੈ। ਬਰਤਾਨੀਆਂ ਦੇ ਗ੍ਰਹਿ ਵਿਭਾਗ ਨੇ ਅਫਗਾਨਿਸਤਾਨ, ਕੈਮਰੂਨ, ਮਿਆਂਮਾਰ ਅਤੇ ਸੁਡਾਨ ਲਈ ਵਿਦਿਆਰਥੀ ਵੀਜ਼ਾ 'ਤੇ ਪਾਬੰਦੀ ਲਗਾਉਣ ਦੀ ਪੁਸ਼ਟੀ ਕਰਦਿਆਂ ਕਿਹਾ ਇਹਨਾਂ ਦੇਸ਼ਾਂ ਦੇ ਵਿਦਿਆਰਥੀਆਂ ਨੇ ਸ਼ਰਨਾਰਥੀ ਅਰਜ਼ੀਆਂ ਦਾ ਹੜ੍ਹ ਲਿਆਂਦਾ ਹੋਇਆ ਹੈ। ਸਰਕਾਰ ਨੇ ਉਕਤ ਦੇਸ਼ਾਂ ਦੇ ਸਾਰੇ ਵਿਦਿਆਰਥੀ ਵੀਜ਼ਾ ਰੱਦ ਕਰ ਦਿੱਤੇ ਹਨ, ਜਦ ਕਿ ਅਫਗਾਨਿਸਤਾਨ ਦੇ ਨਾਗਰਿਕਾਂ ਦੇ ਹੁਨਰਮੰਦ ਵੀਜ਼ਾ ਖ਼ਤਮ ਕਰ ਰਹੀ ਹੈ। ਗ੍ਰਹਿ ਵਿਭਾਗ ਨੇ ਕਿਹਾ ਕਿ 2021 ਤੋਂ 2025 ਤੱਕ ਇਹਨਾਂ ਦੇਸ਼ਾਂ ਦੇ ਵਿਦਿਆਰਥੀਆਂ ਦੁਆਰਾ ਯੂ ਕੇ ਸ਼ਰਨ ਅਰਜ਼ੀਆਂ ਵਿੱਚ ਕੀਤੇ 470 ਫੀਸਦੀ ਤੋਂ ਵੱਧ ਵਾਧੇ ਤੋਂ ਬਾਅਦ ਲਿਆ ਗਿਆ ਹੈ। ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਕਿ ਬਰਤਾਨੀਆਂ ਹਮੇਸ਼ਾਂ ਜੰਗ ਅਤੇ ਅੱਤਿਆਚਾਰਾਂ ਤੋਂ ਭੱਜਣ ਵਾਲੇ ਲੋਕਾਂ ਨੂੰ ਪਨਾਹ ਪ੍ਰਦਾਨ ਕਰੇਗਾ, ਪਰ ਵਿਦਿਆਰਥੀ ਵੀਜ਼ਾ ਪਰਣਾਲੀ ਦੀ ਦੁਰਵਰਤੋਂ ਨਹੀਂ ਹੋਣੀ ਚਾਹੀਦੀ। ਉਹਨਾਂ ਕਿਹਾ ਕਿ ਮੈਂ ਉਹਨਾਂ ਨਾਗਰਿਕਾਂ ਦਾ ਵੀਜ਼ਾਂ ਰੱਦ ਕਰਨ ਦਾ ਫੈਸਲਾ ਲੈ ਰਹੀ ਹਾਂ ਜੋ ਸਾਡੀ ਉਦਾਰਤਾ ਦਾ ਸ਼ੋਸ਼ਣ ਕਰਨਾ ਚਾਹੁੰਦੇ ਹਨ।

# ਗੁਰੂ ਬੈਠਾ ਅਮਰੂ ਸਰੂਪ ਹੋਇ

- ਲੇਖਕ -
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



**ਕਿਸ਼ਤ-28**



ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ

**ਨਾਵਣੁ ਪੁਰਬੁ ਅਭੀਚੁ**

ਅਭੀਚ ਦੇ ਅਰਥ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਮਹਾਨ ਕੋਸ਼ ਵਿਚ ਲਿਖਦੇ ਹਨ: ਜੋਤਿਸ਼ ਅਨੁਸਾਰ ਉੱਤਰਾਖਾੜਾ ਨਛੱਤ੍ਰ ਦੇ ਪਿਛਲੇ ਚਾਰ ਭਾਗ ਸਹਿਤ - ਸ਼੍ਰਵਣ ਨਛੱਤ੍ਰ ਦੀਆਂ ਪਹਿਲੀਆਂ ਚਾਰ ਕਲਾ. ਇਸ ਲਗਨ ਵਿਚ ਅਭਿ (ਸਾਮਣੇ ਹੋ ਕੇ) ਵੈਰੀ ਨੂੰ ਜਿੱਤਦਾ ਹੈ. (ਕਈ ਅਭਿਜਿਤ ਨੂੰ ਨਛੱਤ੍ਰ ਸਮਝਦੇ ਹਨ ਪਰ ਇਹ ਇਕ ਲਗਨ ਹੈ, ਨਛੱਤ੍ਰ ਨਹੀਂ ਦੇਖੋ ਅਭੀਚ.

**ਪ੍ਰਿੰਸੀਪਲ ਸਤਿਬੀਰ ਸਿੰਘ ਜੀ ਪਰਬਤੁ ਮੇਰਾਣੁ ਵਿਚ ਲਿਖਦੇ ਹਨ:**

28 ਨਛੱਤਰਾਂ ਵਿਚੋਂ ਇਕ ਨਛੱਤ੍ਰ ਅਭਿਜਿਤ ਹੈ, ਜਿਸ ਨੂੰ ਆਮ ਸੌਖੀ ਪ੍ਰਚਲਤ ਬੋਲੀ ਵਿਚ ਅਭੀਚ ਕਿਹਾ ਜਾਂਦਾ ਹੈ। ਨਛੱਤਰ ਤੋਂ ਮੁਰਾਦ ਵਿਸ਼ੇਸ਼ ਰੂਪ ਨਾਲ ਉਨ੍ਹਾਂ ਤਾਰਿਆਂ ਦਾ ਇਕੱਠ ਹੈ ਜਿਹੜੇ ਧਰਤੀ ਦੀ ਪਰਕਰਮਾ ਕਰਦੇ ਚੰਦਰਮਾ ਦੇ ਰਾਹ ਵਿਚ ਆਉਂਦੇ ਹਨ। 'ਅਭਿਜਿਤ' ਬਾਈਵਾਂ ਨਛੱਤਰ ਹੈ। ਟੀਕਾਕਾਰਾਂ ਨੇ ਅਭੀਚ ਦਾ ਅਰਥ ਅਭਿਜਿਤ ਨਛੱਤਰ ਹੀ ਕੀਤਾ ਹੈ। ਉਪਰੋਕਤ ਵਿਚਾਰ ਨੂੰ ਧਿਆਨ ਵਿਚ ਰੱਖ ਕੇ ਅਸੀਂ ਇਸ ਨਿਰਨੇ ਤੇ ਪਹੁੰਚਦੇ ਹਾਂ ਕਿ ਜੋਤਿਸ਼ ਅਨੁਸਾਰ ਅਭੀਚ ਅਥਵਾ ਅਭਿਜਿਤ ਥੋੜਾ ਜਿਹਾ ਉਹ ਪਵਿਤ੍ਰ ਸਮਾਂ ਹੈ ਜਿਸ ਦੌਰਾਨ ਲੱਗੇ ਸੂਰਜ ਗ੍ਰਹਿਣ ਸਮੇਂ ਕੀਤੇ ਇਸ਼ਨਾਨ ਅਤੇ ਦਾਨ ਦਾ ਪੁੰਨ 'ਵੈਰੀ ਉੱਤੇ ਜੇਤੂ ਹੋਣਾ' ਮੰਨਿਆ ਗਿਆ ਹੈ ਪਰ, ਧੰਨ ਗੁਰੂ ਰਾਮਦਾਸ ਸਾਹਿਬ ਜੀ ਨੇ ਇਸ ਦੀ ਵਿਆਖਿਆ ਇਉਂ ਕੀਤੀ ਹੈ:

ਨਾਵਣੁ ਪੁਰਬੁ ਅਭੀਚੁ ਗੁਰ
ਸਤਿਗੁਰ ਦਰਸੁ ਭਇਆ॥
ਦੁਰਮਤਿ ਮੈਲੁ ਹਰੀ ਅਗਿਆਨੁ
ਅੰਧੇਰੁ ਗਇਆ॥

ਆਪ ਜੀ ਦਾ ਫ਼ੁਰਮਾਨ ਹੈ ਕਿ ਸਤਿਗੁਰੂ ਪਾਤਸ਼ਾਹ ਜੀ ਦਾ ਦਰਸ਼ਨ ਹੀ ਅਭੀਚ ਦਾ ਪੁਰਬ ਹੈ ਜਿਸ ਸਦਕਾ ਅਗਿਆਨੀ ਪੁਰਖਾਂ ਅੰਦਰੋਂ ਅਗਿਆਨਤਾ ਦੂਰ ਹੋਣ ਨਾਲ ਕਾਮ,ਕ੍ਰੋਧ ਅਰ ਹੰਕਾਰ ਆਦਿ ਵਿਕਾਰਾਂ ਵਾਲੀ ਭੈੜੀ ਮੱਤ ਦੀ ਮੈਲ ਦੂਰ ਹੋ ਗਈ ਭਾਵ ਦੂਰ ਹੋ ਜਾਂਦੀ ਹੈ। ਜ਼ਰੂਰ ਚੇਤੇ ਰਹੇ ਕਿ ਗੁਰੂ ਅਮਰਦਾਸ ਪਾਤਸ਼ਾਹ ਜੀ ਦੀ ਤੀਰਥ-ਸ਼ਨਾਨੀਆਂ ਨੂੰ ਇਸ ਭਰਮ ਤੋਂ ਮੁਕਤ ਕਰਨ ਲਈ ਤੀਰਥਾਂ ਦੀ ਪਰਉਪਕਾਰੀ ਪ੍ਰਚਾਰ ਫੇਰੀ ਸਮੇਂ, ਹੋਰਨਾਂ ਤੋਂ ਇਲਾਵਾ ਸ੍ਰੀ (ਗੁਰੂ) ਰਾਮਦਾਸ ਸਾਹਿਬ ਜੀ ਵੀ ਨਾਲ ਸਨ ਜਿਨ੍ਹਾਂ ਉਸ ਸਮੇਂ ਆਪਣੇ ਨੇਤ੍ਰੀਂ ਜੋ ਹੋਇਆ-ਵਾਪਰਿਆ ਵੇਖਿਆ, ਬਾਦ ਵਿਚ ਗੁਰਗੱਦੀ ਦੀ ਸੇਵਾ ਸੰਭਾਲਣ ਉਪਰੰਤ ਤੁਖਾਰੀ ਰਾਗ ਵਿਚ ਲਿਖ ਦਿੱਤਾ। ਭਾਈ ਗੁਰਦਾਸ ਜੀ ਨੇ ਵੀ ਅਭੀਚ ਸ਼ਬਦ ਦੀ ਵਿਆਖਿਆ ਇਸੇ ਰੂਪ ਵਿਚ ਹੀ ਲਈ ਹੈ:

ਧੰਨੁ ਪਲੁ ਚਸਾ ਘੜੀ ਪਹਰੁ
ਧੰਨੁ ਧੰਨੁ ਥਿਤਿ ਸੁ ਵਾਰ ਸਭਾਗੇ।
ਧੰਨ ਧੰਨੁ ਦਿਹੁ ਰਾਤਿ ਹੈ
ਪਖੁ ਮਾਹ ਰੁਤਿ ਸੰਮਤਿ ਜਾਗੇ।
ਧੰਨੁ ਅਭੀਚੁ ਨਿਛਤ੍ਰੁ ਹੈ
ਕਾਮੁ ਕ੍ਰੋਧ ਅੰਹਕਾਰੁ ਤਿਆਗੇ।
ਧੰਨੁ ਧੰਨੁ ਸੰਜੋਗੁ ਹੈ
ਅਠਸਠਿ ਤੀਰਥ ਰਾਜ ਪਿਰਾਗੇ।
ਗੁਰੂ ਦੁਆਰੈ ਆਇ ਕੈ
ਚਰਣ ਕਵਲ ਰਸ ਅੰਮ੍ਰਿਤੁ ਪਾਗੇ।
ਗੁਰ ਉਪਦੇਸੁ ਅਵੇਸੁ ਕਰਿ
ਅਨਭੈ ਪਿਰਮ ਪਿਰੀ ਅਨੁਰਾਗੇ।
ਸਬਦਿ ਸੁਰਤਿ ਲਿਵ ਸਾਧਸੰਗਿ
ਅੰਗਿ ਅੰਗਿ ਇਕ ਰੰਗਿ ਸਮਾਗੇ।
ਰਤਨੁ ਮਾਲੁ ਕਰਿ ਕਚੇ ਧਾਗੇ।17॥6॥

ਇਸ ਸਾਰੇ ਬਿਰਤਾਂਤ ਦਾ ਵਰਨਣ ਕਰਨ ਤੋਂ ਪਹਿਲਾਂ ਗੁਰੂ ਸਾਹਿਬਾਨ ਅਥਵਾ ਧੰਨ ਗੁਰੂ ਅਮਰਦਾਸ ਪਾਤਸ਼ਾਹ ਜੀ ਦੀ ਮਹਾਨ ਸ਼ਖ਼ਸੀਅਤ ਬਾਰੇ ਸਾਡੇ ਵਿਦਵਾਨ ਇਉਂ ਲਿਖਦੇ ਹਨ, ਪਹਿਲੇ ਹਨ ਬਾਵਾ ਸਰੂਪ ਸਿੰਘ ਕਰਤਾ ਮਹਿਮਾ ਪ੍ਰਕਾਸ਼:

ਸੋਰਠਾ॥ ਗੁਰ ਦਰਸਨ ਪੁਰਬ
ਅਭੀਚ ਪੁੰਨਿ ਰੂਪ ਤੀਰਥ ਜਗਤ।
ਤਾ ਕੋ ਜਨਮ ਨ ਮੀਚ
ਜਿਨ ਸਤਿਗੁਰ ਦਰਸਨ ਪਰਸਿ।1।...
ਜੋ ਸਤਿਗੁਰ ਤੀਰਥ ਕਰੇ ਸਨਾਨ।
ਦ੍ਰਿੜ ਭਗਤਿ ਕਰੈ ਪਾਵੈ ਨਿਰਬਾਨ।
ਗੁਰ-ਸਰ ਮਹਿਮਾ ਨਹੀ ਜਾਤ ਬਖਾਨੀ।
ਜਿਸ ਹੋਇ ਪ੍ਰਾਪਤ ਸੋਈ ਜਾਨੀ।5॥8॥
ਮ.ਪ੍ਰ.

ਦੂਜੇ ਹਨ ਮਹਾਂਕਵੀ ਭਾਈ ਸੰਤੋਖ ਸਿੰਘ ਕਰਤਾ ਗੁਰਪ੍ਰਤਾਪ ਸੂਰਜ:

ਸੋਰਠਾ॥ ਦਰਸ਼ਨ ਪੁਰਬ ਅਭੀਚ
(ਦਰਸ਼ਨ ਹੀ ਹਨ, ਪਵਿੱਤ੍ਰ ਅਭੀਚ)
ਪੁੰਨ ਰੂਪ ਤੀਰਥ ਗੁਰੂ। (ਦਾਨ-ਪੁੰਨ ਅਰ ਤੀਰਥ ਸ਼ਨਾਨ, ਸਤਿਗੁਰੂ ਜੀ ਦੇ)
ਮਿਟਹਿ ਜਨਮ ਅਰ ਮੀਚ
(ਜੰਮਣ ਮਰਣ ਮਿਟ ਜਾਂਦੇ ਹਨ)
ਮਜਹਿਂ ਜੇ ਪ੍ਰੇਮੀ ਭਗਤ।2॥...
(ਜੋ ਪ੍ਰੇਮੀ ਟੁੱਭਾ ਲਾਉਂਦੇ ਹਨ)
ਕਲਮਲ ਕਲਿ ਕੇ ਕਾਲ ਮਲੀਨਾ।
(ਮਨੁੱਖਾ ਜੀਵਨ ਦੇ ਕੀਤੇ ਪਾਪ))
ਦਰਸ਼ਨ ਮੱਜਨ ਤੇ ਕਰਿ ਹੀਨਾ।4॥
(ਦਰਸ਼ਨ ਕਰਨ ਨਾਲ ਦੂਰ ਹੋ ਜਾਂਦੇ ਹਨ)
ਸੀਤਲਤਾ ਮੁਕਤੀ ਜਿਸ ਮਾਹੀਂ।
(ਜਿਸ ਵਿਚ ਠੰਡਕ ਅਤੇ ਮੁਕਤੀ ਹੈ)
ਬਡੇ ਭਾਗ ਪ੍ਰਾਪਤ ਹੁਇ ਤਾਹੀਂ।
(ਵੱਡੇ ਭਾਗਾਂ ਵਾਲੇ ਨੂੰ ਮਿਲਦੀ ਹੈ)
ਅਸ ਸਤਿਗੁਰ ਤੀਰਥ ਅਤਿ ਪਾਵਨ।
(ਸਤਿਗੁਰੂ ਜੀ ਅਜਿਹੇ ਮਹਾਨ ਪਵਿੱਤ੍ਰ ਤੀਰਥ ਹਨ)
ਇੱਛਤਿ ਭੇ ਤੀਰਥ ਪਰ ਜਾਵਨ।5॥45॥
ਰਾਸ 1, ਗੁ.ਪ੍ਰ.ਸੂ. (ਤੀਰਥਾਂ 'ਤੇ ਜਾਣ ਲਈ ਤਿਆਰ ਹੋਏ)

ਉਪਰੋਕਤ ਦੋਹਾਂ ਵਿਦਵਾਨਾਂ ਦੀ ਇਸ ਮਸਲੇ ਤੇ ਗੁਰਮਤ ਪੱਖੋਂ ਪਹੁੰਚ ਵਿਚ ਸਾਨੂੰ ਕਿਤੇ ਇਤਰਾਜ਼ ਨਹੀਂ ਕਿ ਉਹ ਗੁਰੂ-ਪਾਤਸ਼ਾਹ ਜੀ ਦੀ ਸ਼ਖ਼ਸੀਅਤ ਨੂੰ ਕਿਤੇ ਘਟਾ ਕੇ ਦੇਖ ਰਹੇ ਹੋਣ। ਕਾਰਨ ਸਪਸ਼ਟ ਹੈ ਕਿ ਉਨ੍ਹਾਂ ਸਨਮੁਖ ਗੁਰਬਾਣੀ ਦੇ ਬੇਅੰਤ ਪ੍ਰਮਾਣ ਮੌਜੂਦ ਹਨ ਜੋ ਜੀਵਨ ਦੀ ਉੱਚਤਾ ਲਈ ਗੁਰੂ-ਤੀਰਥ ਅਥਵਾ ਸ਼ਬਦ-ਤੀਰਥ ਦੇ ਸਨਮੁਖ ਜਲ-ਤੀਰਥ ਨੂੰ ਕੋਈ ਮਹੱਤਵ ਨਹੀਂ ਦੇਂਦੇ।ਅਸੀਂ ਏਥੇ ਕੁਝ ਉਦਾਹਰਣਾਂ ਦੇਣੀਆਂ ਯੋਗ ਸਮਝਦੇ ਹਾਂ:

ਗੁਰੂ ਨਾਨਕ ਸਾਹਿਬ ਜੀ:
ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥
ਤੀਰਥੁ ਸਬਦ ਬੀਚਾਰੁ
ਅੰਤਰਿ ਗਿਆਨੁ ਹੈ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ
ਦਸ ਪੁਰਬ ਸਦਾ ਦਸਾਹਰਾ॥
ਹਉ ਨਾਮੁ ਹਰਿ ਕਾ ਸਦਾ ਜਾਚਉ
ਦੇਹੁ ਪ੍ਰਭ ਧਰਣੀਧਰਾ॥
ਸੰਸਾਰ ਰੋਗੀ ਨਾਮੁ ਦਾਰੂ
ਮੈਲੁ ਲਾਗੈ ਸਚ ਬਿਨਾ॥
ਗੁਰ ਵਾਕੁ ਨਿਰਮਲ ਸਦਾ ਚਾਨਣੁ
ਨਿਤ ਸਾਚੁ ਤੀਰਥੁ ਮਜਨਾ॥1॥
ਗੁ.ਗ੍ਰ.ਸਾ. ਪੰਨਾ 687

ਤੀਰਥ ਸਿੰਮ੍ਰਿਤਿ ਪੁੰਨ ਦਾਨ
ਕਿਛੁ ਲਾਹਾ ਮਿਲੈ ਦਿਹਾੜੀ॥
ਨਾਨਕ ਨਾਮੁ ਮਿਲੈ ਵਡਿਆਈ
ਮੇਕਾ ਘੜੀ ਸਮਾਲੀ॥8॥1॥8॥
ਗੁ.ਗ੍ਰ.ਸਾ. ਪੰਨਾ 1191

ਅੰਮ੍ਰਿਤੁ ਨੀਰੁ ਗਿਆਨਿ ਮਨ
ਮਜਨੁ ਅਠਸਠਿ ਤੀਰਥ ਸੰਗਿ ਗਹੇ॥
ਗੁਰ ਉਪਦੇਸਿ ਜਵਾਹਰ ਮਾਣਕ
ਸੇਵੇ ਸਿਖੁ ਸੁੋ ਖੋਜਿ ਲਹੈ॥1॥
ਗੁਰ ਸਮਾਨਿ ਤੀਰਥੁ ਨਹੀ ਕੋਇ॥
ਸਰੁ ਸੰਤੋਖੁ ਤਾਸੁ ਗੁਰੁ ਹੋਇ॥1॥ ਰਹਾਉ॥
ਗੁਰੁ ਦਰੀਆਉ ਸਦਾ ਜਲ
ਨਿਰਮਲੁ ਮਿਲਿਆ ਦੁਰਮਤਿ ਮੈਲੁ ਹਰੈ॥
ਸਤਿਗੁਰਿ ਪਾਇਐ ਪੂਰਾ ਨਾਵਣੁ
ਪਸੂ ਪਰੇਤਹੁ ਦੇਵ ਕਰੈ॥2॥
ਗੁ.ਗ੍ਰ.ਸਾ. ਪੰਨਾ 1328

ਨਾਨਕ ਗੁਰ ਸਮਾਨਿ ਤੀਰਥੁ
ਨਹੀ ਕੋਈ ਸਾਚੇ ਗੁਰ ਗੋਪਾਲਾ॥
ਗੁ.ਗ੍ਰ.ਸਾ. ਪੰਨਾ 437

ਗੁਰੁ ਸਾਗਰੋ ਰਤਨਾਗਰੋ
ਤਿਤੁ ਰਤਨ ਘਨੇਰੇ ਰਾਮ॥
ਕਰਿ ਮਜਨੋ ਸਪਤ ਸਰੇ
ਮਨ ਨਿਰਮਲ ਮੇਰੇ ਰਾਮ॥
ਗੁ.ਗ੍ਰ.ਸਾ. ਪੰਨਾ 437

ਗੁਰ ਸਾਗਰੁ ਰਤਨੀ ਭਰਪੂਰੇ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥
ਗੁ.ਗ੍ਰ.ਸਾ. ਪੰਨਾ 685

ਗੁਰੂ ਅਮਰਦਾਸ ਸਾਹਿਬ ਜੀ:
ਅਠਸਠਿ ਤੀਰਥ ਤਿਸੁ ਸੰਗਿ ਰਹਹਿ
ਜਿਨ ਹਰਿ ਹਿਰਦੈ ਰਹਿਆ ਸਮਾਇ॥4॥
ਗੁ.ਗ੍ਰ.ਸਾ. ਪੰਨਾ 491

ਪਵਿਤੁ ਹੋਏ ਸੇ ਜਨਾ
ਜਿਨੀ ਹਰਿ ਧਿਆਇਆ॥
ਹਰਿ ਧਿਆਇਆ ਪਵਿਤੁ ਹੋਏ
ਗੁਰਮਖਿ ਜਿਨੀ ਧਿਆਇਆ॥
ਪਵਿਤੁ ਮਾਤਾ ਪਿਤਾ ਕੁਟੰਬ ਸਹਿਤ
ਸਿਉ ਪਵਿਤੁ ਸੰਗਤਿ ਸਬਾਈਆ॥
ਕਹਦੇ ਪਵਿਤੁ ਸੁਣਦੇ ਪਵਿਤੁ
ਸੇ ਪਵਿਤੁ ਜਿਨੀ ਮੰਨਿ ਵਸਾਇਆ॥
ਕਹੈ ਨਾਨਕੁ ਸੇ ਪਵਿਤੁ ਜਿਨੀ
ਗੁਰਮੁਖਿ ਹਰਿ ਹਰਿ ਧਿਆਇਆ॥17॥
ਗੁ.ਗ੍ਰ.ਸਾ. 919

ਗੁਰੁ ਸਰਵਰੁ ਮਾਨਸਰੋਵਰੁ ਹੈ
ਵਡਭਾਗੀ ਪੁਰਖ ਲਹੰਨਿ॥
ਸੇਵਕ ਗੁਰਮੁਖਿ ਖੋਜਿਆ
ਸੇ ਹੰਸੁਲੇ ਨਾਮੁ ਲਹੰਨਿ॥
ਗੁ.ਗ੍ਰ.ਸਾ. ਪੰਨਾ 756

ਹਰਿਨਾਮਿ ਨਾਵੈ ਸੋਈ ਜਨੁ ਨਿਰਮਲੁ
ਫਿਰਿ ਮੈਲਾ ਮੂਲੁ ਨ ਹੋਈ॥
ਨਾਮ ਬਿਨਾ ਸਭੁ ਜਗੁ ਹੈ ਮੈਲਾ
ਦੂਜੈ ਭਰਮਿ ਪਤਿ ਖੋਈ॥2॥
ਗੁ.ਗ੍ਰ.ਸਾ. ਪੰਨਾ 1234

ਗੁਰੂ ਰਾਮਦਾਸ ਸਾਹਿਬ ਜੀ:
ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ
ਜਿਤੁ ਨਾਤੈ ਕਉਆ ਹੰਸੁ ਹੋਹੈ॥
ਗੁ.ਗ੍ਰ.ਸਾ. ਪੰਨਾ 493

ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥1॥
ਤੀਰਥਿ ਅਠਸਠਿ ਮਜਨੁ ਨਾਈ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ
ਸਭ ਦੁਰਮਤਿ ਮੈਲੁ ਗਵਾਈ॥1॥ ਰਹਾਉ॥
ਜਾਹਰਨਵੀ ਤਪੈ ਭਾਗੀਰਥਿ ਆਣੀ
ਕੇਦਾਰੁ ਥਾਪਿਓ ਮਹਸਾਈ॥
ਕਾਂਸੀ ਕ੍ਰਿਸਨੁ ਚਰਾਵਤ ਗਾਊ
ਮਿਲਿ ਹਰਿ ਜਨ ਸੋਭਾ ਪਾਈ॥2॥

ਚਲਦਾ.....

# ਅਮਰੀਕਾ-ਇਜ਼ਰਾਈਲ ਬਨਾਮ ਈਰਾਨ ਯੁਧ-ਜਿੱਥੇ ਤਾਕਤ ਹੀ ਕਾਨੂੰਨ ਹੈ, ਉੱਥੇ ਸ਼ਾਂਤੀ ਦੀ ਗੁੰਜਾਇਸ਼ ਕਿੰਨੀ ?

## ✪ ਰੂਸ ਦੀ ਐਂਟਰੀ: ਮਾਸਕੋ ਵੱਲੋਂ ਈਰਾਨ ਨੂੰ ਖੁਫੀਆ ਮਦਦ, ਅਮਰੀਕਾ ਲਈ ਵਧੀ ਮੁਸੀਬਤ !

## ✪ ਚੀਨ ਦੀ ਸਿੱਧੀ ਚਿਤਾਵਨੀ: ਅਮਰੀਕਾ-ਇਜ਼ਰਾਈਲ ਦੇ 'ਮਨਮਾਨੀ' ਰਵੱਈਏ ਖਿਲਾਫ ਬੀਜਿੰਗ ਦਾ ਕੜਾ ਰੁਖ਼

**ਬਲਵਿੰਦਰਪਾਲ ਸਿੰਘ ਪ੍ਰੋਫੈਸਰ**



ਪੱਛਮੀ ਏਸ਼ੀਆ ਵਿੱਚ ਭੜਕੀ ਅੱਗ ਨੇ ਨਾ ਸਿਰਫ਼ ਇੱਕ ਖੇਤਰੀ ਟਕਰਾਅ ਨੂੰ ਜਨਮ ਦਿੱਤਾ ਹੈ, ਸਗੋਂ ਇਹ ਵਿਸ਼ਵ ਵਿਵਸਥਾ ਦੀਆਂ ਨੀਹਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। 28 ਫਰਵਰੀ ਤੋਂ ਸ਼ੁਰੂ ਹੋਏ ਹਵਾਈ ਹਮਲਿਆਂ ਨੇ ਜਿਸ ਜੰਗ ਨੂੰ ਜਨਮ ਦਿੱਤਾ ਹੈ, ਉਹ ਹੁਣ ਇੱਕ ਖ਼ਤਰਨਾਕ ਮੋੜ 'ਤੇ ਖੜ੍ਹੀ ਹੈ। ਇਹ ਜੰਗ ਨਾ ਸਿਰਫ਼ ਫੌਜੀ ਟਕਰਾਅ ਹੈ, ਸਗੋਂ ਇੱਕ ਅਜਿਹੀ ਤਬਾਹੀ ਦਾ ਸੰਕੇਤ ਹੈ ਜੋ ਪੂਰੀ ਦੁਨੀਆ ਨੂੰ ਆਪਣੀ ਲਪੇਟ ਵਿੱਚ ਲੈ ਸਕਦੀ ਹੈ। ਫਾਰਸ ਦੀ ਖਾੜੀ ਵਿੱਚ ਚੱਲ ਰਹੇ ਫ਼ੌਜੀ ਤਣਾਅ ਨੇ ਦੁਨੀਆ ਦਾ ਧਿਆਨ ਤੇਲ ਦੀਆਂ ਕੀਮਤਾਂ ਵੱਲ ਖਿੱਚਿਆ ਹੋਇਆ ਹੈ, ਪਰ ਮਾਹਿਰਾਂ ਨੇ ਇੱਕ ਹੋਰ ਗੰਭੀਰ ਖ਼ਤਰੇ ਦੀ ਚਿਤਾਵਨੀ ਦਿੱਤੀ ਹੈ,ਉਹ ਹੈ ਪਾਣੀ ਦਾ ਸੰਕਟ। ਜੇਕਰ ਮੌਜੂਦਾ ਸੰਘਰਸ਼ ਹੋਰ ਤਿੱਖਾ ਹੁੰਦਾ ਹੈ, ਤਾਂ ਇਹ ਖੇਤਰ ਪੀਣ ਵਾਲੇ ਪਾਣੀ ਤੋਂ ਵਾਂਝਾ ਹੋ ਸਕਦਾ ਹੈ।

ਖਾੜੀ ਦੇ ਪ੍ਰਮੁੱਖ ਸ਼ਹਿਰ ਜਿਵੇਂ ਕਿ ਦੁਬਈ, ਕੁਵੈਤ ਸਿਟੀ, ਦੋਹਾ ਅਤੇ ਮਨਾਮਾ ਪੀਣ ਵਾਲੇ ਪਾਣੀ ਲਈ ਪੂਰੀ ਤਰ੍ਹਾਂ ਸਮੁੰਦਰੀ ਪਾਣੀ ਨੂੰ ਮਿੱਠਾ ਕਰਨ ਵਾਲੇ ਡੀਸੈਲੀਨੇਸ਼ਨ ਪਲਾਂਟਾਂ 'ਤੇ ਨਿਰਭਰ ਹਨ। ਇਹ ਪਲਾਂਟ ਤੱਟਵਰਤੀ ਇਲਾਕਿਆਂ ਵਿੱਚ ਸਥਿਤ ਹਨ, ਜੋ ਮੌਜੂਦਾ ਜੰਗੀ ਹਾਲਾਤਾਂ ਵਿੱਚ ਸਭ ਤੋਂ ਵੱਧ ਕਮਜ਼ੋਰ ਨਿਸ਼ਾਨੇ ਬਣ ਗਏ ਹਨ। ਇਹ ਪਲਾਂਟ ਤਾਂ ਵਾਂਗ ਖੇਤਰ ਦੇ ਜੀਵਨ ਦੀ ਨਾੜ ਹਨ, ਜੇ ਇਹ ਨਸ਼ਟ ਹੋ ਗਏ ਤਾਂ ਪੂਰਾ ਖੇਤਰ ਪਿਆਸ ਨਾਲ ਤੜਫੜਾ ਉੱਠੇਗਾ। 28 ਫਰਵਰੀ ਤੋਂ ਬਾਅਦ ਵਧੇ ਤਣਾਅ ਨੇ ਖੇਤਰ ਦੇ ਜਲ ਅਤੇ ਊਰਜਾ ਢਾਂਚੇ ਨੂੰ ਸਿੱਧਾ ਪ੍ਰਭਾਵਿਤ ਕੀਤਾ ਹੈ। ਉਦਾਹਰਨ ਵਜੋਂ, 2 ਮਾਰਚ ਨੂੰ ਦੁਬਈ ਵਿੱਚ ਜੇਬੇਲ ਅਲੀ ਬੰਦਰਗਾਹ ਨੇੜੇ ਡਿੱਗੇ ਮਿਜ਼ਾਈਲਾਂ ਅਤੇ ਡ੍ਰੋਨਾਂ ਨੇ ਦੁਨੀਆ ਦੇ ਸਭ ਤੋਂ ਵੱਡੇ ਡੀਸੈਲੀਨੇਸ਼ਨ ਪਲਾਂਟਾਂ ਵਿੱਚੋਂ ਇੱਕ ਨੂੰ ਬੇਹੱਦ ਨੇੜੇ (ਸਿਰਫ਼ 12 ਮੀਲ ਦੂਰ) ਆ ਕੇ ਖ਼ਤਰੇ ਵਿੱਚ ਪਾ ਦਿੱਤਾ ਹੈ।

ਸੰਯੁਕਤ ਅਰਬ ਅਮੀਰਾਤ ਵਿੱਚ ਫੁਜੈਰਾਹ ਦੇ ਐਫ-1 ਪਾਣੀ ਅਤੇ ਬਿਜਲੀ ਕੰਪਲੈਕਸ ਨੂੰ ਨੁਕਸਾਨ ਪਹੁੰਚਣ ਦੀਆਂ ਖ਼ਬਰਾਂ ਆ ਰਹੀਆਂ ਹਨ। ਕੁਵੈਤ ਵਿੱਚ ਦੋਹਾ ਵੈਸਟ ਪਲਾਂਟ ਦੇ ਆਲੇ-ਦੁਆਲੇ ਵੀ ਨੁਕਸਾਨ ਹੋਇਆ ਹੈ। ਬਹਿਰੀਨ ਵਿੱਚ ਇੱਕ ਪਲਾਂਟ 'ਤੇ ਡ੍ਰੋਨ ਹਮਲੇ ਦਾ ਦੋਸ਼ ਲੱਗ ਰਿਹਾ ਹੈ। ਈਰਾਨ ਵਿੱਚ ਕੇਸ਼ਮ ਟਾਪੂ ਨੇੜੇ ਹਾਰਮੁਜ਼ ਜਲਡਮਰੂਮੱਧ ਵਿੱਚ ਹੋਏ ਹਮਲੇ ਨੇ 30 ਪਿੰਡਾਂ ਦੀ ਪਾਣੀ ਦੀ ਸਪਲਾਈ ਨੂੰ ਪੂਰੀ ਤਰ੍ਹਾਂ ਠੱਪ ਕਰ ਦਿੱਤਾ ਹੈ। ਇਹ ਪਲਾਂਟ ਨਾ ਸਿਰਫ਼ ਪਾਣੀ ਪ੍ਰਦਾਨ ਕਰਦੇ ਹਨ, ਸਗੋਂ ਬਿਜਲੀ ਪ੍ਰਣਾਲੀਆਂ ਨਾਲ ਵੀ ਡੂੰਘਾਈ ਨਾਲ ਜੁੜੇ ਹੋਏ ਹਨ। ਇੱਕ ਵੱਡੇ ਪਲਾਂਟ 'ਤੇ ਹਮਲਾ ਕੁਝ ਹੀ ਦਿਨਾਂ ਵਿੱਚ ਸ਼ਹਿਰਾਂ ਨੂੰ ਪਿਆਸਾ ਅਤੇ ਹਨੇਰੇ ਵਿੱਚ ਡੋਬ ਸਕਦਾ ਹੈ। ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਖਾੜੀ ਵਿੱਚ ਜੰਗ ਦਾ ਅਸਰ ਸਿਰਫ਼ ਰਾਜਨੀਤਿਕ ਜਾਂ ਆਰਥਿਕ ਨਹੀਂ, ਸਗੋਂ ਮਾਨਵੀ ਵੀ ਹੈ।

ਅਮਰੀਕਾ ਅਤੇ ਇਜ਼ਰਾਈਲ ਦੇ ਗੱਠਜੋੜ ਵੱਲੋਂ ਈਰਾਨ ਨੂੰ ਨਿਸ਼ਾਨਾ ਬਣਾਉਣਾ ਸਿਰਫ਼ ਇੱਕ ਫ਼ੌਜੀ ਕਾਰਵਾਈ ਨਹੀਂ, ਸਗੋਂ ਅੰਤਰਰਾਸ਼ਟਰੀ ਕਾਨੂੰਨਾਂ ਦੀ ਅਰਥੀ ਉੱਤੇ ਆਪਣੀ ਥਾਣੇਦਾਰੀ ਉਭਾਰਨ ਦੀ ਕੋਸ਼ਿਸ਼ ਜਾਪਦੀ ਹੈ। ਇੱਥੇ ਤਾਂ 'ਤਾਕਤ ਹੀ ਕਾਨੂੰਨ ਹੈ' ਵਾਲੀ ਗੱਲ ਚੱਲ ਰਹੀ ਹੈ, ਜਿੱਥੇ ਕਮਜ਼ੋਰ ਨੂੰ ਆਪਣੇ ਅਧਿਕਾਰ ਵੀ ਭੁੱਲ ਜਾਣੇ ਪੈਂਦੇ ਹਨ। ਕਿਹਾ ਜਾ ਰਿਹਾ ਹੈ ਕਿ ਅਮਰੀਕੀ ਸੰਵਿਧਾਨ ਅਨੁਸਾਰ, ਜੰਗ ਦਾ ਐਲਾਨ ਕਰਨ ਦੀ ਸ਼ਕਤੀ ਕਾਂਗਰਸ ਕੋਲ ਹੈ, ਨਾ ਕਿ ਰਾਸ਼ਟਰਪਤੀ ਕੋਲ। ਇਸ ਲਈ, ਬਿਨਾਂ ਕਾਂਗਰਸੀ ਮਨਜ਼ੂਰੀ ਦੇ ਹਵਾਈ ਹਮਲੇ ਸ਼ੁਰੂ ਕਰਨਾ ਟਰੰਪ ਦਾ ਇੱਕ ਗੈਰ-ਕਾਨੂੰਨੀ ਕਦਮ ਹੈ।

ਟਰੰਪ ਵਿਰੋਧੀਆਂ ਦਾ ਮੰਨਣਾ ਹੈ ਕਿ ਅਮਰੀਕੀ ਜਨਤਾ ਜੰਗ ਨਹੀਂ ਚਾਹੁੰਦੀ। ਲੋਕ ਸਿੱਖਿਆ, ਸਿਹਤ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਚਾਹੁੰਦੇ ਹਨ, ਨਾ ਕਿ ਅਜਿਹੇ ਵਿਦੇਸ਼ੀ ਟਕਰਾਅ ਜੋ ਸਿਰਫ਼ ਖੇਤਰੀ ਅਸਥਿਰਤਾ ਪੈਦਾ ਕਰਦੇ ਹਨ।

ਅਮਰੀਕਾ ਵੱਲੋਂ ਜ਼ਮੀਨੀ ਫ਼ੌਜ ਉਤਾਰਨ ਦੀਆਂ ਚਰਚਾਵਾਂ ਨੇ ਜੰਗ ਦੇ ਦਾਇਰੇ ਨੂੰ ਹੋਰ ਵਧਾ ਦਿੱਤਾ ਹੈ। ਰਾਸ਼ਟਰਪਤੀ ਡੋਨਾਲਡ ਟਰੰਪ ਦਾ ਆਪਣੇ ਸਹਿਯੋਗੀਆਂ ਨਾਲ ਇਸ ਵਿਕਲਪ 'ਤੇ ਵਿਚਾਰ ਕਰਨਾ ਅਤੇ ਕੁਰਦ ਸਮੂਹਾਂ ਨਾਲ ਸੰਪਰਕ ਸਾਧਣਾ, ਇਹ ਸੰਕੇਤ ਦਿੰਦਾ ਹੈ ਕਿ ਅਮਰੀਕਾ ਸਥਾਨਕ ਵਿਦਰੋਹੀਆਂ ਦੀ ਆੜ ਵਿੱਚ 'ਪ੍ਰੌਕਸੀ ਵਾਰ' ਨੂੰ ਹੋਰ ਡੂੰਘਾ ਕਰਨਾ ਚਾਹੁੰਦਾ ਹੈ। ਪਰ ਇਤਿਹਾਸ ਗਵਾਹ ਹੈ ਕਿ ਈਰਾਨ ਵਰਗੇ ਭੂਗੋਲਿਕ ਤੌਰ 'ਤੇ ਦੁਰਗਮ ਦੇਸ਼ ਵਿੱਚ ਜ਼ਮੀਨੀ ਜੰਗ ਲੜਨਾ ਕਿਸੇ ਵੀ ਵਿਦੇਸ਼ੀ ਤਾਕਤ ਲਈ ਇੱਕ 'ਕਦੇ ਨਾ ਖ਼ਤਮ ਹੋਣ ਵਾਲਾ ਦਲਦਲ' ਸਾਬਤ ਹੋ ਸਕਦਾ ਹੈ।

ਈਰਾਨ ਦੀ ਭੂਗੋਲਿਕ ਬਣਤਰ ਇਸਦੀ ਸਭ ਤੋਂ ਵੱਡੀ ਰੱਖਿਆ ਕਰਦੀ ਹੈ। ਈਰਾਨ ਦੇ ਜ਼ਿਆਦਾਤਰ ਹਿੱਸੇ ਪਹਾੜਾਂ ਨਾਲ ਘਿਰੇ ਹੋਏ ਹਨ। ਜ਼ੈਗਰੋਸ ਅਤੇ ਅਲਬਰਜ਼ ਵਰਗੀਆਂ ਵਿਸ਼ਾਲ ਪਰਬਤ ਲੜੀਆਂ ਕਿਸੇ ਵੀ ਹਮਲਾਵਰ ਫ਼ੌਜ ਦੇ ਟੈਂਕਾਂ ਅਤੇ ਭਾਰੀ ਮਸ਼ੀਨਰੀ ਦੀ ਆਵਾਜਾਈ ਨੂੰ ਨਾਮੁਮਕਿਨ ਬਣਾ ਦਿੰਦੀਆਂ ਹਨ। ਇੰਨੇ ਵਿਸ਼ਾਲ ਅਤੇ ਪਹਾੜੀ ਇਲਾਕੇ ਵਿੱਚ ਫ਼ੌਜਾਂ ਲਈ ਰਸਦ ਪਹੁੰਚਾਉਣਾ ਇੱਕ ਬਹੁਤ ਵੱਡੀ ਚੁਣੌਤੀ ਹੈ। ਹਮਲਾਵਰ ਫ਼ੌਜਾਂ ਦੀਆਂ ਟੁਕੜੀਆਂ ਆਸਾਨੀ ਨਾਲ ਗੁਰੀਲਾ ਹਮਲਿਆਂ ਦਾ ਨਿਸ਼ਾਨਾ ਬਣ ਸਕਦੇ ਹਨ। ਈਰਾਨ ਦੀ ਰੱਖਿਆ ਪ੍ਰਣਾਲੀ 'ਟੁਕੜਿਆਂ' ਵਿੱਚ ਵੰਡੀ ਹੋਈ ਹੈ। ਜੇਕਰ ਦੇਸ਼ ਦਾ ਇੱਕ ਹਿੱਸਾ ਨੁਕਸਾਨਿਆ ਵੀ ਜਾਂਦਾ ਹੈ, ਤਾਂ ਦੂਜੇ ਹਿੱਸੇ ਸੁਤੰਤਰ ਤੌਰ 'ਤੇ ਆਪਣੀ ਰੱਖਿਆ ਜਾਰੀ ਰੱਖਣ ਦੇ ਸਮਰੱਥ ਹਨ। ਇਸ ਨੂੰ 'ਮੋਜ਼ੇਕ ਰੱਖਿਆ' ਕਿਹਾ ਜਾਂਦਾ ਹੈ। ਇਹ ਰਣਨੀਤੀ ਹਮਲਾਵਰ ਨੂੰ ਇਹ ਸਮਝਣ ਨਹੀਂ ਦਿੰਦੀ ਕਿ ਜਿੱਤ ਲਈ ਕਿਸ ਕੇਂਦਰੀ ਬਿੰਦੂ ਨੂੰ ਨਸ਼ਟ ਕਰਨਾ ਜ਼ਰੂਰੀ ਹੈ।

ਪਿਛਲੇ ਕਈ ਦਹਾਕਿਆਂ ਤੋਂ ਈਰਾਨ ਨੇ ਆਪਣੀ ਫ਼ੌਜੀ ਤਾਕਤ ਨੂੰ ਜ਼ਮੀਨ ਦੇ ਅੰਦਰ ਸੁਰੱਖਿਅਤ ਕੀਤਾ ਹੋਇਆ ਹੈ। ਉਨ੍ਹਾਂ ਦੀਆਂ ਮਿਜ਼ਾਈਲ ਸਾਈਟਾਂ, ਕਮਾਂਡ ਸੈਂਟਰ ਅਤੇ ਹਥਿਆਰਾਂ ਦੇ ਭੰਡਾਰ ਬਹੁਤ ਡੂੰਘੇ ਪਹਾੜੀ ਬੰਕਰਾਂ ਵਿੱਚ ਲੁਕੇ ਹੋਏ ਹਨ। ਹਵਾਈ ਹਮਲਿਆਂ ਨਾਲ ਵੀ ਇਨ੍ਹਾਂ ਨੂੰ ਪੂਰੀ ਤਰ੍ਹਾਂ ਨਸ਼ਟ ਕਰਨਾ ਲਗਭਗ ਅਸੰਭਵ ਹੈ। ਜ਼ਮੀਨੀ ਜੰਗ ਦੀ ਸਥਿਤੀ ਵਿੱਚ, ਇਹ ਬੰਕਰ ਹਮਲਾਵਰਾਂ ਲਈ ਮੌਤ ਦਾ ਜਾਲ ਸਾਬਤ ਹੋ ਸਕਦੇ ਹਨ।

ਇੰਟਰਨੈਸ਼ਨਲ ਮੀਡੀਆ ਰਿਪੋਰਟਾਂ ਅਕਸਰ ਇਸ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਈਰਾਨ ਦੇ ਲੋਕਾਂ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਵਿਰੁੱਧ ਡੂੰਘਾ ਗੁੱਸਾ ਹੈ। ਈਰਾਨ ਕੋਲ ਲੱਖਾਂ ਦੀ ਗਿਣਤੀ ਵਿੱਚ ਸਵੈ-ਸੇਵੀ ਫ਼ੌਜ ਹੈ ਜੋ ਦੇਸ਼ ਦੇ ਹਰ ਕੋਨੇ ਵਿੱਚ ਮੌਜੂਦ ਹੈ। ਅਮਰੀਕਾ ਤੇ ਇਜ਼ਰਾਈਲ ਲਈ ਜ਼ਮੀਨੀ ਜੰਗ ਦਾ ਮਤਲਬ ਹੋਵੇਗਾ ਹਰ ਗਲੀ, ਹਰ ਪਿੰਡ ਅਤੇ ਹਰ ਸ਼ਹਿਰ ਵਿੱਚ ਲੜਾਈ ਲੜਨਾ। ਇਹ ਕਿਸੇ ਵੀ ਵਿਦੇਸ਼ੀ ਫ਼ੌਜ ਲਈ ਇੱਕ 'ਕਦੇ ਨਾ ਖ਼ਤਮ ਹੋਣ ਵਾਲਾ ਮੌਤ ਦਾ ਦਲਦਲ' ਬਣ ਸਕਦਾ ਹੈ।

ਈਰਾਨ ਸਿਰਫ਼ ਆਪਣੀਆਂ ਸਰਹੱਦਾਂ ਦੇ ਅੰਦਰ ਨਹੀਂ, ਸਗੋਂ ਬਾਹਰੋਂ ਵੀ ਜਵਾਬ ਦੇਣ ਦੇ ਸਮਰੱਥ ਹੈ। ਜੇਕਰ ਈਰਾਨ 'ਤੇ ਜ਼ਮੀਨੀ ਹਮਲਾ ਹੁੰਦਾ ਹੈ, ਤਾਂ ਉਸਦੇ ਸਹਿਯੋਗੀ ਗਰੁੱਪ (ਜਿਨ੍ਹਾਂ ਨੂੰ ਅੰਤਰਰਾਸ਼ਟਰੀ ਭਾਸ਼ਾ ਵਿੱਚ ਪ੍ਰੌਕਸੀ ਕਿਹਾ ਜਾਂਦਾ ਹੈ) ਪੂਰੇ ਖੇਤਰ ਵਿੱਚ ਅਮਰੀਕੀ ਅਤੇ ਸਹਿਯੋਗੀ ਟਿਕਾਣਿਆਂ 'ਤੇ ਹਮਲੇ ਸ਼ੁਰੂ ਕਰ ਦੇਣਗੇ। ਇਸ ਨਾਲ ਯੁੱਧ ਦਾ ਦਾਇਰਾ ਸਿਰਫ਼ ਈਰਾਨ ਤੱਕ ਸੀਮਤ ਨਹੀਂ ਰਹੇਗਾ, ਸਗੋਂ ਪੂਰਾ ਮੱਧ-ਪੂਰਬ ਅੱਗ ਦੀ ਲਪੇਟ ਵਿੱਚ ਆ ਜਾਵੇਗਾ। ਅੰਤਰਰਾਸ਼ਟਰੀ ਵਿਸ਼ਲੇਸ਼ਕ ਮੰਨਦੇ ਹਨ ਕਿ ਈਰਾਨ 'ਤੇ ਹਮਲਾ ਕਰਨਾ ਸ਼ਾਇਦ ਆਸਾਨ ਹੋਵੇ, ਪਰ ਉੱਥੇ ਕਬਜ਼ਾ ਬਣਾਈ ਰੱਖਣਾ ਜਾਂ ਜੰਗ ਜਿੱਤਣਾ ਅਸੰਭਵ ਹੈ।

ਇਸ ਦੌਰਾਨ, ਅਮਰੀਕਾ ਵੱਲੋਂ ਆਪਣੀ ਹੀ ਸੰਸਦ ਨੂੰ ਬਾਈਪਾਸ ਕਰਕੇ ਇਜ਼ਰਾਈਲ ਨੂੰ 12,000 ਮਾਰੂ ਬੰਬਾਂ (ਭਲੂ-110) ਦਾ ਸੌਦਾ ਕਰਨਾ ਇੱਕ ਵੱਡਾ ਨੈਤਿਕ ਅਤੇ ਕੂਟਨੀਤਕ ਸਵਾਲ ਖੜ੍ਹਾ ਕਰਦਾ ਹੈ। ਟਰੰਪ ਦੀ ਇਸ ਕਾਰਣ ਅਮਰੀਕਾ ਵਿਚ ਵਿਰੋਧਤਾ ਵਧ ਰਹੀ ਹੈ। ਜਦੋਂ ਲੋਕਤੰਤਰੀ ਸੰਸਥਾਵਾਂ ਨੂੰ ਨਜ਼ਰਅੰਦਾਜ਼ ਕਰਕੇ ਜੰਗ ਦੇ ਸਾਧਨ ਵਧਾਏ ਜਾਂਦੇ ਹਨ, ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਟਰੰਪ ਇਸ ਟਕਰਾਅ ਨੂੰ ਜਲਦੀ ਖ਼ਤਮ ਕਰਨ ਦੇ ਮੂਡ ਵਿੱਚ ਨਹੀਂ ਹੈ। ਇਹ ਤਾਂ ਵਾਂਗ ਅੱਗ ਵਿੱਚ ਘਿਉ ਪਾਉਣ ਵਾਲੀ ਗੱਲ ਹੈ।

ਇਸ ਜੰਗੀ ਸੰਕਟ ਨੇ ਦੁਨੀਆ ਨੂੰ ਦੋ ਸਪੱਸ਼ਟ ਧੜਿਆਂ ਵਿੱਚ ਵੰਡ ਦਿੱਤਾ ਹੈ। ਇੱਕ ਪਾਸੇ ਰੂਸ ਅਤੇ ਚੀਨ ਹਨ, ਜਿਨ੍ਹਾਂ ਨੇ ਈਰਾਨ ਨੂੰ ਖੁੱਲ੍ਹ ਕੇ ਸਮਰਥਨ ਦਿੱਤਾ ਹੈ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦਾ ਦਾਅਵਾ ਹੈ ਕਿ ਅੰਤਰਰਾਸ਼ਟਰੀ ਕਾਨੂੰਨ ਹੁਣ ਸਿਰਫ਼ ਕਾਗਜ਼ਾਂ ਤੱਕ ਸੀਮਤ ਰਹਿ ਗਏ ਹਨ। ਜਦੋਂ ਦੁਨੀਆ ਦੀਆਂ ਵੱਡੀਆਂ ਤਾਕਤਾਂ ਬਿਨਾਂ ਕਿਸੇ ਅੰਤਰਰਾਸ਼ਟਰੀ ਸਹਿਮਤੀ ਦੇ ਦੂਜੇ ਦੇਸ਼ਾਂ 'ਤੇ ਹਮਲੇ ਕਰਦੀਆਂ ਹਨ, ਤਾਂ ਕਾਨੂੰਨ ਦੀ ਮਰਿਆਦਾ ਖ਼ਤਮ ਹੋ ਜਾਂਦੀ ਹੈ। ਇਸ ਦੌਰਾਨ, ਰੂਸ ਵੱਲੋਂ ਈਰਾਨ ਨੂੰ ਖੁਫੀਆ ਜਾਣਕਾਰੀ ਸੌਂਪਣ ਦੀਆਂ ਰਿਪੋਰਟਾਂ ਨੇ ਅਮਰੀਕਾ ਦੇ ਹੋਸ਼ ਉਡਾ ਦਿੱਤੇ ਹਨ। ਇਹ ਜਾਣਕਾਰੀ ਅਮਰੀਕੀ ਜੰਗੀ ਬੇੜਿਆਂ ਅਤੇ ਟਿਕਾਣਿਆਂ ਬਾਰੇ ਹੈ, ਜਿਸ ਨਾਲ ਈਰਾਨ ਨੂੰ ਜਵਾਬੀ ਹਮਲਾ ਕਰਨ ਵਿੱਚ ਮਦਦ ਮਿਲੀ ਹੈ। ਰੂਸ ਅਤੇ ਈਰਾਨ ਦੇ ਵਧਦੇ ਨੇੜਲੇ ਸਬੰਧਾਂ ਨੇ ਪੱਛਮੀ ਦੇਸ਼ਾਂ ਲਈ ਇੱਕ ਨਵੀਂ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਰੂਸ ਦਾ ਇਹ ਕਦਮ ਦਰਸਾਉਂਦਾ ਹੈ ਕਿ ਉਹ ਇਸ ਜੰਗ ਵਿੱਚ ਈਰਾਨ ਦਾ ਇੱਕ ਸਰਗਰਮ ਭਾਈਵਾਲ ਬਣ ਗਿਆ ਹੈ।

ਫੌਕਸ ਨਿਊਜ਼ ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਸਾਊਥ ਕੈਰੋਲੀਨਾ ਰਾਜ ਤੋਂ ਸੀਨੇਟਰ (ਸੈਨੇਟ ਮੈਂਬਰ) ਲਿੰਡਸੇ ਗ੍ਰਾਹਮ ਨੇ ਖੁੱਲ੍ਹੇਆਮ ਸਵੀਕਾਰ ਕੀਤਾ ਕਿ ਇਰਾਨ 'ਤੇ ਅਮਰੀਕੀ ਫੌਜੀ ਕਾਰਵਾਈ ਦਾ ਅਸਲ ਮਕਸਦ ਸਿਰਫ਼ ਖੇਤਰੀ ਸੁਰੱਖਿਆ ਨਹੀਂ, ਸਗੋਂ ਉੱਥੋਂ ਦੇ ਵਿਸ਼ਾਲ ਤੇਲ ਭੰਡਾਰਾਂ 'ਤੇ ਕਬਜ਼ਾ ਕਰਨਾ ਹੈ। ਗ੍ਰਾਹਮ ਦੇ ਅਨੁਸਾਰ, ਦੁਨੀਆ ਦੇ ਕੁੱਲ ਤੇਲ ਭੰਡਾਰ ਦਾ ਲਗਭਗ 31% ਹਿੱਸਾ ਇਰਾਨ ਅਤੇ ਵੈਨੇਜ਼ੁਏਲਾ ਕੋਲ ਹੈ। ਅਮਰੀਕਾ ਦੇ ਰਣਨੀਤੀਕਾਰ ਇਹ ਮੰਨਦੇ ਹਨ ਕਿ ਇਨ੍ਹਾਂ ਸਰੋਤਾਂ 'ਤੇ ਕਬਜ਼ਾ ਕਰਨ ਨਾਲ ਅਮਰੀਕਾ ਨਾ ਸਿਰਫ਼ ਆਪਣੀਆਂ ਊਰਜਾ ਲੋੜਾਂ ਨੂੰ ਹਮੇਸ਼ਾ ਲਈ ਸੁਰੱਖਿਅਤ ਕਰ ਲਵੇਗਾ, ਸਗੋਂ ਗਲੋਬਲ ਤੇਲ ਬਾਜ਼ਾਰ ਵਿੱਚ ਇੱਕ 'ਸੁਪਰਪਾਵਰ' ਵਜੋਂ ਆਪਣੀ ਪਕੜ ਵੀ ਮਜ਼ਬੂਤ ਕਰ ਲਵੇਗਾ।

ਇਸ ਬਿਆਨ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਚੀਨ ਨਾਲ ਜੁੜਿਆ ਹੈ। ਗ੍ਰਾਹਮ ਨੇ ਇਹ ਸਪੱਸ਼ਟ ਕੀਤਾ ਕਿ ਅਮਰੀਕਾ ਇੱਕ ਆਰਥਿਕ ਜੰਗ ਲੜ ਰਿਹਾ ਹੈ: ਚੀਨ ਆਪਣੀਆਂ ਊਰਜਾ ਲੋੜਾਂ ਲਈ ਕਾਫ਼ੀ ਹੱਦ ਤੱਕ ਇਰਾਨ ਅਤੇ ਵੈਨੇਜ਼ੁਏਲਾ ਦੇ ਤੇਲ 'ਤੇ ਨਿਰਭਰ ਹੈ। ਜੇ ਅਮਰੀਕਾ ਇਨ੍ਹਾਂ ਸਰੋਤਾਂ 'ਤੇ ਕੰਟਰੋਲ ਕਰ ਲੈਂਦਾ ਹੈ, ਤਾਂ ਚੀਨ ਦੀ ਆਰਥਿਕ ਵਿਕਾਸ ਦਰ ਨੂੰ ਸਿੱਧਾ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਹ ਰਣਨੀਤੀ ਚੀਨ ਦੀ ਵਧਦੀ ਗਲੋਬਲ ਚੁਣੌਤੀ ਨੂੰ ਕੁਚਲਣ ਲਈ ਇੱਕ 'ਮਾਸਟਰਸਟ੍ਰੋਕ' ਵਜੋਂ ਦੇਖੀ ਜਾ ਰਹੀ ਹੈ। ਆਲੋਚਕਾਂ ਦਾ ਮੰਨਣਾ ਹੈ ਕਿ 'ਅਮਰੀਕਾ ਫਸਟ' ਦੀ ਨੀਤੀ ਦੇ ਪਿੱਛੇ ਅਸਲ ਵਿੱਚ ਦੂਜੇ ਦੇਸ਼ਾਂ ਦੀ ਸੰਪਤੀ 'ਤੇ ਕਬਜ਼ਾ ਕਰਨ ਦਾ ਇੱਕ ਪੁਰਾਣਾ ਏਜੰਡਾ ਹੈ।

ਬਾਕੀ ਹਿਸਾ ਸਫਾ 40 ਤੇ ਪੜ੍ਹੋ →

### 39 ਸਫ਼ੇ ਦੀ ਬਾਕੀ

ਦੂਜੇ ਪਾਸੇ, ਚੀਨ ਨੇ 'ਜੰਗਲ ਰਾਜ' ਖ਼ਿਲਾਫ਼ ਸਖ਼ਤ ਚਿਤਾਵਨੀ ਦਿੱਤੀ ਹੈ ਅਤੇ ਸਪੱਸ਼ਟ ਕੀਤਾ ਹੈ ਕਿ ਉਹ ਈਰਾਨ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲਅੰਦਾਜ਼ੀ ਨੂੰ ਸਹਿਣ ਨਹੀਂ ਕਰੇਗਾ। ਚੀਨ ਦਾ ਸਾਫ਼ ਕਹਿਣਾ ਹੈ ਕਿ ਦੁਨੀਆ ਵਿੱਚ ਤਾਕਤਵਰ ਦੀ ਮਰਜ਼ੀ ਨਹੀਂ ਚੱਲਣੀ ਚਾਹੀਦੀ। ਚੀਨ ਇਸ ਸਮੇਂ ਇੱਕ ਵੱਡੀ ਭੂ-ਰਾਜਨੀਤਿਕ ਮੁਸ਼ਕਲ ਵਿੱਚ ਫਸਿਆ ਹੋਇਆ ਹੈ। ਇੱਕ ਪਾਸੇ, ਉਹ ਈਰਾਨ ਨੂੰ ਪੱਛਮੀ ਦੇਸ਼ਾਂ ਵਿਰੁੱਧ ਆਪਣਾ ਸਹਿਯੋਗੀ ਮੰਨਦਾ ਹੈ ਅਤੇ ਉਸ ਨਾਲ ਵਪਾਰਕ ਸਬੰਧ ਰੱਖਦਾ ਹੈ। ਚੀਨ ਈਰਾਨ ਤੋਂ ਵੱਡੀ ਮਾਤਰਾ ਵਿੱਚ ਤੇਲ ਖਰੀਦਦਾ ਹੈ, ਜੋ ਈਰਾਨ ਦੇ ਬਜਟ ਅਤੇ ਫੌਜੀ ਤਾਕਤ ਦਾ ਵੱਡਾ ਹਿੱਸਾ ਹੈ। ਅਮਰੀਕਾ ਸ਼ਾਇਦ ਇਸ ਲਈ ਜੰਗ ਵਿੱਚ ਹੈ ਕਿਉਂਕਿ ਉਹ ਮੱਧ ਪੂਰਬ ਵਿੱਚ ਚੀਨੀ ਪ੍ਰਭਾਵ ਨੂੰ ਰੋਕਣਾ ਚਾਹੁੰਦਾ ਹੈ। ਈਰਾਨ ਹੁਣ ਚੀਨ ਲਈ ਇੱਕ ਰਣਨੀਤਕ ਚੌਕੀ ਵਾਂਗ ਕੰਮ ਕਰ ਰਿਹਾ ਹੈ। ਚੀਨ ਨੇ ਈਰਾਨ ਨੂੰ ਐਡਵਾਂਸਡ ਮਿਜ਼ਾਈਲਾਂ ਦਿੱਤੀਆਂ ਹਨ ਅਤੇ ਸਾਈਬਰ ਸੁਰੱਖਿਆ ਵਿੱਚ ਮਦਦ ਕੀਤੀ ਹੈ।

ਦੂਜੇ ਪਾਸੇ, ਖੇਤਰੀ ਅਸਥਿਰਤਾ ਅਤੇ ਹਾਰਮੁਜ਼ ਦੀ ਜਲਡਮਰੂ ਮੱਧ ਦੇ ਬੰਦ ਹੋਣ ਦਾ ਡਰ ਚੀਨ ਦੀ ਆਰਥਿਕਤਾ ਲਈ ਵੱਡਾ ਖਤਰਾ ਹੈ। ਇਸ ਲਈ, ਚੀਨ ਦੀ ਅਮਰੀਕਾ ਵਿਰੁੱਧ ਪ੍ਰਤੀਕਿਰਿਆ ਸਖਤ ਹੈ। ਚੀਨ ਦਾ ਇਹ ਬਿਆਨ ਦਰਸਾਉਂਦਾ ਹੈ ਕਿ ਏਸ਼ੀਆਈ ਸ਼ਕਤੀਆਂ ਹੁਣ ਪੱਛਮੀ ਦੇਸ਼ਾਂ ਦੀਆਂ ਨੀਤੀਆਂ ਦਾ ਖੁੱਲ੍ਹ ਕੇ ਵਿਰੋਧ ਕਰਨ ਲੱਗੀਆਂ ਹਨ। ਚੀਨ ਦਾ ਮੰਨਣਾ ਹੈ ਕਿ ਗੱਲਬਾਤ ਹੀ ਇਕੋ-ਇਕ ਰਸਤਾ ਹੈ, ਪਰ ਅਮਰੀਕਾ ਦੀ ਹਮਲਾਵਰ ਰਣਨੀਤੀ ਇਸ ਰਸਤੇ ਨੂੰ ਬੰਦ ਕਰ ਰਹੀ ਹੈ।

ਯੂਰਪੀ ਦੇਸ਼ਾਂ ਦਾ ਅਮਰੀਕਾ ਤੋਂ ਮੂੰਹ ਮੋੜਨਾ ਇਹ ਦਰਸਾਉਂਦਾ ਹੈ ਕਿ ਅਮਰੀਕਾ ਹੁਣ ਵਿਸ਼ਵ ਪੱਧਰ 'ਤੇ ਇਕੱਲਾ ਪੈ ਰਿਹਾ ਹੈ। ਈਰਾਨ ਖ਼ਿਲਾਫ਼ ਅਮਰੀਕਾ ਤੇ ਇਜ਼ਰਾਈਲ ਦੀ ਫ਼ੌਜੀ ਮੁਹਿੰਮ ਦੇ ਇਕ ਹਫ਼ਤੇ ਬਾਅਦ ਵੀ ਯੂਰਪੀ ਆਗੂ ਇਕ ਅਜਿਹੀ ਮੁਹਿੰਮ ਪ੍ਰਤੀ ਆਪਣੇ ਖ਼ਦਸ਼ਿਆਂ ਨੂੰ ਲੈ ਕੇ ਇਕਮੱਤ ਹਨ ਜਿਹੜੇ ਉਹ ਕਦੇ ਨਹੀਂ ਚਾਹੁੰਦੇ ਸਨ। ਪਰ ਹਕੀਕਤ ਇਹ ਹੈ ਕਿ ਉਨ੍ਹਾਂ ਨੂੰ ਹਰ ਰੋਜ਼ ਇਸ ਜੰਗ ਵਿਚ ਘੜੀਸਿਆ ਜਾ ਰਿਹਾ ਹੈ ਜਿਸ ਨਾਲ ਲੰਡਨ ਤੋਂ ਲੈ ਕੇ ਬਰਲਿਨ ਤੱਕ ਸਿਆਸੀ ਤੇ ਕੂਟਨੀਤਕ ਤਣਾਅ ਪੈਦਾ ਹੋ ਗਿਆ ਹੈ। ਇਹ ਤਣਾਅ ਯੂਰਪੀ ਆਗੂਆਂ ਦੀਆਂ ਗੱਲਾਂ ਅਤੇ ਆਪਣੇ-ਆਪਣੇ ਫ਼ੌਜੀ ਕਮਾਂਡਰਾਂ ਨੂੰ ਜੰਗੀ ਬੇੜੇ, ਜੰਗੀ ਜਹਾਜ਼ ਅਤੇ ਹੋਰ ਜੰਗੀ ਸਾਜ਼ੋ-ਸਾਮਾਨ ਭੇਜਣ ਲਈ ਦਿੱਤੇ ਜਾ ਰਹੇ ਹੁਕਮਾਂ ਵਿਚ ਵਧਦੇ ਆਪਾ ਵਿਰੋਧ ਵਿਚ ਸਾਫ਼ ਦਿਖਾਈ ਦੇ ਰਿਹਾ ਹੈ।

ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਨੇ ਬੀਤੇ ਦਿਨੀਂ ਸੋਸ਼ਲ ਮੀਡੀਆ 'ਤੇ ਕਿਹਾ ਸੀ ਕਿ 'ਅਸੀਂ ਲੜਾਈ ਵਿਚ ਨਹੀਂ ਹਾਂ।' ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੈਲੋਨੀ ਨੇ ਕਿਹਾ ਸੀ ਕਿ ਅਸੀਂ ਲੜਾਈ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦੇ।' ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਸੰਸਦ ਵਿਚ ਕਿਹਾ ਸੀ ਕਿ ਅਸੀਂ ਅਮਰੀਕੀ ਅਤੇ ਇਜ਼ਰਾਇਲੀ ਹਮਲਿਆਂ ਵਿਚ ਸ਼ਾਮਲ ਨਹੀਂ ਹੋ ਰਹੇ।'

ਦਰਅਸਲ ਯੂਰਪ ਵੱਡੀ ਮੁਸ਼ਕਲ ਵਿਚ ਫਸ ਗਿਆ ਹੈ। ਇਕ ਪਾਸੇ ਇਸ ਦੇ ਆਗੂਆਂ ਨੇ ਪੱਛਮੀ ਏਸ਼ੀਆ ਵਿਚ ਫਸੇ ਆਪਣੇ ਨਾਗਰਿਕਾਂ ਦੀ ਰੱਖਿਆ ਕਰਨੀ ਹੈ, ਅਰਬ ਦੇਸ਼ਾਂ ਨਾਲ ਰੱਖਿਆ ਸਮਝੌਤਿਆਂ ਦਾ ਸਨਮਾਨ ਕਰਨਾ ਹੈ ਅਤੇ ਕੁਝ ਮਾਮਲਿਆਂ ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਾਰਾਜ਼ਗੀ ਤੋਂ ਬਚਣ ਲਈ ਅਮਰੀਕਾ ਨੂੰ ਆਪਣੇ ਫੌਜੀ ਅੱਡਿਆਂ ਦੇ ਇਸਤੇਮਾਲ ਦੀ ਆਗਿਆ ਦੇਣੀ ਪਵੇਗੀ। ਦੂਜੇ ਪਾਸੇ, ਉਨ੍ਹਾਂ ਨੂੰ ਅਮਰੀਕੀ ਕਾਰਵਾਈਆਂ ਪ੍ਰਤੀ ਬਹੁਤ ਜ਼ਿਆਦਾ ਸਮਰਥਨ ਦਿਖਾਉਣ ਤੋਂ ਬਚਣਾ ਹੈ ਤਾਂ ਜੋ ਈਰਾਨ ਵੱਲੋਂ ਫ਼ੌਜੀ ਹਮਲਿਆਂ ਤੇ ਆਪਣੀ ਬੇਚੈਨ ਜਨਤਾ ਦੇ ਚੋਣ ਨਤੀਜਿਆਂ ਤੋਂ ਬਚ ਸਕਣ ਜੋ ਜੰਗ ਦੀ ਦਲਦਲ 'ਚ ਨਹੀਂ ਉਤਰਨਾ ਚਾਹੁੰਦੀ। ਇਹ ਤਾਂ ਵਾਂਗ ਦੋ ਨਾਵਾਂ ਵਿੱਚ ਪੈਰ ਰੱਖ ਕੇ ਯਾਤਰਾ ਕਰਨ ਵਾਲੀ ਗੱਲ ਹੈ, ਜਿੱਥੇ ਡੁੱਬਣ ਦਾ ਖ਼ਤਰਾ ਵੱਧ ਜਾਂਦਾ ਹੈ।

ਪਹਿਲਾਂ ਜੋ ਯੂਰਪੀ ਦੇਸ਼ ਅਮਰੀਕਾ ਦੇ ਹਰ ਫੈਸਲੇ ਵਿੱਚ ਸਾਥ ਦਿੰਦੇ ਸਨ, ਹੁਣ ਉਹ ਇਸ ਜੰਗ ਤੋਂ ਦੂਰੀ ਬਣਾ ਰਹੇ ਹਨ। ਸਪੇਨ, ਬ੍ਰਿਟੇਨ ਅਤੇ ਫਰਾਂਸ ਵਰਗੇ ਦੇਸ਼ਾਂ ਦੇ ਰੁਖ ਵਿੱਚ ਵੱਡਾ ਬਦਲਾਅ ਆਇਆ ਹੈ। ਸਪੇਨ ਨੇ ਤਾਂ ਅਮਰੀਕਾ ਨੂੰ ਆਪਣੇ ਫੌਜੀ ਟਿਕਾਣਿਆਂ ਦੀ ਵਰਤੋਂ ਕਰਨ ਤੋਂ ਵੀ ਮਨ੍ਹਾ ਕਰ ਦਿੱਤਾ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਦਾ ਕਹਿਣਾ ਹੈ ਕਿ ਬਿਨਾਂ ਕਿਸੇ ਸਪੱਸ਼ਟ ਰਣਨੀਤੀ ਦੇ ਜੰਗ ਵਿੱਚ ਸ਼ਾਮਲ ਹੋਣਾ ਖਤਰਨਾਕ ਹੈ। ਯੂਰਪੀ ਦੇਸ਼ਾਂ ਨੂੰ ਡਰ ਹੈ ਕਿ ਜੇਕਰ ਇਹ ਜੰਗ ਲੰਬੀ ਖਿੱਚੀ ਗਈ, ਤਾਂ ਤੇਲ ਦੀਆਂ ਕੀਮਤਾਂ ਵਿੱਚ ਵਾਧਾ, ਸ਼ਰਨਾਰਥੀਆਂ ਦਾ ਸੰਕਟ ਅਤੇ ਆਰਥਿਕ ਮੰਦੀ ਉਨ੍ਹਾਂ ਦੀਆਂ ਅਰਥਵਿਵਸਥਾਵਾਂ ਨੂੰ ਤਬਾਹ ਕਰ ਦੇਵੇਗੀ। ਅਮਰੀਕਾ ਅਤੇ ਯੂਰਪ ਵਿਚਾਲੇ ਇਹ ਦਰਾਰ ਅਟਲਾਂਟਿਕ ਗੱਠਜੋੜ ਦੇ ਭਵਿੱਖ 'ਤੇ ਸਵਾਲੀਆ ਨਿਸ਼ਾਨ ਲਗਾ ਰਹੀ ਹੈ।

ਅੱਜ ਦੁਨੀਆ ਇੱਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿੱਥੇ 'ਸ਼ਕਤੀ ਦਾ ਸਿਧਾਂਤ' ਮੁੜ ਜ਼ਿੰਦਾ ਹੋ ਗਿਆ ਹੈ। ਜੇਕਰ ਕੂਟਨੀਤੀ ਦੀ ਜਗ੍ਹਾ ਹਥਿਆਰਾਂ ਨੂੰ ਦਿੱਤੀ ਗਈ, ਤਾਂ ਇਸਦਾ ਖਮਿਆਜ਼ਾ ਸਿਰਫ਼ ਪੱਛਮੀ ਏਸ਼ੀਆ ਦੇ ਲੋਕਾਂ ਨੂੰ ਹੀ ਨਹੀਂ, ਸਗੋਂ ਪੂਰੀ ਮਾਨਵਤਾ ਨੂੰ ਭੁਗਤਣਾ ਪਵੇਗਾ। ਸੰਸਾਰ ਦੇ ਆਗੂਆਂ ਨੂੰ ਇਹ ਸਮਝਣਾ ਹੋਵੇਗਾ ਕਿ ਇਤਿਹਾਸ ਕਦੇ ਵੀ ਹਥਿਆਰਾਂ ਨਾਲ ਨਹੀਂ, ਸਗੋਂ ਸ਼ਾਂਤੀ ਅਤੇ ਸੰਵਾਦ ਨਾਲ ਲਿਖਿਆ ਜਾਂਦਾ ਹੈ। ਜੇਕਰ ਅੰਤਰਰਾਸ਼ਟਰੀ ਕਾਨੂੰਨਾਂ ਦਾ ਵਜੂਦ ਹੀ ਖਤਮ ਹੋ ਗਿਆ, ਤਾਂ ਫਿਰ ਕਿਸੇ ਵੀ ਮੁਲਕ ਦੀ ਸੁਰੱਖਿਆ ਦੀ ਗਾਰੰਟੀ ਕੌਣ ਦੇਵੇਗਾ? ਇਹ ਸਵਾਲ ਅੱਜ ਹਰ ਮਨੁੱਖ ਦੇ ਜ਼ਿਹਨ ਵਿੱਚ ਹੋਣਾ ਚਾਹੀਦਾ ਹੈ। ਇਸ ਜੰਗ ਨੇ ਨਾ ਸਿਰਫ਼ ਫੌਜੀ ਅਤੇ ਆਰਥਿਕ ਨੁਕਸਾਨ ਕੀਤਾ ਹੈ, ਸਗੋਂ ਮਨੁੱਖੀ ਜੀਵਨ ਨੂੰ ਵੀ ਖ਼ਤਰੇ ਵਿੱਚ ਪਾ ਦਿੱਤਾ ਹੈ। ਵਪਾਰ ਠੱਪ ਹੋ ਗਿਆ ਹੈ ਅਤੇ ਲੋਕਾਂ ਵਿੱਚ ਡਰ ਦਾ ਮਾਹੌਲ ਹੈ।

# ✶ ਮਿੰਨੀ ਕਹਾਣੀਆਂ ✶

## ਸਿਆਸਤ

ਭੇਡ ਦਾ ਲੇਲਾ ਨਦੀ ਦੀ ਢਲਾਨ 'ਤੇ ਪਾਣੀ ਪੀ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਸ਼ੇਰ 'ਤੇ ਪਈ। ਸ਼ੇਰ ਵੀ ਪਾਣੀ ਪੀਣ ਲੱਗਿਆ। ਲੇਲੇ ਨੂੰ ਆਪਣੇ ਪੜਦਾਦੇ ਦੀ ਕਹਾਣੀ ਯਾਦ ਆ ਗਈ। ਇਸੇ ਤਰ੍ਹਾਂ ਹੀ ਉਸ ਦਾ ਪੜਦਾਦਾ ਵੀ ਇੱਕ ਵਾਰੀ ਪਾਣੀ ਪੀਣ ਲੱਗਾ ਸੀ ਤਾਂ ਪਾਣੀ ਜੂਠਾ ਕਰ ਰਿਹਾ ਹੋਣ ਦਾ ਬਹਾਨਾ ਬਣਾ ਕੇ ਸ਼ੇਰ ਉਸ ਦੇ ਪੜਦਾਦੇ ਨੂੰ ਖਾ ਗਿਆ ਸੀ। ਲੇਲੇ ਦੀ ਮੰਮੀ ਨੇ ਉਸ ਨੂੰ ਇਹ ਕਹਾਣੀ ਕਈ ਵਾਰ ਸੁਣਾਈ ਸੀ।

ਇਹ ਕਹਾਣੀ ਯਾਦ ਕਰ ਕੇ ਲੇਲਾ ਥਰ ਥਰ ਕੰਬ ਰਿਹਾ ਸੀ। ਸ਼ੇਰ ਉਸ ਕੋਲ ਆ ਕੇ ਕਹਿਣ ਲੱਗਾ, "ਹੋਰ ਬੇਟੇ, ਕੀ ਹਾਲ ਐ?"

"ਠੀਕ ਐ ਅੰਕਲ ਜੀ।" ਲੇਲੇ ਨੇ ਕੰਬਦਿਆਂ ਕਿਹਾ।

"ਹੋਰ ਮੰਮੀ ਡੈਡੀ ਦਾ ਕੀ ਹਾਲ ਐ?"

"ਸਭ ਠੀਕ ਠਾਕ ਐ ਅੰਕਲ ਜੀ।"

"ਤੂੰ ਆਪਣੀ ਸਿਹਤ ਦੇ ਨਾਲ ਨਾਲ ਮੰਮੀ ਡੈਡੀ ਦਾ ਵੀ ਧਿਆਨ ਰੱਖਿਆ ਕਰ। ਤੂੰ ਸਮਝ ਗਿਆ ਨਾ ਬੇਟੇ? ਮੇਰੇ ਤਕ ਕੋਈ ਵੀ ਕੰਮ ਹੋਵੇ ਜਦੋਂ ਮਰਜ਼ੀ ਆ ਜਾਵੀਂ। ਚੰਗਾ ਬੇਟੇ ਮੈਂ ਚੱਲਦਾ ਹਾਂ।" ਲੇਲਾ ਸੋਚ ਰਿਹਾ ਸੀ ਕਿ ਮੰਮੀ ਡੈਡੀ ਤਾਂ ਕਹਿੰਦੇ ਸੀ ਸ਼ੇਰ ਅੰਕਲ ਕੋਲੋਂ ਬਚ ਕੇ ਰਿਹਾ ਕਰੋ, ਪਰ ਇਹ ਤਾਂ ਬਹੁਤ ਹੀ ਚੰਗੇ ਅੰਕਲ ਹਨ। ਮੈਨੂੰ ਐਵੇਂ ਹੀ ਡਰਾਉਂਦੇ ਰਹੇ ਤੇ ਮੈਂ ਐਵੇਂ ਡਰਦਾ ਰਿਹਾ।

ਸ਼ੇਰਨੀ ਇਹ ਸਾਰਾ ਦ੍ਰਿਸ਼ ਵੇਖ ਰਹੀ ਸੀ। ਉਸ ਨੇ ਆਉਂਦੇ ਹੀ ਸ਼ੇਰ ਨੂੰ ਗੁੱਸੇ 'ਚ ਕਿਹਾ, "ਮੈਂ ਤੁਹਾਨੂੰ ਸ਼ਿਕਾਰ ਕਰਨ ਭੇਜਿਆ ਸੀ ਤੇ ਤੁਸੀਂ ਲੇਲੇ ਨਾਲ ਗੱਲਾਂ ਮਾਰ ਕੇ ਆ ਗਏ! ਮੈਨੂੰ ਕਿੰਨੀ ਭੁੱਖ ਲੱਗੀ ਐ ਤੇ ਤੁਸੀਂ ਕੂਲਾ ਕੂਲਾ ਲੇਲਾ ਛੱਡ ਦਿੱਤਾ।" "ਓ ਭਾਗਵਾਨੇ ਤੂੰ ਤਾਂ ਨਿਰੀ ਕਮਲੀ ਹੈਂ। ਅਗਲੇ ਹਫ਼ਤੇ ਜੰਗਲ ਵਿੱਚ ਚੋਣਾਂ ਹਨ। ਆਪਾਂ ਚੋਣਾਂ ਜਿੱਤ ਕੇ ਜਨਤਾ ਨੂੰ ਹੀ ਖਾਣਾ ਹੈ..." ਇਹ ਸੁਣ ਕੇ ਸ਼ੇਰਨੀ ਵੀ ਮੁਸਕੁਰਾਉਣ ਲੱਗੀ।

- ਡਾ. ਅਮਰੀਕ ਸਿੰਘ ਕੰਡਾ

## ਨੂਰਾਨੀ ਚਿਹਰਾ

ਮੈਨੂੰ ਜੰਗਲਾਤ ਮਹਿਕਮੇ ਵਿੱਚ ਨੌਕਰੀ 'ਤੇ ਆਇਆਂ ਤਿੰਨ ਕੁ ਮਹੀਨੇ ਹੋਏ ਸਨ। ਪਹਿਲੀ ਤਨਖ਼ਾਹ ਵੀ ਨਹੀਂ ਸੀ ਮਿਲੀ। ਇੱਕ ਦਿਨ ਆਮ ਚੈਕਿੰਗ ਦੌਰਾਨ ਵੇਖਿਆ ਕਿ ਕੁਝ ਬੰਦੇ ਨਹਿਰ ਦੀ ਜ਼ਮੀਨ ਵਿੱਚ ਟਿਊਬਵੈੱਲ ਵਾਸਤੇ ਕਮਰਾ ਬਣਾ ਰਹੇ ਸਨ। ਪੁੱਛਣ 'ਤੇ ਪਤਾ ਲੱਗਿਆ ਕਿ ਇਹ ਜ਼ਮੀਨ ਬਾਬਾ ਮੰਗਲ ਦਾਸ ਦੀ ਹੈ ਤੇ ਉਸ ਦੇ ਹੁਕਮ 'ਤੇ ਇਹ ਕਮਰਾ ਬਣ ਰਿਹਾ ਹੈ। ਉਨ੍ਹਾਂ ਨੇ ਫੋਨ ਕਰਕੇ ਬਾਬੇ ਨੂੰ ਬੁਲਾ ਲਿਆ। ਭਾਰੇ ਜਿਹੇ ਸਰੀਰ ਵਾਲਾ ਬਾਬਾ ਵੱਡੀ ਸਾਰੀ ਗੱਡੀ ਵਿੱਚ ਪੰਜ ਸੱਤ ਵਿਹਲੜ ਲੈ ਕੇ ਉੱਥੇ ਆ ਗਿਆ। ਉਸ ਨੇ ਮੈਨੂੰ ਸਾਹਮਣੇ ਬਣੇ ਕਮਰੇ ਵਿੱਚ ਬੁਲਾ ਲਿਆ ਅਤੇ ਸਾਫ਼ ਸ਼ਬਦਾਂ ਵਿੱਚ ਬੋਲਿਆ, "ਵੇਖ ਕਾਕਾ, ਡੀਸੀ ਤੋਂ ਲੈ ਕੇ ਮੰਤਰੀ ਤਕ ਸਾਡੀ ਪਹੁੰਚ ਐ। ਮਾੜਾ ਜਿਹਾ ਫੋਨ ਕਰਨ ਦੀ ਲੋੜ ਐ ਤੇਰਾ ਨੁਕਸਾਨ ਹੋ ਸਕਦਾ। ਪਿੰਡ ਦੇ ਛੱਪੜ ਦੀ ਪੂਰੀ ਅਤੇ ਸਕੂਲ ਦੀ ਅੱਧੀ ਜ਼ਮੀਨ ਪੰਚਾਇਤ ਨੇ ਸਾਨੂੰ ਦੇ ਰੱਖੀ ਐ। ਇਲਾਕੇ ਦਾ ਕੋਈ ਵੀ ਬੰਦਾ ਸਾਡੇ ਅੱਗੇ ਬੋਲਣ ਦੀ ਹਿੰਮਤ ਨਹੀਂ ਕਰਦਾ। ਦੋ ਚਾਰ ਦਿਨ ਆਸੇ ਪਾਸੇ ਹੋ ਜਾ ਚੰਗਾ ਰਹੂ, ਸਾਨੂੰ ਰੋਕਣਾ ਤੇਰੇ ਵੱਸ ਨਹੀਂ।" ਬਾਬੇ ਨੇ ਆਪਣੇ ਖੀਸੇ ਵਿੱਚ ਹੱਥ ਪਾ ਕੇ ਰੁੱਗ ਭਰ ਕੇ ਨੋਟ ਮੇਰੀ ਜੇਬ ਵਿੱਚ ਪਾ ਦਿੱਤੇ, "ਸਿਰੋਪਾ ਸਮਝ ਕੇ ਰੱਖ ਲੈ। ਨਹੀਂ ਤਾਂ ਰਿਸ਼ਵਤ ਦਾ ਕੇਸ ਵੀ ਬਣ ਸਕਦਾ।"

ਮੈਂ ਆਪਣੀ ਲਾਚਾਰੀ ਅਤੇ ਭ੍ਰਿਸ਼ਟ ਤੇ ਚਾਪਲੂਸ ਤੰਤਰ ਨੂੰ ਵੇਖ ਕੇ ਨੀਵੀਂ ਪਾਈ ਤੁਰ ਪਿਆ। "ਮੁੰਡਿਓ ਕੰਮ ਕਰੋ। ਇਹ ਤਾਂ ਆਪਣਾ ਬੰਦਾ ਐ...ਚੰਗਾ।" ਕਹਿੰਦਾ ਹੋਇਆ ਬਾਬਾ ਗੱਡੀ ਵਿੱਚ ਜਾ ਬੈਠਾ। "ਬੰਤਿਆ, ਮੈਂ ਤੈਨੂੰ ਕਿਹਾ ਸੀ ਨਾ ਬਈ ਬਾਬਾ ਜੀ ਦੇ ਚਿਹਰੇ ਦਾ ਨੂਰ ਕੋਈ ਵੀ ਝੱਲ ਨਹੀਂ ਸਕਦਾ। ਨਿਰਾ ਨੂਰਾਨੀ ਚਿਹਰਾ।" ਇੱਕ ਕਾਮਾ ਦੂਜੇ ਨੂੰ ਕਹਿ ਰਿਹਾ ਸੀ। ਮੈਨੂੰ ਉਨ੍ਹਾਂ ਦੀ ਅੰਨ੍ਹੀ ਸ਼ਰਧਾ 'ਤੇ ਤਰਸ ਆ ਰਿਹਾ ਸੀ ਜੋ ਕਾਲਾ ਚਿਹਰਾ ਪਛਾਣਨ ਦੀ ਨਜ਼ਰ ਨਹੀਂ ਰੱਖਦੇ ਸਨ ਜਾਂ ਮੇਰੇ ਵਾਂਗ ਮਜਬੂਰੀ ਮਾਰੇ ਕਹਿ/ਕਰ ਰਹੇ ਸਨ।

- ਗੁਰਮੀਤ ਮਰਾੜ੍ਹ

## ਕੈਲਕੂਲੇਟਰ

ਘਰ ਵਿਆਹ ਦਾ ਪ੍ਰੋਗਰਾਮ ਹੋਣ ਕਰਕੇ ਅਸੀਂ ਕੁੱਕ ਵੱਲੋਂ ਲਿਖਿਆ ਸਾਮਾਨ ਲੈਣ ਲਈ ਰਾਸ਼ਨ ਵਾਲੀ ਇੱਕ ਵੱਡੀ ਦੁਕਾਨ 'ਤੇ ਗਏ। ਜਾਣਕਾਰਾਂ ਦੇ ਦੱਸਣ ਮੁਤਾਬਿਕ ਇਸ ਦੁਕਾਨ ਦੇ ਰੇਟ ਵੀ ਜਾਇਜ਼ ਹਨ ਤੇ ਸਾਮਾਨ ਵੀ ਵਧੀਆ ਮਿਲ ਜਾਂਦਾ ਹੈ। ਅਸੀਂ ਦੁਕਾਨ 'ਤੇ ਜਾ ਕੇ ਦੇਖਿਆ ਤਾਂ ਉੱਥੇ ਬਹੁਤ ਭੀੜ ਲੱਗੀ ਹੋਈ ਸੀ। ਮੈਨੂੰ ਜਾਣਕਾਰਾਂ ਦੀ ਕਹੀ ਗੱਲ ਸੱਚ ਜਾਪੀ। ਅਸੀਂ ਵਿਹਲ ਦੇਖ ਕੇ ਰਾਸ਼ਨ ਵਾਲੀ ਪਰਚੀ ਦੁਕਾਨਦਾਰ ਨੂੰ ਦੇ ਦਿੱਤੀ। ਅੱਗੋਂ ਦੁਕਾਨਦਾਰ ਨੇ ਕਿਹਾ ਕਿ ਤੁਸੀਂ ਘੰਟੇ ਤਕ ਆ ਜਾਉ, ਅਸੀਂ ਸਾਮਾਨ ਪੈਕ ਕਰਵਾ ਕੇ ਰੱਖ ਦਿੰਦੇ ਹਾਂ। ਅਸੀਂ ਪਰਚੀ ਦੇ ਕੇ ਬਾਜ਼ਾਰ ਵਿੱਚ ਹੋਰ ਖ਼ਰੀਦਦਾਰੀ ਕਰਨ ਲਈ ਚਲੇ ਗਏ। ਜਦੋਂ ਘੰਟੇ ਬਾਅਦ ਪਹੁੰਚੇ ਤਾਂ ਸਾਡਾ ਸਾਮਾਨ ਪੈਕ ਹੋ ਗਿਆ ਸੀ। ਸਾਡੇ ਖੜ੍ਹੇ ਖੜ੍ਹੇ ਦੁਕਾਨਦਾਰ ਨੇ ਰਾਸ਼ਨ ਵਾਲੀ ਪਰਚੀ ਸਮੇਤ ਰੇਟ ਤਿਆਰ ਕਰ ਦਿੱਤੀ ਤੇ ਪੈਸਿਆਂ ਦਾ ਜੋੜ ਲਾਉਣ ਲੱਗੇ ਕੈਲਕੁਲੇਟਰ ਦੀ ਵਰਤੋਂ ਕੀਤੀ ਹੀ ਨਹੀਂ। ਇਹ ਸਭ ਦੇਖ ਕੇ ਮੈਂ ਹੈਰਾਨ ਹੋਇਆ। ਮੈਂ ਕਾਊਂਟਰ 'ਤੇ ਧਿਆਨ ਮਾਰਿਆ ਤਾਂ ਮੈਨੂੰ ਕੈਲਕੂਲੇਟਰ ਨਜ਼ਰ ਨਹੀਂ ਆਇਆ। ਮੈਂ ਦੁਕਾਨਦਾਰ ਤੋਂ ਪੁੱਛ ਹੀ ਲਿਆ, "ਭਾਈ ਸਾਹਿਬ, ਤੁਸੀਂ ਕੈਲਕੂਲੇਟਰ ਦੀ ਵਰਤੋਂ ਨਹੀਂ ਕਰਦੇ?" ਉਸ ਨੇ ਨਿਮਰਤਾ ਸਹਿਤ ਜਵਾਬ ਦਿੱਤਾ, "ਕੀ ਲੋੜ ਹੈ ਜੀ! ਆਦਤ ਹੈ, ਜਿਵੇਂ ਪਾ ਲਈਏ ਪੈ ਜਾਂਦੀ ਹੈ। ਜੇ ਆਦਤ ਪੈ ਗਈ ਤਾਂ ਦੋ ਅਤੇ ਦੋ ਚਾਰ ਕਰਨ ਲਈ ਵੀ ਕੈਲਕੂਲੇਟਰ ਦੀ ਲੋੜ ਮਹਿਸੂਸ ਹੋਣ ਲੱਗ ਜਾਂਦੀ ਹੈ।" ਇਹ ਸੁਣ ਕੇ ਮੈਨੂੰ ਬਹੁਤ ਵੱਡੀ ਸਿੱਖਿਆ ਮਿਲੀ ਸੀ। - ਜੀਤ ਹਰਜੀਤ

– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ–33

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਰਾਮਾਨੰਦ ਜੀ ਬਾਰੇ ਕੀਤੀ ਚਰਚਾ ਵਿੱਚ ਸਾਹਮਣੇ ਆਏ ਪ੍ਰਮਾਣਾਂ ਤੋਂ ਦੇਖਿਆ ਜਾ ਸਕਦਾ ਹੈ ਕਿ ਕਬੀਰ ਜੀ ਦੇ ਚਲਾਣੇ ਦਾ ਸੰਮਤ ਸਭਨਾਂ ਮੁੱਖ ਸੰਸਥਾਵਾਂ ਅਤੇ ਵੱਡੇ ਵਿਦਵਾਨਾਂ ਨੇ 1575 ਮੰਨਿਆ ਹੈ। ਇਕ ਦੋ ਲੇਖਕਾਂ ਨੇ ਕਿਹਾ ਸੀ– ਇਹ ਸੰਮਤ ਕਬੀਰ ਪੰਥੀ ਲਹਿਣਾ ਸਿੰਘ ਦੇ ਲਿਖਣ ਪਿੱਛੋਂ ਪ੍ਰਚੱਲਤ ਹੋਇਆ। ਅੱਖਾਂ ਖੋਲ੍ਹਕੇ ਦੇਖਿਆ ਜਾ ਸਕਦਾ ਹੈ, ਇਸ ਸੰਮਤ ਦੀ ਵਰਤੋਂ ਧਰਮ ਦਾਸ, ਕਬੀਰ ਜੀ ਦੇ ਪਹਿਲੇ ਚੇਲੇ ਦੇ ਸਮੇਂ ਤੋਂ ਹੋ ਰਹੀ ਹੈ। ਕਬੀਰ ਕਸਉਟੀ 1906 ਵਿੱਚ ਛਪੀ ਸੀ। 1888 ਵਿੱਚ ਲਿਖੇ ਕਬੀਰ ਮਨਸੂਰ ਗ੍ਰੰਥ ਵਿੱਚ ਭੀ ਇਹੋ ਲਿਖਿਆ ਹੈ। ਸਿਕੰਦਰ ਲੋਧੀ ਵੱਲੋਂ ਕਬੀਰ ਜੀ ਨੂੰ ਦੁਖੀ ਕਰਨ ਦੀ ਘਟਨਾ, ਪੁਰਾਤਨ ਤੋਂ ਪੁਰਾਤਨ ਗ੍ਰੰਥਾਂ, ਗਰੀਬ ਦਾਸ, ਰਾਘੋ ਦਾਸ ਜੀ ਦੀ ਲਿਖੀ ਮਿਲਦੀ ਹੈ।**

## ਸਰਵੇ ਆਫ਼ ਇੰਡੀਆ ਅਤੇ ਬਿਜਲੀ ਖਾਂ ਦਾ ਮਕਬਰਾ:

ਸ਼ਿਆਮ ਸੁੰਦਰ ਦਾਸ ਜੀ ਨੇ ਕਬੀਰ ਜੀ ਬਾਰੇ ਬਿਜਲੀ ਖਾਂ ਦੇ ਬਣਾਏ ਮਕਬਰੇ ਦਾ ਵਰਨਣ ਕੀਤਾ ਹੈ। ਇਸ ਉਪਰ ਕਦੇ ਗਲਤ ਮਲਤ ਸੰਮਤ ਜੋ ਖੁਦਵਾਵਿਆ ਗਿਆ, ਕਿਹਾ ਜਾਂਦਾ ਸੀ ਉਸ ਬਾਰੇ ਗਲਤ ਸੂਚਨਾ ਆਰਿਕਿਆਲੋਜੀਕਲ ਸਰਵੇ ਆਫ਼ ਇੰਡੀਆ* ਵਿੱਚ ਦਿੱਤੀ ਗਈ ਹੈ ਕਿ ਇਹ ਰੋਜ਼ਾ (ਯਾਦਗਾਰੀ ਸਥਾਨ) ਸੰਨ 1450 ਸੰਮਤ 1507 ਵਿੱਚ ਸਥਾਪਤ ਕੀਤਾ ਗਿਆ ਸੀ, ਜਿਸ ਨੂੰ ਬਾਅਦ ਵਿੱਚ ਸੰਨ 1577 ਵਿੱਚ ਨਵਾਬ ਫਿਦਾਈ ਖਾਂ ਨੇ ਮੁਰੰਮਤ ਕਰਾਕੇ ਠੀਕ ਕਰਾਇਆ। ਇਸੇ ਸੂਚਨਾ ਦੇ ਅਧਾਰ ਉੱਤੇ ਕੁਝ ਵਿਦਵਾਨਾਂ ਨੇ ਕਬੀਰ ਜੀ ਦਾ ਚਲਾਣਾ 1507 ਸੰਮਤ (ਸੰਨ 1450) ਵਿੱਚ ਹੋਇਆ ਸਿੱਧ ਕਰਨ ਦੇ ਅਕਾਰਥ ਯਤਨ ਕੀਤੇ ਹਨ। ਇਸ ਰਿਪੋਰਟ ਦੇ ਗਲਤ ਹੋਣ ਬਾਰੇ ਮੁੱਖ ਗੱਲਾਂ ਇਹ ਹਨ:

1. ਰੋਜ਼ੇ ਉੱਤੇ ਲਿਖੀ ਲਿਖਤ ਦਾ ਕੋਈ ਨਿਸ਼ਾਨ ਮਾਤਰ ਨਹੀਂ।
2. ਰੋਜ਼ੇ ਵਿੱਚ ਕਬੀਰ ਜੀ ਦੇ ਚਲਾਣੇ ਬਾਰੇ ਕੋਈ ਸੰਕੇਤ ਨਹੀਂ।
3. ਰੋਜ਼ਾ ਬਣਾਉਣ ਬਾਰੇ ਬਿਜਲੀ ਖਾਂ ਵੱਲੋਂ ਬਣਾਏ ਜਾਣ ਦੀ ਸੂਚਨਾ ਕਿਸੇ ਪਹਿਲੀ ਲਿਖਤ ਦੇ ਆਧਾਰ ਉੱਤੇ ਨਹੀਂ, ਪਿਛਲੀ ਲਿਖਤ ਸੁਣੀ ਸੁਣਾਈ ਹੀ ਅੱਗੇ ਚਲਾਈ ਜਾਂਦੀ ਰਹੀ ਹੈ।

ਰਾਮ ਕੁਮਾਰ ਵਰਮਾ ਨੇ ਦੂਜਾ ਸੰਮਤ ਦੱਸ ਕੇ ਕਾਫੀ ਖਿੱਚ ਧੂਹ ਕਰਦਿਆਂ ਕਬੀਰ ਜੀ ਨੂੰ ਸਿਕੰਦਰ ਨਾਲ ਮਿਲਣਾ ਭੀ ਸੰਭਵ ਕਰਾਰ ਦਿੱਤਾ ਹੈ। ਪ੍ਰੰਤੂ ਇਹ ਸੰਮਤ ਕਬੀਰ ਪੰਥੀਆਂ ਪ੍ਰਵਾਨ ਨਹੀਂ ਕੀਤਾ। ਰਾਮ ਕੁਮਾਰ ਜੀ ਦੇ ਪੇਸ਼ ਕੀਤੇ ਗਏ ਮੱਤ ਤੋਂ ਇਲਾਵਾ ਇਸ ਰਿਪੋਰਟ ਦਾ ਹੋਰ ਵਿਦਵਾਨਾਂ ਨੇ ਭੀ ਕਈ ਦਲੀਲਾਂ ਦੇ ਕੇ ਖੰਡਨ ਕੀਤਾ ਹੈ। ਜਿਨ੍ਹਾਂ ਵਿੱਚ ਕਬੀਰ ਜੀ ਦੇ ਸਿਕੰਦਰ ਲੋਧੀ ਸਮੇਂ ਹੋਣ ਦੇ ਇਤਿਹਾਸਕ ਤੱਥ ਵਧੇਰੇ ਨਿੱਗਰ ਸਬੂਤ ਹਨ, ਸਿਕੰਦਰ ਲੋਧੀ ਦੇ ਵਰਤਾਏ ਸਾਕੇ, ਕਬੀਰ ਜੀ ਦੇ ਸਮਕਾਲੀ ਚੇਲੇ, ਧਰਮ ਦਾਸ ਨੇ ਭੀ ਲਿਖੇ ਹਨ**। ਰਾਮਾਨੰਦ ਜੀ ਦੇ ਸ਼ਿਸ਼ ਹੋਣ ਤੇ ਉਨ੍ਹਾਂ ਦੇ ਗੁਰਭਾਈ ਹੋਣ ਦੇ ਰਵਿਦਾਸ, ਸੈਣ ਆਦਿ ਭਗਤਾਂ ਨਾਲ ਹੋਏ ਸੰਬਾਦ ਤੋਂ ਉਨ੍ਹਾਂ ਦੇ ਸਮੇਂ ਦੇ ਫ਼ਕੀਰ ਤਕੀ*** ਨਾਲ ਹੋਏ ਵਾਰਤਾਲਾਪ (ਗੋਸ਼ਟੀਆਂ) ਪ੍ਰਸਿੱਧ ਹਨ। ਜਿਨ੍ਹਾਂ ਸਾਹਮਣੇ ਸਰਵੇ ਆਫ਼ ਇੰਡੀਆ ਦਾ ਅਸਪੱਸ਼ਟ ਸੰਕੇਤ ਟਿਕ ਨਹੀਂ ਸਕਦਾ। ਰਾਮ ਚੰਦਰ ਸ਼ੁਕਲਾ ਜੀ ਧਰਮ ਦਾਸ ਬਾਰੇ ਲਿਖਦੇ ਹਨ:

ਯਹਿ ਬਾਧਵਗੜ੍ਹ ਕੇ ਰਹਿਨੇ ਵਾਲੇ ਜਾਤੀ ਕੇ ਬਨੀਏ ਥੇ, ਜੋ ਕਬੀਰ ਸੇ ਦੀਖਸ਼ਾਂ ਲੇਕਰ ਉਨਕੇ ਪ੍ਰਧਾਨ ਸ਼ਿਸ਼ੋਂ ਮੇਂ ਹੋ ਗਏ, ਅੰਤ ਮੇਂ ਕਬੀਰ ਸੇ ਸਤਿਨਾਮ ਕੀ ਦੀਖਸ਼ਾ ਲੇਕਰ ਸੰਬਤ 1575 ਮੇਂ ਕਬੀਰ ਦਾਸ ਕੇ ਪ੍ਰਲੋਕ ਵਾਸ ਪਰ ਉਨ ਕੀ ਗੱਦੀ ਇਨ੍ਹੀਂ ਕੋ ਮਿਲੀ।


(ਹਿੰਦੀ ਸਾਹਿਤ ਕਾ ਇਤਿਹਾਸ ਸਫ਼ਾ 73)

ਰਾਮਾਨੰਦ ਜੀ ਬਾਰੇ ਕੀਤੀ ਚਰਚਾ ਵਿੱਚ ਸਾਹਮਣੇ ਆਏ ਪ੍ਰਮਾਣਾਂ ਤੋਂ ਦੇਖਿਆ ਜਾ ਸਕਦਾ ਹੈ ਕਿ ਕਬੀਰ ਜੀ ਦੇ ਚਲਾਣੇ ਦਾ ਸੰਮਤ ਸਭਨਾਂ ਮੁੱਖ ਸੰਸਥਾਵਾਂ ਅਤੇ ਵੱਡੇ ਵਿਦਵਾਨਾਂ ਨੇ 1575 ਮੰਨਿਆ ਹੈ। ਇਕ ਦੋ ਲੇਖਕਾਂ ਨੇ ਕਿਹਾ ਸੀ– ਇਹ ਸੰਮਤ ਕਬੀਰ ਪੰਥੀ ਲਹਿਣਾ ਸਿੰਘ ਦੇ ਲਿਖਣ ਪਿੱਛੋਂ ਪ੍ਰਚੱਲਤ ਹੋਇਆ। ਅੱਖਾਂ ਖੋਲ੍ਹਕੇ ਦੇਖਿਆ ਜਾ ਸਕਦਾ ਹੈ, ਇਸ ਸੰਮਤ ਦੀ ਵਰਤੋਂ ਧਰਮ ਦਾਸ, ਕਬੀਰ ਜੀ ਦੇ ਪਹਿਲੇ ਚੇਲੇ ਦੇ ਸਮੇਂ ਤੋਂ ਹੋ ਰਹੀ ਹੈ। ਕਬੀਰ ਕਸਉਟੀ 1906 ਵਿੱਚ ਛਪੀ ਸੀ। 1888 ਵਿੱਚ ਲਿਖੇ ਕਬੀਰ ਮਨਸੂਰ ਗ੍ਰੰਥ ਵਿੱਚ ਭੀ ਇਹੋ ਲਿਖਿਆ ਹੈ। ਸਿਕੰਦਰ ਲੋਧੀ ਵੱਲੋਂ ਕਬੀਰ ਜੀ ਨੂੰ ਦੁਖੀ ਕਰਨ ਦੀ ਘਟਨਾ, ਪੁਰਾਤਨ ਤੋਂ ਪੁਰਾਤਨ ਗ੍ਰੰਥਾਂ, ਗਰੀਬ ਦਾਸ, ਰਾਘੋ ਦਾਸ ਜੀ ਦੀ ਲਿਖੀ ਮਿਲਦੀ ਹੈ। ਗੰਗਾ ਸ਼ਰਣ ਸ਼ਾਸਤ੍ਰੀ, ਕਬੀਰ ਪੰਥੀ ਨੇ, ਕਈ ਗ੍ਰੰਥਾਂ ਦੇ ਪ੍ਰਮਾਣ ਦਿੰਦੇ ਹੋਏ, ਕਬੀਰ ਜੀਵਨ ਦਰਸ਼ਨ ਗ੍ਰੰਥ ਵਿੱਚ ਇਸੇ ਸੰਮਤ ਦੀ ਪ੍ਰਪੱਕਤਾ ਨੂੰ ਨਿਰਸੰਸੇ ਕੀਤਾ ਹੈ:

ਇਸੀ ਪ੍ਰਕਾਰ ਸੇ ਲੋਗੋਂ ਕਾ ਮਤ ਹੈ ਕਿ ਸਦਗੁਰ ਕਬੀਰ ਔਰ ਸਿਕੰਦਰ ਲੋਧੀ ਮੇਂ ਮੁਲਾਕਾਤ ਨਹੀਂ ਹੂਈ ਥੀ, ਪਰ ਯਹ ਉਨ ਮਹਾਸ਼ੋਂ ਕੀ ਮਹਾਨ ਭੂਲ ਹੈ, ਕਿਉਂਕਿ ਅੰਤਰ ਬਾਹਰ ਸੇ ਬਹੁਤ ਪ੍ਰਮਾਣ ਹੈ। ਜੋ ਕਹਿਤੇ ਹੈਂ ਕਿ ਸਦਗੁਰੂ ਕਬੀਰ ਕੋ ਸਿਕੰਦਰ ਲੋਧੀ ਨੇ ਕਸ਼ਟ ਦੀਆ ਥਾ ਔਰ ਬਾਦ ਮੇਂ ਉਨਕਾ ਮਤ ਸਵੀਕਾਰ ਕਰ ਲੀਆ ਥਾ। ਜਿਨਕੀ ਚਰਚਾ ਕਬੀਰ ਚੌਰਾ ਕੀ ਬੀਜਕ ਸ਼ਬਦਾਵਲੀ ਮੇਂ ਹੂਆ ਹੈ। ਉਨਕੇ ਅਨੁਰੂਪ ਸ਼ਾਹ ਸਿਕੰਦਰ ਜਲ ਮੇਂ ਬੋਰੇ ਬਹੁਰ ਅਗਨ ਪਰ ਜਾਰੇ। ਮਸਤ ਹਾਥੀ ਅਨਿ ਝੁਕਾਉ ਸਿੰਹ ਰੂਪ ਦਿਖਲਾਏ।

ਬਾਹਰੀ ਪ੍ਰਮਾਣੋਂ ਸੇ ਭੀ ਸਿੱਧ ਹੋਤਾ ਹੈ ਕਿ ਸਿਕੰਦਰ ਲੋਧੀ ਸੇ ਗੁਰਦੇਵ ਕਬੀਰ ਕੀ ਮੁਲਾਕਾਤ ਹੂਈ ਥੀ:

(1) ਏਕ ਸਮਯ ਐਸੀ ਹੈ ਆਈ।
ਬਿਧੀ ਸੰਯੋਗ ਨਾ ਮੇਟਿਓ ਜਾਈ।
ਸਿਆਹ (ਸ਼ਾਹ) ਸਿਕੰਦਰ ਕਾਂਸ਼ੀ ਆਇਆ।
ਕਾਜ਼ੀ ਮੁਲਾ ਕੇ ਮਨ ਭਾਇਆ।
ਚਲੇ ਫਿਰਾਦੀ ਬਾਰ ਨਾ ਲਾਈ।
ਬਾਮਨ ਬਣੀਆ ਮਿਲਿਆ ਜਾਈ।
ਅਰ ਕਬੀਰ ਕੀ ਮਾਤਾ ਦੋਰੀ।




ਸਮਝੋ ਨਹੀਂ ਭਾਈ ਮਤ ਬੋਰੀ।
ਸਭ ਮਿਲ ਆਤੁਰ ਜਾਏ ਪੁਕਾਰਾ।
ਜਾਨਕ ਉਨਕਾ ਮਾਨਸ ਮਾਰਾ।
ਕਬੀਰ ਕੀ ਰੱਖਿਆ ਕਰੇ ਭਗਵੰਤ।
ਸੋ ਜਸ ਗਾਵੈ ਦਾਸ ਅਨੰਤ।

(2) ਮਾਨਕਿ ਪੁਰਹਿ ਕਬੀਰ ਬਸੇਰੀ।
ਮਦਹਤਿ ਸੁਨੀ ਸ਼ੇਖ ਤਕੀ ਕੇਰੀ॥
ਊਜੀ ਸੁਨੀ ਜੌਨਪੁਰ ਥਾਨਾ। ਝੂੰਸੀ ਸੁਨਿ ਪੀਰਨ ਕੇ ਨਾਮਾ॥ (ਬੀਜਕ ਵਿੱਚੋਂ)

(ਹਿੰਦੀ ਸਾਹਿਤ ਕਾ ਇਤਿਹਾਸ, ਰਾਮ ਚੰਦਰ ਸ਼ੁਕਲ ਸਫ਼ਾ 99)

ਸਿਆਹ ਸਿਕੰਦਰ ਤੂੰ ਜੀਵੇਂ ਮੇਟ ਹਮਾਰੀ ਪੀਰ।
ਐਸੀ ਕਾਹੂ ਨਾ ਕੀਨੀ ਜੈਸੀ ਕਰੀ ਕਬੀਰ॥

(ਅਨੰਤ ਦਾਸ ਜੀ ਪਰਚੀਆਂ, ਸੇਵਾ ਦਾਸ ਕੀ ਬਾਣੀ ਅੰਤ੍ਰਗਤ ਬਿ. ਸੰ 1645)

(3) ਦੇਖਿਕੇ ਪ੍ਰਭਾਵ ਫੇਰ ਉਪਜਿਉ ਅਭਾਵ ਦ੍ਵਿਜ, ਆਯੋ ਪਾਦਸ਼ਾਹ ਸੋ ਸਿਕੰਦਰ ਸੁਨਾਥ ਹੈ।
ਬਿਮੁਖ ਸਮੂਹ ਸੰਗ ਮਾਤਾ ਹੂ ਮਿਲਾਇ ਲਈ, ਜਾਇਕੈ ਪੁਕਾਰੇ ਸੂ ਦੁਖਾਉ ਸਭ ਗਾਵ ਹੈ।
ਲਿਆਵੋ ਰੇ ਪਕਰ ਬਾਕੇ ਦੇਖੇ ਜੋ ਮਕਰ ਕੈਸੋ ਅਕੜ ਮਿਟਾਉ ਗਾਡੇ, ਜਕਰਤ ਨਾਵ ਹੈ।
ਆਨ ਠਾਡ ਕੀਏ ਕਾਜੀ ਕਰਤ ਸਲਾਮ ਕਰੇ, ਜਾਨੇ ਨਾ ਸਲਾਮ ਜਾਨੇ ਰਾਮ ਗਾਡੇ ਪਾਂਵ ਹੈ।

(ਨਾਭਾ ਜੀ ਕੀ ਭਕਤਮਾਲ ਕੇ ਟੀਕਾਕਾਰ ਸ੍ਰੀ ਪ੍ਰਿਯਾਦਾਸ ਕ੍ਰਿਤ ਟੀਕਾ ਸੋ ਯਹਿ ਲੀਆ ਗਿਆ)
(ਤੇਜ ਕੁਮਾਰ ਬੁੱਕ ਡਿਪੋ, ਉਤਰਾਧਿਕਾਰੀ ਨਵਲ ਕਿਸ਼ੋਰ ਪ੍ਰੈਸ ਬੁੱਕ ਡਿਪੋ, ਲਖਨਊ, ਰਚਨ ਕਾਲ 1666)

(4) ਕਾਸ਼ੀ ਮਾਹਿ ਸਿਕੰਦਰ ਤਮਕਯੋ ਗਲ ਮੇ ਡਾਲ ਜੰਜੀਰ ਕਾ।
ਜਿਨਕੋ ਆਨ ਮਿਲੇ ਪਰਮੇਸ਼ਰ ਬੰਧਨ ਕਾਟਿ ਕਬੀਰ ਕਾ।

(ਬਸ਼ਨਾ ਜੀ ਸੰਮਤ 1663 ਪ੍ਰਸੰਗ 148)

(5) ਅਗਨੀ ਨਾ ਜਾਲੈ ਨਹਿ ਪਾਣੀ ਡੂਬੇ ਝੜ ਝੜ ਪੜੇ ਜੰਜ਼ੀਰ।
**ਜਨ ਹਰੀਦਾਸ ਗੋਬਿੰਦ ਭਜੇ ਨਿਰਭੈ ਮਤੇ ਕਬੀਰ।**
ਮਾਰਿ ਮਾਰਿ ਕਾਜ਼ੀ ਕਰੈ ਕੁੰਜਰ ਬੰਦੇ ਪਾਵ।
ਜਨ ਹਰੀਦਾਸ ਕਬੀਰ ਕੁ ਲਗੈ ਨਾ ਤਾੜੀ ਵਾਇ॥

(ਸ਼੍ਰੀ ਹਰੀਦਾਸ ਮਹਾਰਾਜ ਕੀ ਬਾਣੀ ਸੰਮਤ 1963, ਮੇ ਪ੍ਰਕਾਸ਼ਿਤ ਪ.ਸ. 398)

ਚਲਦਾ......

----------

* ਆਰਿਕਿਆਲੋਜੀਕਲ ਸਰਵੇ ਆਫ਼ ਇੰਡੀਆ (ਨਿਊ ਸੀਰੀਜ਼) ਨਾਰਥ ਵੈਸਟਰਨ ਰੇਲਵੇ ਭਾਗ 2, ਸਫ਼ਾ 228

** ਯਹਿ ਬਾਤ ਪ੍ਰਸਿੱਧ ਹੈ ਕਿ ਕਬੀਰ ਦਾਸ ਜੀ ਸਿਕੰਦਰ ਲੋਧੀ ਕੇ ਸਮਯ ਮੇਂ ਹੂਏ ਥੇ ਔਰ ਉਸਕੇ ਕ੍ਰੋਧ ਕਾਰਨ ਉਨ੍ਹੇਂ ਕਾਂਸ਼ੀ ਛੋੜ ਕਰ ਮਗਹਰ ਜਾਨਾ ਪੜਾ ਥਾ (ਕਬੀਰ ਗ੍ਰੰਥਾਵਲੀ, ਸਫ਼ਾ 20)

*** ਵੈਰਾਗੀਉਂ ਕੀ ਪਰੰਪਰਾ ਮੇਂ ਰਾਮਾਨੰਦ ਜੀ ਕਾ ਮਾਨਕਪੁਰ ਕੇ ਸ਼ੇਖ ਪੀਰ ਕੇ ਸਾਥ ਵਾਦ–ਵਿਵਾਦ ਹੋਨਾ ਮਾਨਾ ਜਾਤਾ ਹੈ। ਯੇ ਸ਼ੇਖ ਤਕੀ ਦਿੱਲੀ ਕੇ ਬਾਦਸ਼ਾਹ ਸਿਕੰਦਰ ਕੋਧੀ ਕੇ ਪੀਰ (ਗੁਰੂ) ਥੇ ਔਰ ਉਨਹੀ ਕੇ ਕਹਿਨੇ ਸੇ ਕਬੀਰ ਕੋ ਜ਼ੰਜ਼ੀਰ ਸੇ ਬਾਂਧ ਕਰ ਗੰਗਾ ਮੇਂ ਡੁਬਾਯਾ ਥਾ। ਕਬੀਰ ਕੇ ਸ਼ਿਸ਼ ਧਰਮ ਦਾਸ ਨੇ ਭੀ ਇਸ ਘਟਨਾ ਕਾ ਉਲੇਖ ਇਸ ਪ੍ਰਕਾਰ ਕੀਆ ਹੈ: ਸ਼ਾਹ ਸਿਕੰਦਰ ਜਲ ਮੇਂ ਬੋਰੇ ਬਹੁਰ ਅਗਨ ਪਰ ਜਾਹੇਂ। ਸ਼ੇਖ ਤਕੀ ਔਰ ਕਬੀਰ ਕਾ ਸੰਬਾਦ ਪ੍ਰਸਿੱਧ ਹੀ ਹੈ। ਉਸੀ ਕੇ ਪੀਰ ਔਰ ਸ਼ੇਖ ਤਕੀ ਚਾਹੇ ਕਬੀਰ ਕੇ ਗੁਰੂ ਨਾ ਰਹੇ ਹੋਂ, ਪਰ ਉਨਕੇ ਸਤਿਸੰਤ ਸੇ ਬਹੁਤ ਸੀ ਬਾਤੇਂ ਸੀਖੀ। ਇਸ ਮੇਂ ਕੋਈ ਸੰਦੇਹ ਨਹੀਂ। ਕਬੀਰ ਨੇ ਸ਼ੇਖ ਤਕੀ ਕਾ ਨਾਮ ਲੀਯਾ ਹੈ, ਪਰ ਉਸ ਆਦਰ ਕੇ ਸਾਥ ਨਹੀਂ ਜਿਸ ਆਦਰ ਕੇ ਸਾਥ ਗੁਰੂ ਕਾ ਨਾਮ ਲੀਯਾ ਜਾਤਾ ਹੈ। ਜੋ– ਨਾਨਾ ਨਾਚ ਕਰਾਇਕੈ ਨਾਚੈ ਨਰ ਕੈ ਭੇਸ, ਘਟਿ ਘਟਿ ਮੇਂ ਅਵਿਨਾਸੀ ਵਸੈ ਸੁਨਹੁ ਤਕੀ ਤੁਮ ਸ਼ੇਖ। ਇਸ ਬਚਨ ਮੇਂ ਕਬੀਰ ਜੀ ਸ਼ੇਖ ਤਕੀ ਕੋ ਉਪਦੇਸ਼ ਦੇਤੇ ਪੜਤੇ ਹੈਂ। ਕਬੀਰ ਨੇ ਮੁਸਲਮਾਨ ਫਕੀਰੋਂ ਕਾ ਸਤਿਸੰਗ ਕੀਆ ਥਾ, ਇਸਕਾ ਉਲੇਖ ਉਨਹੋਂ ਨੇ ਕੀਆ ਹੈ। ਵੇ ਝੂੰਸੀ, ਜੋਨਪੁਰ, ਮਾਨਕਪੁਰ ਆਦਿ ਗਏ ਥੇ। ਜੋ ਮੁਸਲਮਾਨ ਫਕੀਰੋਂ ਕੇ ਪ੍ਰਸਿੱਧ ਸਥਾਨ ਹੈਂ।

(ਹਿੰਦੀ ਸਾਹਿਤਯ ਕਾ ਇਤਿਹਾਸ, ਰਾਮ ਚੰਦਰ ਸ਼ੁਕਲ)

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ




## ਸ੍ਰੀਨਗਰ

ਜੰਮੂ ਕਸ਼ਮੀਰ ਦੀ ਗਰਮੀਆਂ ਦੀ ਰਾਜਧਾਨੀ ਸ੍ਰੀਨਗਰ ਹੈ, ਜੋ ਦਰਿਆ ਜਿਹਲਮ ਦੇ ਕੰਢਿਆਂ 'ਤੇ ਵਸਿਆ ਹੋਇਆ ਹੈ। ਕਸ਼ਮੀਰ ਦੀ ਧਰਤੀ ਨੂੰ ਜਨਤੇ-ਬੇਨਜ਼ੀਰ ਵੀ ਆਖਿਆ ਜਾਂਦਾ ਹੈ। ਇਹ ਸਤ੍ਹਾ ਸਮੁੰਦਰ ਤੋਂ 5250 ਫੁੱਟ ਉੱਚਾ ਹੈ। ਇਸ ਸ਼ਹਿਰ ਵਿੱਚ ਗੁਰੂ ਨਾਨਕ ਸਾਹਿਬ, ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਸਾਹਿਬ ਦੇ ਮੁਬਾਰਕ ਕਦਮ ਪਏ ਹਨ। ਸ੍ਰੀ ਚੰਦ (ਬਾਬਾ) ਜੀ ਗੁਰੂ ਨਾਨਕ ਸਾਹਿਬ ਦੇ ਬੇਟੇ ਵੀ ਇਥੇ ਆਏ ਹਨ।

ਇਸ ਸ਼ਹਿਰ ਵਿੱਚ ਹਰੀ ਪਰਬਤ ਪਹਾੜ ਦੇ ਪੈਰਾਂ ਵਿੱਚ ਗੁਰਦੁਆਰਾ ਛੇਵੀਂ ਪਾਤਸ਼ਾਹੀ, ਕਾਠੀ-ਦਰਵਾਜ਼ਾ ਗੁਰੂ ਸਾਹਿਬ ਦੀ ਯਾਦ ਵਿੱਚ ਬਣਿਆ ਹੈ। ਗੁਰੂ ਹਰਿਗੋਬਿੰਦ ਸਾਹਿਬ ਖਾਂਪੁਰ ਸਰਾਂਏ ਤੋਂ ਚੱਲ ਕੇ ਇਥੇ ਆਏ ਸਨ। ਇਕ ਸੋਮੇ ਅਨੁਸਾਰ ਗੁਰੂ ਸਾਹਿਬ ਮਟਨ ਸਾਹਿਬ ਵੀ ਗਏ। ਗੁਰੂ ਸਾਹਿਬ ਨੇ ਕਾਫ਼ੀ ਸਮਾਂ ਸ਼ਾਲੀਮਾਰ ਬਾਗ ਵਿੱਚ ਨਿਵਾਸ ਰੱਖਿਆ। ਜਹਾਂਗੀਰ ਬਾਦਸ਼ਾਹ ਦਾ ਕੈਂਪ ਨਿਸ਼ਾਤ ਬਾਗ ਵਿੱਚ ਸੀ। ਸ਼ਾਲੀਮਾਰ ਬਾਗ ਵਿੱਚ ਹੀ ਮਲਕਾ ਨੂਰਜਹਾਂ, ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਪਣੀਆਂ ਸਖੀਆਂ ਸਮੇਤ ਆਈ ਸੀ।

ਸਿੱਖ ਤਵਾਰੀਖ ਅਨੁਸਾਰ ਗੁਰੂ ਸਾਹਿਬ ਨੇ ਕਾਠੀ ਦਰਵਾਜ਼ੇ ਕੋਲ ਆ ਕੇ ਮਾਤਾ ਭਾਗਭਰੀ (ਬੀਬੀ ਭਾਗੀ) ਨੂੰ ਦਰਸ਼ਨ ਦੇ ਕੇ ਉਸ ਦਾ ਚੋਲ੍ਹਾ ਸਵੀਕਾਰ ਕੀਤਾ। ਬੀਬੀ ਭਾਗਭਰੀ ਕਸ਼ਮੀਰ ਵਿੱਚ ਸਿੱਖੀ ਪ੍ਰਚਾਰ ਲਈ ਗੁਰੂ ਅਮਰਦਾਸ ਸਾਹਿਬ ਦੇ ਸਮੇਂ ਨਿਯੁਕਤ ਕੀਤੇ ਗਏ ਸਨ।

ਗੁਰੂ ਹਰਿਗੋਬਿੰਦ ਸਾਹਿਬ ਹਰੀ ਪਰਬਤ ਕਿਲ੍ਹੇ ਦੀ ਫਸੀਲ ਦੇ ਬਾਹਰ ਜਿਸ ਨੂੰ ਨਗਰ ਨਗਰਸ ਆਖਿਆ ਜਾਂਦਾ ਸੀ, ਉਥੇ ਬੈਠੇ। ਇਥੇ ਹੀ ਭਾਗਭਰੀ ਅਤੇ ਉਸ ਦੇ ਬੇਟੇ ਸੇਵਾਦਾਸ ਜੀ ਦੀ ਰਿਹਾਇਸ਼-ਗਾਹ ਸੀ। ਮਾਈ ਭਾਗਭਰੀ ਨੇ ਕਸ਼ਮੀਰੀ-ਕਢਾਈ ਅਤੇ ਹੱਥੀ ਸੂਤ ਕੱਤ ਕੇ ਗੁਰਬਾਣੀ ਦੇ ਸ਼ਬਦ ਪੜ੍ਹਦਿਆਂ, ਗੁਰੂ ਸਾਹਿਬ ਲਈ ਚੋਲ੍ਹਾ ਤਿਆਰ ਕੀਤਾ ਸੀ। ਜਦੋਂ ਗੁਰੂ ਸਾਹਿਬ ਨੇ ਮਾਈ ਤੋਂ ਚੋਲੇ ਦੀ ਮੰਗ ਕੀਤੀ, ਤਾਂ ਮਾਈ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਬਿਰਧ ਮਾਈ ਨੇ ਚੋਲਾ ਅਦਬ ਸਹਿਤ ਭੇਟ ਕੀਤਾ ਅਤੇ ਗੁਰੂ ਸਾਹਿਬ ਦੇ ਹੱਥਾਂ ਵਿੱਚ ਹੀ ਪ੍ਰਾਣ ਤਿਆਗੇ।

ਗੁਰੂ ਹਰਿਗੋਬਿੰਦ ਸਾਹਿਬ ਕਸ਼ਮੀਰ ਇਕ ਮਹੀਨੇ ਤੋਂ ਵੱਧ ਠਹਿਰੇ। ਰੋਜ਼ ਸੰਗਤਾਂ ਦੇ ਦੀਵਾਨ ਸਜਦੇ। ਗੁਰੂ ਸਾਹਿਬ ਨੇ ਅਨੇਕਾਂ ਪਤਿਤਾਂ ਨੂੰ ਸਿੱਖੀ ਕੁਟੰਬ ਵਿੱਚ ਸ਼ਾਮਿਲ ਕੀਤਾ। ਇਹ ਗੁਰਦੁਆਰਾ ਗੁਰੂ ਸਾਹਿਬ ਦੇ ਸਮੇਂ ਹੀ ਕਾਠੀ-ਦਰਵਾਜ਼ੇ ਵਿੱਚ ਬਣਾਇਆ ਗਿਆ ਸੀ। ਗੁਰੂ ਸਾਹਿਬ ਨੇ ਭਾਈ ਸੇਵਾ ਦਾਸ ਨੂੰ ਸਿੱਖੀ ਦਾ ਪ੍ਰਚਾਰਕ ਥਾਪਿਆ। ਇਕ ਸੋਮੇ ਮੁਤਾਬਕ ਗੁਰੂ ਸਾਹਿਬ ਕਾਠੀ ਦਰਵਾਜ਼ੇ ਕੋਲ 17 ਦਿਨ ਠਹਿਰੇ ਸਨ। ਮਾਈ ਭਾਗਭਰੀ ਦਾ ਸਸਕਾਰ ਵੀ ਗੁਰੂ ਸਾਹਿਬ ਨੇ ਆਪਣੇ ਹੱਥਾਂ ਨਾਲ ਕੀਤਾ। ਸਿੱਖ ਰਾਜ ਸਮੇਂ ਸ. ਹਰੀ ਸਿੰਘ ਨਲੂਆ (ਗਵਰਨਰ ਕਸ਼ਮੀਰ) ਨੇ ਇਸ ਗੁਰਦੁਆਰੇ ਦੀ ਇਮਾਰਤ ਦੀ ਤਾਮੀਰ ਕਰਾਈ। ਗੁਰ-ਦੁਆਰੇ ਨਾਲ ਹੀ ਗੁਰੂ ਕਾ ਬਾਗ ਹੈ, ਜੋ ਪਾਤਸ਼ਾਹੀ ਬਾਗ ਕਰਕੇ ਵੀ ਪ੍ਰਸਿੱਧ ਹੈ। ਗੁਰਦੁਆਰੇ ਦੀ ਨਵ-ਉਸਾਰੀ 1947 ਤੋਂ ਬਾਅਦ ਸਿੱਖ ਸੰਗਤਾਂ ਦੇ ਉੱਦਮ ਨਾਲ ਸ਼ੁਰੂ ਹੋਈ ਸੀ।

ਗੁਰਦੁਆਰਾ ਐਕਟ ਦੇ ਲਾਗੂ ਹੋਣ ਨਾਲ ਇਹ ਗੁਰਦੁਆਰਾ ਵੀ ਪੰਥ ਪ੍ਰਵਾਣਿਤ ਪ੍ਰਬੰਧਕ ਕਮੇਟੀਆਂ ਦੇ ਪ੍ਰਬੰਧ ਹੇਠ ਆ ਗਿਆ। ਇਸ ਗੁਰਦੁਆਰੇ ਨੂੰ ਪੰਥਕ ਪ੍ਰਬੰਧ ਹੇਠ ਲਿਆਉਣ ਲਈ ਕਸ਼ਮੀਰੀ ਸਿੱਖਾਂ ਨੂੰ ਭਾਰੀ ਸੰਘਰਸ਼ ਕਰਨਾ ਪਿਆ।

ਅਜੋਕੀ ਇਮਾਰਤ 1970 ਵਿੱਚ ਬਣੀ ਹੈ, ਜਿਸ ਵਿੱਚ ਦੀਵਾਨ ਹਾਲ, ਵਿੱਚਕਾਰ ਪ੍ਰਕਾਸ਼ ਅਸਥਾਨ ਹੈ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਕ ਪੁਰਾਤਨ ਖੂਹ ਵੀ ਹੈ, ਜੋ ਗੁਰੂ ਹਰਿਗੋਬਿੰਦ ਸਾਹਿਬ ਦਾ ਦੱਸਿਆ ਜਾਂਦਾ ਹੈ। ਨਵੇਂ ਗੁਰਦੁਆਰੇ ਦੀ ਇਮਾਰਤ ਬਾਬਾ ਹਰਬੰਸ ਸਿੰਘ (ਦਿੱਲੀ ਵਾਲੇ) ਸੇਵਾ ਵਾਲਿਆਂ ਦੇ ਉੱਦਮ ਨਾਲ ਬਣੀ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਜੰਮੂ-ਕਸ਼ਮੀਰ ਗੁਰਦੁਆਰਾ ਪ੍ਰਬੰਧਕ ਬੋਰਡ ਆਪਣੀ ਮੁਕਾਮੀ ਜ਼ਿਲ੍ਹਾ ਕਮੇਟੀ ਰਾਹੀਂ ਕਰਦੀ ਹੈ।

ਇਸ ਗੁਰਦੁਆਰੇ ਤੋਂ ਥੋੜ੍ਹੀ ਦੂਰੀ 'ਤੇ ਗੁਰੂ ਹਰਿਰਾਇ ਸਾਹਿਬ ਦਾ ਪੁਰਾਤਨ ਗੁਰਦੁਆਰਾ ਹੁੰਦਾ ਸੀ, ਜੋ ਕਸ਼ਮੀਰੀ ਸਿੱਖਾਂ ਦੀ ਅਣਗਹਿਲੀ ਤੇ ਲਾ-ਪ੍ਰਵਾਹੀ ਕਾਰਨ ਅਲੋਪ ਹੋ ਗਿਆ ਹੈ। ਕਾਫ਼ੀ ਸਮਾਂ ਪਹਿਲਾਂ ਇਥੇ ਕੇਸਰੀ ਨਿਸ਼ਾਨ ਝੁੱਲਦਾ ਸੀ ਅਤੇ ਜੋਤ ਜਗਾਈ ਜਾਂਦੀ ਸੀ। ਵਿਸਥਾਰ ਲਈ ਵੇਖੋ ਚਾਏ ਗੁਰੂ ਹਰਿਰਾਇ ਸਾਹਿਬ।

ਪੁਸਤਕ ਸੂਚੀ:-
1. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੀ ਸਿੱਖ ਤਵਾਰੀਖ, ਕਸ਼ਮੀਰ, 1997
2. ਸਰਨਾ, ਡਾ. ਜਸਬੀਰ ਸਿੰਘ- ਸਿੱਖ ਸ਼ਰਾਇਨਜ਼ ਇਨ ਜੰਮੂ ਐਂਡ ਕਸ਼ਮੀਰ, ਕੈਨੇਡਾ, 1994
3. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
4. ਗਿ. ਜੋਗਿੰਦਰ ਸਿੰਘ ਵੇਦਾਂਤੀ, ਡਾ. ਅਮਰਜੀਤ ਸਿੰਘ (ਸੰ.)- ਗੁਰਬਿਲਾਸ ਪਾਤਸ਼ਾਹੀ ਛੇਵੀਂ, ਅੰਮ੍ਰਿਤਸਰ, 1998
5. ਸਰਨਾ, ਡਾ. ਜਸਬੀਰ ਸਿੰਘ- ਜੰਮੂ ਕਸ਼ਮੀਰ ਦੇ ਇਤਿਹਾਸਕ ਗੁਰਦੁਆਰੇ, ਚੰਡੀਗੜ੍ਹ, 2005

## ਹਸਨਪੁਰ

ਪੰਜਾਬ ਦੇ ਜ਼ਿਲ੍ਹਾ ਪਟਿਆਲਾ ਦਾ ਇਕ ਪਿੰਡ ਹਸਨਪੁਰ ਹੈ। ਜੋ ਅੱਜ ਕੱਲ੍ਹ ਹਸਨਪੁਰ-ਕਬੂਲਪੁਰ ਕਰਕੇ ਪ੍ਰਸਿੱਧ ਹੈ। ਅਸਲੋਂ ਇਹ ਦੋ ਪਿੰਡ ਹਨ, ਹਸਨਪੁਰ ਅਤੇ ਕਬੂਲਪੁਰ ਜੋ ਇਕ ਛੋਟੀ ਜਿਹੀ ਗਲੀ ਕਾਰਨ ਅੱਡ ਦਿੱਸਦੇ ਹਨ। ਇਹ ਪਿੰਡ ਰਾਜਪੁਰਾ ਦੇ ਦੱਖਣ-ਪੂਰਬ ਵੱਲ ਪੰਜ ਕਿਲੋਮੀਟਰ ਦੂਰ ਹਨ। ਰਾਜਪੁਰਾ ਦਾ ਅਕਸ਼ਾਂਸ਼ 300-28 ਅਤੇ ਰੇਖਾਂਸ਼ ਦੇਸ਼ਾਂਤਰ 760-37 ਹੈ। ਇਸ ਪਿੰਡ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੇ ਪਵਿੱਤਰ ਚਰਨ ਪਏ ਹਨ। ਗੁਰੂ ਗੋਬਿੰਦ ਸਿੰਘ ਸਾਹਿਬ ਆਪਣੀ ਬਾਲ ਉਮਰ ਵਿੱਚ 1670 ਵਿੱਚ ਲਖਨੌਰ ਤੋਂ ਆਏ ਸਨ। ਗੁਰੂ ਤੇਗ ਬਹਾਦਰ ਸਾਹਿਬ 1672-74 ਵਿੱਚ ਆਪਣੀ ਮਾਲਵਾ ਫੇਰੀ ਸਮੇਂ ਆਏ ਸਨ। ਮਹਾਨ ਕੋਸ਼ ਅਨੁਸਾਰ ਗੁਰੂ ਤੇਗ ਬਹਾਦਰ ਸਾਹਿਬ ਇਥੇ ਤਿੰਨ ਦਿਨ ਠਹਿਰੇ ਸਨ।

ਮੁਕਾਮੀ ਰਵਾਇਤ ਅਨੁਸਾਰ ਦੋ ਮੁਸਲਮਾਨ ਸ਼ੇਖ ਅਜਮਤ ਅਤੇ ਬਾਹਰਾ ਨੇ ਗੁਰੂ ਸਾਹਿਬ ਦੀ ਬੜੀ ਤਨਦੇਹੀ ਨਾਲ ਸੇਵਾ ਕੀਤੀ ਅਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਇਕ ਹੁਕਮਨਾਮਾ ਬਖ਼ਸ਼ਿਆ। ਇਕ ਛੋਟਾ ਜਿਹਾ ਗੁੰਬਦ-ਨੁਮਾ ਗੁਰਦੁਆਰਾ 1918 ਵਿੱਚ ਪਿੰਡ ਦੀ ਸੰਗਤ ਨੇ ਤਾਮੀਰ ਕੀਤਾ। ਇਸ ਦੇ ਨਾਲ ਇਕ ਵੱਡਾ ਹਾਲ ਵੀ ਬਣਾਇਆ ਗਿਆ ਹੈ। ਇਸ ਇਤਿਹਾਸਕ ਅਸਥਾਨ ਨੂੰ ਗੁਰਦੁਆਰਾ ਪਾਤਸ਼ਾਹੀ ਨੌਵੀਂ ਅਤੇ ਦਸਵੀਂ ਆਖਿਆ ਜਾਂਦਾ ਹੈ। ਇਹ ਗੁਰਦੁਆਰਾ ਮਾਲ ਦੇ ਕਾਗਜ਼ਾਂ ਅਨੁਸਾਰ ਹਸਨਪੁਰ ਵਿੱਚ ਆਉਂਦਾ ਹੈ। ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਨਾਮਜ਼ਦ ਕਮੇਟੀ ਰਾਹੀਂ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-1. ਠਾਕਰ ਸਿੰਘ- ਸ੍ਰੀ ਗੁਰਦੁਆਰੇ ਦਰਸ਼ਨ, ਅੰਮ੍ਰਿਤਸਰ, 1923
2. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975
3. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990
4. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ-ਰਹਿਤ।
5. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

## ਹਕੀਮਪੁਰ

ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਵਿੱਚ ਪਿੰਡ ਹਕੀਮਪੁਰ ਆਉਂਦਾ ਹੈ। ਇਹ ਬੰਗਾ ਦੇ ਦੱਖਣ-ਪੂਰਵ ਵੱਲ 9 ਕਿਲੋਮੀਟਰ ਦੂਰ ਹੈ। ਬੰਗਾ ਦਾ ਅਕਸ਼ਾਂਸ਼ 310-11 ਅਤੇ ਰੇਖਾਂਸ਼ ਦੇਸ਼ਾਂਤਰ 760 ਹੈ। ਇਸ ਪਿੰਡ ਵਿੱਚ ਗੁਰੂ ਨਾਨਕ ਸਾਹਿਬ (1469-1539) ਮੁਕਾਮੀ ਰਵਾਇਤ ਅਨੁਸਾਰ ਠਹਿਰੇ ਸਨ। ਗੁਰੂ ਹਰਿਰਾਇ ਸਾਹਿਬ (1630-61) ਨੇ ਵੀ ਇਸ ਪਿੰਡ ਵਿੱਚ ਚਰਨ ਪਾਏ ਹਨ ਜਦੋਂ ਆਪ ਜੀ ਆਪਣੇ ਇਕ ਪ੍ਰਚਾਰ ਦੌਰੇ ਸਮੇਂ ਕਰਤਾਰਪੁਰ ਅਤੇ ਕੀਰਤਪੁਰ ਜਾ ਰਹੇ ਸਨ। ਗੁਰੂ ਸਾਹਿਬ ਇਸ ਪਿੰਡ ਵਿੱਚ ਕੁਝ ਸਮਾਂ ਠਹਿਰੇ ਸਨ।

ਗੁਰਦੁਆਰਾ ਸਾਹਿਬ ਪਿੰਡ ਦੇ ਉੱਤਰ ਵੱਲ ਇਕ ਕਿਲੋਮੀਟਰ ਦੂਰ ਹੈ। ਅਜੋਕੀ ਤਿੰਨ ਮੰਜ਼ਲੀ ਇਮਾਰਤ 1974 ਵਿੱਚ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਨੇ ਬਣਾਈ ਹੈ। ਇਸ ਇਮਾਰਤ ਵਿੱਚ ਸੰਗਮਰਮਰ ਦਾ ਵੱਡਾ ਹਾਲ ਅਤੇ ਇਕ 4X4 ਮੀਟਰ ਕਮਰਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਬਣਿਆ ਸੀ, ਜਿਸ ਨੂੰ ਪ੍ਰਕਾਸ਼ ਅਸਥਾਨ ਬਣਾਇਆ ਗਿਆ ਹੈ। ਗੁਰਦੁਆਰੇ ਦੇ ਉਪਰੋਂ ਗੁੰਬਦ ਦੂਰੋਂ ਨਜ਼ਰੀਂ ਪੈਂਦੇ ਹਨ। ਗੁਰੂ ਕਾ ਲੰਗਰ ਅਤੇ ਰਿਹਾਇਸ਼ੀ ਕਮਰੇ ਪ੍ਰਮੁੱਖ ਗੁਰਦੁਆਰੇ ਦੇ ਪੂਰਬੀ ਸਿਰੇ ਵੱਲ ਹਨ। ਇਸ਼ਨਾਨ ਘਰ ਅਤੇ ਸਰੋਵਰ ਦੱਖਣੀ ਸਿਰੇ ਵੱਲ ਹਨ। ਸਾਲਾਨਾ ਜੋੜ-ਮੇਲਾ ਸਤੰਬਰ ਵਿੱਚ ਹੁੰਦਾ ਹੈ। ਕੁਝ ਵਰ੍ਹੇ ਪਹਿਲਾਂ ਉਹ ਪਿੱਪਲਾਂ ਅਤੇ ਨਿੰਮਾਂ ਦੇ ਦਰੱਖ਼ਤ ਮੌਜੂਦ ਸਨ, ਜਿਨ੍ਹਾਂ ਨਾਲ ਗੁਰੂ ਸਾਹਿਬ ਨੇ ਆਪਣਾ ਘੋੜਾ ਬੱਧਾ ਸੀ। ਗੁਰਦੁਆਰੇ ਨਾਲ ਚਾਰ ਏਕੜ ਦਾ ਅਹਾਤਾ ਹੈ। ਗੁਰ-ਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਠ ਹੈ, ਪਰ ਸੇਵਾ-ਸੰਭਾਲ ਨਿਹੰਗ ਸਿੰਘਾਂ ਦੇ ਤਰਣਾ ਦਲ ਦੇ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਵਾਲੇ ਕਰਦੇ ਹਨ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ।

ਪੁਸਤਕ ਸੂਚੀ:-1. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975 2. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990 3. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

ਬਾਕੀ ਅਗਲੇ ਹਫ਼ਤੇ ਪੜ੍ਹੋ

# 2027 ਵਿਧਾਨ ਸਭਾ ਚੋਣਾਂ ਲਈ ਭਾਜਪਾ ਨੇ ਕੀਤੇ ਕਮਰਕਸੇ

ਨਿਊਜ਼ ਵਿਸ਼ਲੇਸ਼ਣ

## ✪ ਪੰਜਾਬ ਭਰ ਵਿੱਚ ਗੁਪਤ ਸਰਵੇਖਣ ਕਰਵਾਇਆ ✪ ਕੀ ਮਜੀਠੀਆ ਨਾਲ ਭਾਜਪਾ ਦਾ ਸਮਝੌਤਾ ਹੋ ਗਿਆ ਹੈ ✪ ਕੀ ਅਕਾਲੀ ਦਲ ਨਾਲ ਭਾਜਪਾ ਨਾਲ ਗੱਠਜੋੜ ਹੋਵੇਗਾ ?

ਪੰਜਾਬ ਵਿੱਚ 2027 ਵਿਧਾਨ ਸਭਾ ਚੋਣਾਂ ਅਜੇ ਕਾਫ਼ੀ ਦੂਰ ਹਨ, ਪਰ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਆਪਣੀਆਂ ਤਿਆਰੀਆਂ ਪੂਰੇ ਜ਼ੋਰ-ਸ਼ੋਰ ਨਾਲ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਸੂਬੇ ਵਿੱਚ ਆਪਣੇ ਪੈਰ ਜਮਾਉਣ ਅਤੇ ਸੱਤਾ ਵੱਲ ਵਧਣ ਲਈ ਭਾਜਪਾ ਨੇ ਇੱਕ ਵੱਡੀ ਰਣਨੀਤੀ ਅਪਨਾਈ ਹੈ, ਜਿਸ ਵਿੱਚ ਗੁਪਤ ਚੋਣ ਸਰਵੇਖਣ ਮੁੱਖ ਭੂਮਿਕਾ ਨਿਭਾ ਰਹੇ ਹਨ। ਪਾਰਟੀ ਨੇ ਪੰਜਾਬ ਭਰ ਵਿੱਚ ਇੱਕ ਵਿਆਪਕ ਅਤੇ ਗੁਪਤ ਸਰਵੇਖਣ ਕਰਵਾਇਆ ਹੈ, ਜਿਸ ਨਾਲ ਨਾ ਸਿਰਫ਼ ਲੋਕਾਂ ਦੇ ਰੁਝਾਨ ਨੂੰ ਸਮਝਣ ਵਿੱਚ ਮਦਦ ਮਿਲੀ ਹੈ ਬਲਕਿ ਆਉਣ ਵਾਲੀਆਂ ਚੋਣਾਂ ਲਈ ਰਣਨੀਤੀ ਨੂੰ ਵੀ ਮਜ਼ਬੂਤ ਕੀਤਾ ਗਿਆ ਹੈ। ਇਸ ਸਰਵੇਖਣ ਨੂੰ ਪੰਜਾਬ ਦੇ ਸਾਰੇ 117 ਵਿਧਾਨ ਸਭਾ ਹਲਕਿਆਂ ਵਿੱਚ ਕਰਵਾਇਆ ਗਿਆ ਹੈ, ਜਿਸ ਵਿੱਚ ਨਿੱਜੀ ਏਜੰਸੀਆਂ ਅਤੇ ਪਾਰਟੀ ਵਰਕਰਾਂ ਨੇ ਹਿੱਸਾ ਲਿਆ ਹੈ। ਇਸ ਦੇ ਨਾਲ ਹੀ, ਅਕਾਲੀ ਦਲ ਨਾਲ ਸੰਭਾਵਿਤ ਗੱਠਜੋੜ, ਬਿਕਰਮ ਸਿੰਘ ਮਜੀਠਿਆ ਨਾਲ ਗੁਪਤ ਸਮਝੌਤੇ ਅਤੇ ਸਿੱਖ ਵਰਗ ਨਾਲ ਸੰਬੰਧਾਂ ਨੂੰ ਲੈ ਕੇ ਵੀ ਗਰਮੋ ਗਰਮ ਚਰਚਾਵਾਂ ਚੱਲ ਰਹੀਆਂ ਹਨ।

ਭਾਜਪਾ ਦੀ ਇਸ ਵੱਡੀ ਤਿਆਰੀ ਦੀ ਸ਼ੁਰੂਆਤ ਕੇਂਦਰੀ ਲੀਡਰਸ਼ਿਪ ਵੱਲੋਂ ਕੀਤੀ ਗਈ ਹੈ। ਪਾਰਟੀ ਦੇ ਉੱਚ ਅਧਿਕਾਰੀਆਂ ਨੇ ਪੰਜਾਬ ਇਕਾਈ ਨੂੰ ਚੋਣ ਮੋਡ ਵਿੱਚ ਆਉਣ ਦੇ ਨਿਰਦੇਸ਼ ਦਿੱਤੇ ਹਨ। ਇਸੇ ਅਨੁਸਾਰ, ਗੁਪਤ ਸਰਵੇਖਣ ਕਰਵਾਇਆ ਗਿਆ ਹੈ। ਸਰਵੇਖਣ ਵਿੱਚ ਲੋਕਾਂ ਨੂੰ ਕਿਸਾਨੀ ਸੰਕਟ, ਬੇਰੁਜ਼ਗਾਰੀ, ਉਦਯੋਗਿਕ ਵਿਕਾਸ, ਨਸ਼ਾ ਅਤੇ ਕਾਨੂੰਨ-ਵਿਵਸਥਾ ਵਰਗੇ ਮੁੱਦਿਆਂ ਬਾਰੇ ਪੁੱਛਿਆ ਗਿਆ ਹੈ। ਇਹ ਮੁੱਦੇ ਪੰਜਾਬ ਵਿੱਚ ਹਮੇਸ਼ਾ ਹੀ ਸਿਆਸੀ ਚਰਚਾ ਦਾ ਕੇਂਦਰ ਰਹੇ ਹਨ ਅਤੇ ਭਾਜਪਾ ਇਨ੍ਹਾਂ ਨੂੰ ਆਪਣੇ ਚੋਣ ਏਜੰਡੇ ਵਿੱਚ ਸ਼ਾਮਲ ਕਰਕੇ ਲੋਕਾਂ ਨੂੰ ਆਕਰਸ਼ਿਤ ਕਰਨਾ ਚਾਹੁੰਦੀ ਹੈ। ਸਰਵੇਖਣ ਦੇ ਨਤੀਜੇ ਪਾਰਟੀ ਨੂੰ ਜ਼ਮੀਨੀ ਹਕੀਕਤ ਨੂੰ ਸਮਝਣ ਵਿੱਚ ਮਦਦ ਕਰ ਰਹੇ ਹਨ, ਜਿਸ ਨਾਲ ਬੂਥ ਅਤੇ ਮੰਡਲ ਪੱਧਰ ਤੇ ਸੰਗਠਨ ਨੂੰ ਮਜ਼ਬੂਤ ਕਰਨ ਲਈ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਆਉਣ ਵਾਲੇ ਮਹੀਨਿਆਂ ਵਿੱਚ ਭਾਜਪਾ ਹਾਈਕਮਾਂਡ ਵਲੋਂ ਜਨ ਸੰਪਰਕ ਮੁਹਿੰਮਾਂ, ਵਰਕਰ ਮੀਟਿੰਗਾਂ ਅਤੇ ਵੱਡੀਆਂ ਰੈਲੀਆਂ ਕੀਤੀਆਂ ਜਾਣਗੀਆਂ। ਇਸ ਸਰਵੇਖਣ ਦੀ ਵਿਸਥਾਰ ਰਿਪੋਰਟ ਕੇਂਦਰੀ ਹਾਈਕਮਾਂਡ ਨੂੰ ਮਿਲ ਚੁੱਕੀ ਹੈ ਅਤੇ ਇਸ ਅਧਾਰ ਤੇ ਅਗਲੀ ਰਣਨੀਤੀ ਤਿਆਰ ਕੀਤੀ ਜਾ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਕੇਂਦਰੀ ਆਗੂ ਜਲਦੀ ਹੀ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਦੌਰੇ ਕਰਨਗੇ ਤਾਂ ਜੋ ਲੋਕਾਂ ਨਾਲ ਸਿੱਧਾ ਸੰਪਰਕ ਵਧਾਇਆ ਜਾ ਸਕੇ।



ਇਸ ਸਰਵੇਖਣ ਨਾਲ ਜੁੜੀ ਇੱਕ ਵੱਡੀ ਖ਼ਬਰ ਇਹ ਵੀ ਹੈ ਕਿ ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨਾਲ ਗੁਪਤ ਸਮਝੌਤਾ ਕੀਤਾ ਹੈ। ਸੂਤਰਾਂ ਮੁਤਾਬਕ, ਇਹ ਸਮਝੌਤਾ ਅਕਾਲੀ ਦਲ ਵਿੱਚ ਅੰਦਰੂਨੀ ਲੜਾਈ ਅਤੇ ਭਾਜਪਾ ਦੀ ਪੰਜਾਬ ਵਿੱਚ ਵਧਦੀ ਪਕੜ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ। ਮਜੀਠੀਆ, ਜੋ ਅਕਾਲੀ ਦਲ ਦੇ ਪ੍ਰਮੁੱਖ ਚਿਹਰਿਆਂ ਵਿੱਚੋਂ ਇੱਕ ਹਨ ਅਤੇ ਸੁਖਬੀਰ ਸਿੰਘ ਬਾਦਲ ਦੇ ਸਾਲੇ ਹਨ, ਨੇ ਭਾਜਪਾ ਨਾਲ ਮਿਲ ਕੇ ਕੁਝ ਵਿਧਾਨ ਸਭਾ ਹਲਕਿਆਂ ਵਿੱਚ ਸਹਿਯੋਗ ਦੇਣ ਦਾ ਵਾਅਦਾ ਕੀਤਾ ਹੈ। ਮਜੀਠੀਆ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਭਾਜਪਾ ਦੇ ਕਈ ਆਗੂਆਂ ਨਾਲ ਮੁਲਾਕਾਤਾਂ ਕੀਤੀਆਂ ਸਨ, ਜਿਸ ਨਾਲ ਇਸ ਸਮਝੌਤੇ ਦੀਆਂ ਅਟਕਲਾਂ ਨੂੰ ਹੋਰ ਬਲ ਮਿਲਿਆ ਹੈ। ਮਜੀਠੀਆ ਦਾ ਅਮਲੋਹ ਅਤੇ ਮਜੀਠਾ ਵਰਗੇ ਖੇਤਰਾਂ ਵਿੱਚ ਵੱਡਾ ਪ੍ਰਭਾਵ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਕੀ ਭਾਜਪਾ ਅਕਾਲੀ ਦਲ ਨਾਲ ਸਮਝੌਤਾ ਕਰੇਗੀ? ਪਿਛਲੇ ਕੁਝ ਸਾਲਾਂ ਵਿੱਚ ਦੋਵਾਂ ਪਾਰਟੀਆਂ ਵਿਚਾਲੇ ਸੰਬੰਧ ਤਣਾਅਪੂਰਨ ਰਹੇ ਹਨ। 2020 ਵਿੱਚ ਕਿਸਾਨ ਅੰਦੋਲਨ ਨੇ ਇਨ੍ਹਾਂ ਨੂੰ ਵੱਖ ਕਰ ਦਿੱਤਾ ਸੀ ਅਤੇ ਅਕਾਲੀ ਦਲ ਨੇ ਐਨਡੀਏ ਤੋਂ ਵੱਖ ਹੋ ਕੇ ਆਪਣਾ ਰਾਹ ਚੁਣ ਲਿਆ ਸੀ। ਪਰ ਹੁਣ ਚੋਣਾਂ ਨੇੜੇ ਆਉਣ ਨਾਲ ਗੱਠਜੋੜ ਦੀਆਂ ਅਟਕਲਾਂ ਤੇਜ਼ ਹੋ ਗਈਆਂ ਹਨ। ਭਾਜਪਾ ਦੇ ਪੰਜਾਬ ਇੰਚਾਰਜ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਹਾਲ ਦੀ ਘੜੀ ਅਕਾਲੀ ਦਲ ਨਾਲ ਕੋਈ ਗੱਠਜੋੜ ਨਹੀਂ ਹੈ ਅਤੇ ਭਾਜਪਾ ਇਕੱਲੀ ਚੋਣਾਂ ਲੜੇਗੀ ਤੇ ਸਰਕਾਰ ਬਣਾਏਗੀ। ਉਨ੍ਹਾਂ ਨੇ ਪੰਜਾਬ ਵਿੱਚ ਭਾਜਪਾ ਦੀ ਵਧਦੀ ਤਾਕਤ ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਪਾਰਟੀ ਨੇ ਹਿੰਦੂ ਅਤੇ ਸਿੱਖ ਵਰਗਾਂ ਵਿੱਚ ਆਪਣੀ ਪਕੜ ਮਜ਼ਬੂਤ ਕੀਤੀ ਹੈ। ਦੂਜੇ ਪਾਸੇ, ਅਕਾਲੀ ਦਲ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਭਾਜਪਾ ਦੇ ਇਸ ਦਾਅਵੇ ਦਾ ਸਵਾਗਤ ਕੀਤਾ ਹੈ ਅਤੇ ਕਿਹਾ ਕਿ ਅਸੀਂ ਭਾਜਪਾ ਨੂੰ ਸਾਰੀਆਂ ਸੀਟਾਂ ਤੇ ਲੜਨ ਲਈ ਸੱਦਾ ਦਿੰਦੇ ਹਾਂ। ਪਰ ਉਨ੍ਹਾਂ ਨੇ ਇਹ ਵੀ ਕਿਹਾ ਕਿ ਅਕਾਲੀ ਦਲ ਪੰਜਾਬ ਦੇ ਮੁੱਦਿਆਂ ਤੇ ਆਪਣੇ ਸਟੈਂਡ ਨੂੰ ਨਹੀਂ ਬਦਲੇਗਾ।

ਸਿਆਸੀ ਮਾਹਿਰਾਂ ਦੇ ਇਸ ਬਾਰੇ ਵਿਚਾਰ ਵੱਖਰੇ ਹਨ। ਪੰਜਾਬ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਸਿਆਸੀ ਵਿਸ਼ਲੇਸ਼ਕ ਡਾ. ਰੌਣਕੀ ਰਾਮ ਨੇ ਕਿਹਾ ਕਿ ਭਾਜਪਾ ਨੂੰ ਪੰਜਾਬ ਵਿੱਚ ਪੈਰ ਜਮਾਉਣ ਲਈ ਅਕਾਲੀ ਦਲ ਜਾਂ ਕਿਸੇ ਸਿੱਖ ਸੰਗਠਨ ਨਾਲ ਗੱਠਜੋੜ ਜ਼ਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਬਿਨਾਂ ਗੱਠਜੋੜ ਤੋਂ ਬਿਨਾਂ ਭਾਜਪਾ ਨੂੰ ਸਿੱਖ ਵੋਟਾਂ ਮਿਲਣੀਆਂ ਮੁਸ਼ਕਲ ਹਨ ਅਤੇ ਪਾਰਟੀ ਨੂੰ ਕਿਸਾਨ ਅੰਦੋਲਨ ਵੱਲੋਂ ਲੱਗੇ ਦਾਗ ਨੂੰ ਮਿਟਾਉਣ ਲਈ ਕਾਫ਼ੀ ਮਿਹਨਤ ਕਰਨੀ ਪਵੇਗੀ। ਸਾਬਕਾ ਅਕਾਲੀ ਆਗੂ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਕਹਿ ਚੁਕੇ ਹਨ ਕਿ ਅਕਾਲੀ ਦਲ ਨਾਲ ਸਮਝੌਤੇ ਤੋਂ ਬਿਨਾਂ ਭਾਜਪਾ ਦਾ ਸੱਤਾ ਵਿੱਚ ਆਉਣਾ ਅਸੰਭਵ ਹੈ। ਉਨ੍ਹਾਂ ਨੇ ਭਾਜਪਾ ਨੂੰ ਸਲਾਹ ਦਿੱਤੀ ਸੀ ਕਿ ਪੰਜਾਬ ਦੇ ਸਿੱਖ ਵਰਗ ਨੂੰ ਨਿਰਾਸ਼ ਨਾ ਕੀਤਾ ਜਾਵੇ, ਕਿਉਂਕਿ ਇਹ ਪਾਰਟੀ ਲਈ ਘਾਤਕ ਸਾਬਤ ਹੋ ਸਕਦਾ ਹੈ। ਪਰ ਭਾਜਪਾ ਦੀ ਹਾਈਕਮਾਂਡ ਵੱਖਰੀ ਰਾਏ ਰੱਖਦੀ ਹੈ। ਬਹੁਤੇ ਭਾਜਪਾ ਨੇਤਾ ਅਕਾਲੀ ਦਲ ਨਾਲ ਗੱਠਜੋੜ ਦਾ ਵਿਰੋਧ ਕਰ ਰਹੇ ਹਨ ਅਤੇ ਕਹਿ ਰਹੇ ਹਨ ਕਿ ਪਾਰਟੀ ਨੂੰ ਆਪਣੇ ਬਲ ਉਪਰ ਲੜਨਾ ਚਾਹੀਦਾ ਹੈ। ਕੁਝ ਭਾਜਪਾ ਦੇ ਨੇਤਾ ਇਹ ਵੀ ਮੰਨਦੇ ਹਨ ਕਿ ਚੋਣਾਂ ਨੇੜੇ ਸਮਝੌਤਾ ਹੋਣ ਦੀ ਸੰਭਾਵਨਾ ਬਣ ਸਕਦੀ ਹੈ।

ਰਾਜਨੀਤਕ ਮਾਹਿਰ ਡਾਕਟਰ ਸੁਖਦਿਆਲ ਸਿੰਘ ਹਿਸਟੋਰੀਅਨ ਦਾ ਕਹਿਣਾ ਹੈ ਕਿ ਭਾਜਪਾ ਨੂੰ ਪੰਜਾਬ ਵਿੱਚ ਪੈਰ ਜਮਾਉਣ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਵਿੱਚ ਭਾਜਪਾ ਨੂੰ ਰਵਾਇਤੀ ਤੌਰ ਤੇ ਹਿੰਦੂ ਵੋਟ ਬੈਂਕ ਵਜੋਂ ਵੇਖਿਆ ਜਾਂਦਾ ਹੈ, ਪਰ ਸਿੱਖ ਵਰਗ ਵਿੱਚ ਇਸ ਦੀ ਪਕੜ ਕਮਜ਼ੋਰ ਹੈ। ਕਿਸਾਨ ਅੰਦੋਲਨ ਕਾਰਣ ਸਿੱਖ ਤੇ ਕਿਸਾਨ ਭਾਜਪਾ ਤੋਂ ਨਿਰਾਸ਼ ਹਨ। ਮਾਹਿਰਾਂ ਮੁਤਾਬਕ, ਜੇ ਭਾਜਪਾ ਸਿੱਖਾਂ ਨੂੰ ਨਿਰਾਸ਼ ਕਰਕੇ ਅੱਗੇ ਵਧੇਗੀ ਤਾਂ ਉਸ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ। ਪੰਜਾਬ ਵਿੱਚ ਸਿੱਖ ਵੋਟਾਂ ਚੋਣਾਂ ਦਾ ਨਿਰਣਾਇਕ ਕਾਰਕ ਹਨ ਅਤੇ ਬਿਨਾਂ ਇਨ੍ਹਾਂ ਨੂੰ ਜਿੱਤੇ ਭਾਜਪਾ ਦੀ ਸਫਲਤਾ ਮੁਸ਼ਕਲ ਹੈ। ਪਾਰਟੀ ਨੇ ਇਸ ਨੂੰ ਧਿਆਨ ਵਿੱਚ ਰੱਖ ਕੇ ਡੇਰਿਆਂ ਅਤੇ ਧਾਰਮਿਕ ਸੰਸਥਾਵਾਂ ਨਾਲ ਸੰਪਰਕ ਵਧਾਏ ਹਨ। ਇਥੋਂ ਤਕ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾਂ ਨੂੰ ਆਪਣੇ ਨਾਲ ਗੰਢ ਲਿਆ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਸਥਾਨਕ ਆਗੂਆਂ ਤੱਕ ਸਭ ਨੇ ਪੰਜਾਬ ਦੇ ਡੇਰਿਆਂ ਨਾਲ ਮੁਲਾਕਾਤਾਂ ਕੀਤੀਆਂ ਹਨ, ਜੋ ਰਵਾਇਤੀ ਤੌਰ ਤੇ ਕਾਂਗਰਸ ਨੂੰ ਸਮਰਥਨ ਦਿੰਦੇ ਰਹੇ ਹਨ। ਇਹ ਰਣਨੀਤੀ ਭਾਜਪਾ ਨੂੰ ਨਵੇਂ ਵੋਟਰਾਂ ਵੱਲ ਆਕਰਸ਼ਿਤ ਕਰਨ ਵਿੱਚ ਮਦਦ ਕਰ ਸਕਦੀ ਹੈ। ਡੇਰਾ ਬੱਲਾਂ ਇਸ ਦੀ ਪ੍ਰਮੁੱਖ ਉਦਾਹਰਣ ਹੈ।

ਭਾਜਪਾ ਦੀ ਰਣਨੀਤੀ ਨੂੰ ਵੇਖਦਿਆਂ ਇਹ ਸਪੱਸ਼ਟ ਹੈ ਕਿ ਪਾਰਟੀ ਪੰਜਾਬ ਨੂੰ ਵੱਡੇ ਪੱਧਰ ਤੇ ਲੈ ਰਹੀ ਹੈ। ਉਹ ਨਾ ਸਿਰਫ਼ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਨੂੰ ਚੁਣੌਤੀ ਦੇ ਰਹੀ ਹੈ ਬਲਕਿ ਅਕਾਲੀ ਦਲ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕਰ ਰਹੀ। ਮਾਹਿਰਾਂ ਮੁਤਾਬਕ, ਜੇ ਭਾਜਪਾ ਅਕਾਲੀ ਦਲ (ਬਾਦਲ) ਜਾਂ ਅਕਾਲੀ ਦਲ (ਪੰਥਕ) ਨਾਲ ਗੱਠਜੋੜ ਕਰ ਲੈਂਦੀ ਹੈ ਤਾਂ ਉਸ ਨੂੰ ਸੱਤਾ ਵਿੱਚ ਆਉਣ ਦੇ ਆਸਾਰ ਵਧ ਸਕਦੇ ਹਨ। ਪਰ ਜੇ ਉਹ ਇਕੱਲੀ ਲੜੇਗੀ ਤਾਂ ਬਹੁਤਾ ਫਾਇਦਾ ਹੋਣ ਦੀ ਸੰਭਾਵਨਾ ਘੱਟ ਹੈ। ਭਾਜਪਾ ਦੇ ਇੱਕ ਸੀਨੀਅਰ ਆਗੂ ਨੇ ਨਾਮ ਨਾ ਛਾਪਣ ਦੀ ਸ਼ਰਤ ਉਪਰ ਕਿਹਾ ਕਿ ਪਾਰਟੀ ਦਾ ਮੁੱਖ ਟੀਚਾ ਕਾਂਗਰਸ ਮੁਕਤ ਭਾਰਤ ਹੈ ਅਤੇ ਪੰਜਾਬ ਵਿੱਚ ਕਾਂਗਰਸ ਨੂੰ ਹਰਾਉਣ ਲਈ ਜੇ ਆਪ ਨੂੰ ਸੱਤਾ ਮਿਲ ਜਾਵੇ ਤਾਂ ਵੀ ਚੱਲੇਗਾ। ਇਹ ਰਣਨੀਤੀ ਹੋਰ ਰਾਜਾਂ ਵਿੱਚ ਵੀ ਭਾਜਪਾ ਨੂੰ ਫਾਇਦਾ ਪਹੁੰਚਾ ਸਕਦੀ ਹੈ, ਕਿਉਂਕਿ ਆਪ ਵਿਰੋਧੀ ਵੋਟਾਂ ਨੂੰ ਵੰਡ ਸਕਦੀ ਹੈ।

ਪੰਜਾਬ ਵਿੱਚ ਭਾਜਪਾ ਦੀ ਸਥਿਤੀ ਨੂੰ ਵੇਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਪਾਰਟੀ ਨੇ 2014 ਤੋਂ ਬਾਅਦ ਸਖਤ ਮਿਹਨਤ ਕੀਤੀ ਹੈ। ਉਹ ਸਾਮ, ਦਾਮ, ਦੰਡ ਅਤੇ ਭੇਦ ਵਰਗੀ ਨੀਤੀ ਅਪਨਾ ਰਹੀ ਹੈ ਅਤੇ ਪੰਜਾਬ ਵਿੱਚ ਵੰਡੀਆਂ ਪਾਉਣ ਵਿੱਚ ਵੀ ਨਹੀਂ ਝਿਜਕ ਰਹੀ। ਪਰ ਸਵਾਲ ਇਹ ਹੈ ਕਿ ਕੀ ਇਹ ਰਣਨੀਤੀ ਸਫਲ ਹੋਵੇਗੀ? ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਸਿੱਖ ਵਰਗ ਨੂੰ ਨਿਰਾਸ਼ ਕਰਕੇ ਜਾਂ ਫੁਟ ਪਾਕੇ ਭਾਜਪਾ ਨੂੰ ਸਫਲਤਾ ਮਿਲਣੀ ਮੁਸ਼ਕਲ ਹੈ । ਭਾਜਪਾ ਨੂੰ ਆਪਣੇ ਰਵੱਈਏ ਵਿੱਚ ਬਦਲਾਅ ਲਿਆਉਣਾ ਪਵੇਗਾ ਅਤੇ ਕਿਸਾਨਾਂ, ਨੌਜਵਾਨਾਂ ਅਤੇ ਸਿੱਖਾਂ ਦੇ ਮੁੱਦਿਆਂ ਤੇ ਵਧੇਰੇ ਧਿਆਨ ਦੇਣਾ ਪਵੇਗਾ।

# ਕਾਵਿ-ਕਿਆਰੀ

## ਜਾਗ੍ਰਿਤੀ

ਜਾਗੋ ਗੱਭਰੂਓ ਤੇ ਮੁਟਿਆਰੋ,
ਆਪਣੇ ਦੇਸ਼ ਦੇ ਹਾਲ ਸੁਧਾਰੋ,
ਭ੍ਰਿਸ਼ਟਾਚਾਰਾਂ ਤਾਂਈਂ ਫਿਟਕਾਰੋ,
ਜਨਤਾ ਨਾਲ਼ ਨਾ ਧੱਕਾ ਹੋਵੇ।
ਅਹੁਦੇਦਾਰ ਜੋ ਬੈਠਾ ਕੁਰਸੀ
ਬਚਨ-ਇਮਾਨ ਦਾ ਪੱਕਾ ਹੋਵੇ॥

ਭੁੱਕੀ-ਅਫ਼ੀਮ ਦੀ ਆਦਤ ਛੱਡਣੀ,
ਨਸ਼ੇ-ਡਰੱਗ ਦੀ ਹੈ ਜੜ੍ਹ ਵੱਢਣੀ,
ਤਸਕਰਾਂ ਅੱਗੇ ਝੋਲ ਨਹੀਂ ਅੱਡਣੀ,
ਖਹਿੜਾ ਛੱਡ ਕਬਾਬਾਂ ਦਾ।
ਵਗਦਾ ਛੇਵਾਂ ਦਰਿਆ ਰੋਕੋ
ਬੁਰਾ ਹੈ ਅੰਤ ਸ਼ਰਾਬਾਂ ਦਾ॥

ਰੱਬ ਦੇ ਨਾਂ ਦਾ ਹੱਟ ਚਲਾਉਂਦੇ,
ਸਾਡੀ ਸ਼ਰਧਾ ਦੇ ਮੁੱਲ ਪਾਉਂਦੇ,
ਆਪਣੀ ਚੁੰਗਲ ਵਿੱਚ ਫਸਾਉਂਦੇ,
ਭਰਮ ਮਿਟਾਉਣੇ ਪੈਣੇ ਨੇ।
ਡੇਰਿਆਂ ਦੇ ਗੇਟਾਂ ਨੂੰ ਰਲ-ਮਿਲ
ਜਿੰਦਰੇ ਲਾਉਣੇ ਪੈਣੇ ਨੇ॥

ਹਾਕਮ ਦੀ ਬੇ-ਹੁਦਰੀ ਰੋਕੋ,
ਭ੍ਰਿਸ਼ਟਾਚਾਰ ਨੂੰ ਚੁੱਭੋ ਝੋਕੋ,
ਜਾਂ ਫਿਰ ਕਿੱਲ ਵਾਂਗਰਾਂ ਠੋਕੋ,
ਕਰਨ ਦਿਉ ਨਾ ਮਨ-ਆਈਆਂ।
ਆਪਣੇ ਹੱਕ 'ਤੇ ਫ਼ਰਜ਼ ਪਛਾਣੋ
ਤਦ ਹੀ ਸਫਲ ਨੇ ਘਾਲ-ਕਮਾਈਆਂ॥

ਮਿਹਨਤ ਕਰਦਿਆਂ ਵੀ ਨਹੀਂ ਸਰਦਾ,
ਅੰਨਦਾਤਾ ਖੁਦਕੁਸ਼ੀਆਂ ਕਰਦਾ,
ਤਾਂਹੀ ਗਲ਼ ਪਾ ਫਾਹਾ ਮਰਦਾ,
ਤੋੜਿਆ ਲੱਕ ਮਹਿੰਗਾਈ ਨੇ।
ਕਾਮਾ 'ਤੇ ਕਿਰਸਾਨ ਵਿਚਾਰੇ
ਸੱਭ ਹੋਏ ਕਰਜ਼ਾਈ ਨੇ॥

ਉੱਚੀ ਵਿੱਦਿਆ ਪੜ੍ਹਦੇ ਜਾਉ,
ਆਪਣੇ ਪੈਰੀਂ ਖੜ੍ਹਦੇ ਜਾਉ,
ਗਿਆਨ ਦੀ ਪੌੜੀ ਚੜ੍ਹਦੇ ਜਾਉ,
ਅਕਲਾਂ ਨਾਲ ਖਜ਼ਾਨੇ ਭਰ ਲਓ।
ਵਿੱਦਿਆ ਦੇ ਵਰਦਾਨ 'ਨਾ ਸਾਰੇ
ਆਪਣੀ ਮੰਜ਼ਿਲ ਨੂੰ ਸਰ ਕਰ ਲਓ॥

ਹੌਲਦਾਰ, ਸਿਪਾਹੀ, ਠਾਣਾ,
ਕਹਿਣ-ਸੁਣਨ ਨੂੰ ਬੀਬਾ ਰਾਣਾ,
ਬਿਖੜੇ ਰਾਹ ਨਾ ਪਈਂ ਅਣਜਾਣਾ,
ਤੇਰੀ ਸ਼ਾਨ ਨੂੰ ਰੋਲਣਗੇ।
'ਭੋਗਲ' ਜਿਹੇ ਸੁਭਾਅ ਦੇ ਰੁੱਖੇ
ਭੱਦੀ-ਭਾਸ਼ਾ ਬੋਲਣਗੇ॥



ਲੇਖਕ:- ਨਛੱਤਰ ਸਿੰਘ ਭੋਗਲ
" ਭਾਖੜੀਆਣਾ " (U.K)

## ਖ਼ੂਨ ਦੀ ਹੋਲੀ



**ਰਵਿੰਦਰ ਸਿੰਘ ਕੁੰਦਰਾ**
**ਕੋਵੈਂਟਰੀ ਯੂ ਕੇ**

ਖ਼ੂਨ ਦੀ ਹੋਲੀ ਜਾਰੀ ਹੈ, ਇਸ ਦੁਨੀਆ ਉੱਤੇ,
ਝੜਪ ਰਹੇ ਨੇ ਦੁਸ਼ਮਣ, ਇੱਕ ਦੂਜੇ ਦੇ ਉੱਤੇ।

ਕੋਈ ਵੀ ਨਹੀਂ ਸੁਰੱਖਿਅਤ, ਕਿਤੇ ਵੀ ਕਿਸੇ ਵੀ ਵੇਲੇ,
ਪਤਾ ਨਹੀਂ ਕਦੋਂ ਕਿਹੜਾ, ਜੰਗ ਦੀ ਤਾਬ ਨਾ ਝੇਲੇ।

ਮਾਸੂਮ ਜਾਨਾਂ ਦੇ ਲਹੂ, ਨਾਲ ਧਰਤੀ ਹੈ ਰੰਗੀ,
ਸਭਨਾਂ ਉੱਤੇ ਆਣ ਡਿੱਗੀ ਹੈ, ਕਹਿਰ ਦੀ ਤੰਗੀ।

ਜਾਨ ਹੈ ਸਭ ਦੀ ਅੱਜਕਲ, ਕੜਿੱਕੀ ਦੇ ਵਿੱਚ ਆਈ,
ਫਸੇ ਹੋਏ ਨੇ ਜਗ੍ਹਾ ਜਗ੍ਹਾ, ਕਈ ਮਾਈ 'ਤੇ ਭਾਈ।

ਏਅਰਲਾਈਨਾਂ ਬੰਦ ਅਤੇ, ਏਅਰਪੋਰਟਾਂ ਨੂੰ ਤਾਲੇ,
ਗਵਾਚੇ ਹੋਏ ਮੁਸਾਫਰਾਂ ਨੂੰ, ਕੋਈ ਕਿੱਥੋਂ ਭਾਲੇ।

ਖ਼ੁਸ਼ੀਆਂ ਨਾਲ ਜਿਨ੍ਹਾਂ ਨੇ, ਭਰੀਆਂ ਸਨ ਉਡਾਨਾਂ,
ਖ਼ਤਰਿਆਂ ਵਿੱਚ ਫਸ ਗਈਆਂ ਨੇ, ਉਨ੍ਹਾਂ ਦੀਆਂ ਜਾਨਾਂ।

ਲੀਡਰਾਂ ਨੂੰ ਨਾ ਦਰਦ, ਨਾ ਕਿਸੇ ਨਾਲ ਹਮਦਰਦੀ,
ਪੈਰ ਪੈਰ 'ਤੇ ਅੜ ਕੇ, ਕਰਦੇ ਆਪਣੀ ਮਨਮਰਜ਼ੀ।

ਲੋੜ ਨਹੀਂ ਹੋਰ ਰੰਗਾਂ ਦੀ, ਇਸ ਹੋਲੀ ਰੁੱਤੇ,
ਦੇਖ ਨਹੀਂ ਹੁੰਦੇ ਲੋਕ, ਲਹੂ ਦੇ ਵਿੱਚ ਗੜੁੱਚੇ।

ਸ਼ਾਇਦ ਇੱਕੋ ਰੰਗ ਹੈ ਬਚਿਆ, ਹੋਲੀ ਖੇਡਣ ਲਈ,
ਖ਼ੂਨ ਦੀ ਪਿਆਸੀ ਅਣਮਨੁੱਖੀ, ਤਾਨਾਸ਼ਾਹੀ ਲਈ।


ਕਿਸੇ ਕਿਆਸ ਨਾ ਕੀਤਾ, ਅਜਿਹੇ ਹਾਲਾਤਾਂ ਦਾ,
ਕੌਣ ਦੇਵੇਗਾ ਡੰਨ ਇਨ੍ਹਾਂ ਨੂੰ, ਕੀਤੇ ਪਾਪਾਂ ਦਾ?

## ਮੈਂ ਇਕ ਪਾਗਲ

ਮੈਂ ਸਿੱਧਾ ਥਾਣੇ ਗਿਆ ਸਾਂ
ਮੈਂ ਵੱਡੀ ਡਿਉੜੀ ਦੇ ਅੰਦਰ ਵੜ ਕੇ
ਥਾਣੇਦਾਰ ਦੇ ਨੇੜੇ ਪੁੱਜਦਿਆਂ
ਉਸ ਅੱਗੇ ਖਲੋ ਕੇ
ਭੁੱਬੀ ਰੋਣ ਲੱਗ ਪਿਆ ਸਾਂ
ਜਿਵੇਂ ਕਿਸੇ ਨੇ
ਮੇਰੇ ਬੱਚੇ ਨੂੰ ਕਤਲ ਕਰ ਦਿੱਤਾ ਹੋਵੇ
ਤੇ ਮੈਂ ਉਸ ਕਾਤਲ ਦੀ
ਐਫ. ਆਈ. ਆਰ. ਲਿਖਵਾਉਣ ਆਇਆਂ
ਪਰ ਫਿਰ ਵੀ ਮੈਂ
ਬੱਝੀ ਹੋਈ ਘਿਗੀ ਨਾਲ ਬੋਲਿਆ ਸਾਂ
ਮੈਂ ਇਕ ਲੈਕਚਰਾਰ ਹਾਂ
ਸਾਡੇ ਵਰਗੇ ਨੂੰ ਲੋਕ
ਬੁੱਧੀਜੀਵੀ ਕਹਿੰਦੇ ਹਨ
ਪਰ ਮੈਂ ਅੱਜ
ਬੁੱਧਜੀਵੀ ਤੋਂ ਕਾਤਲ ਬਣ ਗਿਆ ਹਾਂ
ਮੈਂ ਆਪਣੀ ਦੂਸਰੀ ਬੱਚੀ ਨੂੰ
ਉਸ ਦੀ ਮਾਂ ਦੇ ਪੇਟ ਵਿੱਚ ਹੀ
ਕਤਲ ਕਰਵਾ ਕੇ ਪਰਤ ਰਿਹਾ ਹਾਂ
ਮੈਂ ਜੋ ਵੀ ਕਿਹਾ ਹੈ
ਮੈਂ ਉਸ ਦਾ ਇਕਬਾਲ ਕਰਦਾ ਹਾਂ
ਮੈਨੂੰ ਹੱਥਕੜੀ ਲਾਓ ਤੇ ਮੈਨੂੰ ਜੇਲ੍ਹ ਵਿੱਚ ਪਾਓ।
ਪਰ ਥਾਣੇਦਾਰ
ਮੇਰੀ ਮੂਰਖਤਾ ਉੱਤੇ ਹੱਸਦਾ ਰਹਿੰਦਾ ਹੈ
ਇਹ ਕੋਈ ਪਾਗਲ ਹੈ
ਅਬਾਦੀ ਤਾਂ ਸਾਰੇ ਲੋਕ ਹੀ ਘਟਾ ਰਹੇ ਹਨ
ਇਸ ਨੂੰ ਬਾਇੱਜ਼ਤ
ਡਿਊੜ੍ਹੀ ਤੋਂ ਬਾਹਰ ਕਰ ਦਿਉ।

**ਲੇਖਕ-ਸੁਲੱਖਣ ਮੀਤ**
**ਧੰਨਵਾਦ ਸਹਿਤ ਚਿੜੀ ਵਿਚਾਰੀ ਕੀ ਕਰੇ ਕਿਤਾਬ ਵਿੱਚੋਂ**

## ਕਾਵਿ-ਵਿਅੰਗ
## ਦੈਂਤਾਂ ਵਿਰੁੱਧ ਅਵਾਜ਼



ਤਰਲੋਚਨ ਸਿੰਘ 'ਦੁਪਾਲ ਪੁਰ'
001-408-905-5517

**ਹਉਮੈਂ ਵਾਲ਼ਾ ਭੂਤ ਜਿਹਦੇ ਸਿਰ 'ਤੇ ਸਵਾਰ ਹੋਵੇ**
**ਪਾ ਲੈਂਦਾ ਹੰਕਾਰਿਆਂ ਦੇ ਨਾਲ ਉਹੋ ਆੜੀ ਜੀ।**
**ਇੱਕ ਧਿਰ ਕਹਿੰਦੇ ਨੇ 'ਕਸੂਰਵਾਰ' ਵੱਧ ਹੁੰਦੀ**
**ਵੱਜਦੀ ਹੁੰਦੀ ਏ ਭਾਵੇਂ 'ਦੋਹੀਂ ਹੱਥੀਂ' ਤਾੜੀ ਜੀ।**
**ਅੱਗ ਨੂੰ ਮਚਾ ਕੇ ਅੱਗ ਨਾਲ ਹੀ ਬੁਝਾਉਂਦੇ ਰਹੇ**
**ਪਹਿਲੇ ਅਤੇ ਅੱਜ ਦੇ ਵੀ ਹਾਕਮ ਅਨਾੜੀ ਜੀ।**
**ਅਣਖਾਂ ਦੀ ਆਣ ਵਿੱਚ ਅਗਲਾ ਵੀ ਅੱਗੇ ਅੜੇ**
**ਧੱਕੇਸ਼ਾਹੀ ਨਾਲ 'ਭਾਜੀ' ਜਿਹਦੇ ਸਿਰ ਚਾੜ੍ਹੀ ਜੀ।**
**ਹੋਸ਼ ਨਾ ਜੇ ਆਈ ਜੰਗਬਾਜ਼ਾਂ ਤਾਈਂ ਛੇਤੀ ਯਾਰੋ**
**'ਤੀਸਰੀ ਸੰਸਾਰ ਜੰਗ' ਜਾਪਦੀ ਅਗਾੜੀ ਜੀ।**
**ਦੈਂਤਾਂ ਜਿੰਨੀਂ ਤਾਕਤ ਦਾ ਹੋਣਾ ਕੋਈ ਬੁਰਾ ਨਹੀਂਉਂ**
**'ਦੈਂਤਾਂ ਵਾਂਗ' ਵਰਤਣੀ ਏ ਹੁੰਦੀ ਬਹੁਤ ਮਾੜੀ ਜੀ।**

## ਸਿੰਘਾਂ ਦੀ ਸ਼ਾਨ



**-ਤਰਲੋਚਨ ਸਿੰਘ ਚੰਨ**
**ਜੰਡਿਆਲਵੀ**

ਗੁਰੂ ਨਾਨਕ ਤੋਂ ਗੁਰ ਦਸਮੇਸ਼,
ਦਸਾਂ ਗੁਰਾਂ ਦਾ ਇਕ ਉਪਦੇਸ਼।
ਚੜ੍ਹਦੀ ਕਲਾ ਸਰਬੱਤ ਦਾ ਭਲਾ, ਪਰ ਆਨ ਵੱਖਰੀ।
ਕਲਗੀਧਰ ਦੇ ਸਿੰਘਾਂ ਦੀ ਹੈ ਸ਼ਾਨ ਵੱਖਰੀ।

ਕੰਘਾ, ਕੇਸ, ਕੜਾ, ਕ੍ਰਿਪਾਨ, ਰੇਬ ਕਛਹਿਰਾ ਸਿੰਘਾਂ ਦਾ।
ਪੰਜ ਕਕਾਰਾਂ ਨਾਲ ਹੈ, ਨਾਤਾ ਗਹਿਰਾ ਸਿੰਘਾਂ ਦਾ।
ਨਾਨਕ ਪੰਥੀ ਅੰਮ੍ਰਿਤਧਾਰੀ, ਕੌਮ ਮਹਾਨ ਵੱਖਰੀ।
ਕਲਗੀਧਰ ਦੇ ਸਿੰਘਾਂ ਦੀ ਹੈ ਸ਼ਾਨ ਵੱਖਰੀ।

ਇਕ ਦੂਜੇ ਦਾ ਜਦੋਂ ਖ਼ਾਲਸਾ, ਦਰਸ਼ਨ ਪਾਉਂਦਾ ਏ।
ਗੁਰਾਂ ਦੀ ਬਖ਼ਸ਼ੀ ਫ਼ਤਹਿ, ਜਵਾਬ ਵਿੱਚ ਫ਼ਤਹਿ ਬੁਲਾਉਂਦਾ ਏ।
ਰੂਪ ਨਿਆਰਾ ਸਿਰ ਦਸਤਾਰਾ, ਬਣੀ ਪਹਿਚਾਨ ਵੱਖਰੀ।
ਕਲਗੀਧਰ ਦੇ ਸਿੰਘਾਂ ਦੀ ਹੈ ਸ਼ਾਨ ਵੱਖਰੀ।

ਰਹਿਣੀ ਰਹਿਤ ਮਾਣ ਮਰਯਾਦਾ, ਦੇ ਵਿੱਚ ਪੂਰੇ ਜੋ।
ਸੋਈ ਸਿੱਖ ਸਤਿਗੁਰ ਨੂੰ ਭਾਉਂਦੇ, ਸਿਦਕੀ ਸੂਰੇ ਜੋ।
ਬਾਣੀ ਪੜ੍ਹਦੇ ਪੈਦਾ ਕਰਦੇ ਨੇ ਦਾਸਤਾਨ ਵੱਖਰੀ।
ਕਲਗੀਧਰ ਦੇ ਸਿੰਘਾਂ ਦੀ ਹੈ ਸ਼ਾਨ ਵੱਖਰੀ।

ਗਊ ਗ਼ਰੀਬ ਦੀ ਰੱਖਿਆ ਕਰ, ਨੱਥ ਪਾਉਂਦੇ ਜਾਬਰ ਨੂੰ।
ਚੰਨ ਜੰਡਿਆਲਵੀ ਗਿੱਚੀਉਂ ਫੜ, ਲਟਕਾਉਂਦੇ ਜਾਬਰ ਨੂੰ।
ਸੋਹਣੀ ਸਿੱਖੀ ਘੰਨਿਉਂ ਤਿੱਖੀ, ਵਿੱਚ ਜਹਾਨ ਵੱਖਰੀ।
ਕਲਗੀਧਰ ਦੇ ਸਿੰਘਾਂ ਦੀ ਹੈ ਸ਼ਾਨ ਵੱਖਰੀ।

# ਭਾਜਪਾ ਦੇ ਪਿੱਠੂ ਬਣਨ ਵਾਲਿਆਂ ਨੂੰ ਧਿਰਕਾਰ

**ਰਣਜੀਤ ਸਿੰਘ ਦਮਦਮੀ ਟਕਸਾਲ**
ਪ੍ਰਧਾਨ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ
ਮੋਬਾਈਲ: 0091 88722-93883



ਜਿਹੜੀ ਗੱਲ ਪੰਜਾਬ ਦਾ ਹਰ ਬੱਚਾ, ਬੀਬੀ, ਨੌਜਵਾਨ ਤੇ ਬਜ਼ੁਰਗ ਸਮਝ ਰਿਹਾ ਹੈ, ਉਹ ਗੱਲ ਪੰਜਾਬ ਦੇ ਵਿਕਾਊ ਆਗੂਆਂ ਤੇ ਅਖੌਤੀ ਬਾਬਿਆਂ ਨੂੰ ਸਮਝ ਕਿਉਂ ਨਹੀਂ ਪੈ ਰਹੀ! ਉਹ ਕਿਉਂ ਪੰਜਾਬ 'ਚ ਭਾਜਪਾ ਦੀ ਸਰਕਾਰ ਬਣਾਉਣ ਲਈ ਤਰਲੋਮੱਛੀ ਹੋਏ ਫਿਰਦੇ ਨੇ, ਹੋਰਾਂ ਨੂੰ ਤਾਂ ਛੱਡੋ ਇੱਥੇ ਤਾਂ ਬਾਬਾ ਧੁੰਮਾ ਵੀ ਭਾਜਪਾ ਦਾ ਝੰਡਾ ਚੁੱਕੀ ਫਿਰਦੇ ਨੇ। ਉਹਨਾਂ ਨੂੰ ਨਹੀਂ ਪਤਾ ਕਿ ਆਰ ਐਸ ਐਸ, ਭਾਜਪਾ, ਭਗਵਾਂ ਬ੍ਰਿਗੇਡ ਤੇ ਸੰਘੀ ਲਾਣੇ ਦਾ ਏਜੰਡਾ ਹਿੰਦੂ ਰਾਸ਼ਟਰ ਦਾ ਹੈ ਤੇ ਉਹ ਸਿੱਖਾਂ ਦੀ ਵੱਖਰੀ ਪਛਾਣ ਮਿਟਾ ਦੇਣਾ ਚਾਹੁੰਦੇ ਨੇ ਤੇ ਗੁਰੂਆਂ ਦੇ ਪੰਜਾਬ ਨੂੰ ਭਗਵੇਂ ਰੰਗ 'ਚ ਰੰਗ ਦੇਣਾ ਚਾਹੁੰਦੇ ਨੇ। ਸਿਆਸੀ ਆਗੂਆਂ ਨਾਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇਹ ਨੌਜਵਾਨ ਵਿਦਿਆਰਥੀ ਲੱਖ ਦਰਜ਼ੇ ਚੰਗੇ ਨੇ ਜੋ ਆਰ ਐਸ ਐਸ ਦਾ ਡੱਟ ਕੇ ਵਿਰੋਧ ਕਰ ਰਹੇ ਨੇ ਭਾਵੇਂ ਕਿ ਉਹਨਾਂ ਨੂੰ ਪੁਲਿਸ ਦੇ ਰੋਹ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਇਹ ਆਰ ਐਸ ਐਸ ਵਾਲੇ ਸਿੱਖ ਇਤਿਹਾਸ ਤੇ ਪੰਜਾਬ ਦੇ ਸੱਭਿਆਚਾਰ ਨੂੰ ਮਲੀਆਮੇਟ ਕਰ ਦੇਣਗੇ, ਇਹਨਾਂ ਦਾ ਵਿਰੋਧ ਓਵੇਂ ਹੀ ਲਾਜ਼ਮੀ ਹੈ ਜਿਵੇਂ ਅਠਾਰ੍ਹਵੀਂ ਸਦੀ 'ਚ ਸਿੰਘਾਂ-ਸੂਰਮਿਆਂ ਨੇ ਬਾਹਰੋਂ ਆਏ ਧਾੜਵੀਆਂ ਮੁਗਲਾਂ-ਪਠਾਣਾ ਤੇ ਅਫ਼ਗ਼ਾਨਾਂ ਦਾ ਕੀਤਾ ਸੀ ਤੇ ਲਹੂ-ਵਿੱਢਵਾਂ ਸੰਘਰਸ਼ ਕਰਕੇ ਖ਼ਾਲਸਾ ਰਾਜ ਸਥਾਪਿਤ ਕੀਤਾ ਸੀ। ਆਰ ਐਸ ਐਸ/ਭਾਜਪਾ ਨੂੰ ਭਲਾ ਕਿੱਥੋਂ ਚੇਤੇ ਆ ਗਿਆ ਨੌਵੇਂ ਪਾਤਸ਼ਾਹ ਦਾ 350ਵਾਂ ਸ਼ਹੀਦੀ ਸਮਾਗਮ, ਜਦ ਕਿ ਜਿੱਥੇ ਗੁਰੂ ਸਾਹਿਬ ਨੇ ਦਿੱਲੀ ਦੇ ਚਾਂਦਨੀ ਚੌਂਕ 'ਚ ਸ਼ਹਾਦਤ ਦਿੱਤੀ ਓਥੇ ਹੀ ਇਹਨਾਂ ਨੇ ਕਾਂਗਰਸੀਆਂ ਨਾਲ ਮਿਲ ਕੇ ਸਿੱਖਾਂ ਨੂੰ ਫੜ-ਫੜ ਕੇ ਗਲਾਂ 'ਚ ਟਾਇਰ ਪਾ ਕੇ ਸਾੜਿਆ, ਧੀਆਂ-ਭੈਣਾਂ ਦੀ ਪੱਤ ਰੋਲੀ, ਜਾਇਦਾਦਾਂ ਸਾੜੀਆਂ ਤੇ ਗੁਰਦੁਆਰਾ ਸੀਸ ਗੰਜ ਸਾਹਿਬ ਨੂੰ ਵੀ ਅੱਗ ਲਾ ਦਿੱਤੀ ਸੀ। ਇਹ ਸਾਡੀ ਨਸਲਕੁਸ਼ੀ ਕਰਨ, ਘੱਲੂਘਾਰੇ ਵਪਰਾਉਣ ਤੇ ਇਤਿਹਾਸ ਵਿਗਾੜਨ ਵਾਲੇ ਹਿੰਦੂਤਵੀਏ ਸਾਨੂੰ ਸਾਡਾ ਇਤਿਹਾਸ ਦੱਸਣਗੇ ? ਕੀ ਸਿੱਖ ਪੰਥ ਕੋਲ ਆਪਣੇ ਵਿਦਵਾਨ, ਕਥਾਵਾਚਕ, ਪ੍ਰਚਾਰਕ, ਖੋਜੀ, ਬੁੱਧੀਜੀਵੀ ਤੇ ਇਤਿਹਾਸਕਾਰਾਂ ਦੀ ਕਮੀ ਹੈ ? ਅਸਲ 'ਚ ਇਹ ਸੰਘੀ ਲਾਣਾ ਗੁਰਬਾਣੀ, ਇਤਿਹਾਸ ਤੇ ਸਿਧਾਂਤ ਦੀ ਆਪਣੇ ਬ੍ਰਾਹਮਣੀ ਏਜੰਡੇ ਅਨੁਸਾਰ ਵਿਆਖਿਆ ਕਰੇਗਾ ਜਿਵੇਂ ਬਾਬੇ ਧੁੰਮੇ ਨੇ ਨਾਗਪੁਰ, ਨੰਦੇੜ ਤੇ ਮੁੰਬਈ ਸਮਾਗਮਾਂ ਦੇ ਬਹਾਨੇ ਹਿੰਦੂਤਵ ਦਾ ਬੋਲਬਾਲਾ ਕੀਤਾ, ਹਿੰਦੂ ਕਰਮਕਾਂਡ ਕੀਤੇ ਤੇ ਵੱਖਰੀ ਸਿੱਖ ਕੌਮ ਨੂੰ ਸਨਾਤਨੀ ਬਣਨ ਦੇ ਬਾਗੇਸ਼ਵਰ ਵਾਲੇ ਤੋਂ ਐਲਾਨ ਕਰਵਾਏ। ਅੱਜ ਜਦੋਂ ਪੰਜਾਬ ਯੂਨੀਵਰਸਿਟੀ 'ਚ ਵਿਦਿਆਰਥੀਆਂ ਨੇ ਆਰ ਐਸ ਐਸ ਦੇ ਬੁਲਾਰਿਆਂ ਦਾ ਡੱਟਵਾਂ ਵਿਰੋਧ ਕੀਤਾ ਤਾਂ ਉਹਨਾਂ 'ਚ ਬਾਬਾ ਧੁੰਮਾਂ ਵੀ ਹੋਣਾ ਚਾਹੀਦਾ ਸੀ ਤਾਂ ਜੋ ਉਸਨੂੰ ਪਤਾ ਲੱਗਦਾ ਕਿ ਪੰਥ ਤੇ ਪੰਜਾਬ ਕੀ ਚਾਹੁੰਦਾ ਹੈ! ਸਿੱਖੋ ਇਹ ਗੱਲ ਯਾਦ ਰੱਖਿਓ ਜੇ ਪੰਜਾਬ 'ਚ ਬੀਜੇਪੀ ਦੀ ਸਰਕਾਰ ਬਣ ਗਈ ਤਾਂ ਪੰਥ ਤੇ ਪੰਜਾਬ-ਪ੍ਰਸਤਾਂ ਦਾ ਜਿਊਣਾ ਦੁੱਭਰ ਹੋ ਜਾਏਗਾ। ਪੰਥ ਤੇ ਪੰਜਾਬ ਦੀ ਗੱਲ ਕਰਨ ਵਾਲਿਆਂ ਨੂੰ ਅੱਤਵਾਦੀ ਤੇ ਦੇਸ਼ ਧ੍ਰੋਹੀ ਐਲਾਨਿਆ ਜਾਏਗਾ, ਯੂਏਪੀਏ ਤੇ ਐਨ ਐਸ ਏ ਲੱਗਿਆ ਕਰੇਗੀ ਤੇ ਜਿਹੜਾ ਵੀ ਸਿਰ ਚੁੱਕੇਗਾ ਫੇਹ ਦਿੱਤਾ ਜਾਏਗਾ। ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਤਸਵੀਰਾਂ, ਮਾਰਚਾਂ, ਪ੍ਰਦਰਸ਼ਨਾਂ ਤੇ ਸ਼ਹੀਦੀ ਸਮਾਗਮਾਂ 'ਤੇ ਪਾਬੰਦੀਆਂ ਲੱਗਣਗੀਆਂ ਓਦੋ ਬਾਬੇ ਦੇ ਚਾਪਲੂਸ ਪੱਟਾਂ ਉਤੇ ਥਾਪੀਆਂ ਮਾਰ ਕੇ ਸਿੱਖਾਂ ਨੂੰ ਮਿਹਣੇ ਮਾਰਿਆ ਕਰਨਗੇ ਕਿ 'ਹੁਣ ਕਰੋ ਖ਼ਾਲਿਸਤਾਨ ਦੀ ਗੱਲ, ਫਿਰ ਤੁਹਾਡੇ ਪਟਾ ਫਿਰਾਉਂਨੇ ਆਂ।' ਇਸ ਲਈ ਜਾਗਰੂਕ ਹੋਵੋ ਖ਼ਾਲਸਾ ਜੀ! ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਸੱਥ ਦੇ ਨੌਜਵਾਨਾਂ ਦਾ ਧੰਨਵਾਦ ਤੇ ਉਹਨਾਂ ਸਾਰੇ ਅਖੌਤੀ ਬਾਬਿਆਂ ਅਤੇ ਸਿਆਸੀ ਆਗੂਆਂ 'ਤੇ ਲਾਹਣਤ-ਧਿਰਕਾਰ ਜੋ ਭਾਜਪਾ ਦੇ ਪਿੱਠੂ ਬਣੇ ਹੋਏ ਹਨ।

## ਬੇਅਦਬੀਆਂ ਨਹੀਂ, ਸਾਡੇ ਗੁਰੂ ਉਤੇ ਹਮਲੇ...

ਪੰਜਾਬ ਵਿੱਚ ਵਾਪਰ ਰਹੀਆਂ ਬੇਅਦਬੀ ਦੀਆਂ ਮੰਦਭਾਗੀ ਘਟਨਾਵਾਂ, ਮਹਿਜ ਬੇਅਦਬੀਆਂ ਨਹੀਂ ਬਲਕਿ ਸਾਡੇ ਇਸ਼ਟ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਉੱਤੇ ਹਮਲੇ ਹਨ। ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਹਕੂਮਤਾਂ, ਸਰਕਾਰਾਂ, ਵਿਰੋਧੀਆਂ ਤੇ ਦੁਸ਼ਮਣਾਂ ਦਾ ਢਿੱਡ ਨਹੀਂ ਭਰਿਆ ਤੇ ਹੁਣ ਉਹ ਲਗਾਤਾਰ ਸਾਡੇ ਗੁਰੂ 'ਤੇ ਹਮਲੇ ਕਰ ਰਹੇ ਹਨ। ਇਹ ਸਿੱਖ ਕੌਮ ਉੱਤੇ ਹੋ ਰਹੇ ਜ਼ੁਲਮ, ਅਨਿਆਂ ਅਤੇ ਹਮਲਿਆਂ ਦੀ ਸਿਖ਼ਰ ਹੈ। ਜਦੋਂ ਪਿਓ ਦੀ ਪੱਗ ਨੂੰ ਕੋਈ ਹੱਥ ਪਾ ਲਵੇ ਫਿਰ ਪੁੱਤ ਮਰਨ-ਮਾਰਨ 'ਤੇ ਉਤਰ ਆਉਂਦਾ ਹੈ ਤੇ ਅਜਿਹੀ ਹੀ ਹਾਲਤ ਸਿੱਖਾਂ ਦੀ ਬਣੀ ਹੋਈ ਹੈ। ਆਪਣੇ ਗੁਰੂ ਦਾ ਸਤਿਕਾਰ ਕਾਇਮ ਰੱਖਣ ਲਈ ਸਿੱਖ ਕੋਈ ਵੀ ਕਦਮ ਉਠਾ ਸਕਦੇ ਹਨ। ਸਿੱਖ ਲਈ ਗੁਰੂ ਤੋਂ ਉਤੇ ਕੁਝ ਨਹੀਂ, ਤੇ ਦੁਸ਼ਮਣਾਂ ਵੱਲੋਂ ਗੁਰੂ ਉਤੇ ਕੀਤਾ ਹਮਲਾ ਤਾਂ ਸਿੱਖ ਦੀ ਰੂਹ ਨੂੰ ਝੰਜੋੜ ਦਿੰਦਾ ਹੈ ਤੇ ਸਿੱਖ ਦੀ ਅਣਖ਼ ਅਜਿਹਾ ਉਬਾਲਾ ਮਾਰਦੀ ਹੈ ਕਿ ਉਹ ਵੈਰੀ ਦਾ ਅੰਤ ਕਰਕੇ ਹੀ ਸਾਹ ਲੈਂਦਾ ਹੈ, ਚਾਹੇ ਬਾਅਦ ਵਿੱਚ ਉਸਨੂੰ ਕੁਝ ਵੀ ਭੁਗਤਣਾ ਪਵੇ। ਸੱਚਾ ਸਿੱਖ ਕਦੇ ਵੀ ਗੁਰੂ ਸਾਹਿਬ ਉੱਤੇ ਹਮਲਾ ਨਹੀਂ ਸਹਿ ਸਕਦਾ, ਉਹ ਚੈਨ ਨਾਲ ਨਹੀਂ ਬਹਿ ਸਕਦਾ, ਉਸ ਦੀ ਆਤਮਾ ਕੁਝ ਕਰਨ ਲਈ ਪ੍ਰੇਰਦੀ ਹੈ, ਪੰਥਕ ਫ਼ਰਜ਼ ਉਸਨੂੰ ਅਵਾਜ਼ਾਂ ਮਾਰਦੇ ਹਨ ਤੇ ਫਿਰ ਸਿੱਖ ਗੁਰਬਾਣੀ, ਇਤਿਹਾਸ, ਸਿਧਾਂਤ, ਰਵਾਇਤ ਤੇ ਪ੍ਰੰਪਰਾ ਤੋਂ ਸੇਧ ਲੈ ਕੇ ਮੈਦਾਨ ਵਿੱਚ ਨਿੱਤਰ ਪੈਂਦਾ ਹੈ। ਉਸਨੂੰ ਦੁਨੀਆਂ ਦੀ, ਮੀਡੀਆ ਦੀ ਤੇ ਹੋਰ ਵਿਰੋਧੀਆਂ ਦੀ ਕੋਈ ਪ੍ਰਵਾਹ ਨਹੀਂ ਹੁੰਦੀ ਕਿ ਉਹ ਕੀ ਕਹਿਣਗੇ! ਸਿੱਖ, ਗੁਰੂ ਨਾਲ ਆਪਣਾ ਰਿਸ਼ਤਾ ਨਿਭਾਉਂਦਾ ਹੈ ਤੇ ਆਪਣੇ ਗੁਰੂ ਦੇ ਸਤਿਕਾਰ ਲਈ ਆਪਾ ਵੀ ਵਾਰ ਦਿੰਦਾ ਹੈ।

ਸਾਡੇ ਗੁਰੂ 'ਤੇ ਹਮਲੇ ਕਰਨ ਵਾਲੇ ਪਾਪੀ, ਦੁਸ਼ਟ, ਦੋਖੀ ਤੇ ਦੁਸ਼ਮਣ ਭੁੱਲ ਜਾਣ ਕਿ ਸਿੱਖ ਚੁੱਪ ਰਹਿਣਗੇ, ਜ਼ਰ ਜਾਣਗੇ, ਅੱਖਾਂ ਬੰਦ ਕਰ ਲੈਣਗੇ, ਭੁੱਲ ਜਾਣਗੇ, ਕੋਈ ਪ੍ਰਤੀਕਿਰਿਆ ਨਹੀਂ ਕਰਨਗੇ, ਹੱਥ 'ਤੇ ਹੱਥ ਧਰ ਕੇ ਬੈਠੇ ਰਹਿਣਗੇ! ਪਾਪੀਆਂ ਦਾ ਇਹ ਵਹਿਮ ਦੂਰ ਕਰਨ ਲਈ ਜੁਝਾਰੂ ਖ਼ਾਲਸਾ ਪ੍ਰਗਟ ਹੋਣ ਲਈ ਦੇਰ ਨਹੀਂ ਲਾਉਂਦਾ, ਕੋਈ ਗੁਰੂ ਕਾ ਬਾਜ਼ ਫ਼ਰਜ਼ ਨਿਭਾ ਹੀ ਜਾਂਦਾ ਹੈ, ਦੇਰ-ਸਵੇਰ ਸੋਧਾ ਲੱਗ ਹੀ ਜਾਂਦਾ ਹੈ, ਗੁਰੂ ਦੀ ਕਲਾ ਅਤੇ ਸ਼ਹੀਦ ਸਿੰਘ ਵਰਤ ਜਾਂਦੇ ਹਨ, ਇੱਕ ਨਵਾਂ ਇਤਿਹਾਸ ਜਨਮ ਲੈ ਲੈਂਦਾ ਹੈ ਤੇ ਢਾਡੀਆਂ-ਕਵੀਸ਼ਰਾਂ ਦੀਆਂ ਵਾਰਾਂ ਅਤੇ ਇਤਿਹਾਸ ਦੀਆਂ ਕਿਤਾਬਾਂ ਦਾ ਸ਼ਿੰਗਾਰ ਬਣ ਜਾਂਦਾ ਹੈ। ਗੁਰੂ ਸਾਹਿਬ ਦੇ ਸਤਿਕਾਰ ਲਈ ਸਿੱਖਾਂ ਨੇ ਚੰਦੂ, ਗੰਗੂ, ਸ਼ੀਂਹਾ ਮਸੰਦ, ਕੇਸਰੀ ਚੰਦ, ਲੱਖਪਤ ਰਾਏ, ਇੰਦਰਾ ਗਾਂਧੀ, ਜਨਰਲ ਵੈਦਿਆ ਤੇ ਗੋਬਿੰਦ ਰਾਮ ਨੂੰ ਲਲਕਾਰ ਕੇ ਸੋਧਿਆ ਅਤੇ ਅਹਿਮਦ ਖਾਂ, ਫ਼ਤਹਿ ਖਾਂ, ਲਲਾ ਬੇਗ, ਨਾਹਰ ਖਾਂ, ਜਾਬਰ ਖਾਂ, ਜਮਸ਼ੇਦ ਖਾਂ, ਵਜ਼ੀਰ ਖ਼ਾਂ, ਅਮਾਨ ਖ਼ਾਂ, ਮੱਸੇ ਰੰਘੜ ਅਤੇ ਪੀਟਰ ਕਲੋਨੈਟ ਨੂੰ ਉਸਦੇ ਪਾਪਾਂ ਦੀ ਸਜ਼ਾ ਦਿੱਤੀ ਅਤੇ ਅਜੋਕੇ ਸਮੇਂ ਵਿੱਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉੱਤੇ ਹਮਲੇ ਕਰਨ ਵਾਲੇ ਸੂਰਜਮੁਨੀ ਸਾਧ, ਮਹਿੰਦਰਪਾਲ ਬਿੱਟੂ, ਗੁਰਦੇਵ ਪ੍ਰੇਮੀ, ਪ੍ਰਦੀਪ, ਚਰਨ ਦਾਸ, ਲਖਬੀਰ, ਬਖਸ਼ੀਸ਼, ਮਨੋਹਰ ਲਾਲ ਤੇ ਬਲਵਿੰਦਰ ਔਰਤ ਜਿਹੇ ਕਈ ਦੁਸ਼ਟਾਂ ਨੂੰ ਗੁਰੂ ਕੇ ਲਾਲਾਂ ਨੇ ਮੌਤ ਦੀ ਗੱਡੀ ਚਾੜ੍ਹਿਆ। ਪੁਰਾਤਨ ਸਮੇਂ ਵਿੱਚ ਵੀ ਸਿੱਖਾਂ ਨੇ ਇਹ ਸੇਵਾ ਖ਼ੁਦ ਸੰਭਾਲੀ ਸੀ ਤੇ ਹੁਣ ਵੀ ਜਦੋਂ ਸਰਕਾਰਾਂ, ਅਦਾਲਤਾਂ, ਕਾਨੂੰਨ ਅਤੇ ਪੁਲਿਸ ਇਨਸਾਫ਼ ਨਹੀਂ ਕਰਦੀ ਤਾਂ ਆਪਣੇ ਗੁਰੂ ਦੇ ਅਦਬ ਲਈ ਅਣਖੀਲੇ ਸਿੱਖਾਂ ਨੂੰ ਖ਼ੁਦ ਹੀ ਡੱਟਣਾ ਪੈਂਦਾ ਹੈ।

– ਰਣਜੀਤ ਸਿੰਘ ਦਮਦਮੀ ਟਕਸਾਲ

# ਇੰਗਲੈਂਡ ਕਬੱਡੀ ਜਗਤ ਨੂੰ ਵੱਡਾ ਘਾਟਾ, ਪਿਆਰਾ ਸਿੰਘ ਰੰਧਾਵਾ ਦਾ ਦਿਹਾਤ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਇੰਗਲੈਂਡ ਦੇ ਸਹਿਰ ਲੈਸਟਰ ਦੇ ਵਸਨੀਕ ਅਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸੀਨੀਅਰ ਆਗੂ, ਮਾਂ ਖੇਡ ਕਬੱਡੀ ਦੇ ਪ੍ਰਮੁੱਖ ਪ੍ਰਮੋਟਰ ਅਤੇ ਲੈਸਟਰ ਕਬੱਡੀ ਕਲੱਬ ਦੇ ਸਾਬਕਾ ਪ੍ਰਧਾਨ ਪਿਆਰਾ ਸਿੰਘ ਰੰਧਾਵਾ ਦੇ ਦੇਹਾਂਤ ਦੀ ਦੁਖਦਾਈ ਖ਼ਬਰ ਨਾਲ ਇੰਗਲੈਂਡ ਦੇ ਕਬੱਡੀ ਜਗਤ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ।ਉਹ ਕੁਝ ਸਮੇ ਤੋ ਅਚਾਨਕ ਬਿਮਾਰ ਹੋਣ ਕਾਰਨ ਲੈਸਟਰ ਦੇ ਇਕ ਹਸਪਤਾਲ ਵਿਚ ਜੇਰੇ ਇਲਾਜ ਸਨ, ਪ੍ਰੰਤੂ ਬੀਤੀ ਦੇਰ ਰਾਤ 9:30 ਵਜੇ ਉਨ੍ਹਾਂ ਦਾ ਦੇਹਾਤ ਹੋ ਗਿਆ!ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਪਿਆਰਾ ਸਿੰਘ ਰੰਧਾਵਾ ਦੇ ਇਸ ਦੁਨੀਆ ਤੋ ਚਲੇ ਜਾਣ ਨਾਲ ਨਾ ਸਿਰਫ਼ ਕਬੱਡੀ ਖੇਡ ਨਾਲ ਜੁੜੇ ਖਿਡਾਰੀਆਂ ਅਤੇ ਪ੍ਰੇਮੀਆਂ ਨੂੰ ਗਹਿਰਾ ਦੁੱਖ ਪੁੱਜਿਆ ਹੈ, ਸਗੋਂ ਖੇਡ ਪ੍ਰਬੰਧਨ ਨਾਲ ਜੁੜੇ ਵਰਗਾਂ ਵਿੱਚ ਵੀ ਇਕ ਵੱਡੀ ਥਾਂ ਖਾਲੀਹੋ ਗਈ ਹੈ।

ਪਿਆਰਾ ਸਿੰਘ ਰੰਧਾਵਾ ਜਿੱਥੇ ਮਾਂ ਖੇਡ ਕਬੱਡੀ ਦੇ ਵੱਡੇ ਪ੍ਰਮੋਟਰ ਸਨ, ਉੱਥੇ ਆਪਣੇ ਸਮੇਂ ਦੇ ਪ੍ਰਸਿੱਧ ਕਬੱਡੀ ਖਿਡਾਰੀ ਵੀ ਰਹੇ ਹਨ। ਉਹ ਲੰਮੇ ਸਮੇਂ ਤੋਂ ਇੰਗਲੈਂਡ ਕਬੱਡੀ ਫੈਡਰੇਸ਼ਨ ਨਾਲ ਜੁੜੇ ਰਹੇ ਅਤੇ ਵੱਖ-ਵੱਖ ਅਹੁਦਿਆਂ ‘ਤੇ ਰਹਿੰਦੇ ਹੋਏ ਖੇਡ ਦੀ ਤਰੱਕੀ ਲਈ ਅਹਿਮ ਭੂਮਿਕਾ ਨਿਭਾਉਂਦੇ ਰਹੇ। ਉਨ੍ਹਾਂ ਦੀ ਖੇਡ ਪ੍ਰਤੀ ਨਿਭਾਅ, ਤਜਰਬੇ ਅਤੇ ਸੰਗਠਨਕ ਯੋਗਦਾਨ ਨੂੰ ਕਬੱਡੀ ਜਗਤ ਵੱਲੋਂ ਹਮੇਸ਼ਾ ਸਨਮਾਨ ਮਿਲਦਾ ਰਿਹਾ।

ਲੈਸਟਰ ਕਬੱਡੀ ਕਲੱਬ ਦੇ ਪ੍ਰਧਾਨ ਵਜੋਂ ਵੀ ਪਿਆਰਾ ਸਿੰਘ ਰੰਧਾਵਾ ਨੇ ਅਹਿਮ ਸੇਵਾਵਾਂ ਨਿਭਾਈਆਂ। ਉਨ੍ਹਾਂ ਨੇ ਕਲੱਬ ਨੂੰ ਮਜ਼ਬੂਤ ਬਣਾਉਣ, ਨੌਜਵਾਨ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬੀ ਵਿਰਾਸਤੀ ਖੇਡ ਕਬੱਡੀ ਨੂੰ ਵਿਦੇਸ਼ੀ ਧਰਤੀ ‘ਤੇ ਜਿਉਂਦਾ ਰੱਖਣ ਲਈ ਮਹੱਤਵਪੂਰਨ ਯੋਗਦਾਨ ਪਾਇਆ। ਇਸ ਤੋਂ ਇਲਾਵਾ ਉਹ ਕੁਝ ਸਮੇਂ ਲਈ ਸ੍ਰੀ ਅਨੰਦਪੁਰ ਸਾਹਿਬ ਕਬੱਡੀ ਕਲੱਬ ਦੇ ਪ੍ਰਧਾਨ ਵੀ ਰਹੇ, ਜਿੱਥੇ ਉਨ੍ਹਾਂ ਨੇ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਯਾਦਗਾਰ ਭੂਮਿਕਾ ਨਿਭਾਈ।



ਜਾਣਕਾਰੀ ਅਨੁਸਾਰ ਪਿਆਰਾ ਸਿੰਘ ਰੰਧਾਵਾ ਪਿਛਲੇ ਕੁਝ ਮਹੀਨਿਆਂ ਤੋਂ ਅਚਾਨਕ ਬਿਮਾਰ ਹੋਣ ਕਾਰਨ ਹਸਪਤਾਲ ਵਿੱਚ ਦਾਖਲ ਸਨ। ਇਲਾਜ ਦੌਰਾਨ ਬੀਤੀ ਰਾਤ ਲਗਭਗ 9:30 ਵਜੇ ਉਨ੍ਹਾਂ ਨੇ ਹਸਪਤਾਲ ਵਿੱਚ ਆਖਰੀ ਸਾਹ ਲਏ। ਉਨ੍ਹਾਂ ਦੇ ਦੇਹਾਂਤ ਨਾਲ ਇੰਗਲੈਂਡ ਦੀ ਕਬੱਡੀ ਸੱਭਿਆਚਾਰ ਨੂੰ ਅਜਿਹਾ ਘਾਟਾ ਪਿਆ ਹੈ ਜੋ ਲੰਮੇ ਸਮੇਂ ਤੱਕ ਮਹਿਸੂਸ ਕੀਤਾ ਜਾਂਦਾ ਰਹੇਗਾ।

ਉਨ੍ਹਾਂ ਦੀ ਇਸ ਬੇਵਕਤ ਮੌਤ ‘ਤੇ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਵੱਖ-ਵੱਖ ਆਗੂਆਂ ਅਤੇ ਕਬੱਡੀ ਪ੍ਰੇਮੀਆਂ ਵੱਲੋਂ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਸੀਨੀਅਰ ਆਗੂ ਕੁਲਵੰਤ ਸਿੰਘ ਸੰਘਾ, ਲੈਸਟਰ ਕਬੱਡੀ ਕਲੱਬ ਦੇ ਪ੍ਰਧਾਨ ਕੁਲਵੀਰ ਸਿੰਘ ਖੱਖ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ, ਤੀਰ ਗਰੁੱਪ ਦੇ ਮੁੱਖ ਬੁਲਾਰੇ ਰਾਜਮਨਵਿੰਦਰ ਸਿੰਘ ਰਾਜਾ ਕੰਗ, ਇੰਡੀਅਨ ਓਵਰਸੀਜ ਕਾਗਰਸ ਦੇ ਆਗੂ ਦਲਜੀਤ ਸਿੰਘ ਸਹੋਤਾ,ਤੀਰ ਗਰੁੱਪ ਦੇ ਚੇਅਰਮੈਨ ਬਰਿੰਦਰ ਸਿੰਘ ਬਿੱਟੂ, ਮੰਗਤ ਸਿੰਘ ਪਲਾਹੀ, ਸੀਤਲ ਸਿੰਘ ਗਿੱਲ, ਜੱਸ ਘੁਮਾਣ, ਮਿੰਟੂ ਘੁਮਾਣ, ਅੰਮ੍ਰਿਤਪਾਲ ਸਿੰਘ ਘੁਮਾਣ ਸਮੇਤ ਵੱਖ-ਵੱਖ ਸਿਆਸੀ, ਧਾਰਮਿਕ ਅਤੇ ਖੇਡ ਪ੍ਰੇਮੀਆਂ ਨੇ ਉਨ੍ਹਾਂ ਦੇ ਦੇਹਾਂਤ ‘ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਪਿਆਰਾ ਸਿੰਘ ਰੰਧਾਵਾ ਪੰਜਾਬੀਆਂ ਦੀ ਮਾ ਖੇਡ ਕਬੱਡੀ ਦੇ ਸੱਚੇ ਸੇਵਕ ਸਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਹਮੇਸ਼ਾ ਯਾਦ ਰਹਿਣਗੀਆਂ।

ਉਨ੍ਹਾਂ ਦੇ ਦੋਸਤਾਂ, ਸਾਥੀਆਂ ਅਤੇ ਖਿਡਾਰੀਆਂ ਨੇ ਕਿਹਾ ਕਿ ਪਿਆਰਾ ਸਿੰਘ ਰੰਧਾਵਾ ਨਿਮਰ ਸੁਭਾਅ, ਮਿਲਣਸਾਰ ਸ਼ਖ਼ਸੀਅਤ ਅਤੇ ਖੇਡ ਲਈ ਸਮਰਪਿਤ ਇਨਸਾਨ ਸਨ। ਉਨ੍ਹਾਂ ਨੇ ਹਮੇਸ਼ਾ ਮਾਂ ਖੇਡ ਕਬੱਡੀ ਦੀ ਉੱਚਾਈ ਅਤੇ ਮਾਣ-ਮਰਯਾਦਾ ਨੂੰ ਕਾਇਮ ਰੱਖਣ ਲਈ ਆਪਣਾ ਯੋਗਦਾਨ ਦਿੱਤਾ। ਉਨ੍ਹਾਂ ਦੇ ਚਲੇ ਜਾਣ ਨਾਲ ਇੰਗਲੈਂਡ ਦੇ ਕਬੱਡੀ ਪਰਿਵਾਰ ਨੂੰ ਅਪੂਰਣਯੋਗ ਘਾਟਾ ਪਿਆ ਹੈ।

# ਅਮਰੀਕਾ ਦੇ ਸਭ ਤੋਂ ਵੱਡੇ ਲੜਾਕੂ ਜਹਾਜ਼ ਯੂ ਕੇ ਪਹੁੰਚੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਰਾਨ ਨੂੰ ਵੱਡੇ ਹਮਲੇ ਦੀ ਧਮਕੀ ਦੇਣ ਤੋਂ ਬਾਅਦ ਅਤੇ ਬਰਤਾਨੀਆ ਵੱਲੋਂ ਆਪਣੇ ਫ਼ੌਜੀ ਹਵਾਈ ਅੱਡੇ ਵਰਤਣ ਦੀ ਇਜਾਜ਼ਤ ਦੇਣ ਤੋਂ ਬਾਅਦ ਬੀਤੇ ਕੱਲ ਅਮਰੀਕੀ ਫ਼ੌਜ ਦੇ ਬੰਬਾਰ ਯੂ ਕੇ ਦੇ ਹਵਾਈ ਅੱਡੇ ਤੇ ਪਹੁੰਚ ਗਏ ਹਨ।



ਤਿੰਨ ਅਮਰੀਕੀ ਹਵਾਈ ਸੈਨਾ ਦੇ ਬੀ-1 ਲੈਂਸਰ ਬੰਬਾਰ ਗਲੋਸਟਰਸ਼ਾਇਰ ਦੇ ਆਰ ਏ ਐਫ ਫੇਅਰਫੋਰਡ ਵਿਖੇ ਉਤਰੇ ਹਨ। ਪ੍ਰਧਾਨ ਮੰਤਰੀ ਸਰ ਕੀਰ ਸਟਾਰਮਰ ਨੇ ਯੂ ਕੇ ਦੇ ਠਿਕਾਣਿਆਂ ਤੋਂ 'ਰੱਖਿਆਤਮਕ ਅਮਰੀਕੀ ਕਾਰਵਾਈ' ਨੂੰ ਮਨਜ਼ੂਰੀ ਦੇ ਦਿੱਤੀ ਹੈ। ਲੰਬੀ ਦੂਰੀ ਦੇ ਰਣਨੀਤਕ ਜਹਾਜ਼ 24 ਕਰੂਜ਼ ਮਿਜ਼ਾਈਲਾਂ ਨੂੰ ਲਿਜਾਣ ਦੇ ਸਮਰੱਥ ਹਨ, ਉਹ ਅਮਰੀਕੀ ਹਥਿਆਰਾਂ ਦੇ ਸਭ ਤੋਂ ਸ਼ਕਤੀਸ਼ਾਲੀ ਰਵਾਇਤੀ ਬੰਬਾਰ ਹਨ।

ਇਸ ਤੋਂ ਇਲਾਵਾ ਰੌਕਵੈੱਲ ਬੀ-1 ਲੈਂਸਰ ਬੰਬਾਰ 'ਸਿਮਫਨੀ ਆਫ਼ ਡਿਸਟ੍ਰਕਸ਼ਨ' ਵੀ ਹੈ।

ਅਮਰੀਕੀ ਹਵਾਈ ਸੈਨਾ ਦੇ ਸਭ ਤੋਂ ਵੱਡੇ ਬੀ-1 ਬੰਬਾਰ ਜੈੱਟ ਨੂੰ ਕਮਾਂਡਰ ਕਰਨਲ ਬ੍ਰਾਇਨ ਐਮ ਬੁਸਾਚੁਰ ਦੁਆਰਾ ਉਡਾਇਆ ਜਾਂਦਾ ਹੈ। ਜਦ ਕਿ ਤੀਜਾ ਲੜਾਕੂ ਜਹਾਜ਼ 'ਏਲੀਅਨ ਵਿਦ ਐਨ ਐਟੀਟਿਊਡ' ਹੈ।

ਰਣਨੀਤਕ ਬੰਬਾਰ ਜਿਨ੍ਹਾਂ ਦੀ ਕੀਮਤ 2 ਬਿਲੀਅਨ ਡਾਲਰ ਤੱਕ ਹੈ, ਦੁਨੀਆ ਦੀਆਂ ਸਭ ਤੋਂ ਵਿਨਾਸ਼ਕਾਰੀ ਮਿਜ਼ਾਈਲਾਂ ਨੂੰ ਲੈ ਕੇ ਜਾਣ ਵਾਲੇ ਹਨ, ਜੋ ਲੰਬੀ ਦੂਰੀ ਦੇ ਮਿਸ਼ਨਾਂ ਨੂੰ ਅੰਜਾਮ ਦੇ ਸਕਦੀਆਂ ਹਨ। ਇਹਨਾਂ ਨੂੰ ਟਰੈਕ ਨਹੀਂ ਕੀਤਾ ਜਾ ਸਕਦਾ।

ਬੋਇੰਗ ਦੇ ਅਨੁਸਾਰ ਉਨ੍ਹਾਂ ਦਾ ਭਾਰ 86 ਟਨ ਹੈ ਅਤੇ ਅਮਰੀਕੀ ਹਵਾਈ ਸੈਨਾ ਵਿੱਚ ਸਭ ਤੋਂ ਤੇਜ਼ ਬੰਬਾਰ ਹਨ, ਜੋ 900 ਮੀਲ ਪ੍ਰਤੀ ਘੰਟਾ ਤੋਂ ਵੱਧ ਦੀ ਰਫ਼ਤਾਰ ਨਾਲ ਉੱਡਦੇ ਹਨ।

ਅਮਰੀਕੀ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਕਿਹਾ ਕਿ ਪ੍ਰਧਾਨ ਮੰਤਰੀ ਸਟਾਰਮਰ ਵੱਲੋਂ ਇਜਾਜ਼ਤ ਦੇਣ ਤੋਂ ਬਾਅਦ ਅਮਰੀਕਾ ਹੁਣ ਈਰਾਨ 'ਤੇ ਆਪਣੇ ਹਮਲਿਆਂ ਨੂੰ ਤੇਜ਼ ਕਰਨ ਲਈ ਬਰਤਾਨਵੀ ਆਰ ਏ ਐਫ ਠਿਕਾਣਿਆਂ ਦੀ ਵਰਤੋਂ ਕਰੇਗਾ।

# ਬਰਤਾਨੀਆਂ ਨੇ ਭਾਰਤ ਨੂੰ ਪ੍ਰਾਚੀਨ ਮੂਰਤੀ ਕੀਤੀ ਵਾਪਸ-ਤਾਮਿਲਨਾਡੂ ਮੰਦਰ 'ਚ ਹੋਵੇਗੀ ਸੁਸ਼ੋਬਿਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਆਕਸਫੋਰਡ ਯੂਨੀਵਰਸਿਟੀ ਦੇ ਅਜਾਇਬ ਘਰ ਐਸ਼ਮੋਲੀਅਨ ਨੇ ਬੀਤੇ ਕੱਲ ਲੰਡਨ ਵਿਖੇ ਭਾਰਤੀ ਅਧਿਕਾਰੀਆਂ ਨੂੰ 16ਵੀਂ ਸਦੀ ਦਾ ਕਾਂਸੀ ਦੀ ਮੂਰਤੀ ਭਾਰਤ ਨੂੰ ਵਾਪਸ ਕਰ ਦਿੱਤੀ ਹੈ। ਸੰਤ ਤਿਰੂਮਨਕਾਈ ਅਲਵਰ ਦੀ ਮੂਰਤੀ ਨੂੰ ਸੌਂਪਣ ਦਾ ਸਮਾਰੋਹ ਲੰਡਨ ਵਿਚ ਭਾਰਤ ਦੇ ਹਾਈ ਕਮਿਸ਼ਨ ਵਿਖੇ ਹੋਇਆ ਜਿਸ ਵਿੱਚ ਐਸ਼ਮੋਲੀਅਨ ਦੇ ਡਾਇਰੈਕਟਰ ਡਾ. ਜ਼ਾ ਸਟਰਗਿਸ ਸੀ ਬੀ ਈ, ਅਤੇ ਮਿਊਜ਼ੀਅਮ ਦੇ ਪੂਰਬੀ ਕਲਾ ਵਿਭਾਗ ਦੇ ਮੁਖੀ ਪ੍ਰੋਫੈਸਰ ਮਲਿਕਾ ਕੁੰਬੇਰਾ ਲੈਂਡਰਸ ਆਦਿ ਹਾਜ਼ਰ ਸਨ।

ਡਾ. ਜ਼ਾ ਸਟਰਗਿਸ ਨੇ ਇਸ ਮਹੱਤਵਪੂਰਨ ਨਿਸ਼ਾਨੀ ਨੂੰ ਭਾਰਤ ਨੂੰ ਸੌਂਪਦੇ ਹੋਏ ਖੁਸ਼ ਪ੍ਰਗਟ ਕਰਦਿਆਂ ਭਾਰਤੀ ਅਧਿਕਾਰੀਆਂ ਅਤੇ ਵਿਦਵਾਨਾਂ ਦਾ ਧੰਨਵਾਦ ਕੀਤਾ ਜਿਹਨਾਂ ਨੇ ਮੂਰਤੀ ਦੀ ਅਸਲ ਪਹਿਚਾਣ ਲਈ ਮਦਦ ਕੀਤੀ। ਭਾਰਤੀ ਹਾਈ ਕਮਿਸ਼ਨ ਲੰਡਨ ਦੇ ਇੱਕ ਬੁਲਾਰੇ ਨੇ ਆਕਸਫੋਰਡ ਦੇ ਐਸ਼ਮੋਲੀਅਨ ਮਿਊਜ਼ੀਅਮ ਦਾ ਧੰਨਵਾਦ ਕੀਤਾ ਜਿਹਨਾਂ ਨੇ 16ਵੀਂ ਸਦੀ ਦੇ ਸੰਤ ਤਿਰੂਮਨਕਾਈ ਅਲਵਰ ਦੀ ਕਾਂਸੀ ਦੀ ਮੂਰਤੀ ਨੂੰ ਵਾਪਸ ਕੀਤਾ ਹੈ। ਹੁਣ ਇਸ ਮੂਰਤੀ ਨੂੰ ਤਾਮਿਲਨਾਡੂ ਦੇ ਸੌਂਦਰਾਰਾਜਾ ਪੇਰੂਮਲ ਮੰਦਰ ਵਿੱਚ ਸਥਾਪਿਤ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਐਸ਼ਮੋਲੀਅਨ ਨੇ 1967 ਵਿੱਚ ਇਹ ਮੂਰਤੀ ਪ੍ਰਾਪਤ ਕੀਤੀ ਸੀ। ਨਿਲਾਮੀ ਘਰ ਸੋਥਬੀ ਦੇ ਅਨੁਸਾਰ ਕਾਂਸੀ ਦੀ ਮੂਰਤੀ ਨੂੰ ਨਿੱਜੀ ਸੰਗ੍ਰਹਿ ਕਰਤਾ ਡਾ. ਜੇ. ਆਰ. ਬੇਲਮੋਂਟ ਦੁਆਰਾ ਵੇਚਿਆ ਗਿਆ ਸੀ।

ਨਵੰਬਰ 2019 ਵਿੱਚ ਇੱਕ ਫਰਾਂਸੀਸੀ ਵਿਦਵਾਨ ਨੇ ਅਜਾਇਬ ਘਰ ਨੂੰ ਸੁਚੇਤ ਕੀਤਾ ਕਿ 1957 ਵਿੱਚ ਤਾਮਿਲਨਾਡੂ ਦੇ ਸ਼੍ਰੀ



ਸੌਂਦਰਾਰਾਜਪੇਰੂਮਲ ਕੋਵਿਲ ਦੇ ਮੰਦਰ ਵਿੱਚ ਲਈ ਗਈ ਤਸਵੀਰ ਇੰਸਟੀਚਿਊਟ ਫ੍ਰਾਂਸਾਈਸ ਡੀ ਪਾਂਡੀਚੇਰੀ ਅਤੇ ਏਕੋਲ ਫ੍ਰਾਂਸਾਈਸ ਡੀ' ਐਕਸਟ੍ਰੀਮ-ਓਰੀਐਂਟ ਵਿੱਚ ਹੈ, ਇਸੇ ਮੂਰਤੀ ਦੀ ਹੈ ਜੋ ਯੂਰਪ ਅਤੇ ਅਮਰੀਕਾ ਦੇ ਰਿਕਾਰਡਾਂ ਵਿੱਚ ਵੀ ਉਪਲੱਬਧ ਹੈ।

ਜਿਸ ਤੋਂ ਬਾਅਦ ਐਸ਼ਮੋਲੀਅਨ ਨੇ 16 ਦਸੰਬਰ 2019 ਨੂੰ ਭਾਰਤੀ ਹਾਈ ਕਮਿਸ਼ਨ ਨੂੰ ਸੂਚਿਤ ਕੀਤਾ। ਲੇਕਨ ਇਸ ਮੂਰਤੀ ਦੇ ਲਾਪਤਾ ਜਾਂ ਚੋਰੀ ਹੋਣ ਦੀ ਭਾਰਤ ਵਿੱਚ ਕਿਧਰੇ ਕੋਈ ਰਿਪੋਰਟ ਦਰਜ ਨਹੀਂ ਸੀ। 11 ਫਰਵਰੀ 2020 ਨੂੰ ਮੰਦਰ ਦੇ ਕਾਰਜਕਾਰੀ ਅਧਿਕਾਰੀ ਨੇ ਪੁਸ਼ਟੀ ਕੀਤੀ ਕਿ ਅਸਲ ਕਾਂਸੀ ਦੀ ਮੂਰਤੀ ਦੀ ਥਾਂ ਹੁਣ ਇੱਕ ਅਧੁਨਿਕ ਮੂਰਤੀ ਨੇ ਲੈ ਲਈ ਹੈ। ਜਿਸ ਤੋਂ ਬਾਅਦ ਮੂਰਤੀ ਵਾਪਸੀ ਦੀ ਸ਼ੁਰੂ ਹੋਈ ਪ੍ਰਕ੍ਰਿਆ ਬੀਤੇ ਕੱਲ ਸਮਾਪਿਤ ਹੋਈ।

# ਏਅਰ ਇੰਡੀਆ ਵੱਲੋਂ ਪੱਛਮੀ ਏਸ਼ੀਆ ਲਈ 58 ਉਡਾਨਾਂ ਦਾ ਐਲਾਨ

ਪੱਛਮੀ ਏਸ਼ੀਆ ਵਿੱਚ ਇਜ਼ਰਾਈਲ, ਇਰਾਨਅਤੇ ਅਮਰੀਕਾ ਦਰਮਿਆਨ ਵਧਦੇ ਤਣਾਅ ਦੇ ਵਿਚਕਾਰ, ਏਅਰ ਇੰਡੀਆ ਅਤੇ ਇਸ ਦੀ ਸਹਾਇਕ ਕੰਪਨੀ ਏਅਰ ਇੰਡੀਆ ਐਕਸਪ੍ਰੈਸ ਨੇ ਅੱਜ ਯਾਨੀ ਬੁੱਧਵਾਰ ਨੂੰ ਖੇਤਰ ਲਈ ਕੁੱਲ 58 ਉਡਾਣਾਂ ਚਲਾਉਣ ਦਾ ਐਲਾਨ ਕੀਤਾ ਹੈ। ਹਾਲਾਂਕਿ ਹਵਾਈ ਖੇਤਰ ਦੀਆਂ ਪਾਬੰਦੀਆਂ ਕਾਰਨ ਹਵਾਈ ਸੇਵਾਵਾਂ ਕਾਫੀ ਸਾਵਧਾਨੀ ਨਾਲ ਚਲਾਈਆਂ ਜਾ ਰਹੀਆਂ ਹਨ, ਪਰ ਕੰਪਨੀ ਨੇ ਸਪੱਸ਼ਟ ਕੀਤਾ ਹੈ ਕਿ ਮਸਕਟ ਲਈ ਤੈਅਸ਼ੁਦਾ ਸੇਵਾਵਾਂ ਜਾਰੀ ਰਹਿਣਗੀਆਂ। ਅੱਜ ਦੇ ਦਿਨ ਏਅਰ ਇੰਡੀਆ ਜਿੱਦਾ ਲਈ 8 ਉਡਾਣਾਂ ਦਾ ਸੰਚਾਲਨ ਕਰੇਗੀ, ਜਦੋਂਕਿ ਏਅਰ ਇੰਡੀਆ ਐਕਸਪ੍ਰੈਸ ਮਸਕਟ ਲਈ 14 ਉਡਾਣਾਂ ਭਰੇਗੀ। ਇਸ ਵਿੱਚ ਦਿੱਲੀ, ਮੁੰਬਈ, ਹੈਦਰਾਬਾਦ ਅਤੇ ਕੋਜ਼ੀਕੋਡ ਵਰਗੇ ਮੁੱਖ ਸ਼ਹਿਰਾਂ ਤੋਂ ਸਿੱਧੀਆਂ ਉਡਾਣਾਂ ਸ਼ਾਮਲ ਹਨ ਤਾਂ ਜੋ ਮੁਸਾਫਰਾਂ ਨੂੰ ਕੋਈ ਦਿੱਕਤ ਨਾ ਆਵੇ।

ਇਨ੍ਹਾਂ ਨਿਯਮਤ ਉਡਾਣਾਂ ਤੋਂ ਇਲਾਵਾ, ਦੋਵੇਂ ਏਅਰਲਾਈਨਾਂ ਸੰਯੁਕਤ ਅਰਬ ਅਮੀਰਾਤ (UAE) ਲਈ 36 ਵਿਸ਼ੇਸ਼ ਗੈਰ-ਨਿਯਮਤ (ਐਡ-ਹਾਕ) ਉਡਾਣਾਂ ਵੀ ਚਲਾਉਣਗੀਆਂ। ਇਹ ਸਾਰੀਆਂ ਉਡਾਣਾਂ ਸਬੰਧਤ ਭਾਰਤੀ ਅਤੇ ਸਥਾਨਕ ਰੈਗੂਲੇਟਰੀ ਅਥਾਰਟੀਆਂ ਦੀ ਇਜਾਜ਼ਤ ਅਤੇ ਸਲੌਟਸ ਦੀ ਉਪਲਬਧਤਾ ਤੇ ਨਿਰਭਰ ਕਰਨਗੀਆਂ। ਏਅਰ ਇੰਡੀਆ ਐਕਸਪ੍ਰੈਸ ਵੱਲੋਂ ਦਿੱਲੀ, ਮੁੰਬਈ, ਕੰਨੂਰ, ਤਿਰੂਵਨੰਤਪੁਰਮ ਅਤੇ ਕੋਚੀ ਵਰਗੇ ਸ਼ਹਿਰਾਂ ਤੋਂ ਵੀ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਕੰਪਨੀ ਨੇ ਭਰੋਸਾ ਦਿੱਤਾ ਹੈ ਕਿ ਉਹ ਸੁਰੱਖਿਆ ਦੇ ਸਾਰੇ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਰੇਸ਼ਨ ਜਾਰੀ ਰੱਖੇਗੀ, ਤਾਂ ਅਜਿਹੀ ਸਥਿਤੀ ਦੇ ਬਾਵਜੂਦ ਹਵਾਈ ਸੰਪਰਕ ਬਣਿਆ ਰਹੇ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____

SON / DAUGHTER / WIFE OF MR ____

WHOSE PERMANENT ADDRESS IN INDIA IS ____

AND IS NOW LIVING AT ____

____ HEREBY GIVE NOTICE OF MY INTENTION

TO CHANGE MY NAME TO ____

TEL ____

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

TO PAY BY CREDIT CARD TEL: 01332-372851

Account Name: Punjab Times Trust Ltd

Account No: 20853011 Sort Code: 20-25-85

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਹੋਲਾ ਮਹੱਲਾ ਕਵੀ ਦਰਬਾਰ ਕਰਵਾਇਆ ਗਿਆ


ਹੋਲਾ ਮਹੱਲਾ ਕਵੀ ਦਰਬਾਰ ਵਿੱਚ ਹਿੱਸਾ ਲੈਣ ਵਾਲੇ ਕਵੀ ਅਤੇ ਬੁਲਾਰੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਵਿਖੇ ਹੋਲਾ ਮਹੱਲਾ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਪਹੁੰਚੇ ਕਵੀਆਂ ਨੇ ਕਾਵਿ ਰਚਨਾਵਾਂ ਪੇਸ਼ ਕੀਤੀਆਂ ਅਤੇ ਬੁਲਾਰਿਆਂ ਨੇ ਅਜੇਹੇ ਕਵੀ ਦਰਬਾਰ ਪੂਰੇ ਉਤਸ਼ਾਹ ਨਾਲ ਕਰਵਾਉਣ ਦੀ ਅਪੀਲ ਕੀਤੀ। ਕਵੀ ਦਰਬਾਰ ਦੀ ਸ਼ੁਰੂਆਤ ਕਰਦਿਆਂ ਕੌਂਸਲਰ ਕਮਲਪ੍ਰੀਤ ਕੌਰ ਨੇ ਹੋਲਾ ਮਹੱਲਾ ਦੇ ਨਾਲ ਨਾਲ ਸਿੱਖ ਬੀਬੀਆਂ ਦੇ ਯੋਗਦਾਨ ਦੀ ਗੱਲ ਕਰਦਿਆਂ ਆਪਣੀ ਕਵਿਤਾ ਕਹੀ। ਸੁਰਿੰਦਰ ਸਿੰਘ ਔਜਲਾ ਨੇ ਹੋਲਾ ਮਹੱਲਾ ਦੀ ਮਹੱਤਤਾ, ਨਾਹਰ ਸਿੰਘ ਗਿੱਲ ਨੇ ਮਾਂ, ਰਵਿੰਦਰ ਸਿੰਘ ਖਹਿਰਾ ਅਤੇ ਗੁਰਮੀਤ ਸਿੰਘ ਸਿੱਧੂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਢਾਡੀ ਜਸਪਾਲ ਸਿੰਘ ਨੇ ਮਾਤਾ ਗੁਜ਼ਰੀ ਕਵਿਤਾ ਰਾਹੀਂ ਅਨੰਦਪੁਰ ਦੇ ਬਿਰਤਾਂਤ ਨੂੰ ਸਿਰਜਿਆ। ਸਟੇਜ ਦੀ ਕਾਰਵਾਈ ਮਨਪ੍ਰੀਤ ਸਿੰਘ ਬੱਧਨੀ ਕਲਾਂ ਨੇ ਨਿਭਾਈ। ਮੁੱਖ ਸੇਵਾਦਾਰ ਗੁਰਮੇਲ ਸਿੰਘ ਮੱਲੀ, ਸਟੇਜ ਸਕੱਤਰ ਮਨਜੀਤ ਸਿੰਘ, ਗੁਰਪ੍ਰਤਾਪ ਸਿੰਘ ਢਿਲੋਂ, ਗਿਆਨੀ ਬਲਵਿੰਦਰ ਸਿੰਘ ਪੱਟੀ, ਸੁਖਵਿੰਦਰ ਸਿੰਘ ਸੁੱਖੀ, ਸ਼ਿਵਦੀਪ ਕੌਰ ਢੇਸੀ ਆਦਿ ਨੇ ਸੰਬੋਧਨ ਕਰਦਿਆਂ ਅਜੇਹੇ ਕਵੀ ਦਰਬਾਰ ਅੱਗੇ ਤੋਂ ਵੀ ਉਲੀਕਣ ਦੀ ਅਪੀਲ ਕੀਤੀ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....


**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

**ਆਓ ਹੇਠਾਂ ਦਿੱਤੇ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...**

ਪਾਠ 29

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

To make a word, you need minimum two letters as we see in the above words. Today we make two letter words (ਦੋ ਅੱਖਰੀ ਸ਼ਬਦ) with letters ਯ, ਰ, ਲ, ਵ, ੜ

| | | | | |
|---|---|---|---|---|
| ਯਕ | ਰਟ | ਰਲ | ਰਸ | ਰਗ |
| ਰਜ | ਲਕ | ਲਗ | ਲਜ | ਲਟ |
| ਵਟ | ਵਰ | ਵਸ | ਵਗ | ਵਜ |

Class Exercise : Make two letter words which at least use one of the letters - ਯ, ਰ, ਲ, ਵ, ੜ

Note: Certain words above require the use of adhak; for the purpose of this activity we are leaving these words in mukta form

ਸਿੱਖਿਆ - ਗੁਰਮੁਖੀ    Page 58    Level I

# ਆਲ ਇਨ ਵੰਨ ਕਮਾਲ ਹੈ ਵਰਲਡ ਟੀਵੀ ਵਾਲਾ ਵਰੁਣ ਤਿਵਾੜੀ



ਫਰੈਂਡਜ ਵਰਲਡ ਟੀਵੀ ਨੂੰ ਵਰਲਡ ਲੈਵਲ ਦਾ ਬਣਾਉਣ ਲਈ ਵਰੁਣ ਤਿਵਾੜੀ ਲੱਗੇ ਹੋਏ ਹਨ। ਵਰੁਣ ਤਿਵਾੜੀ ਹਿੰਮਤ ਵਾਲੇ ਸਕਸ਼ ਹਨ ਤੇ ਆਸਟ੍ਰੇਲੀਆ ਵਿਖੇ ਬਹੁਤ ਸਾਰੇ ਸ਼ੋ, ਸਤਿੰਦਰ ਸੱਤੀ ਨੂੰ ਸਨਮਾਨਿਤ ਕਰਨਾ ਤੇ ਡੀ ਡੀ ਪੰਜਾਬੀ ਦੇ ਨਿਰਦੇਸ਼ਕ "ਛਨਕਾਰ" ਬਿੱਟੂ ਅਰੋੜਾ ਦਾ ਸਨਮਾਨ ਸਭ ਵਰੁਣ ਤਿਵਾੜੀ ਦੀ ਮਿਹਨਤ ਹੈ।ਵਰੁਣ ਤਿਵਾੜੀ ਆਲ ਇਨ ਵੰਨ ਹਨ ਤੇ ਓਹ ਸਟੇਜ ਤੇ ਪੇਸ਼ਕਾਰੀ ਬਹੁਤ ਵਧੀਆ ਕਰਦੇ ਹਨ ਤੇ ਇਸ ਤਰਾਂ ਓਹ ਖੁਦ ਕੋਰਿਓਗ੍ਰਾਫਰ ਬਣ ਵੀ ਛਾ ਜਾਂਦੇ ਹਨ। ਵਰੁਣ ਅੰਦਰ ਅਦਾਕਾਰੀ ਦਾ ਖਜ਼ਾਨਾ ਹੈ ਤੇ ਓਹਨਾਂ ਦੀ ਐਕਟਿੰਗ ਵੀ ਕਮਾਲ ਹੁੰਦੀ ਹੈ । ਇਸ ਦੇ ਨਾਲ ਓਹ ਫੋਟੋਗ੍ਰਾਫੀ ਵੀ ਨੰਬਰ ਇੱਕ ਕਰਦੇ ਹਨ। ਵਰੁਣ ਤਿਵਾੜੀ ਦਾ ਮਕਸਦ ਪੰਜਾਬ ਦੀ ਝਲਕ ਵਿਦੇਸ਼ਾਂ ਵਿੱਚ ਦਿਖਾ ਨਾਮਣਾ ਖੱਟਣ ਵਾਲੀ ਹੈ। ਵਰੁਣ ਆਪ ਅੱਛੇ ਨਿਰਦੇਸ਼ਕ ਹਨ ਤੇ ਕਿਸੇ ਵੇਲੇ ਓਹ ਸ਼ਾਨਦਾਰ ਫ਼ਿਲਮ ਵੀ ਦੇਣਗੇ।ਵਰੁਣ ਤਿਵਾੜੀ ਪੰਜਾਬੀ ਕਲਾ ਤੇ ਸੰਸਕ੍ਰਿਤੀ ਨੂੰ ਸਮਰਪਿਤ ਇਨਸਾਨ ਹਨ ਤੇ ਓਹ ਆਪਣੇ ਟੀਵੀ ਨਾਲ ਤੇਜ਼ੀ ਨਾਲ ਦੁਨੀਆਂ ਵਿੱਚ ਮਕਬੂਲ ਹੋ ਰਹੇ ਹਨ। ਵਰੁਣ ਤਿਵਾੜੀ ਦੇ ਅੱਛੇ ਭਵਿੱਖ ਲਈ ਸ਼ੁੱਭ ਕਾਮਨਾਵਾਂ ਦੇਣੀਆਂ ਬਣਦੀਆਂ ਹਨ।








**2 for 1 from £70**

With single-vision lenses to the same prescription

**Book an eye test at specsavers.co.uk**

Specsavers

Frames subject to availability. Cannot be used with other offers. Second pair must be from the same price range or below. Both pairs include standard 1.5 single-vision lenses (or 1.6 for £170 Rimless ranges) or 1.5 safety lenses for safety eyewear range. Both pairs must be purchased in one transaction. Varifocal/bifocal: same lenses in both pairs and pay for lenses in first pair only, except for SuperDigital, SuperDrive varifocals and SuperReaders 1-2-3 occupational lenses, SuperBoost and SuperSingle-vision lenses, where you pay full lens price for the first pair and £40 for the second pair. 2 for 1 on safety eyewear is excluded for customers with a corporate eyecare voucher provided by their employer. Additional charge for extra lens options.


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.